*ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਪਲੀਮੈਂਟ**

**ਸਾਲ : 25** **ਜਨਵਰੀ 2022** **ਗੱਲ ਇੱਕ ਨਾਵਲ ਦੀ ਵਿਸ਼ੇਸ਼ ਅੰਕ**

Website : www.shabaduk.co.uk

***ਮੁੱਖ ਸੰਪਾਦਕ***

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

***ਸੰਪਾਦਕ***

**ਜਿੰਦਰ**

984, Rajput Nagar, Near Surinder Welding Works,

Model House, Jalandhar-144003

Mobile : 98148 03254

Email : jinder340@gmail.com

***ਉਪ ਸੰਪਾਦਕ***

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

**ਰਵੀ ਸ਼ੇਰਗਿੱਲ**

9024 Wharton Way Eik Grove CA 95624 U.S.A.

Ph. 001-916-753-2868

Email : drgilldvm@Yahoo.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਮੇਰਾ ਪੰਨਾ

ਹਰਮਹਿੰਦਰ ਚਹਿਲ ਦੇ ਇਸ ਨਾਵਲ 'ਨਵਯੁਗ' ਦੇ ਨਾਂ ਵਿੱਚ ਹੀ ਸਭ ਕੁਝ ਪਿਆ ਹੈ। ਨਾਵਲ ਦੀ ਕਹਾਣੀ, ਨਾਵਲ ਦਾ ਥੀਮ, ਲੇਖਕ ਦੀ ਪਹੁੰਚ ਸਭ ਕੁਝ ਇਕ ਸ਼ਬਦ 'ਨਵਯੁਗ' ਨੇ ਸਮੇਟ ਲਏ ਹਨ। ਵੈਸੇ ਵੀ ਹਰਮਹਿੰਦਰ ਚਹਿਲ ਸੰਜਮੀ ਨਾਵਲਕਾਰ ਹੈ। ਉਹ ਆਪਣੀ ਗੱਲ ਕਹਿਣ ਲਈ ਸ਼ਬਦਾਂ ਦੀ ਵਰਤੋਂ ਬਹੁਤ ਸੰਜਮ ਨਾਲ ਕਰਦਾ ਹੈ। ਥੋੜੇ ਸ਼ਬਦਾਂ ਵਿੱਚ ਬਹੁਤ ਕੁਝ ਕਹਿਣ ਦੀ ਸਮੱਰਥਾ ਹੈ ਉਸ ਵਿੱਚ। ਇਵੇਂ ਹੀ ਉਸ ਦੇ ਨਾਵਲਾਂ ਦੇ ਨਾਂ ਹੁੰਦੇ ਹਨ। ਨਾਵਲ 'ਬਲੀ' ਵਿੱਚ ਪੂਰੇ ਪੰਜਾਬ ਦੀ ਬਲੀ ਦਿੱਤੇ ਜਾਣ ਦੀ ਗੱਲ ਕਰ ਜਾਂਦਾ ਹੈ। ਨਾਵਲ 'ਭੰਵਰ' ਵਿੱਚ ਵੀ ਪੂਰੀ ਕਹਾਣੀ ਛੁਪੀ ਬੈਠੀ ਹੈ। 'ਹੋਣੀ', 'ਕਿਆਮਤ' ਵਰਗੇ ਨਾਵਲਾਂ ਵਿੱਚ ਵੀ ਹੈ। ਨਵਯੁਗ ਨਵੀਂ ਪੀੜ੍ਹੀ ਦੀ ਤੇ ਨਵੇਂ ਯੁੱਗ ਦੀ ਗੱਲ ਕਰਦਾ ਹੈ। ਨਵਯੁਗ ਯਕੀਨੀ ਹੁੰਦਾ ਹੈ। ਵੈਸੇ ਨਾਵਲਕਾਰ ਦੋ ਪੀੜ੍ਹੀਆਂ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੈ ਪਰ ਇਹ ਕਹਾਣੀ ਨਵੀਂ ਪੀੜ੍ਹੀ ਦੀ ਹੀ ਹੈ, ਪਹਿਲੀ ਪੀੜ੍ਹੀ ਨੂੰ ਕਹਾਣੀ ਉਸਾਰਨ ਲਈ ਲਿਆ ਗਿਆ ਹੈ। ਨਾਵਲਕਾਰ ਨਵੀਂ ਪੀੜ੍ਹੀ ਦੀਆਂ ਮੁਸ਼ਕਲਾਂ ਦੇ ਜ਼ਿੰਮੇਵਾਰ ਪਹਿਲੀ ਪੀੜ੍ਹੀ ਨੂੰ ਠਹਿਰਾਉਂਦਾ ਹੈ। ਕਰਮੀ ਉਸ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੀ ਹੈ ਜਿਸ ਨੂੰ ਪਹਿਲੀ ਪੀੜ੍ਹੀ ਦੀ ਜਗੀਰੂ ਸੋਚ ਕਾਰਨ ਬਲੀ ਦੇ ਬਕਰੇ ਬਣਨਾ ਪੈਂਦਾ ਹੈ। ਕਰਮੀ ਦਾ ਪਤੀ ਦਰਸ਼ਨ ਵੀ ਜਗੀਰੂ ਸੋਚ ਨਾਲ ਲੈੱਸ ਅਮਰੀਕਾ ਆਉਣ ਵਾਲੇ ਲਾੜਿਆਂ ਦਾ ਅਕਸ ਪੇਸ਼ ਕਰਦਾ ਹੈ। ਨਾਵਲਕਾਰ ਆਪਣੀ ਗੱਲ ਕਰਦਾ ਕਰਦਾ ਇਕ ਮੁੱਦਾ ਪਾਠਕ ਸਾਹਮਣੇ ਰੱਖ ਦਿੰਦਾ ਹੈ ਤੇ ਅਸਿੱਧੇ ਤੌਰ 'ਤੇ ਬਹਿਸ ਕਰਨ ਦਾ ਸੱਦਾ ਦਿੰਦਾ ਹੈ। ਕੀ ਕਰਮੀ ਵਰਗੀਆਂ ਕੁੜੀਆਂ ਲਈ ਮਾ ਪਿਓ ਨੂੰ ਜ਼ਬਰਦਸਤੀ ਇੰਡੀਆ ਤੋਂ ਲਾੜੇ ਲਿਆ ਕੇ ਉਹਨਾਂ ਉਪਰ ਤਸ਼ਦੱਦ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ ? ਕੀ ਨਵੀਂ ਪੀੜ੍ਹੀ ਨੂੰ ਆਪਣੇ ਫੈਸਲੇ ਆਪ ਕਰਨ ਦਾ ਅਧਿਕਾਰ ਨਹੀਂ ਮਿਲਣਾ ਚਾਹੀਦਾ ? ਭਾਵੇਂ ਨਾਵਲਕਾਰ ਆਪਣਾ ਫੈਸਲਾ ਸੁਣਾ ਦਿੰਦਾ ਹੈ ਪਰ ਪਾਠਕਾਂ ਸਾਹਮਣੇ ਇਹ ਸਵਾਲ ਖੜ੍ਹਾ ਰਹਿੰਦਾ ਹੈ, ਖਾਸ ਕਰਕੇ ਉਹਨਾਂ ਪਾਠਕਾਂ ਸਾਹਮਣੇ ਜੋ ਭਾਰਤੀ ਜਗੀਰੂ ਸੋਚ ਦੇ ਧਾਰਨੀ ਹਨ।

ਅਮਰੀਕਾ, ਕਨੇਡਾ ਵਰਗੇ ਮੁਲਕਾਂ ਵਿੱਚ ਪਹਿਲੀ ਪੀੜ੍ਹੀ, ਨਵੀਂ ਪੀੜ੍ਹੀ ਦਾ ਕਈ ਤਰੀਕਿਆਂ ਨਾਲ ਜਜ਼ਬਾਤੀ ਸੋਸ਼ਣ ਕਰਦੀ ਹੈ। ਕਦੇ ਉਹਨਾਂ ਨੂੰ ਸਰੀਰਕ ਤੌਰ 'ਤੇ ਡਰਾ ਕੇ, ਕੁੱਟ ਮਾਰ ਕਰਕੇ, ਕਦੇ ਆਪਣੀ ਮੌਤ ਦਾ ਡਰਾਵਾ ਦੇ ਕੇ। ਇਹਨਾਂ ਮੁਲਕਾਂ ਵਿੱਚ ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਦੀ ਕੋਸ਼ਿਸ਼ ਕਰਨ ਵਾਲੀਆਂ ਕੁੜੀਆਂ ਦੇ ਕਤਲ ਤੀਕ ਹੋ ਜਾਂਦੇ ਹਨ ਜਿਹਨਾਂ ਨੂੰ ਅਸੀਂ ਇੱਜ਼ਤ ਲਈ ਕੀਤੇ ਕਤਲ ਵੀ ਕਹਿ ਦਿੰਦੇ ਹਾਂ। ਭਾਵੇਂ ਨਾਵਲਕਾਰ ਆਪਣੇ ਇਸ ਨਾਵਲ ਵਿੱਚ ਇਸ ਹੱਦ ਤੱਕ ਨਹੀਂ ਜਾਂਦਾ ਪਰ ਅਜਿਹੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਸੱਚ ਇਹ ਹੈ ਕਿ ਪੁਰਾਣੀ ਪੀੜ੍ਹੀ 'ਲੋਕ ਕੀ ਕਹਿਣਗੇ' ਵਾਲੀ ਸੋਚ ਤੋਂ ਪਿੱਛਾ ਨਹੀਂ ਛੁਡਾ ਸਕੇ।

ਨਾਵਲਕਾਰ ਨੇ ਨਵੀਂ ਪੀੜ੍ਹੀ ਨੂੰ ਬਹੁਤ ਆਈਡੀਅਲ ਬਣਾ ਕੇ ਪੇਸ਼ ਕੀਤਾ ਹੈ। ਉਹ ਬਹੁਤ ਔਰਗੇਨਾਈਜ਼ਡ ਹਨ, ਇਕ ਦੂਜੇ ਦੀ ਮੱਦਦ ਕਰਦੇ ਹਨ। ਨਵੀਂ ਜ਼ਿੰਦਗੀ ਨੂੰ ਬਾਖ਼ੂਬੀ ਸਮਝਦੇ ਹਨ। ਆਪਸ-ਵਿਚ ਰਿਸ਼ਤੇਦਾਰ ਮੁੰਡਿਆਂ ਕੁੜੀਆਂ ਨੇ ਆਪਣਾ ਇਕ ਵਟਸਐਪ ਉਪਰ ਕਜ਼ਨਜ਼-ਗਰੁੱਪ ਬਣਾਇਆ ਹੋਇਆ ਹੈ ਜਿਥੇ ਉਹ ਹਰ ਖ਼ਬਰ ਸਾਂਝੀ ਕਰਦੇ ਹਨ, ਆਪਣੀਆਂ ਮੁਸ਼ਕਲਾਂ ਦੇ ਹੱਲ ਲੱਭਦੇ ਹਨ ਤੇ ਇਕ ਦੂਜੇ ਦੇ ਔਖੇ ਸਮੇਂ ਬਹੁੜਦੇ ਹਨ। ਇਵੇਂ ਨਵੀਂ ਪੀੜ੍ਹੀ ਦਾ ਇਕ ਵੱਖਰਾ ਸੰਸਾਰ ਹੈ। ਨਾਵਲਕਾਰ ਭਾਵੇਂ ਆਪ ਪੁਰਾਣੀ ਪੀੜ੍ਹੀ ਵਿੱਚੋਂ ਹੈ ਪਰ ਨਾਵਲ ਵਿੱਚ ਉਸ ਨੇ ਨਵੀਂ ਪੀੜ੍ਹੀ ਨਾਲ ਖੜ੍ਹ ਕੇ ਲੇਖਕ ਹੋਣ ਦਾ ਧਰਮ ਨਿਭਾਇਆ ਹੈ। ਲੇਖਕ ਨੇ ਸ਼ੋਸ਼ਤ ਹੋ

ਰਹੀ ਧਿਰ ਨਾਲ ਖੜਨਾ ਹੁੰਦਾ ਹੈ ਸੋ ਇਥੇ ਲੇਖਕ ਖੜ੍ਹਦਾ ਹੈ ਤੇ ਲੋਕਾਂ ਨੂੰ ਅਣਜੋੜ ਵਿਆਹਾਂ ਬਾਰੇ ਵਰਜਦਾ ਵੀ ਹੈ। ਉਸ ਦਾ ਇਹੋ ਸੁਨੇਹਾ ਹੈ ਕਿ ਨਵੀਂ ਪੀੜ੍ਹੀ ਨੂੰ ਉਹਨਾਂ ਦੀ ਮਰਜ਼ੀ ਦੇ ਖਿਲਾਫ ਨਹੀਂ ਵਿਆਹੁਣਾ ਚਾਹੀਦਾ। ਅਮਰੀਕਾ ਵਿੱਚ ਜੰਮੀ-ਪਲੀ ਪੀੜ੍ਹੀ ਨੂੰ ਅਮਰੀਕਾ ਵਿੱਚ ਹੀ ਵਿਆਹੁਣਾ ਚਾਹੀਦਾ ਹੈ।

ਇਸ ਤੋਂ ਬਿਨਾਂ ਨਾਵਲਕਾਰ ਹੋਰ ਬਹੁਤ ਸਾਰੇ ਮਸਲਿਆਂ ਉਪਰ ਵੀ ਉਂਗਲ ਰੱਖਦਾ ਹੈ। ਇੰਡੀਆ ਵਿੱਚ ਨੌਕਰੀਆਂ ਨਾ ਮਿਲਣ ਕਾਰਨ ਲੋਕ ਬਾਹਰ ਨੂੰ ਭੱਜ ਰਹੇ ਹਨ। ਇਸ ਨੂੰ ਲੇਖਕ ਬੁਰੀ ਗੱਲ ਨਹੀਂ ਮੰਨਦਾ ਪਰ ਇਸ ਲਈ ਅਪਨਾਏ ਜਾ ਰਹੇ ਗੈਰ-ਕਾਨੂੰਨੀ ਤੇ ਗੈਰ-ਸਮਾਜਿਕ ਰਾਹ ਬਹੁਤ ਗਲਤ ਹਨ। ਇੰਜ ਸਮਾਜਿਕ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਨਕਲੀ-ਵਿਆਹ, ਬੇਜੋੜ ਵਿਆਹਾਂ ਵਰਗੇ ਹੱਥਕੰਡੇ ਅਪਣਾਏ ਜਾਂਦੇ ਹਨ। ਦੋਸਤੀਆਂ ਦੀ ਆੜ ਵਿੱਚ ਆਪਣੀ ਨਿਕੰਮੀ ਔਲਾਦ ਨੂੰ ਬਾਹਰ ਭੇਜਿਆ ਜਾ ਰਿਹਾ ਹੈ। ਅਮਰੀਕਾ ਵਿੱਚ ਗਰੀਨ ਕਾਰਡ ਲੈਣ ਲਈ ਸਾਡੇ ਲੋਕ ਹਰ ਹਰਬਾ ਵਰਤ ਰਹੇ ਹਨ। ਇਸ ਨਾਵਲ ਵਿੱਚ ਇਸ ਗੱਲ ਦੀ ਥਾਹ ਵੀ ਮਿਲਦੀ ਹੈ ਕਿ ਮੁਸਲਮਾਨ, ਸਿੱਖਾਂ ਦੇ ਨੌਜਵਾਨਾਂ ਨੂੰ ਧਰਮ ਬਦਲਾਉਣ ਲਈ ਉਕਸਾਉਂਦੇ ਰਹਿੰਦੇ ਹਨ। ਇਹ ਸਮੱਸਿਆ ਇੰਗਲੈਂਡ ਵਿੱਚ ਤਾਂ ਆਮ ਹੈ ਪਰ ਹੋਰਨਾਂ ਮੁਲਕਾਂ ਵਿੱਚ ਵੀ ਹੈ, ਇਹ ਇਸ ਨਾਵਲ ਤੋਂ ਪਤਾ ਚਲਦਾ ਹੈ। ਨਾਵਲ ਵਿੱਚ ਇਕ ਨੌਜਵਾਨ ਮੁਸਲਮਾਨ ਬਣਨਾ ਚਾਹੁੰਦਾ ਹੈ ਪਰ ਵਟਸਅੱਪ ਦੇ ਕਜ਼ਨਜ਼-ਗਰੁੱਪ ਦੇ ਦੋਸਤ ਉਸ ਨੂੰ ਵੇਲੇ ਸਿਰ ਸੰਭਾਲ ਲੈਂਦੇ ਹਨ। ਵੈਸੇ ਨਾਵਲ ਦੀ ਇਕ ਹੋਰ ਕਿਰਦਾਰ ਧਰਮੀ ਦਾ ਕਾਲੇ ਰੰਗ ਦੇ ਮੁਸਲਮਾਨ ਮੁੰਡੇ ਨਾਲ ਵਿਆਹ ਹੁੰਦਾ ਵੀ ਦਿਖਾਇਆ ਜਾਂਦਾ ਹੈ ਜੋ ਕਿ ਨਵੀਂ ਜ਼ਿੰਦਗੀ ਦਾ ਇਕ ਹਿਸਾ ਬਣਦਾ ਜਾ ਰਿਹਾ ਹੈ। ਧਰਮੀ ਇਸ ਵਿਆਹ ਵਿੱਚ ਖੁਸ਼ ਹੈ।

ਵਿਆਹ ਨਾ ਕਰਾਉਣਾ ਨਵੀਂ ਪੀੜ੍ਹੀ ਵਿੱਚ ਆਮ ਪ੍ਰਚੱਲਤ ਹੈ। ਨਵੀਂ ਪੀੜ੍ਹੀ ਇਸ ਨੂੰ ਬਹੁਤ ਸਹਿਜ ਨਾਲ ਲੈ ਰਹੀ ਹੈ ਪਰ ਪੁਰਾਣੀ ਪੀੜ੍ਹੀ ਇਸ ਨੂੰ ਬਹੁਤ ਵੱਡੀ ਸਮੱਸਿਆ ਮੰਨ ਰਹੀ ਹੈ ਤੇ ਇਸ ਪ੍ਰਤੀ ਫਿਕਰਮੰਦ ਹੈ। ਉਹਨਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਕਰਨ ਦੀ ਕਾਹਲ ਹੁੰਦੀ ਹੈ। ਪਰ ਨਵੀਂ ਪੀੜ੍ਹੀ ਦੀ ਸੋਚ ਹੈ ਕਿ ਜੇ ਉਹਨਾਂ ਦਾ ਕੰਮ ਗਰਲ-ਫਰੈਂਡ ਜਾਂ ਬੁਆਏ-ਫਰੈਂਡ ਰੱਖ ਕੇ ਕੰਮ ਚਲਦਾ ਤਾਂ ਵਿਆਹ ਕਰਾਉਣ ਦੀ ਕੀ ਜ਼ਰੂਰਤ ਹੈ। ਨਵੀਂ ਪੀੜ੍ਹੀ ਕਿਸੇ ਹੱਦ ਤੱਕ ਆਪਣੇ ਕਲਚਰ ਨੂੰ ਸਾਂਭਦੀ ਵੀ ਹੈ ਪਰ ਪਹਿਲੀ ਪੀੜ੍ਹੀ ਸਾਰਾ ਕਲਚਰ ਉਹਨਾਂ ਦੇ ਵਿਆਹਾਂ ਤੱਕ ਸੀਮਤ ਕਰੀ ਜਾ ਰਹੀ ਹੈ। ਇਹ ਨਾਵਲ ਇਸ ਗੱਲ ਵੱਲ ਇਸ਼ਾਰੇ ਵੀ ਕਰਦਾ ਹੈ ਕਿ ਸਾਡੀ ਅਗਲੀ ਪੀੜ੍ਹੀ ਦੇ ਨੌਜਵਾਨ ਵੱਡੀਆਂ ਵੱਡੀਆਂ ਨੌਕਰੀਆਂ ਉਪਰ ਤਾਇਨਾਤ ਹਨ।

ਅਮਰੀਕਨ ਕਲਚਰ ਵਿੱਚ ਹਥਿਆਰ ਰੱਖਣ ਦਾ ਆਮ ਰਿਵਾਜ ਹੈ ਤੇ ਉਥੇ ਸਮੂਹਿਕ ਕਤਲੇਆਮ ਦੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਨਾਵਲਕਾਰ ਨੇ ਵੀ ਆਪਣੇ ਨਾਵਲ ਵਿਚ ਇਹ ਸਮੱਸਿਆ ਫੜ੍ਹੀ ਹੈ। ਨਾਵਲ ਦੇ ਅਖੀਰ ਵਿੱਚ ਇਸ ਦਾ ਨਾਂਹ-ਵਾਚਕ ਪਾਤਰ ਦਰਸ਼ਨ ਆਪਣੀ ਤਲਾਕਸ਼ੁਦਾ ਪਤਨੀ ਕਰਮੀ ਤੇ ਉਸ ਦੇ ਨਵੇਂ ਪਤੀ ਨਾਲ ਵਿਆਹ ਦੇ ਰਿਸੈਪਸ਼ਨ ਵੇਲੇ ਗੋਲੀਆਂ ਚਲਾ ਕੇ ਕਈ ਸਾਰੇ ਲੋਕਾਂ ਨੂੰ ਮਾਰ ਦਿੰਦਾ ਹੈ। ਇਵੇਂ ਨਾਵਲ ਦਾ ਅੰਤ ਬਹੁਤ ਦੁੱਖਦਾਇਕ ਹੁੰਦਾ ਹੈ। ਪੰਜਾਬੀ ਸਾਹਿਤ ਵਿਚ 'ਨਵਯੁਗ' ਇਕ ਅਹਿਮ ਨਾਵਲ ਹੈ। ਇਸ ਦੀ ਅਹਿਮੀਅਤ ਕਰਕੇ ਹੀ 'ਸ਼ਬਦ' ਵਲੋਂ ਇਸ ਦਾ ਵਿਸ਼ੇਸ਼ ਸਪਲੀਮੈਂਟ ਕੱਢਣ ਦਾ ਉਪਰਾਲਾ ਕਰ ਰਹੇ ਹਾਂ। ਅਗਾਂਹ ਵੀ ਕਿਸੇ ਇਕ ਕਿਤਾਬ ਨੂੰ ਲੈ ਕੇ ਅਜਿਹੇ ਯਤਨ ਜਾਰੀ ਰਹਿਣਗੇ।

**-ਹਰਜੀਤ ਅਟਵਾਲ**



## ਨਵਯੁਗ ਦੇ ਤਿੰਨ ਚੈਪਟਰ

### ਸੱਤ

ਜਦੋਂ ਦਾ ਕੁਲਦੀਪ ਦਾ ਕੰਮ ਦੂਰ ਚਲਾ ਗਿਆ ਸੀ ਤਾਂ ਉਸ ਨੇ ਆਪਣਾ ਅਪਾਰਟਮੈਂਟ ਕੰਮ ਦੇ ਨੇੜੇ ਲੈ ਲਿਆ ਸੀ। ਉਸ ਦੇ ਕਰਤਾਰ ਚਾਚੇ ਦੀ ਧੀ ਨਿੰਦੀ ਵੀ ਜਾਰਜ ਮੇਸਨ ਯੂਨੀਵਰਸਿਟੀ 'ਚ ਦਾਖਲਾ ਲੈ ਚੁੱਕੀ ਸੀ। ਉਂਝ ਤਾਂ ਵਰਜੀਨੀਆ 'ਚ ਹੋਰ ਯੂਨੀਵਰਸਿਟੀਆਂ ਵੀ ਸਨ ਪਰ ਜਾਰਜ ਮੇਸਨ ਦਾ ਫਾਇਦਾ ਇਹ ਸੀ ਕਿ ਲੋਕਲ ਹੋਣ ਕਰਕੇ ਉਹ ਰੋਜ਼ਾਨਾ ਘਰੋਂ ਹੀ ਆ ਜਾ ਸਕਦੀ ਸੀ। ਇਕੱਲੀ ਉਹੀ ਨਹੀਂ ਬਲਕਿ ਉਸ ਦੇ ਪਰਿਵਾਰ ਦੇ ਬਾਕੀ ਬੱਚੇ ਵੀ ਇਸੇ ਯੂਨੀਵਰਸਿਟੀ ਤੋਂ ਪੜ੍ਹ ਕੇ ਗਏ ਸਨ ਜਾਂ ਪੜ੍ਹ ਰਹੇ ਸਨ। ਸਿਰਫ਼ ਮਨੀ ਅਤੇ ਬੀਰੇ ਨੂੰ ਛੱਡ ਕੇ। ਬੀਰੇ ਦਾ ਪਿਉ ਕਿਰਪਾਲ ਤਾਂ ਵੈਸੇ ਹੀ ਆਪਣੇ ਭਰਾਵਾਂ ਦੇ ਪਰਿਵਾਰਾਂ ਤੋਂ ਦੂਰ ਰਹਿੰਦਾ ਸੀ। ਕਿਸੇ ਖਾਸ ਮੌਕੇ ਆਉਣਾ ਜਾਣਾ ਪੈ ਜਾਵੇ ਤਾਂ ਵੱਖਰੀ ਗੱਲ ਹੈ, ਨਹੀਂ ਉਹ ਨੇੜੇ ਨਹੀਂ ਆਉਂਦਾ ਸੀ। ਕੁਦਰਤੀ ਗੱਲ ਹੈ ਕਿ ਬਹੁਤ ਪੈਸਾ ਬਣਾਉਂਦਾ ਸੀ, ਵੱਡੇ ਘਰ 'ਚ ਰਹਿੰਦਾ ਸੀ, ਘਰ 'ਚ ਮਹਿੰਗੀਆਂ ਕਾਰਾਂ ਸਨ, ਘਰ 'ਚ ਹਰ ਕੰਮ ਕਰਨ ਵਾਸਤੇ ਨੌਕਰ ਸਨ। ਸੋ ਇਨ੍ਹਾਂ ਗੱਲਾਂ ਨੇ ਉਸ ਅੰਦਰ ਮੜਕ ਪੈਦਾ ਕਰ ਦਿੱਤੀ ਸੀ। ਜਦੋਂ ਕਿ ਉਸ ਦੇ ਭਰਾ ਡਰਾਈਵਿੰਗ ਦੇ ਪੇਸ਼ੇ 'ਚ ਸਨ। ਕੋਈ ਟਰੱਕ ਚਲਾਉਂਦਾ ਸੀ ਕੋਈ ਲਿਮੋਜ਼ੀਅਨ ਤੇ ਇਕ ਜਣਾ ਟੈਕਸੀ ਚਲਾਉਂਦਾ ਸੀ। ਜੋ ਕਿ ਸ਼ੁਰੂ 'ਚ ਪੰਦਰਾਂ ਪੰਦਰਾਂ ਘੰਟੇ ਕੰਮ ਕਰਦੇ ਸਨ। ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਨੂੰ ਮਿਹਨਤ ਕਰਦਿਆਂ ਨੂੰ ਵੇਖਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਮਾਵਾਂ ਅਜਿਹੀਆਂ ਨੌਕਰੀਆਂ ਕਰਦੀਆਂ ਸਨ ਜਿੱਥੋਂ ਕਿ ਪਰਿਵਾਰ ਨੂੰ ਹੈਲਥ ਇੰਸ਼ੋਰੈਂਸ ਮਿਲਦੀ ਸੀ। ਸੋ ਸਾਰੇ ਬੱਚਿਆਂ ਦੇ ਮਨਾਂ 'ਚ ਇਹ ਗੱਲ ਵੱਸੀ ਹੋਈ ਸੀ ਕਿ ਮਿਹਨਤ ਕਰਕੇ ਚੰਗੀ ਪੜ੍ਹਾਈ ਕਰਾਂਗੇ ਤਾਂ ਹੀ ਅੱਗੇ ਚੰਗੀ ਜਾਬ ਮਿਲੇਗੀ। ਇਸਤੋਂ ਇਲਾਵਾ ਵੱਡੇ ਬੱਚੇ ਜਿਵੇਂ ਕਿ ਕਰਮੀ ਜਾਂ ਕੁਲਦੀਪ ਪੜ੍ਹਾਈ 'ਚ ਬਹੁਤ ਵਧੀਆ ਸਨ। ਇਸੇ ਕਰਕੇ ਕਰਮੀ ਸੀ. ਪੀ. ਏ. ਬਣ ਸਕੀ ਤੇ ਕੁਲਦੀਪ ਕਿਸੇ ਵੱਡੀ ਕੰਪਿਊਟਰ ਕੰਪਨੀ 'ਚ ਚੰਗੀ ਜਾਬ 'ਤੇ ਸੀ। ਸੋ ਉਨ੍ਹਾਂ ਨੂੰ ਵੇਖਦੇ ਛੋਟੇ ਬੱਚੇ ਉਨ੍ਹਾਂ ਦੇ ਪਦ ਚਿੰਨਾਂ ਤੇ ਚੱਲ ਰਹੇ ਸਨ। ਕਾਫੀ ਦੇਰ ਤੱਕ ਤਾਂ ਕੁਲਦੀਪ ਘਰਦਿਆਂ ਦੇ ਨਾਲ ਹੀ ਰਿਹਾ। ਫਿਰ ਉਸ ਦਾ ਦਫ਼ਤਰ ਦੂਰ ਚਲਾ ਗਿਆ। ਘੰਟਾ ਜਾਣ ਤੇ ਇੰਨਾ ਹੀ ਵਕਤ ਆਉਣ 'ਤੇ ਲੱਗ ਜਾਂਦਾ ਸੀ। ਸੋ ਉਸ ਨੇ ਮਾਂ ਪਿਉ ਦੀ ਸਹਿਮਤੀ ਨਾਲ ਹੀ ਕੰਮ ਦੇ ਨੇੜੇ ਅਪਾਰਟਮੈਂਟ ਲਿਆ ਸੀ। ਐਤਕੀਂ ਹਫ਼ਤੇ ਦੌਰਾਨ ਉਸ ਨੂੰ ਮਾਂ ਵੱਲੋਂ ਸੁਨੇਹਾ ਮਿਲਿਆ ਸੀ ਕਿ ਉਹ ਐਤਵਾਰ ਦੇ ਦਿਨ ਘਰ ਆ ਜਾਵੇ ਕੋਈ ਜ਼ਰੂਰੀ ਗੱਲ ਹੈ। ਉਹ ਕੰਮ ਖਤਮ ਕਰਦਾ ਸ਼ੁਕਰਵਾਰ ਹੀ ਆ ਗਿਆ। ਦੋ ਦਿਨ ਉਸ ਨੇ ਕਜ਼ਨਜ਼ ਨਾਲ ਮਿਲ ਕੇ ਬਿਤਾਏ। ਤੀਜੇ ਦਿਨ ਮਾਂ ਨੇ ਕਿਹਾ ਕਿ ਪਹਿਲਾਂ ਗੁਰਦਵਾਰੇ ਜਾਣਾ ਹੈ। ਕੁਲਦੀਪ ਦਾ ਜੁਆਬ ਸੀ,

"ਮਾਮ ਚਿੱਤ ਤਾਂ ਨ੍ਹੀਂ ਮੰਨਦਾ ਪਰ ਤੂੰ ਕਹਿਨੀ ਐਂ ਤਾਂ ਚਲਾ ਜਾਨਾ ਆਂ।"

"ਬੇਟੇ ਗੁਰੂ ਘਰ ਐ। ਆਪਣਾ ਧਾਰਮਿਕ ਸਥਾਨ ਐਂ। ਤੈਨੂੰ ਸਗੋਂ ਖੁਸ਼ੀ ਨਾਲ ਜਾਣਾ ਚਾਹੀਦਾ ਐ।"

"ਸਾਰੀ ਉਮਰ ਤੇਰੇ ਨਾਲ ਜਾਂਦਾ ਰਿਹਾ ਆਂ ਪੱਲੇ ਤਾਂ ਕੁਛ ਪਿਆ ਨ੍ਹੀਂ। ਪਰ ਆਪਾਂ

ਇਸ ਵਿਸ਼ੇ 'ਤੇ ਗੱਲ ਨ੍ਹੀਂ ਕਰਦੇ। ਕਿਉਂਕਿ ਪਹਿਲਾਂ ਬਹੁਤ ਬਹਿਸ ਕਰਦੇ ਰਹੇ ਆਂ। ਤੁਸੀਂ ਚੱਲੋ ਮੈਂ ਤੇ ਨਿੰਦੀ ਤੁਹਾਡੇ ਪਿੱਛੇ ਆਉਂਦੇ ਆਂ।"

ਬਲਕਾਰ ਸਿੰਘ ਤੇ ਉਸਦੀ ਪਤਨੀ ਪਹਿਲਾਂ ਗੁਰਦਵਾਰੇ ਪਹੁੰਚ ਗਏ। ਕੁਲਦੀਪ ਤੇ ਨਿੰਦੀ ਉਨ੍ਹਾਂ ਦੇ ਪਿੱਛੇ ਸਨ। ਗੁਰਦਵਾਰੇ ਪਹੁੰਚ ਕੇ ਉਹ ਉੱਪਰ ਹਾਲ ਵਿਚ ਚਲੇ ਗਏ ਜਿੱਥੇ ਦੀਵਾਨ ਲੱਗਿਆ ਹੋਇਆ ਸੀ। ਕੁਲਦੀਪ ਮੱਥਾ ਟੇਕ ਕੇ ਪਾਸੇ ਬੈਠ ਗਿਆ। ਨਿੰਦੀ ਨੂੰ ਕੁਝ ਦੇਰ ਲੱਗ ਗਈ। ਫਿਰ ਜਦੋਂ ਉਹ ਮੱਥਾ ਟੇਕ ਰਹੀ ਸੀ ਤਾਂ ਬਾਹਰੋਂ ਆਏ ਕੀਰਤਨੀਏ ਸਿੰਘ ਨੇ ਕਥਾ ਦੌਰਾਨ ਹੀ ਉਸ ਵੱਲ ਵੇਖਦਿਆਂ ਟੂਕ ਮਾਰੀ,

"ਤੁਸੀਂ ਲੋਕ ਆਪਣੇ ਆਪ ਨੂੰ ਸਿੱਖ ਕਹਾਉਂਦੇ ਓਂ। ਕੁੜੀਆਂ ਦੇ ਵਾਲ ਕੱਟੇ ਹੋਏ ਨੇ। ਇੰਨਾ ਈ ਨ੍ਹੀਂ ਜੀਨਾਂ ਪਾਈਆਂ ਹੋਈਆਂ ਨੇ। ਸਿਰ 'ਤੇ ਚੁੰਨੀ ਨ੍ਹੀਂ। ਥੋਨੂੰ ਸ਼ਰਮ ਆਉਣੀ ਚਾਹੀਦੀ ਐ। ਤੁਸੀਂ ਆਹ ਸਿਖਾਅ ਰਹੇ ਹੋ ਬੱਚਿਆਂ ਨੂੰ?"

ਹਾਲ 'ਚ ਚੁੱਪ ਵਰਤ ਗਈ। ਕੋਈ ਨਾ ਬੋਲਿਆ। ਉਸ ਨੇ ਕੀਰਤਨ ਅੱਗੇ ਸ਼ੁਰੂ ਕਰ ਲਿਆ। ਭੋਗ ਉਪਰੰਤ ਉਹ ਹੇਠਾਂ ਆਇਆ ਤਾਂ ਕੁਲਦੀਪ ਨੇ ਉਸ ਨੂੰ ਅੱਗੋਂ ਰੋਕ ਲਿਆ,

"ਗਿਆਨੀ ਜੀ ਤੁਹਾਡੇ ਨਾਲ ਗੱਲ ਕਰਨੀ ਐਂ।"

"ਜੀ ਜ਼ਰੂਰ।" ਕੀਰਤਨੀਏਂ ਸਿੰਘ ਨੇ ਬੜੇ ਅਦਬ ਨਾਲ ਜੁਆਬ ਦਿੱਤਾ ਤਾਂ ਕੁਲਦੀਪ ਬੋਲਿਆ,

"ਅੰਦਰ ਤੁਸੀਂ ਇਕ ਕੁੜੀ 'ਤੇ ਟੂਕ ਮਾਰੀ ਸੀ ਕਿ ਇਸ ਦੇ ਵਾਲ ਕੱਟੇ ਐ ਤੇ ਜੀਨ ਪਾਈ ਐ। ਇਸ ਸਭ ਦਾ ਸਿੱਖ ਧਰਮ ਨਾਲ ਕੀ ਸਬੰਧ ਐ?"

"ਵਾਲ ਕੱਟਣ ਦੀ ਸਿੱਖ ਧਰਮ 'ਚ ਮਨਾਹੀ ਐ ਤੇ ਜੀਨ ਸਿੱਖਾਂ ਦਾ ਪਹਿਰਾਵਾ ਨ੍ਹੀਂ ਐਂ।" ਕੀਰਤਨੀਏ ਸਿੰਘ ਨੇ ਆਕੜਦਿਆਂ ਕਿਹਾ।

"ਚਲੋ ਵਾਲ਼ਾਂ ਨੂੰ ਛੱਡੋ ਕਿਉਂਕਿ ਇੱਥੇ ਥੋਨੂੰ ਕੋਈ ਇੱਕ ਅੱਧ ਹੀ ਮਿਲੂਗਾ ਜਿਸ ਦੇ ਵਾਲ ਰੱਖੇ ਨੇ ਜਾਂ ਦਾਹੜੀ ਰੱਖੀ ਐ। ਪਰ ਇਹ ਦੱਸੋ ਕਿ 'ਜੀਨ ਸਾਡਾ ਪਹਿਰਾਵਾ ਨ੍ਹੀਂ ਐ' ਇਹ ਕਿੱਥੇ ਲਿਖਿਆ ਐ।"

"ਇਹ ਸਾਡੀ ਮਰਿਆਦਾ ਐ।"

"ਕਿਸ ਨੇ ਬਣਾਈ ਐ ਇਹ ਮਰਿਆਦਾ?"

"ਗੁਰੂ ਸਾਹਿਬਾਂ ਨੇ ਬਣਾਈ ਐ।"

"ਇਹ ਗੱਲ ਸਹੀ ਨ੍ਹੀਂ ਐ। ਗੁਰੂ ਸਾਹਬ ਨੇ ਪਹਿਰਾਵੇ ਦੀ ਕੋਈ ਮਰਿਆਦਾ ਨ੍ਹੀਂ ਬਣਾਈ।" ਕੁਲਦੀਪ ਨੇ ਬੜੇ ਆਤਮ ਵਿਸ਼ਵਾਸ਼ ਨਾਲ ਕਿਹਾ।

"ਕਾਕਾ ਉਸ ਪਿੱਛੋ ਹੋਰ ਬੜੇ ਮਹਾਂਪੁਰਸ਼ ਹੋਏ ਨੇ। ਉਨ੍ਹਾਂ ਵੀ ਤਾਂ ਮਰਿਆਦਾ ਬਣਾਈ ਐ।"

"ਪਰ ਕਿੱਥੇ ਲਿਖੀ ਐ ਇਹ ਮਰਿਆਦਾ, ਜ਼ਰਾ ਵਿਖਾਵੋ ਤਾਂ।"

"ਕਦੇ ਅੰਮ੍ਰਿਤਸਰ ਆ ਜਿਉ ਵਿਖਾ ਦਿਆਂਗੇ।" ਉਸ ਨੇ ਆਕੜ 'ਚ ਸਿਰ ਘੁਮਾਉਂਦਿਆਂ ਕਿਹਾ।

"ਮੈਂ ਪਹਿਲਾਂ ਵੀ ਇਹ ਸੁਆਲ ਕਈਆਂ ਨੂੰ ਪੁੱਛਿਆ ਐ ਪਰ ਹਰ ਕੋਈ ਇਹੀ



ਕਹਿੰਦਾ ਐ ਕਿ ਉੱਥੇ ਆ ਜਾਇਉ ਵਿਖਾ ਦਿਆਂਗੇ। ਇਕ ਗੱਲ ਦੱਸਾਂ ਕਿ ਜਿਨ੍ਹਾਂ ਬੱਚਿਆਂ ਦੀ ਤੁਸੀਂ ਨੁਕਤਾਚੀਨੀ ਕਰ ਰਹੇ ਹੋ ਇਨ੍ਹਾਂ 'ਚੋਂ ਕੋਈ ਆਈਟੈਕ ਐ, ਕੋਈ ਡਾਕਟਰ ਐ ਤੇ ਕੋਈ ਨਰਸ ਐ। ਅਮਰੀਕਾ ਨੂੰ ਤੇ ਖਾਸ ਕਰਕੇ ਸਾਡੀ ਕਮਿਉਨਿਟੀ ਨੂੰ ਇਨ੍ਹਾਂ 'ਤੇ ਮਾਣ ਐ। ਹੁਣ ਇਕ ਸੁਆਲ ਮੈਂ ਤੁਹਾਨੂੰ ਪੁੱਛਦਾ ਆਂ?"

"ਜੀ।"

"ਔਹ ਸਾਹਮਣੇ ਅੱਜ ਦਾ ਵਾਕ ਲਿਖਿਆ ਐ। ਇਸ ਦਾ ਅੰਗਰੇਜ਼ੀ 'ਚ ਤਰਜ਼ਮਾ ਕਰ ਕੇ ਦੱਸੋ ਤਾਂ ਕਿ ਅਸੀਂ ਵੀ ਸਮਝ ਸਕੀਏ ਕਿ ਇਸ ਦਾ ਕੀ ਮਤਲਬ ਐ।"

"ਇਸ ਦਾ ਤਰਜ਼ਮਾ ਤੁਸੀਂ ਡਿਕਸ਼ਨਰੀ ਤੋਂ ਵੇਖ ਸਕਦੇ ਹੋ। ਹੋਰ ਕਈ ਕਿਤਾਬਾਂ 'ਚ ਮਿਲ ਸਕਦਾ ਐ।" ਕੀਰਤਨੀਏਂ ਸਿੰਘ ਦੀ ਫੂਕ ਨਿਕਲ ਗਈ। ਉਹ ਖਹਿੜਾ ਛੁਡਾਉਣ ਦੇ ਚੱਕਰ 'ਚ ਸੀ ਜਦੋਂ ਕੁਲਦੀਪ ਦੁਬਾਰਾ ਬੋਲਿਆ,

"ਪਰ ਤੁਸੀਂ ਕਿਉਂ ਨ੍ਹੀਂ ਦੱਸਦੇ?"

"ਕਿਉਂਕਿ ਮੈਂ ਇਸ ਵੇਲੇ ਕਾਹਲੀ 'ਚ ਆਂ।"

"ਰੁਕੋ ਰੁਕੋ, ਮੈਂ ਦੱਸਦਾਂ ਸਾਰੀ ਗੱਲ। ਤੁਹਾਨੂੰ ਅੰਗਰੇਜ਼ੀ ਆਉਂਦੀ ਈ ਨ੍ਹੀਂ। ਅੰਗਰੇਜ਼ੀ ਤਾਂ ਕੀ ਤੁਸੀਂ ਤਾਂ ਕੀਰਤਨ ਵੀ ਫੋਨ ਤੋਂ ਵੇਖ ਵੇਖ ਕੇ ਕਰ ਰਹੇ ਸੀ। ਮੈਨੂੰ ਇਹ ਸਮਝ ਨ੍ਹੀਂ ਆਉਂਦੀ ਕਿ ਤੁਹਾਡੇ ਵਰਗੇ ਅਣਪੜ੍ਹ ਗਰੰਥੀਆਂ ਤੋਂ ਕੌਮ ਨੂੰ ਕੀ ਸੇਧ ਮਿਲ ਸਕਦੀ ਐ। ਇਨ੍ਹਾਂ ਬੱਚਿਆਂ ਨੂੰ ਕੁਝ ਵੀ ਸਮਝ ਨ੍ਹੀਂ ਆਉਂਦਾ ਪਰ ਘਰ ਦੇ ਧੱਕੇ ਨਾਲ ਲੈ ਆਉਂਦੇ ਨੇ। ਉੱਪਰੋਂ ਤੁਸੀਂ ਕੱਪੜਿਆਂ ਦੀ ਨਿਰਖ ਪਰਖ ਕਰਨ ਲੱਗ ਪੈਨੇ ਓਂ। ਫਿਰ ਉਲਾਂਭੇ ਦਿੰਨੇ ਓਂ ਕਿ ਨਵੀਂ ਪੀੜ੍ਹੀ ਸਿੱਖੀ ਨਾਲ ਨ੍ਹੀਂ ਜੁੜਦੀ। ਅਸੀਂ ਜੁੜਨ ਨੂੰ ਤਿਆਰ ਆਂ ਪਰ ਪਹਿਲਾਂ ਸਾਡੇ ਲੈਵਲ ਦੇ ਗਰੰਥੀ ਲੈ ਕੇ ਆਉ ਜਿਨ੍ਹਾਂ ਨਾਲ ਅਸੀਂ ਸੰਵਾਦ ਰਚਾ ਸਕੀਏ। ਤੁਹਾਡੇ ਵਰਗੇ ਅਣਪੜ੍ਹਾਂ ਤੋਂ ਅਸੀਂ ਕੀ ਸਿੱਖ ਸਕਦੇ ਆਂ?"

ਉਦੋਂ ਨੂੰ ਬਿਨਾਂ ਜੁਆਬ ਦਿੱਤਿਆਂ ਕੀਰਤਨੀਆ ਸਿੰਘ ਬੋਚ ਕੇ ਖਿਸਕ ਗਿਆ।

ਇੰਨੇ ਨੂੰ ਕੁਲਦੀਪ ਦੀ ਮਾਂ ਉਸ ਨੂੰ ਖਿੱਚ ਕੇ ਅੰਦਰ ਲੈ ਗਈ। ਗੁੱਸੇ ਹੁੰਦਿਆਂ ਬੋਲੀ,

"ਤੂੰ ਹਰੇਕ ਨਾਲ ਆਹਢਾ ਲਾ ਲੈਨਾਂ ਐਂ। ਇਹ ਭਾਈ ਸਾਹਬ ਬਹੁਤ ਗੁਣੀ ਗਿਆਨੀ ਨੇ।"

"ਮੇਰਾ ਸੁਆਲ ਤਾਂ ਇਹ ਐ ਕਿ ਉਸ ਦਾ ਕੀਰਤਨ 'ਚ ਧਿਆਨ ਨ੍ਹੀਂ ਸੀ ਸਗੋਂ ਉਹ ਆਪਣੇ ਆਪ ਨੂੰ ਵੱਡਾ ਵਿਦਵਾਨ ਸਾਬਤ ਕਰਨ ਲਈ ਕੁੜੀਆਂ ਦੇ ਕੱਪੜੇ ਪਰਖ ਰਿਹਾ ਸੀ।"

ਇਸ ਪਿੱਛੋਂ ਲੰਗਰ ਚੱਲ ਪਿਆ। ਤੇ ਫਿਰ ਘਰ ਵਾਪਸੀ। ਘਰੇ ਆ ਕੇ ਪਹਿਲਾਂ ਬਲਕਾਰ ਸਿੰਘ ਕੁਲਦੀਪ ਦੇ ਗਲ ਪੈ ਗਿਆ,

"ਤੈਨੂੰ ਹਰ ਥਾਂ ਟੰਗ ਅੜਾਉਣ ਦੀ ਕੀ ਲੋੜ ਐ?"

"ਜਿੱਥੇ ਕੁਝ ਕਹਿਣਾ ਪਵੇ ਤਾਂ ਜ਼ਰੂਰ ਕਹੂੰਗਾ। ਇਸ ਨਾਲੋਂ ਚੰਗਾ ਐ ਕਿ ਸਾਨੂੰ ਅਜਿਹੀ ਥਾਂ ਨਾ ਈ ਲਿਜਾਇਆ ਕਰੋ ਜਿੱਥੇ ਟੰਗ ਅੜਾਉਣ ਦੀ ਲੋੜ ਮੱਲੋ ਮੱਲੀ ਬਣ ਜਾਵੇ।"

"ਤੈਨੂੰ ਪਤਾ ਐ ਜਿਸ ਨਾਲ ਤੂੰ ਬਹਿਸ ਕਰ ਰਿਹਾ ਸੀ ਉਹ ਕਿੱਡੇ ਵੱਡੇ ਮਹਾਂਪੁਰਖ ਨੇ ?"

"ਨ੍ਹੀਂ ਮੈਨੂੰ ਤਾਂ ਪਤਾ ਨ੍ਹੀਂ। ਪਰ ਪਾਪਾ ਉਨ੍ਹਾਂ ਬਾਰੇ ਤੁਸੀਂ ਹੀ ਦੱਸ ਦਿਉ।"

"ਤੇਰੇ ਆਉਣ ਤੋਂ ਪਹਿਲਾਂ ਉਹ ਇਤਿਹਾਸ ਦੱਸ ਰਹੇ ਸਨ ਕਿ ਕਿਵੇਂ ਸਾਡੀ ਕੌਮ 'ਤੇ ਜ਼ੁਲਮ ਹੋਇਆ। ਕਿਵੇਂ ਪਹਿਲੇ ਵੇਲਿਆਂ 'ਚ ਸਿੱਖ ਹੱਸ ਹੱਸ ਕੇ ਸਭ ਜ਼ੁਲਮ ਸਹਿੰਦੇ ਸ਼ਹੀਦ ਹੋ ਜਾਇਆ ਕਰਦੇ ਸਨ।"

"ਨਵੀਂ ਪੀੜ੍ਹੀ ਬਾਰੇ ਉਨ੍ਹਾਂ ਕੀ ਦੱਸਿਆ ਕਿ ਬੱਚੇ ਅੱਗੇ ਕੀ ਕਰਨ ?"

"ਉਨ੍ਹਾਂ ਦੱਸਿਆ ਕਿ ਖਾਲਸੇ ਨੂੰ ਹਰ ਵਕਤ ਤਿਆਰ ਬਰਤਿਆਰ ਰਹਿਣਾ ਚਾਹੀਦਾ ਐ।ਆਪਦੇ ਹੱਕਾਂ ਵਾਸਤੇ ਕੋਈ ਵੀ ਲੜਾਈ ਲੜਨੀ ਪਵੇ ਤਾਂ ਪਿੱਛੇ ਨ੍ਹੀਂ ਹੱਟਣਾ ਚਾਹੀਦਾ।"

"ਪਾਪਾ ਮੈਂ ਦੱਸਾਂ ਅਸਲੀ ਗੱਲ ?"

"ਹਾਂ ਦੱਸ।"

"ਹੁਣ ਪੁਰਾਣੇ ਵੇਲੇ ਨ੍ਹੀਂ ਰਹੇ ਕਿ ਹਥਿਆਰ ਚੁੱਕ ਕੇ ਲੜਨ ਲੱਗ ਪਵੋ। ਅੱਜ ਮੁਕਾਬਲਾ ਦਿਮਾਗ ਦਾ ਐ। ਕਿ ਕੌਣ ਕਿੰਨਾ ਵੱਧ ਪੜ੍ਹਿਆ ਲਿਖਿਆ ਤੇ ਸਿਆਣਾ ਐਂ। ਸੋ ਸਾਨੂੰ ਚਾਹੀਦਾ ਐ ਕਿ ਬੱਚਿਆਂ ਦਾ ਆਚਰਣ ਉੱਚਾ ਚੁੱਕਣ ਦੀ ਸਿੱਖਿਆ ਦੇਈਏ। ਉਨ੍ਹਾਂ ਨੂੰ ਪੜ੍ਹਾਈ 'ਚ ਇੰਨਾ ਕਾਬਲ ਬਣਾਈਏ ਕਿ ਉਹ ਸਿਰ ਉਠਾ ਕੇ ਦੁਨੀਆਂ 'ਚ ਮੋਹਰੀ ਬਣ ਸਕਣ। ਅੱਜ ਕਿਰਪਾਨਾਂ ਚੁੱਕ ਕੇ ਲੜਨ ਵਾਲੀ ਲੜਾਈ ਦੀ ਲੋੜ ਨ੍ਹੀਂ ਐ।"

"ਕੁਲਦੀਪ, ਤੂੰ ਹਮੇਸ਼ਾ ਕਿਉਂ ਗੱਲ ਨੂੰ ਪੁੱਠੇ ਪਾਸੇ ਲੈ ਜਾਂਦਾ ਐਂ ? ਸਾਨੂੰ ਸਾਡੇ ਵਿਰਸੇ 'ਤੇ ਮਾਣ ਕਰਨਾ ਚਾਹੀਦਾ ਐ। ਉਨ੍ਹਾਂ ਸ਼ਹੀਦਾਂ ਦੇ ਪਦ-ਚਿੰਨਾਂ 'ਤੇ ਚੱਲਣਾ ਚਾਹੀਦਾ ਐ।"

"ਇਹ ਗੱਲ ਤਾਂ ਮੈਂ ਹਮੇਸ਼ਾ ਮੰਨਦਾ ਆਂ ਕਿ ਸਾਡਾ ਵਿਰਸਾ ਮਹਾਨ ਐਂ। ਸਾਡੇ ਵਡੇਰੇ ਮਹਾਨ ਸਨ। ਉਨ੍ਹਾਂ ਉਸ ਵੇਲੇ ਦੀ ਲੋੜ ਮੁਤਾਬਕ ਬੜੇ ਢੁੱਕਵੇਂ ਫ਼ੈਸਲੇ ਲਏ। ਸ਼ਹੀਦੀਆਂ ਵੀ ਦਿੱਤੀਆਂ। ਪਰ ਅੱਜ ਇਹ ਸੋਚਣ ਦੀ ਲੋੜ ਐ ਕਿ ਹੁਣ ਸਾਡੇ ਲਈ ਕਿਹੜੀ ਚੀਜ਼ ਪਹਿਲਾਂ ਐਂ। ਅੱਜ ਸਾਡੇ ਲਈ ਸਭ ਤੋਂ ਪਹਿਲਾਂ ਪੜ੍ਹਾਈ, ਫਿਰ ਆਰਾਮ ਨਾਲ ਵਧੀਆ ਸ਼ਾਂਤ ਜ਼ਿੰਦਗੀ ਬਤੀਤ ਕਰਨਾ ਹੈ। ਲੋੜਵੰਦ ਦੀ ਆਪਦੇ ਵਿੱਤ ਮੁਤਾਬਕ ਮੱਦਦ ਕਰਨਾ। ਅੱਜ ਅਸੀਂ ਬੱਚਿਆਂ ਨੂੰ ਲੜਾਈਆਂ ਲੜਨੀਆਂ ਨਾ ਸਿਖਾਈਏ, ਸਗੋਂ ਇਹ ਸਿਖਾਈਏ ਕਿ ਇਸ ਨਵੇਂ ਯੁੱਗ 'ਚ ਅਹਿਮੀਅਤ ਕਿਸ ਗੱਲ ਦੀ ਐ।"

ਇੰਨੇ ਨੂੰ ਦੋਨਾਂ ਨੇ ਪਿੱਛੇ ਮੁੜ ਕੇ ਵੇਖਿਆ। ਕੁਲਦੀਪ ਦੀ ਮਾਂ ਆਵਾਜ਼ ਮਾਰ ਰਹੀ ਸੀ। ਉਹ ਦੋਨੋਂ ਕੋਲ ਗਏ ਤਾਂ ਉਹ ਬੋਲੀ,

"ਥੋਨੂੰ ਪਿਉ ਪੁੱਤ ਨੂੰ ਬਹਿਸ ਤੋਂ ਵਿਹਲ ਮਿਲ ਗਈ ਹੋਵੇ ਤਾਂ ਮੈਂ ਕੋਈ ਗੱਲ ਕਰ ਲਵਾਂ ?"

ਦੋਨੋਂ ਚੁੱਪ ਹੀ ਰਹੇ। ਫਿਰ ਕੁਲਦੀਪ ਦੀ ਮਾਂ ਨੇ ਬਲਕਾਰ ਸਿੰਘ ਨੂੰ ਇਸ਼ਾਰਾ ਕੀਤਾ ਤਾਂ ਉਹ ਬਹਿਸ ਬੰਦ ਕਰਦਾ ਅੰਦਰ ਨੂੰ ਤੁਰ ਪਿਆ। ਪਿੱਛੇ ਹੀ ਕੁਲਦੀਪ ਵੀ ਆ ਗਿਆ। ਫਿਰ ਮਾਂ ਨੇ ਉਸ ਨੂੰ ਰੋਕ ਕੇ ਕਿਹਾ,



"ਕੁਲਦੀਪ ਤੂੰ ਚੰਗੀ ਤਰ੍ਹਾਂ ਤਿਆਰ ਹੋ ਜਾਹ। ਤੈਨੂੰ ਕੋਈ ਮਿਲਣ ਆ ਰਿਹਾ ਐ।"

"ਮੈਨੂੰ ? ਮਿਲਣ ਆ ਰਿਹਾ ਐ ? ਪਰ ਕੌਣ ?"

"ਕੋਈ ਨ੍ਹੀਂ ਆਪੇ ਪਤਾ ਲੱਗ ਜਾਵੇਗਾ। ਤੂੰ ਮੇਰਾ ਪੁੱਤ ਬਣ ਕੇ ਤਿਆਰ ਹੋ ਜਾਹ।"

"ਮੈਂ ਤਿਆਰ ਈ ਆਂ। ਇਸ ਤੋਂ ਬਹੁਤਾ ਤਿਆਰ ਹੋ ਕੇ ਮੈਂ ਕੀ ਘੋੜੀ ਚੜ੍ਹਨਾ ਐਂ।"

"ਤੇਰੀ ਜ਼ੁਬਾਨ ਸੁਲੱਖਣੀ ਹੋਵੇ। ਘੋੜੀ ਚੜ੍ਹਨਾ ਕਿਹੜਾ ਤੇਰੇ ਲਈ ਵੱਡੀ ਗੱਲ ਐ।"

ਕੁਲਦੀਪ ਨੂੰ ਕੁਝ ਸਮਝ ਨਾ ਆਇਆ ਤੇ ਉਹ ਆਪਣੇ ਕਮਰੇ 'ਚ ਚਲਾ ਗਿਆ। ਜ਼ਰਾ ਸੁਸਤਾਉਂਦਾ ਹੋਇਆ ਉਹ ਬੈੱਡ 'ਤੇ ਲੇਟ ਗਿਆ। ਉਸਦੀ ਥੋੜ੍ਹੀ ਅੱਖ ਲੱਗੀ ਹੀ ਸੀ ਕਿ ਨਿੰਦੀ ਉਸ ਨੂੰ ਬੁਲਾਉਣ ਆ ਗਈ। ਉਸ ਨੇ ਕਾਰਨ ਪੁੱਛਿਆ ਤਾਂ ਨਿੰਦੀ ਨੇ ਨਾਂਹ 'ਚ ਸਿਰ ਮਾਰਦਿਆਂ ਕਿਹਾ,

"ਦੋ ਲੇਡੀਜ਼ ਤੇ ਦੋ ਕੋਈ ਬਜ਼ੁਰਗ ਜਿਹੇ ਨੇ। ਪਤਾ ਨ੍ਹੀਂ ਕੀ ਕੰਮ ਐਂ ?"

ਜਦੋਂ ਕੁਲਦੀਪ ਹੱਥ ਮੂੰਹ ਧੋ ਕੇ ਤਰੋ ਤਾਜ਼ਾ ਹੋ ਕੇ ਆਇਆ ਤਾਂ ਬਾਹਰੋਂ ਆਏ ਲੋਕ ਚਾਹ ਪਾਣੀ ਪੀ ਰਹੇ ਸਨ। ਉਸ ਦੇ ਮਾਂ ਪਿਉ ਵੀ ਵਿਚ ਬੈਠੇ ਸਨ। ਗੱਲ ਬਾਤ ਬੜੇ ਜ਼ੋਰ ਨਾਲ ਚੱਲ ਰਹੀ ਸੀ ਪਰ ਵਿਸ਼ਾ ਪੰਜਾਬ 'ਚ ਹੋ ਰਹੀਆਂ ਚੋਣਾਂ ਸਨ। ਉਸ ਨੂੰ ਆਇਆਂ ਵੇਖ ਕੇ ਸਾਰੇ ਚੁੱਪ ਹੋ ਗਏ ਤੇ ਬਾਹਰੋਂ ਆਏ ਉਸ ਵੱਲ ਧਿਆਨ ਨਾਲ ਝਾਕੇ। ਕੁਲਦੀਪ ਨੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾਈ। ਉਸਦੀ ਮਾਂ ਨੂੰ ਪਤਾ ਸੀ ਕਿ ਜਦੋਂ ਹੀ ਗੱਲ ਛੇੜੀ ਤਾਂ ਇਸ ਨੇ ਉੱਖੜੇ ਕੁਹਾੜੇ ਵਾਂਗੂੰ ਪੈਣਾ ਹੈ। ਪਰ ਆਖਰ ਗੱਲ ਤਾਂ ਤੋਰਨੀ ਹੀ ਪੈਣੀ ਸੀ। ਉਸ ਨੇ ਗਲਾ ਸਾਫ਼ ਕਰਦਿਆਂ ਕੁਲਦੀਪ ਨੂੰ ਕਿਹਾ,

"ਕੁਲਦੀਪ ਇਹ ਤੈਨੂੰ ਵੇਖਣ ਆਏ ਨੇ।"

"ਵੇਖਣ ਆਏ ਨੇ ? ਮੇਰਾ ਕੀ ਵੇਖਣਾ ਐਂ ?" ਕੁਲਦੀਪ ਹੈਰਾਨ ਹੋ ਕੇ ਸਾਰਿਆਂ ਵੱਲ ਝਾਕਿਆ। ਇਸਤੋਂ ਪਹਿਲਾਂ ਕਿ ਕੁਲਦੀਪ ਦੀ ਮਾਂ ਕੁਝ ਬੋਲਦੀ ਵਿਚੋਲੇ ਨੇ ਉਸ ਦਾ ਕੰਮ ਸੌਖਾ ਕਰ ਦਿੱਤਾ। ਉਹ ਵਿਚਕਾਰ ਬੋਲ ਪਿਆ,

"ਕਾਕਾ ਜੀ ਇਹ ਤੈਨੂੰ ਵਿਆਹ ਲਈ ਵੇਖਣ ਆਏ ਨੇ।"

"ਕਿਸਦੇ ਵਿਆਹ ਲਈ ?"

"ਕਾਕਾ ਤੇਰੇ ਵਿਆਹ ਲਈ। ਤੇਰੇ ਨਾਲ ਸ਼ਾਇਦ ਘਰਦਿਆਂ ਦੀ ਗੱਲ ਨਾ ਹੋਈ ਹੋਵੇ। ਇਹ ਮੇਰੇ ਦੋਸਤ ਨੇ ਦੁਰਾਹੇ ਤੋਂ ਤੇ ਨਾਲ ਇਨ੍ਹਾਂ ਦੀ ਧਰਮ ਪਤਨੀ ਐਂ। ਇਹ ਆਪਣੇ ਰਿਸ਼ਤੇਦਾਰਾਂ ਕੋਲ ਆਏ ਸਨ ਕਿ ਤੁਹਾਡੀ ਦੱਸ ਪਈ। ਮੈਂ ਇਨ੍ਹਾਂ ਨੂੰ ਇੱਧਰ ਲੈ ਆਇਆ।"

"ਤੁਹਾਨੂੰ ਕਿਸ ਨੇ ਕਿਹਾ ਕਿ ਮੈਨੂੰ ਵਿਖਾਇਆ ਜਾਵੇ ?"

"ਵੇਖੋ ਕੁਛ ਕੁ ਗੱਲ ਬਾਤ ਤਾਂ ਤੇਰੇ ਘਰਦਿਆਂ ਨਾਲ ਹੋਈ ਸੀ ਬਾਕੀ ਕਾਕਾ ਜੀ ਤੇਰੀ ਉਮਰ ਐ ਵਿਆਹ ਦੀ ਤਾਂ ਰਿਸ਼ਤਿਆਂ ਵਾਲੇ ਤਾਂ ਆਉਣਗੇ ਹੀ।"

"ਅੱਛਾ, ਰਿਸ਼ਤਿਆਂ ਵਾਲੇ ਆਉਣ ਪਰ ਮੈਨੂੰ ਇਹ ਨਾ ਪਤਾ ਹੋਵੇ ਕਿ ਇੱਥੇ ਕੀ ਚੱਲ ਰਿਹਾ ਐ। ਖੈਰ ! ਇਸ ਵਿਚ ਤੁਹਾਡਾ ਕਸੂਰ ਨ੍ਹੀਂ ਐ ਸਗੋਂ ਕਸੂਰ ਮੇਰੇ ਮਾਂ ਪਿਉ ਦਾ ਐ ਜੋ ਚੁੱਪ ਚੁਪੀਤੇ ਈ ਮੈਨੂੰ ਘੋੜੀ ਚੜ੍ਹਾਈ ਜਾਂਦੇ ਨੇ।" ਇੰਨਾ ਕਹਿ ਕੇ ਉਸ ਨੇ ਆਪਣੇ

ਮਾਂ ਪਿਉ ਵੱਲ ਵੇਖਿਆ।

ਸ਼ਾਇਦ ਆਉਣ ਵਾਲੇ ਉਸਦੀ ਮਾਰੀ ਤਨਜ਼ ਨਹੀਂ ਸਮਝੇ ਸਨ। ਇਸ ਕਰਕੇ ਕੁੜੀ ਦਾ ਪਿਉ ਬੋਲ ਪਿਆ,

"ਕਾਕਾ ਜੀ ਸਾਡੀ ਕੁੜੀ ਦੀ ਡਾਕਟਰੀ ਕੀਤੀ ਹੋਈ ਐ। ਸੁਣਿਆ ਐ ਇੱਥੇ ਡਾਕਟਰਾਂ ਦੀ ਬੜੀ ਤਨਖਾਹ ਹੁੰਦੀ ਐ।"

"ਹਾਂ ਜੀ, ਇਹ ਸਹੀ ਗੱਲ ਐ ਕਿ ਇੱਥੇ ਡਾਕਟਰਾਂ ਦੀ ਬਹੁਤ ਅੱਛੀ ਤਨਖਾਹ ਹੁੰਦੀ ਐ। ਪਰ ਪੜ੍ਹਾਈ ਦਾ ਬੜਾ ਫ਼ਰਕ ਹੁੰਦਾ ਐ। ਇੰਡੀਆ 'ਚ ਲੋਕੀ ਪੰਜ ਸਾਲ 'ਚ ਡਾਕਟਰ ਬਣ ਜਾਂਦੇ ਨੇ। ਪਰ ਇੱਥੇ ਦਸ ਬਾਰਾਂ ਸਾਲ ਲੱਗਦੇ ਨੇ ਪੂਰਾ ਡਾਕਟਰ ਬਣਦਿਆਂ।"

"ਚਲੋ ਬਾਕੀ ਪੜ੍ਹਾਈ ਉਹ ਇੱਥੇ ਆ ਕੇ ਪੂਰੀ ਕਰ ਲਊਗੀ।" ਕੁੜੀ ਦਾ ਪਿਉ ਬੋਲਿਆ।

"ਜੇ ਉਹ ਇੱਥੇ ਆਉਂਦੀ ਐ ਤਾਂ, ਹਾਂ ਇਸ ਤਰ੍ਹਾਂ ਵੀ ਲੋਕ ਕਰਦੇ ਨੇ।" ਉਹ ਗੱਲਾਂ ਦੇ ਜੁਆਬ ਵੀ ਦੇਈ ਜਾ ਰਿਹਾ ਸੀ ਤੇ ਹੈਰਾਨ ਵੀ ਹੋਈ ਜਾ ਰਿਹਾ ਸੀ।

"ਕਾਕਾ ਜੀ, ਮੇਰੀ ਇਕੱਲੀ ਕੁੜੀ ਐ। ਤੇ ਮੈਨੂੰ ਪੰਜੀ ਕਿੱਲੇ ਜ਼ਮੀਨ ਆਉਂਦੀ ਐ।"

"ਪਰ ਮੈਨੂੰ ਤੁਸੀਂ ਇਹ ਗੱਲਾਂ ਕਿਉਂ ਦੱਸ ਰਹੇ ਓਂ? ਮੈਨੂੰ ਤੁਹਾਡੀ ਜ਼ਮੀਨ ਨਾਲ ਕੀ ਮਤਲਬ?"

"ਜਦੋਂ ਤੁਹਾਡੀ ਸ਼ਾਦੀ ਹੋ ਗਈ ਤਾਂ ਉਹ ਜ਼ਮੀਨ ਵੀ ਤੁਹਾਡੀ ਹੋਵੇਗੀ।"

"ਵੇਟ ਏ ਮਿੰਟ! ਮੇਰੀ ਸ਼ਾਦੀ ਹੋ ਗਈ? ਪਰ ਕਿਸ ਨਾਲ ਹੋ ਗਈ ਮੇਰੀ ਸ਼ਾਦੀ?"

"ਜਦੋਂ ਤੁਹਾਡੀ ਤੇ ਸਾਡੀ ਲੜਕੀ ਦੀ ਸ਼ਾਦੀ ਹੋ ਗਈ ਤਾਂ ਉਸ ਦਾ ਸਭ ਕੁਝ ਤੁਹਾਡਾ ਈ ਹੋਵੇਗਾ।"

"ਉਹ ਹੋ! ਤੁਸੀਂ ਆਪੇ ਈ ਬੁਣਤੀ ਬੁਣੀ ਜਾਨੇ ਓਂ। ਮੈਂ ਕਦੋਂ ਕਿਹਾ ਐ ਕਿ ਮੈਂ ਤੁਹਾਡੀ ਕੁੜੀ ਨਾਲ ਸ਼ਾਦੀ ਕਰ ਰਿਹਾ ਆਂ। ਵੈਸੇ ਇਹ ਸਭ ਤੁਹਾਨੂੰ ਕਿਸੇ ਨੇ ਕਿਹਾ ਐ?" ਉਸ ਨੇ ਪੁੱਛਿਆ।

"ਕਿਹਾ ਤਾਂ ਕਿਸੇ ਨ੍ਹੀਂ। ਇਸ ਵਿਚੋਲਾ ਸਾਹਬ ਨੇ ਦੱਸ ਪਾਈ ਸੀ। ਕਾਕਾ ਜੀ, ਧੀਆਂ ਤਾਂ ਸਭ ਨੇ ਵਿਆਹੁਣੀਆਂ ਹੁੰਦੀਆਂ ਨੇ। ਸਾਨੂੰ ਥਾਂ ਜੱਚ ਗਈ ਤੁਸੀਂ ਵੀ ਜੱਚ ਗਏ ਤਾਂ ਈ ਅਸੀਂ ਗੱਲ ਚਲਾਈ ਐ। ਜੇ ਕਹੋਂ ਤਾਂ ਤੁਹਾਨੂੰ ਕੱਲ੍ਹ ਨੂੰ ਕੁੜੀ ਨਾਲ ਵੀ ਮਿਲਾ ਦਿਆਂਗੇ। ਉਹ ਵੀ ਸਾਡੇ ਨਾਲ ਟੂਰਿਸਟ ਵੀਜ਼ੇ 'ਤੇ ਆਈ ਐ।"

"ਸਰਦਾਰ ਜੀ, ਮੈਂ ਨ੍ਹੀਂ ਚਾਹੁੰਦਾ ਕਿ ਮੇਰੇ ਮੂੰਹੋਂ ਕੋਈ ਗੁਸਤਾਖ ਲਫਜ਼ ਨਿੱਕਲੇ। ਪਰ ਜਿਸ ਕੁੜੀ ਨੂੰ ਮੈਂ ਜਾਣਦਾ ਈ ਨ੍ਹੀਂ ਉਸ ਨਾਲ ਸ਼ਾਦੀ ਕਿਵੇਂ ਕਰ ਲਵਾਂਗਾ। ਨਾਲੇ ਹਾਲੇ ਤਾਂ ਮੈਂ ਆਪ ਈ ਵਿਆਹ ਕਰਵਾਉਣ ਦਾ ਫ਼ੈਸਲਾ ਨ੍ਹੀਂ ਕੀਤਾ।"

"ਤੁਸੀਂ ਪਹਿਲਾਂ ਲੜਕੀ ਨੂੰ ਮਿਲ ਲਵੋ ਤੁਸੀਂ ਆਪੇ ਫ਼ੈਸਲਾ ਕਰ ਲਵੋਗੇ। ਲੜਕੀ ਬਹੁਤ ਲਿਆਕਤ ਵਾਲੀ ਤੇ ਖ਼ੂਬਸੂਰਤ ਐ।" ਵਿਚੋਲਾ ਵਿਚੋਂ ਬੋਲਿਆ।

"ਵੇਖੋ ਮੈਂ ਨ੍ਹੀਂ ਕਹਿੰਦਾ ਕਿ ਕੁੜੀ ਸੋਹਣੀ ਨ੍ਹੀਂ ਹੋਣੀ ਜਾਂ ਲਿਆਕਤ ਵਾਲੀ ਨ੍ਹੀਂ ਹੋਣੀ। ਪਰ ਪਹਿਲਾਂ ਮੇਰੀ ਗੱਲ ਸੁਣ ਲਉ....।"



ਸਾਰੇ ਉਸ ਵੱਲ ਵੇਖਦੇ ਰਹੇ ਤੇ ਵਿਚੋਂ ਕੋਈ ਨਾ ਬੋਲਿਆ ਤਾਂ ਉਸ ਨੇ ਗੱਲ ਅੱਗੇ ਤੋਰੀ,

"ਪਹਿਲੀ ਗੱਲ ਮੈਂ ਵਿਆਹ ਵਾਸਤੇ ਹਾਲੇ ਤਿਆਰ ਈ ਨ੍ਹੀਂ। ਸੱਚ ਪੁੱਛਦੇ ਓਂ ਤਾਂ ਹਾਲੇ ਇਹ ਨ੍ਹੀਂ ਪਤਾ ਕਿ ਮੈਂ ਵਿਆਹ ਕਰਵਾਉਣਾ ਵੀ ਐ ਕਿ ਨ੍ਹੀਂ। ਜਾਂ, ਜੇ ਕਰਵਾਇਆ ਤਾਂ ਕਿਸ ਉਮਰ 'ਚ ਕਰਵਾਉਣਾ ਐਂ। ਬਾਕੀ ਮੈਂ ਇਸ ਤਰ੍ਹਾਂ ਕਿਸੇ ਅਣਜਾਣ ਕੁੜੀ ਨਾਲ ਵਿਆਹ ਨ੍ਹੀਂ ਕਰਾਵਾਂਗਾ। ਹੁਣ ਰਹੀ ਜ਼ਮੀਨ ਬਗੈਰਾ ਦੀ ਗੱਲ। ਮੈਨੂੰ ਅਜਿਹੀ ਕਿਸੇ ਚੀਜ਼ ਦਾ ਲਾਲਚ ਨ੍ਹੀਂ। ਹੁਣ ਪਤਾ ਨ੍ਹੀਂ ਕਦੋਂ, ਤੇ ਕੌਣ ਕਿਸ ਮੋੜ 'ਤੇ ਮਿਲਦੀ ਐ ਕਿ ਵਿਆਹ ਕਰਵਾਉਣ ਦੀ ਸਲਾਹ ਬਣਦੀ ਐ। ਹਾਲੇ ਤਾਂ ਇਹ ਵਕਤ ਤੋਂ ਬਹੁਤ ਪਹਿਲਾਂ ਦੀਆਂ ਗੱਲਾਂ ਨੇ। ਤੁਸੀਂ ਸਾਡੇ ਘਰ ਆਏ ਓਂ ਮੈਂ ਤੁਹਾਡੀ ਇੱਜ਼ਤ ਕਰਦਾ ਆਂ। ਅੱਛਾ ਜੀ, ਸਤਿ ਸ੍ਰੀ ਅਕਾਲ।" ਇੰਨਾ ਕਹਿੰਦਿਆਂ ਉਹ ਉੱਠ ਕੇ ਉੱਪਰ ਆਪਣੇ ਕਮਰੇ ਨੂੰ ਚਲਾ ਗਿਆ। ਪਿੱਛੇ ਚੁੱਪ ਜਿਹੀ ਵਰਤ ਗਈ। ਫਿਰ ਕੁਲਦੀਪ ਦਾ ਪਿਉ ਬੋਲਿਆ,

"ਇਹ ਤਾਂ ਕਮਲ਼ਾ ਐ। ਮੈਂ ਇਸ ਨੂੰ ਮਨਾ ਲਵਾਂਗਾ। ਤੁਸੀਂ ਫ਼ਿਕਰ ਨਾ ਕਰੋ।" ਉਸ ਨੇ ਗੱਲ ਖ਼ਤਮ ਕੀਤੀ ਤਾਂ ਕੁਲਦੀਪ ਦੀ ਮਾਂ ਖੜ੍ਹੀ ਹੋ ਗਈ। ਉਸ ਨੂੰ ਆਪਣੇ ਘਰ ਵਾਲੇ 'ਤੇ ਗੁੱਸਾ ਸੀ ਜੋ ਗੋਲ ਗੱਲ ਕਰ ਰਿਹਾ ਸੀ। ਉਹ ਉਨ੍ਹਾਂ ਨੂੰ ਸੰਬੋਧਤ ਹੁੰਦਿਆਂ ਤੇ ਆਪਣੇ ਘਰ ਵਾਲੇ ਵੱਲ ਇਸ਼ਾਰਾ ਕਰਦਿਆਂ ਬੋਲੀ,

"ਇਹ ਤਾਂ ਐਵੇਂ ਮਾਰੀ ਜਾਂਦੇ ਨੇ ਲੱਲੇ। ਮੈਂ ਆਪਣੇ ਪੁੱਤ ਨੂੰ ਚੰਗੀ ਤਰ੍ਹਾਂ ਜਾਣਦੀ ਆਂ। ਉਸ ਨੇ ਜੋ ਕਿਹਾ ਐ ਉਹ ਉਵੇਂ ਹੀ ਕਰੂਗਾ। ਉਹ ਬਹੁਤ ਉੱਪਰ ਦੀ ਸੋਚ ਰੱਖਦਾ ਐ ਇਸ ਕਰ ਕੇ ਸਭ ਕੁਛ ਸਾਫ਼ ਕਹਿ ਗਿਆ। ਅਸੀਂ ਤੁਹਾਡੇ ਤੋਂ ਮੁਆਫ਼ੀ ਚਾਹੁੰਨੇ ਆਂ।" ਇੰਨਾ ਕਹਿ ਕੇ ਉਹ ਬੈਠ ਗਈ। ਪਰ ਵਿਚੋਲੇ ਨੇ ਅਜਿਹੀਆਂ ਗੱਲਾਂ ਸ਼ੁਰੂ ਕਰ ਲਈਆਂ ਕਿ ਇਉਂ ਲੱਗਿਆ ਜਿਵੇਂ ਇੱਥੇ ਕੁਝ ਹੋਇਆ ਹੀ ਨਹੀਂ। ਚੱਲਦੀ ਗੱਲ 'ਚ ਰਿਸ਼ਤੇ ਵਾਲੀ ਕੁੜੀ ਦੇ ਪਿਉ ਨੇ ਨਿੰਦੀ ਨੂੰ ਤੁਰੀ ਫਿਰਦੀ ਵੇਖ ਕੇ ਪੁੱਛਿਆ,

"ਇਹ ਗੁੱਡੀ ਤੁਹਾਡੀ ਲੜਕੀ ਐ?"

"ਇਹ ਮੇਰੀ ਭਤੀਜੀ ਐ ਜੀ। ਜਾਰਜ ਮੇਸਨ ਪੜ੍ਹਦੀ ਐ।" ਬਲਕਾਰ ਸਿੰਘ ਨੇ ਕਿਹਾ।

"ਵੇਖਿਉ ਮੈਂ ਇਕ ਗੱਲ ਕਰਨ ਲੱਗਿਆ ਆਂ। ਜੇਕਰ ਗੁਸਤਾਖੀ ਸਮਝੋ ਤਾਂ ਮੁਆਫ਼ ਕਰ ਦੇਣਾ।"

"ਦੱਸੋ ਦੱਸੋ।"

"ਮੇਰਾ ਸਾਲਾ ਆਪਣੇ ਮੁੰਡੇ ਲਈ ਕੋਈ ਅਮਰੀਕਣ ਕੁੜੀ ਲੱਭ ਰਿਹਾ ਐ। ਪੰਝਾਹ ਕਿੱਲੇ ਜ਼ਮੀਨ ਆਉਂਦੀ ਐ। ਤੁਸੀਂ ਸਲਾਹ ਕਰ ਲਿਉ।"

"ਰਹਿਣ ਈ ਦਿਉ ਜੀ। ਮੇਰੀ ਭਾਣਜੀ ਪੰਜਾਹ ਕਿੱਲਿਆਂ ਵਾਲੇ ਦਾ ਸੰਤਾਪ ਭੋਗੀ ਜਾਂਦੀ ਐ।" ਬਲਕਾਰ ਸਿੰਘ ਦੀਆਂ ਅੱਖਾਂ ਅੱਗੋਂ ਦੀ ਕਰਮੀ ਲੰਘ ਗਈ।

"ਵੇਖੋ ਜੀ, ਸਾਰੇ ਇਕੋ ਜਿਹੇ ਨ੍ਹੀਂ ਹੁੰਦੇ। ਉਹ ਤਾਂ ਪੰਜਾਹ ਸੱਠ ਹਜ਼ਾਰ ਡਾਲਰ ਏਜੰਟ ਨੂੰ ਦੇਣ ਲਈ ਤਿਆਰ ਹੋਏ ਫਿਰਦੇ ਨੇ। ਮੈਂ ਸਮਝਾਇਆ ਕਿ ਇਹੀ ਪੈਸੇ ਉਂਝ ਵੀ ਦਿੱਤੇ ਜਾ

ਸਕਦੇ ਨੇ।"

"ਉਂਝ ਕਿਵੇਂ?"

"ਮੇਰਾ ਮਤਲਬ ਜੇਕਰ ਇਹ ਰਿਸ਼ਤਾ ਹੋ ਜਾਵੇ ਤਾਂ ਇਹੀ ਪੈਸੇ ਉਹ ਸ਼ਗਨ ਵਜੋਂ ਤੁਹਾਡੀ ਲੜਕੀ ਨੂੰ ਦੇ ਦੇਣਗੇ।"

ਉਸਦੀ ਗੱਲ ਸੁਣਦਿਆਂ ਕੁਲਦੀਪ ਦੀ ਮਾਂ ਇਕ ਦਮ ਗੁੱਸੇ 'ਚ ਉੱਠੀ ਤੇ ਉਂਗਲ ਉਸ ਬੰਦੇ ਵੱਲ ਸਿੱਧੀ ਕਰਦਿਆਂ ਬੋਲੀ,

"ਭਾਈ ਸਾਹਬ, ਅਸੀਂ ਕੁੜੀਆਂ ਨ੍ਹੀਂ ਵੇਚਦੇ। ਵਾਸਤਾ ਰੱਬ ਦਾ ਤੁਸੀਂ ਜਾਉ। ਜੇਕਰ ਮੇਰੇ ਮੁੰਡੇ ਨੂੰ ਪਤਾ ਲੱਗ ਗਿਆ ਤਾਂ ਪਤੰਦਰ ਨੇ ਆ ਕੇ ਤੁਹਾਡਾ ਬੈਠਣਾ ਦੁੱਬਰ ਕਰ ਦੇਣਾ ਐ।"

ਇੰਨਾ ਕਹਿਣ ਦੀ ਦੇਰ ਸੀ ਕਿ ਬਲਕਾਰ ਸਿੰਘ ਨੇ ਖੜ੍ਹੇ ਹੁੰਦਿਆਂ ਉਨ੍ਹਾਂ ਨੂੰ ਬਾਹਰ ਨੂੰ ਤੋਰ ਲਿਆ। ਜਦੋਂ ਉਹ ਬਾਹਰ ਨਿਕਲ ਗਏ ਤਾਂ ਉਸ ਨੇ ਦਰਵਾਜ਼ਾ ਬੰਦ ਕਰ ਦਿੱਤਾ।

"ਕਿਉਂ, ਤੈਨੂੰ ਪਹਿਲਾਂ ਨ੍ਹੀਂ ਕਿਹਾ ਸੀ ਕਿ ਮੈਂ ਜਾਣਦੀ ਆਂ ਮੁੰਡੇ ਆਪਣੇ ਨੂੰ। ਗੱਲੀਂ ਬਾਤੀਂ ਬਥੇਰੇ ਵਾਰੀ ਪੁੱਛ ਚੁੱਕੀ ਆਂ। ਅੱਜ ਅਸਲ ਗੱਲ ਸੁਣ ਕੇ ਈ ਕਾਲਜੇ ਠੰਢ ਪਈ। ਨਾਲੇ ਪਿੱਛੋਂ ਕੀ ਘਟੀਆ ਗੱਲ ਕਰਕੇ ਗਏ ਹਰਾਮਖੋਰ ਕਿਸੇ ਥਾਂ ਦੇ। ਹਾਲੇ ਤਾਂ ਕੁਲਦੀਪ ਨੂੰ ਨ੍ਹੀਂ ਪਤਾ ਲੱਗਿਆ ਨ੍ਹੀਂ ਪਤਾ ਨ੍ਹੀਂ ਕੀ ਬਣਦਾ।" ਇੰਨਾ ਕਹਿੰਦਿਆਂ ਉਹ ਉੱਪਰ ਵੱਲ ਝਾਕੀ। ਪਰ ਉਦੋਂ ਈ ਕੁਲਦੀਪ ਦੇ ਕਮਰੇ ਦਾ ਦਰਵਾਜ਼ਾ ਖੁੱਲ੍ਹਿਆ ਤੇ ਉਹ ਹੇਠਾਂ ਨੂੰ ਚੱਲ ਪਿਆ। ਉਸ ਦੇ ਪਿੱਛੇ ਪਿੱਛੇ ਨਿੰਦੀ ਸੀ। ਬਲਕਾਰ ਹੋਰੀਂ ਸਮਝ ਗਏ ਕਿ ਨਿੰਦੀ ਹੀ ਕੁਲਦੀਪ ਨੂੰ ਲੈ ਕੇ ਆਈ ਐ। ਦੋਨੋਂ ਦੇ ਕਾਲਜੇ ਕੰਬ ਗਏ। ਇੰਨੇ ਨੂੰ ਕੁਲਦੀਪ ਨੇੜੇ ਆਉਂਦਾ ਬੋਲਿਆ,

"ਕਿੱਥੇ ਨੇ ਉਹ ਡੱਫਰ ਲੋਕ?"

"ਕਿਹੜੇ?"

"ਜਿਹੜੇ ਕੁੜੀਆਂ ਖਰੀਦਦੇ ਤੇ ਵੇਚਦੇ ਫਿਰਦੇ ਨੇ।"

"ਬੇਟਾ ਛੱਡ ਪਰੇਹ ਹੁਣ। ਮੈਂ ਭਜਾ ਦਿੱਤਾ ਉਨ੍ਹਾਂ ਨੂੰ।" ਮਾਂ ਨੇ ਕਿਹਾ।

"ਪਰ ਪਹਿਲਾਂ ਇਹ ਦੱਸੋ ਕਿ ਉਨ੍ਹਾਂ ਨੂੰ ਸੱਦਿਆ ਕਿਸ ਨੇ ਸੀ?"

"ਉਹ ਤਾਂ ਮੇਰੀ ਇਕ ਸਹੇਲੀ ਨੇ ਗੱਲ ਕੀਤੀ ਸੀ। ਮੈਂ ਕਿਹਾ....ਮੈਂ ਕਿਹਾ....।"

"ਕੀ ਕਿਹਾ?"

"ਉਏ ਕਾਕਾ, ਤੂੰ ਉਈਂ ਅੰਬਰਾਂ ਨੂੰ ਚੜ੍ਹੀ ਜਾਨਾਂ ਐਂ। ਮਾਂ ਪਿਉ ਨੂੰ ਆਖਰ ਆਪਦੀ ਉਲਾਦ ਦੇ ਵਿਆਹ ਦਾ ਫ਼ਿਕਰ ਹੁੰਦਾ ਈ ਐ।" ਬਲਕਾਰ ਨੇ ਗੱਲ, ਘਰ ਵਾਲੀ ਦੇ ਹੱਥੋਂ ਆਪਣੇ ਹੱਥ ਲੈ ਲਈ।

"ਇਕ ਵਾਰ ਨ੍ਹੀਂ ਦੋ ਵਾਰ ਨ੍ਹੀਂ, ਇਹ ਗੱਲ ਸੈਂਕੜੇ ਵਾਰ ਹੋ ਚੁੱਕੀ ਐ ਕਿ ਮੈਂ ਹਾਲੇ ਵਿਆਹ ਨ੍ਹੀਂ ਕਰਵਾਉਣਾ। ਤੁਸੀਂ ਕਿਉਂ ਨ੍ਹੀਂ ਮੇਰਾ ਪਿੱਛਾ ਛੱਡਦੇ?"

"ਹੁਣ ਨ੍ਹੀਂ ਕਰਵਾਉਣਾ ਹੋਰ ਕੀ ਬੁੜ੍ਹਾ ਹੋਇਆ ਕਰਵਾਏਂਗਾ?"

"ਹੋ ਸਕਦਾ ਐ ਕਿ ਬੁੜ੍ਹਾ ਹੋਇਆ ਵੀ ਨਾ ਕਰਵਾਵਾਂ। ਤੁਹਾਨੂੰ ਮਤਲਬ?"

"ਵੇ ਪੁੱਤ ਅਸੀਂ ਚਾਹੁੰਨੇ ਆਂ ਕਿ ਸਾਡੇ ਵੀ ਪੁੱਤ ਪੋਤੀਆਂ ਹੋਣ। ਘਰ 'ਚ ਬੱਚੇ



ਹੋਣ।"

"ਬੱਚਿਆਂ ਦਾ ਇੰਨਾ ਈ ਚਾਅ ਐ ਤਾਂ ਮੈਂ ਬੱਚੇ ਅਡਾਪਟ ਕਰ ਲੈਨਾ ਆਂ। ਬੋਲੋ ਸਾਂਭ ਲਉਗੇ?"

"ਕਿਉਂ ਅਸੀਂ ਕਿਸੇ ਦੀ ਕਤੀੜ ਕਿਉਂ ਸਾਂਭੀਏ? ਪਤਾ ਨ੍ਹੀਂ ਕੀਹਦੇ ਲਿਆਊਗਾ ਇਹ ਅਡਾਪਟ ਕਰਕੇ।" ਬਾਪੂ ਤਾਅ ਖਾ ਗਿਆ।

"ਪੁੱਤ ਪਿੱਛੋਂ ਸਾਡਾ ਕੋਈ ਨਾਂ ਲੈਣ ਵਾਲਾ ਵੀ ਹੋਊਗਾ ਕਿ ਨ੍ਹੀਂ?"

"ਜਦੋਂ ਬੰਦਾ ਮਰ ਈ ਗਿਆ ਤਾਂ ਕੀ ਫ਼ਰਕ ਪੈਂਦਾ ਐ। ਕੋਈ ਨਾਂ ਲਵੇ ਜਾਂ ਨਾ ਲਵੇ।"

"ਬਸ ਕਰ ਇਹ ਨ੍ਹੀਂ ਰਾਹ ਦਿੰਦਾ। ਐਵੇਂ ਔਂਤ ਈ ਮਰਨਾ ਪਊਗਾ। ਪਤਾ ਨ੍ਹੀਂ ਰੱਬ ਨੇ ਕਿਹੋ ਜਿਹੇ ਲੇਖ ਲਿਖੇ ਐ।"

"ਥੋਡੇ ਰੱਬ ਨੇ ਥੋਡੇ ਲੇਖ ਬਹੁਤ ਵਧੀਆ ਲਿਖੇ ਨੇ। ਜ਼ਰਾ ਸਬਰ ਰੱਖੋ। ਪਰ ਹੁਣ ਇਕ ਹੋਰ ਗੱਲ ਦਾ ਜੁਆਬ ਦਿਉ?"

"ਪੁੱਛ।"

"ਆਹ ਨਿੰਦੀ ਦੀ ਪੰਝਾਹ ਹਜ਼ਾਰ ਡਾਲਰ ਵਾਲੀ ਕੀ ਗੱਲ ਚੱਲਦੀ ਸੀ?"

"ਉਏ ਉਹ ਤਾਂ ਕਮਲੇ ਜੱਟ ਐਵੇਂ ਠਾਹ ਸੋਟਾ ਮਾਰ ਬੈਠੇ। ਉਨ੍ਹਾਂ ਨੂੰ ਗੱਲ ਨ੍ਹੀਂ ਕਰਨੀ ਆਈ। ਤਾਂ ਹੀਂ ਮੈਂ ਭਜਾਤੇ।"

ਉਸਦੀ ਗੱਲ ਸੁਣ ਕੇ ਕੁਲਦੀਪ ਸਮਝ ਗਿਆ ਕਿ ਬਾਪੂ ਖਹਿੜਾ ਛੁਡਾਉਂਦਾ ਐ। ਉਹ ਬੋਲਿਆ,

"ਠੀਕ ਐ, ਇਹ ਮੇਰੇ ਚਾਚੇ ਦੀ ਧੀ ਐ। ਪਰ ਨਿੰਦੀ ਦਾ ਵਿਆਹ ਵੀ ਉੱਥੇ ਹੋਊਗਾ ਜਿੱਥੇ ਇਹ ਚਾਹੂਗੀ।"

"ਤੇ ਕੱਲ੍ਹ ਨੂੰ ਤੇਰੀ ਰੀਸ ਨਾਲ ਜੇਕਰ ਇਸ ਨੇ ਵੀ ਕਹਿ ਦਿੱਤਾ ਕਿ ਮੈਂ ਤਾਂ ਸਾਰੀ ਉਮਰ ਵਿਆਹ ਨ੍ਹੀਂ ਕਰਾਉਂਦੀ?"

"ਉਹ ਇਸਦੀ ਮਰਜ਼ੀ। ਪਰ ਇਸਦੀ ਮਰਜ਼ੀ ਦੇ ਉਲਟ ਕੁਛ ਨ੍ਹੀਂ ਹੋਣਾ। ਇਹ ਇਸ ਦਾ ਆਖ਼ਰੀ ਫੈਸਲਾ ਐ। ਹੁਣ ਕੱਲ੍ਹ ਨੂੰ ਨਾ ਕਿਸੇ ਹੋਰ ਨੂੰ ਲਿਆ ਕੇ ਬਿਠਾ ਲਿਉ।"

"ਉਏ ਇਸ ਦਾ ਪਿਉ ਜਿਵੇਂ ਮਰਜ਼ੀ ਕਰੇ। ਤੂੰ ਹਰੇਕ ਦਾ ਠੇਕਾ ਲਿਆ ਐ?"

"ਇਹ ਮੇਰੀ ਭੈਣ ਐਂ। ਇਕ ਭੈਣ ਕਰਮੀ ਨੂੰ ਤੁਸੀਂ ਪਹਿਲਾਂ ਈ ਡੋਬ ਦਿੱਤਾ। ਹੁਣ ਹੋਰ ਨ੍ਹੀਂ ਤੁਹਾਡੀ ਬੁੜ੍ਹਿਆਂ ਦੀ ਮਰਜ਼ੀ ਚੱਲਣੀ। ਕੱਲ੍ਹ ਨੂੰ ਕਿਸੇ ਹੋਰ ਨੂੰ ਲਿਆ ਕੇ ਬਿਠਾ ਲਉਗੇ।"

"ਨਾ ਭਾਈ ਕਾਕਾ, ਅਸੀਂ ਕਿਸੇ ਨੂੰ ਲਿਆ ਕੇ ਕੀ ਕਰਨਾ ਐਂ। ਤੁਸੀਂ ਸਾਰੇ ਭੈਣ ਭਰਾ ਸੰਨਿਆਸ ਲੈ ਲਉ।"

"ਪੁੱਤ, ਧੀਆਂ ਦੇ ਵਿਆਹ ਮਾਂ ਪਿਉ ਦੀ ਮਰਜ਼ੀ ਨਾਲ ਈ ਸੋਂਹਦੇ ਨੇ।" ਮਾਂ ਨੇ ਪੋਚਾ ਮਾਰਿਆ।

"ਔਹ ਬੈਠੀ ਤਾਂ ਹੈ ਮੇਰੀ ਭੂਆ ਦੀ ਧੀ 'ਮਾਂ ਪਿਉ ਦੀ ਮਰਜ਼ੀ ਨਾਲ ਵਿਆਹੀ

ਸੋਂਹਦੀ'। ਨਿੱਤ ਗਿੱਲੀ ਲੱਕੜ ਵਾਂਗਰਾਂ ਧੁੱਖਦੀ ਐ। ਉਸ ਦੇ ਮਾਂ ਪਿਉ ਦਾ ਕੀ ਗਿਆ। ਹਾਂ ਆਪਦੀ ਕਮਿਉਨਿਟੀ 'ਚ ਜ਼ਰੂਰ ਟੌਅਰ ਬਣਾ ਲਈ ਕਿ ਕੁੜੀ ਨੇ ਸਾਡੇ ਆਖੇ ਲੱਗ ਕੇ ਵਿਆਹ ਕਰਵਾਇਆ ਐ।"

"ਉਹ ਬੰਦੇ ਮਾੜੇ ਨਿਕਲ ਗਏ। ਕਈ ਵਾਰੀ ਇਨਸਾਨ ਦੇ ਕਰਮ ਵੀ ਮਾੜੇ ਹੁੰਦੇ ਨੇ।"

"ਤੇ ਹੋਰ ਜਿਹੜੀ ਗੱਲ ਉਲਟ ਜਾਂਦੀ ਐ ਉਹ ਕਰਮਾਂ 'ਤੇ ਸੁੱਟ ਦਿਉ।"

"ਉਏ ਹੁਣ ਬੱਸ ਵੀ ਕਰ ਖਸਮਾਂ....।" ਬਲਕਾਰ ਸਿੰਘ ਅੱਕਿਆ ਹੋਇਆ ਬੋਲਿਆ। ਫਿਰ ਉਹ ਜ਼ਰਾ ਕੁ ਰੁਕਿਆ ਤੇ ਕੁਲਦੀਪ ਵੱਲ ਨਜ਼ਰ ਮਾਰਦਿਆਂ ਅਗਾਂਹ ਬੋਲਿਆ,

"ਸਾਡੀ ਗਲਤੀ, ਸਾਡੇ ਜੰਮਣ ਵਾਲਿਆਂ ਦੀ ਗਲਤੀ, ਜੋ ਤੁਹਾਨੂੰ ਵਿਆਹ ਵਾਸਤੇ ਕਹਿ ਬੈਠੇ। ਜੋ ਮਰਜ਼ੀ ਕਰੋ। ਪਰ ਬੰਦ ਕਰੋ ਇਹ ਲੈਕਚਰਬਾਜ਼ੀ। ਅਸੀਂ ਮਾੜੇ ਆਂ ਬਹੁਤ ਮਾੜੇ ਆਂ। ਸਾਨੂੰ ਮੁਆਫ਼ ਕਰੋ ਹੁਣ।" ਇੰਨਾ ਕਹਿ ਕੇ ਬਲਕਾਰ ਸਿੰਘ ਘਰੋਂ ਚਲਿਆ ਗਿਆ। ਪਿੱਛੇ ਇਕੱਲੀ ਕੁਲਦੀਪ ਦੀ ਮਾਂ ਰਹਿ ਗਈ। ਉਸ ਕੋਲ ਵੀ ਬੋਲਣ ਨੂੰ ਕੁਝ ਨਹੀਂ ਸੀ। ਉਹ ਰਸੋਈ 'ਚ ਭੁੰਜੇ ਬੈਠ ਕੇ ਹੀ ਰੋਣ ਸਿਸਕਣ ਲੱਗੀ। ਮਨ 'ਚ ਸੋਚ ਰਹੀ ਸੀ ਕਿ ਕਿੰਨੀ ਖੁਸ਼ੀ ਨਾਲ ਅੱਜ ਦਾ ਦਿਨ ਚੜ੍ਹਿਆ ਸੀ ਤੇ ਆਖਰ ਹੋਇਆ ਕੀ।

## ਤੇਰ੍ਹਾਂ

ਉਨ੍ਹਾਂ ਦਿਨਾਂ 'ਚ ਹੀ ਦਰਸ਼ਣ ਦੇ ਪਿਉ ਨੇ ਐਲਾਨ ਕਰ ਦਿੱਤਾ ਕਿ ਹੁਣ ਉਹ ਵਾਪਸ ਇੰਡੀਆ ਜਾ ਰਹੇ ਹਨ। ਉਨ੍ਹਾਂ ਨੇ ਜੋ ਦਰਸ਼ਣ ਦੇ ਭਰਾ ਲਈ ਵੀਜ਼ਾ ਲੁਆਉਣ ਦੀ ਕੋਸ਼ਿਸ਼ ਕਰਨੀ ਸੀ ਉਹ ਸਿਰਫ਼ ਬਹਾਨਾ ਸਾਬਤ ਹੋਇਆ। ਉਨ੍ਹਾਂ ਕੁਝ ਕੀਤਾ ਹੀ ਨਹੀਂ। ਕਰਮੀ ਸਮਝ ਗਈ ਕਿ ਇਹ ਸਿਰਫ਼ ਉਸ ਦਾ ਘਰ ਹਥਿਆਉਣ ਦਾ ਹੱਥਕੰਡਾ ਸੀ। ਪਰ ਉਸ ਨੇ ਇਸ ਗੱਲ ਨੂੰ ਸਹਾਰ ਲਿਆ ਤੇ ਸੋਚਿਆ ਕਿ ਚੰਗੀ ਰਹੀ ਜੋ ਉਸ ਨੇ ਦਰਸ਼ਣ ਦਾ ਨਾਂ ਬੈਂਕ ਖਾਤੇ 'ਚ ਨਹੀਂ ਪੁਆਇਆ। ਫਿਰ ਦਰਸ਼ਣ ਦੇ ਮਾਂ ਪਿਉ ਵਾਪਸ ਮੁੜ ਗਏ। ਹੁਣ ਇਹ ਵੀ ਪਤਾ ਨਹੀਂ ਸੀ ਕਿ ਉਨ੍ਹਾਂ ਵਾਪਸ ਕਦੋਂ ਆਉਣਾ ਹੈ। ਹੁਣ ਦਰਸ਼ਣ ਨੂੰ ਪੂਰੀ ਖੁੱਲ੍ਹ ਮਿਲ ਗਈ। ਪਹਿਲਾਂ ਮਾਂ ਪਿਉ ਇਕੱਲੇ ਨੂੰ ਸਮਝਾਉਂਦੇ ਸਨ। ਸ਼ਰਾਬ ਜਾਂ ਹੋਰ ਬੁਰੀਆਂ ਆਦਤਾਂ ਤੋਂ ਰੋਕਦੇ ਸਨ। ਦਰਸ਼ਣ ਕੁਝ ਕੁ ਉਨ੍ਹਾਂ ਤੋਂ ਡਰਦਾ ਵੀ ਸੀ। ਪਰ ਹੁਣ ਸਭ ਡਰ ਚੁੱਕੇ ਗਏ। ਉਹ ਪਹਿਲਾਂ ਨਾਲੋਂ ਵੀ ਵਿਗੜ ਗਿਆ। ਕਈ ਵਾਰੀ ਦਿਨ ਚੜ੍ਹਨ ਤੋਂ ਕੁਝ ਦੇਰ ਪਹਿਲਾਂ ਹੀ ਆਉਂਦਾ ਸੀ। ਕਈ ਵਾਰੀ ਸਾਰੀ ਰਾਤ ਹੀ ਨਹੀਂ ਆਉਂਦਾ ਸੀ। ਕਰਮੀ ਵੇਖ ਰਹੀ ਸੀ ਕਿ ਉਹ ਰੋਜ਼ ਸ਼ਰਾਬ ਪੀ ਕੇ ਕਾਰ ਚਲਾਉਂਦਾ ਹੈ। ਕਦੇ ਨਾ ਕਦੇ ਪੁਲਸ ਨੇ ਉਸ ਨੂੰ ਫੜ ਲੈਣਾ ਹੈ। ਉਸ ਨੇ ਦਰਸ਼ਣ ਨੂੰ ਕਿਹਾ ਵੀ ਪਰ ਉਸਦੀ ਸਿਹਤ 'ਤੇ ਕੋਈ ਅਸਰ ਨਾ ਹੋਇਆ। ਆਖਰ ਫਿਰ ਇਕ ਦਿਨ ਉਹ ਪੁਲਸ ਦੇ ਧੱਕੇ ਚੜ੍ਹ ਹੀ ਗਿਆ। ਨਿੱਤ ਦੀ ਤਰ੍ਹਾਂ ਕਰਮੀ ਤਾਂ ਬੱਚੀਆਂ ਨੂੰ ਲੈ ਕੇ ਸੁੱਤੀ ਪਈ ਸੀ ਜਦੋਂ ਰਾਤ ਦੇ ਦੋ ਕੁ ਵਜੇ ਫੋਨ ਖੜਕਿਆ। ਉਸ ਨੇ ਕਈ ਬੈੱਲਾਂ ਪਿੱਛੋਂ ਫੋਨ ਚੁੱਕ ਲਿਆ। ਉੱਧਰੋਂ ਦਰਸ਼ਣ ਦੀ ਸ਼ਰਾਬ ਦੀ ਭੰਨੀ ਆਵਾਜ਼ ਆਈ,



"ਤੂੰ ਇਉਂ ਕਰ, ਮੈਨੂੰ ਲੈ ਜਾਹ। ਮੈਂ ਇੱਥੇ ਪਰਿੰਸ ਵਿਲੀਅਮ ਕਾਊਂਟੀ 'ਚ ਆਂ।"

"ਪਰ ਤੇਰੀ ਕਾਰ ਕਿੱਥੇ ਐ ? ਮਤਲਬ ਤੂੰ ਕਾਰ 'ਤੇ ਕਿਉਂ ਨ੍ਹੀਂ ਆਉਂਦਾ ?"

"ਉਹ ਗੱਲ ਨ੍ਹੀਂ। ਮੈਨੂੰ ਪੁਲਸ ਨੇ ਫੜ ਲਿਆ ਐ। ਮੇਰੇ 'ਤੇ ਸ਼ਰਾਬ ਪੀ ਕੇ ਕਾਰ ਚਲਾਉਣ ਦੇ ਦੋਸ਼ ਨੇ। ਤੂੰ ਹੁਣੇ ਮੇਰੀ ਜ਼ਮਾਨਤ ਕਰਾ ਕੇ ਲੈ ਜਾ।"

"ਮੈਂ ਸਵੇਰੇ ਆਵਾਂਗੀ। ਇਸ ਵੇਲੇ ਨ੍ਹੀਂ ਮੈਂ ਆ ਸਕਦੀ।"

"ਕਿਉਂ ਹੁਣ ਕੀ ਤੈਨੂੰ ਮੌਤ ਪੈਂਦੀ ਐ ?"

"ਬੱਚੀਆਂ ਨੂੰ ਕਿੱਥੇ ਛੱਡਾਂ ਇੰਡੀ ਰਾਤ ਨੂੰ ? ਮੈਂ ਸਵੇਰੇ ਆਵਾਂਗੀ।" ਇੰਨਾ ਕਹਿ ਕੇ ਉਸ ਨੇ ਫੋਨ ਕੱਟ ਦਿੱਤਾ। ਸਵੇਰ ਵੇਲੇ ਉਸ ਨੇ ਬੱਚੀਆਂ ਨੂੰ ਬੇਬੀ ਸਿਟਰ ਦੇ ਛੱਡਿਆ ਤੇ ਦਰਸ਼ਣ ਦੀ ਜ਼ਮਾਨਤ ਕਰਵਾ ਲਿਆਈ। ਉਸ ਦਾ ਲਾਈਸੈਂਸ ਰਾਤ ਹੀ ਪੁਲਸ ਨੇ ਜ਼ਬਤ ਕਰ ਲਿਆ ਸੀ। ਉਸ ਨੂੰ ਘਰ ਛੱਡ ਕੇ ਕਰਮੀ ਆਪਣੇ ਕੰਮ 'ਤੇ ਚਲੀ ਗਈ। ਪੰਦਰਾਂ ਕੁ ਦਿਨਾਂ ਪਿੱਛੋਂ ਤਾਰੀਖ ਪਈ ਤਾਂ ਦਰਸ਼ਣ ਦੀ ਤਿੰਨ ਮਹੀਨੇ ਦੀ ਮੁਅੱਤਲ ਕੈਦ ਸੀ ਤੇ ਉਸ ਦਾ ਲਾਈਸੈਂਸ ਛੇ ਮਹੀਨਿਆਂ ਲਈ ਸਸਪੈਂਡ ਹੋ ਚੁੱਕਿਆ ਸੀ। ਹੁਣ ਉਹ ਘਰ ਹੀ ਰਹਿੰਦਾ। ਸੰਦੇਹਾਂ ਹੀ ਬੋਤਲ ਖੋਲ੍ਹ ਲੈਂਦਾ। ਇਕ ਦਿਨ ਕਰਮੀ ਆਈ ਤਾਂ ਉਹ ਕਿਸੇ ਦੋਸਤ ਨੂੰ ਬਿਠਾਈ ਬੈਠਾ ਸੀ। ਕਰਮੀ ਨੇ ਅਗਲੇ ਦਿਨ ਉਸ ਦੇ ਇਸ ਕੰਮ 'ਤੇ ਪਾਬੰਦੀ ਲਾ ਦਿੱਤੀ। ਇਕ ਦਿਨ ਕਰਮੀ ਦੁਪਹਿਰ ਵੇਲੇ ਹੀ ਘਰ ਆ ਗਈ। ਅੱਗੇ ਜੂਆ ਚੱਲ ਰਿਹਾ ਸੀ ਤੇ ਦਰਸ਼ਣ ਦੇ ਤਿੰਨ ਚਾਰ ਦੋਸਤ ਹੋਰ ਸਨ। ਕਰਮੀ ਦੇ ਆਉਂਦਿਆਂ ਬਾਕੀ ਸਭ ਚਲੇ ਗਏ ਪਰ ਦਰਸ਼ਣ ਨੇ ਉਸ ਨਾਲ ਕਲੇਸ਼ ਪਾ ਲਿਆ।

"ਤੂੰ ਜਾਣ ਬੁੱਝ ਕੇ ਪਹਿਲਾਂ ਆ ਜਾਨੀਂ ਐਂ ਤਾਂ ਕਿ ਮੈਨੂੰ ਚੈੱਕ ਕਰ ਸਕੇਂ ?"

"ਵੈਸੇ ਤਾਂ ਇਹ ਗੱਲ ਸੱਚ ਨ੍ਹੀਂ ਐ। ਪਰ ਜੇ ਸੱਚ ਹੋਵੇ ਤਾਂ ਫਿਰ ਕੀ ਵੇਖਿਆ ਮੈਂ ਪਹਿਲਾਂ ਆ ਕੇ ? ਤੈਨੂੰ ਇਹੀ ਸੀ ਕਿ ਇਹ ਸ਼ਾਮ ਤੋਂ ਪਹਿਲਾਂ ਆਉਂਦੀ ਨ੍ਹੀਂ ਤੇ ਆਪਾਂ ਘਰ 'ਚ ਐਸ਼ ਕਰੀਏ।"

"ਇਹ ਐਸ਼ ਕਾਹਦੀ ਐ ? ਜੇਕਰ ਯਾਰਾਂ ਦੋਸਤਾਂ ਨਾਲ ਘੜੀ ਬਹਿ ਗਿਆ ਤਾਂ ਕੀ ਲੋਹੜਾ ਆ ਗਿਆ। ਕੰਮ ਮੈਂ ਕਰ ਨ੍ਹੀਂ ਸਕਦਾ ਹੋਰ ਮੈਂ ਕੀ ਕਰਾਂ ?"

"ਹੋਰ ਲੋਹੜਾ ਕਿਵੇਂ ਆਊਗਾ ? ਮੇਰੇ ਘਰ ਨੂੰ ਅਯਾਸ਼ੀ ਦਾ ਅੱਡਾ ਬਣਾ ਰੱਖਿਆ ਐ। ਜੇ ਲਾਈਸੈਂਸ ਸਸਪੈਂਡ ਹੋ ਗਿਆ ਕੀ ਤੂਫਾਨ ਆ ਗਿਆ। ਕਿਸੇ ਗੈਸ ਸਟੇਸ਼ਨ 'ਤੇ ਕੰਮ ਕਰ ਸਕਦਾ ਐਂ। ਕਿਸੇ ਸੈਵਨ ਅਲੈਵਨ 'ਤੇ ਲੱਗ ਜਾਹ। ਪਰ ਜਿਸ ਨੂੰ ਸਭ ਕੁਛ ਵਿਹਲੇ ਬੈਠੇ ਨੂੰ ਮਿਲੇ ਉਹ ਕੰਮ ਕਿਉਂ ਕਰੂਗਾ।"

"ਤੇਰਾ ਮਤਲਬ ਮੈਂ ਤੇਰੇ ਤੋਂ ਖਾਨਾ ਆਂ ? ਮੈਂ ਪੰਝਾਹ ਕਿੱਲਿਆਂ ਦਾ ਮਾਲਕ ਆਂ। ਕਿਸੇ ਦੀ ਖੈਰਾਤ 'ਤੇ ਥੁੱਕਦਾ ਨ੍ਹੀਂ। ਨਾਲੇ ਆਹ ਤੂੰ ਕੀ ਕਿਹਾ 'ਮੇਰਾ ਘਰ'। ਤੇਰੀ ਜਾਣਕਾਰੀ ਲਈ ਦੱਸ ਦਿਆਂ ਕਿ ਹੁਣ ਇਹ ਘਰ ਤੇਰਾ ਨਹੀਂ, ਬਲਕਿ ਮੇਰਾ ਐ। ਤੂੰ ਮੇਰੇ ਮਾਂ ਪਿਉ ਦੇ ਨਾਂ ਲਗਵਾਇਆ ਸੀ ਤੇ ਉਹ ਮੇਰੇ ਨਾਂ ਕਰਵਾ ਗਏ ਤਾਂ ਕਿ ਮੈਂ ਚੰਗੀ ਤਰ੍ਹਾਂ ਇਸ ਨੂੰ ਸੰਭਾਲ ਸਕਾਂ।"

"ਆਹੀ ਐ ਪੰਝਾਹ ਕਿੱਲਿਆਂ ਦੇ ਮਾਲਕ ਦੀ ਔਕਾਤ ? ਸਾਰੇ ਟੱਬਰ ਨੇ ਰਲ਼ ਕੇ ਮੇਰੇ ਪੈਸਿਆਂ ਨਾਲ ਖਰੀਦਿਆ ਘਰ ਖੋਹ ਲਿਆ। ਨਾਲੇ ਤੇਰੀ ਜ਼ਮੀਨ ਦਾ ਤੈਨੂੰ ਕੀ ਭਾਅ ਐ।

ਐਥੇ ਤਾਂ ਆਪਦੀ ਘਰ ਵਾਲੀ ਦੇ ਸਿਰ 'ਤੇ ਪਲ਼ਦਾ ਐਂ।"

ਇਸੇ ਤਰ੍ਹਾਂ ਤੋਹਮਤ ਦਰ ਤੋਹਮਤ ਲੱਗਦੀ ਗਈ। ਲੜਾਈ ਵੱਧਦੀ ਗਈ। ਇਕ ਮੌਕਾ ਅਜਿਹਾ ਆਇਆ ਕਿ ਦੋਨੋਂ ਆਪੇ 'ਤੋਂ ਬਾਹਰ ਹੋ ਗਏ। ਦਰਸ਼ਨ ਨੇ ਗੁੱਸੇ 'ਚ ਆਏ ਨੇ ਕਰਮੀ ਦੇ ਥੱਪੜ ਮਾਰ ਦਿੱਤਾ। ਕਰਮੀ ਨੇ ਪਲ ਭਰ ਥੱਪੜ ਵੱਜੇ ਵਾਲੀ ਥਾਂ ਨੂੰ ਪਲੋਸਿਆ। ਕੁਝ ਲੰਬੇ ਲੰਬੇ ਸਾਹ ਲਏ। ਫਿਰ ਦਰਸ਼ਨ ਵੱਲ ਵੇਖਦਿਆਂ ਬੋਲੀ,

"ਇਕ ਵਾਰ ਤੂੰ ਪਹਿਲਾਂ ਵੀ ਮੇਰੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਉਦੋਂ ਮੈਂ ਤੈਨੂੰ ਇਕ ਵਾਰਨਿੰਗ ਦਿੱਤੀ ਸੀ, ਯਾਦ ਐ ਤੇਰੇ ?"

ਦਰਸ਼ਨ ਨੇ ਕੋਈ ਜੁਆਬ ਨਾ ਦਿੱਤਾ ਤੇ ਪਰ੍ਹੇ ਮੂੰਹ ਕਰ ਲਿਆ। ਕਰਮੀ ਗੇੜਾ ਦੇ ਕੇ ਉਸ ਦੇ ਮੂਹਰੇ ਜਾ ਖੜੋਤੀ ਤੇ ਉਹਦੇ ਚਿਹਰੇ 'ਤੇ ਨਿਗ੍ਹਾ ਗੱਡਦਿਆਂ ਬੋਲੀ,

"ਤੂੰ ਸ਼ਾਇਦ ਭੁੱਲ ਗਿਆ ਹੋਵੇਂ ਪਰ ਮੈਨੂੰ ਚੰਗੀ ਤਰ੍ਹਾਂ ਯਾਦ ਐ। ਬਹੁਤ ਹੋ ਗਿਆ ਤੇਰਾ ਅੱਤਿਆਚਾਰ। ਬੱਸ, ਹੁਣ ਹੋਰ ਨ੍ਹੀਂ।" ਇੰਨਾ ਕਹਿ ਕੇ ਉਹ ਦਰਵਾਜ਼ੇ ਵੱਲ ਚਲੀ ਗਈ ਤੇ ਉੱਥੋਂ ਉਸ ਨੇ ਪੁਲਸ ਕਾਲ ਕਰ ਦਿੱਤੀ। ਪੰਜ ਮਿੰਟ 'ਚ ਪੁਲਸ ਆ ਪਹੁੰਚੀ। ਸਾਰੀ ਗੱਲ ਸਮਝਦਿਆਂ ਉਨ੍ਹਾਂ ਦਰਸ਼ਣ ਦਾ ਰੈਕਿਡ ਚੈਕ ਕਰਦਿਆਂ ਤੁਰੰਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਹ ਉਸ ਨੂੰ ਜੇਲ੍ਹ ਵੱਲ ਲੈ ਤੁਰੇ। ਪਿੱਛੋਂ ਕਰਮੀ ਨੇ ਆਪਣੇ ਪਾਪਾ ਨੂੰ ਫੋਨ ਕੀਤਾ ਤੇ ਉਹ ਆ ਕੇ ਕਰਮੀ ਤੇ ਉਸ ਦੇ ਬੱਚਿਆਂ ਨੂੰ ਲੈ ਗਿਆ। ਕਰਮੀ ਨੇ ਉਹ ਰਾਤ ਬੜੀ ਔਖਿਆਂ ਗੁਜ਼ਾਰੀ। ਉਸ ਨੂੰ ਦਰਸ਼ਣ ਨੂੰ ਛੁਡਵਾਉਣ ਦਾ ਕੋਈ ਫ਼ਿਕਰ ਨਹੀਂ ਸੀ। ਉਸ ਦਾ ਸਾਰਾ ਫ਼ਿਕਰ ਆਪਣੀ ਜ਼ਿੰਦਗੀ ਬਾਰੇ ਸੀ, ਬੱਚੀਆਂ ਬਾਰੇ ਸੀ। ਉਹ ਦਿਨ ਚੜ੍ਹਨ ਪਿੱਛੋਂ ਵੀ ਕਮਰੇ 'ਚੋਂ ਨਾ ਨਿਕਲੀ। ਕੰਮ ਤੋਂ ਉਸ ਨੇ ਛੁੱਟੀ ਕਰ ਲਈ ਸੀ। ਹੇਠਾਂ ਪਾਲੀ ਤੇ ਨਿਰਭੈ ਸਿੰਘ ਹੌਲੀ ਹੌਲੀ ਬੋਲਦੇ ਗੱਲਾਂ ਕਰ ਰਹੇ ਸਨ ਕਿ ਹੁਣ ਕੀ ਕਰੀਏ। ਕੁਝ ਸਮਝ 'ਚ ਨਹੀਂ ਆ ਰਿਹਾ ਸੀ। ਉਨ੍ਹਾਂ ਵਿਚੋਲੇ ਨੂੰ ਫੋਨ ਕੀਤਾ ਪਰ ਉਸ ਨੇ ਫੋਨ ਚੁੱਕਿਆ ਹੀ ਨਹੀਂ। ਕੁਝ ਵਕਤ ਇਸ ਤਰ੍ਹਾਂ ਹੀ ਬੀਤ ਗਿਆ। ਨਿਰਭੈ ਸਿੰਘ, ਪਾਲੀ ਨੂੰ ਕਹਿ ਰਿਹਾ ਸੀ ਕਿ ਬੜੀ ਕਸੂਤੀ ਸਥਿਤੀ 'ਚ ਫੱਸ ਗਏ ਹਾਂ। ਜੇਕਰ ਨਹੀਂ ਛੁਡਵਾਉਂਦੇ ਤਾਂ ਵੀ ਠੀਕ ਨਹੀਂ ਪਰ ਜੇਕਰ ਉਸ ਨੂੰ ਛੁਡਵਾਉਂਦੇ ਹਾਂ ਤਾਂ ਕਰਮੀ ਪਤਾ ਨਹੀਂ ਕਿਸ ਤਰ੍ਹਾਂ ਸੋਚੇਗੀ। ਇੰਨੇ ਨੂੰ ਉੱਪਰ ਕਰਮੀ ਦੇ ਫੋਨ ਦੀ ਘੰਟੀ ਵੱਜਦੀ ਸੁਣੀ। ਪਾਲੀ ਤੇ ਨਿਰਭੈ ਸਿੰਘ ਨੇ ਉੱਪਰ ਵੱਲ ਵੇਖਿਆ। ਕਰਮੀ ਨੇ ਫੋਨ ਚੁੱਕ ਲਿਆ ਕਿਉਂਕਿ ਇਹ ਕੁਲਦੀਪ ਦਾ ਫੋਨ ਸੀ। ਉਸ ਨੇ ਆਮ ਹਾਲ ਚਾਲ ਪੁੱਛਦਿਆਂ ਗੱਲ ਤੋਰੀ,

"ਉਸ ਨੇ ਜੇਲ੍ਹ 'ਚੋਂ ਮੈਨੂੰ ਫੋਨ ਕੀਤਾ ਐ। ਮੈਂ ਤਾਂ ਉਈਂ ਹੈਰਾਨ ਰਹਿ ਗਿਆ ਕਿ ਉਸ ਨੇ ਮੈਨੂੰ ਕੀ ਸਮਝ ਕੇ ਫੋਨ ਕੀਤਾ ਹੋਣੈ ?"

"ਅੱਛਾ।" ਕਰਮੀ ਨੇ ਔਖਾ ਜਿਹਾ ਹੁੰਗਾਰਾ ਭਰਿਆ ਤਾਂ ਕੁਲਦੀਪ ਨੇ ਗੱਲ ਅਗਾਂਹ ਤੋਰੀ,

"ਉਸ ਨੇ ਪੂਰੀ ਗੱਲ ਮੈਨੂੰ ਦੱਸੀ ਐ। ਉਹ ਕਹਿੰਦਾ ਐ ਕਿ ਸਾਰੀ ਗਲਤੀ ਉਸੇ ਦੀ ਐ। ਉਸ ਦਾ ਕਹਿਣਾ ਐਂ ਕਿ ਉਸ ਨੇ ਕਰਮੀ ਨੂੰ ਕਦੇ ਸੁੱਖ ਨ੍ਹੀਂ ਦਿੱਤਾ। ਉਹ ਉਸ ਦਾ ਗੁਨਾਹਗਾਰ ਐ। ਬਸ ਆਹ ਗੱਲਾਂ ਕਰੀ ਜਾ ਰਿਹਾ ਐ। ਨਾਲ ਕਹਿ ਰਿਹਾ ਐ ਕਿ ਮੈਨੂੰ ਇਕ ਵਾਰ ਛੁਡਵਾ ਲਉ ਮੁੜ ਕੇ ਸ਼ਿਕਾਇਤ ਦਾ ਮੌਕਾ ਨ੍ਹੀਂ ਦਿੰਦਾ।"



"ਫਿਰ ਤੂੰ ਕੀ ਸੋਚਿਆ ਐ ?"

"ਵੇਖ ਕਰਮੀ, ਉਸ ਨੇ ਜੋ ਕਿਹਾ ਮੈਂ ਤੈਨੂੰ ਦੱਸ ਦਿੱਤਾ ਐ। ਅਗਾਂਹ ਜਿਵੇਂ ਤੂੰ ਕਹੇਂਗੀ ਮੈਂ ਤਾਂ ਉਵੇਂ ਕਰੂੰਗਾ। ਤੂੰ ਮੇਰੀ ਭੈਣ ਐਂ। ਮੈਂ ਤੇਰੇ ਨਾਲ ਖੜੂੰਗਾ ਨਾ ਕਿ ਕਿਸੇ ਹੋਰ ਨਾਲ।"

"ਕੀ ਤੂੰ ਮੈਨੂੰ ਅੱਜ ਮਿਲ ਸਕਦਾ ਐਂ ? ਆਹੀ ਦੋ ਚੌਂਹ ਘੰਟਿਆਂ 'ਚ। ਆਪਾਂ ਪਾਪੇ ਦੇ ਘਰ ਨੇੜਲੇ ਸਟਾਰਬਕ 'ਤੇ ਮਿਲ ਪਵਾਂਗੇ।"

"ਜ਼ਰੂਰ। ਹੁਣ ਦਸ ਵੱਜ ਰਹੇ ਨੇ। ਮੈਂ ਬਾਰਾਂ ਵੱਜੇ ਉੱਥੇ ਪਹੁੰਚ ਜਾਊਂਗਾ। ਤੂੰ ਤਿਆਰ ਹੋ ਕੇ ਆ ਜਾਵੀਂ।"

"ਠੀਕ ਐ। ਹਾਂ, ਜੇਕਰ ਉਸ ਦਾ ਫਿਰ ਫੋਨ ਆਵੇ ਤਾਂ ਕਹਿ ਦੇਹ ਕਰਮੀ ਦਾ ਪਾਪਾ ਆਵੇਗਾ ਤੇਰੀ ਜ਼ਮਾਨਤ ਲਈ।" ਇੰਨਾ ਕਹਿ ਕੇ ਕਰਮੀ ਨੇ ਫੋਨ ਕੱਟ ਦਿੱਤਾ। ਫਿਰ ਉਹ ਹੇਠਾਂ ਆਈ। ਉਸ ਦੇ ਮਾਂ ਪਿਉ ਕਿਚਨ ਟੇਬਲ ਦੁਆਲੇ ਬੈਠੇ ਸਨ। ਉਹ ਉਨ੍ਹਾਂ ਕੋਲ ਆ ਕੇ ਬੈਠ ਗਈ। ਕਿਸੇ ਵਿਚਕਾਰ ਕੋਈ ਗੱਲ ਨ੍ਹੀਂ ਹੋ ਰਹੀ ਸੀ। ਉਂਝ ਹਰ ਕੋਈ ਇਕ ਦੂਜੇ ਦਾ ਦਰਦ ਸਮਝ ਰਿਹਾ ਸੀ। ਫਿਰ ਕਰਮੀ ਨੇ ਪਾਪੇ ਨੂੰ ਕੁਲਦੀਪ ਦੇ ਫੋਨ ਬਾਰੇ ਦੱਸਿਆ। ਨਾਲ ਹੀ ਉਸ ਨੇ ਕਿਹਾ,

"ਪਾਪਾ, ਤੁਸੀਂ ਜਾ ਕੇ ਉਸਦੀ ਜ਼ਮਾਨਤ ਕਰਵਾ ਲਉ। ਉਹ ਇਕ ਵੇਰਾਂ ਘਰ ਆ ਜਾਵੇ। ਫਿਰ ਕੇਸ ਵੇਲੇ ਵੇਖਾਂਗੇ ਕੀ ਕਰਨਾ ਐਂ।" ਉਸਦੀ ਗੱਲ ਸੁਣਦਿਆਂ ਨਿਰਭੈ ਸਿੰਘ ਜ਼ਮਾਨਤ ਕਰਵਾਉਣ ਦੀ ਤਿਆਰੀ ਕਰਨ ਲੱਗਿਆ। ਉੱਧਰ ਕਰਮੀ ਤਿਆਰ ਹੋ ਕੇ ਸਟਾਰਬਕ 'ਤੇ ਪਹੁੰਚੀ। ਉਦੋਂ ਹੀ ਕੁਲਦੀਪ ਵੀ ਆ ਗਿਆ। ਦੋਨੋਂ ਇਕੱਠੇ ਹੀ ਅੰਦਰ ਗਏ ਤੇ ਇਕ ਕੋਨੇ ਵਾਲੇ ਟੇਬਲ 'ਤੇ ਬਹਿ ਗਏ। ਕੁਲਦੀਪ ਨੇ ਖਾਣ ਪੀਣ ਦੀ ਲਿਸਟ ਵੇਖੀ ਤੇ ਕੁਝ ਖਾਣ ਪੀਣ ਨੂੰ ਲੈਣ ਚਲਾ ਗਿਆ। ਦਸ ਕੁ ਮਿੰਟ ਬਾਅਦ ਉਸ ਨੇ ਸਮਾਨ ਮੇਜ਼ 'ਤੇ ਟਿਕਾ ਲਿਆ। ਕੌਫ਼ੀ ਦਾ ਕੱਪ ਕਰਮੀ ਵੱਲ ਵਧਾਉਂਦਿਆਂ ਕੁਲਦੀਪ ਨੇ ਗੱਲ ਸ਼ੁਰੂ ਕੀਤੀ,

"ਉਂਝ ਤਾਂ ਉਸ ਨੇ ਸਭ ਕੁਛ ਦੱਸ ਈ ਦਿੱਤਾ ਐ। ਇਸ ਤੋਂ ਪਹਿਲਾਂ ਡਰੰਕ ਡਰਾਈਵਿੰਗ ਦੀ ਟਿਕਟ ਬਾਰੇ ਵੀ ਦੱਸਦਾ ਸੀ। ਉਸਦੀ ਗੱਲ 'ਚ ਕਹਿਣ ਸੁਣਨ ਨੂੰ ਕੁਛ ਨ੍ਹੀਂ। ਸੋ ਆਪਾਂ ਉਸਦੀ ਕਹੀ ਸੁਣੀ ਮਗਰ ਨ੍ਹੀਂ ਜਾਂਦੇ। ਤੂੰ ਈ ਦੱਸ ਕੀ ਹੋਇਆ ਸੀ ?"

ਅੱਗੇ ਕਰਮੀ ਨੇ ਸਭ ਗੱਲ ਖੋਲ੍ਹ ਕੇ ਦੱਸ ਦਿੱਤੀ। ਨਾਲ ਹੀ ਇਹ ਵੀ ਕਿ ਇਕ ਵਾਰ ਪਹਿਲਾਂ ਉਹ, ਉਸ ਦੇ ਥੱਪੜ ਮਾਰਨ ਲੱਗਿਆ ਸੀ ਤੇ ਉਦੋਂ ਉਸ ਨੇ, ਉਸ ਨੂੰ ਵਾਰਨਿੰਗ ਦਿੱਤੀ ਸੀ ਕਿ ਜੇਕਰ ਕਦੇ ਇਹ ਕੰਮ ਕੀਤਾ ਤਾਂ ਸਿੱਧਾ ਜੇਲ੍ਹ ਜਾਵੇਂਗਾ। ਤੇ ਰਾਤ ਫਿਰ ਇਸੇ ਕਰਕੇ ਉਹ ਜੇਲ੍ਹ ਜਾ ਪਹੁੰਚਿਆ ਹੈ।

"ਹੁਣ ਆਪਾਂ ਕਾਹਦੇ ਬਾਰੇ ਵਿਚਾਰ ਵਟਾਂਦਰਾ ਕਰਨਾ ਐਂ ?" ਕੁਲਦੀਪ ਨੇ ਸਿੱਧਾ ਹੀ ਪੁੱਛ ਲਿਆ।

"ਕੁਲਦੀਪ, ਸਾਲ ਭਰ ਤੋਂ ਵੀ ਉੱਪਰ ਹੋ ਗਿਆ ਸਾਡਾ ਪਤੀ ਪਤਨੀ ਵਾਲਾ ਰਿਸ਼ਤਾ ਖਤਮ ਹੋਏ ਨੂੰ। ਉਸ ਨੇ ਗੰਦ ਪਾਉਣ ਵਾਲੀਆਂ ਸਾਰੀਆਂ ਹੱਦਾਂ ਲੰਘ ਦਿੱਤੀਆਂ ਨੇ। ਪਿੱਛੇ ਕੁਛ ਨ੍ਹੀਂ ਬਚਿਆ। ਹੁਣ ਮੈਂ ਚਾਹੁੰਨੀ ਆਂ ਤੂੰ ਮੇਰੀ ਮੱਦਦ ਕਰ।"

"ਮੱਦਦ ? ਪਰ ਕਾਹਦੇ ਵਿਚ ?"

"ਤੂੰ ਮੇਰੀ ਤਲਾਕ ਕਰਵਾਉਣ 'ਚ ਮੱਦਦ ਕਰ। ਮੈਂ ਹੋਰ ਟਾਰਚਰ ਨ੍ਹੀਂ ਸਹਿ ਸਕਦੀ। ਜੇਕਰ ਤੂੰ ਮੇਰੀ ਮੱਦਦ ਨਾ ਕੀਤੀ ਤਾਂ ਮੈਂ ਸ਼ਾਇਦ ਡਿਪਰੈਸ਼ਨ ਵਿਚ ਚਲੀ ਜਾਵਾਂ ਤੇ ਕੋਈ ਪੁੱਠਾ ਸਿੱਧਾ ਕੰਮ ਕਰ ਬੈਠਾਂ। ਮੇਰੀਆਂ ਧੀਆਂ ਰੁਲ਼ ਜਾਣਗੀਆਂ।" ਇੰਨਾ ਕਹਿੰਦਿਆਂ ਉਸ ਨੇ ਹੰਝੂ ਪੂੰਝੇ। ਉਹ ਇਸ ਟਾਪਕ 'ਤੇ ਕਾਫੀ ਦੇਰ ਗੱਲਾਂ ਕਰਦੇ ਰਹੇ। ਘਰ ਦਿਆਂ ਵੱਲੋਂ ਰੁਕਾਵਟ ਜਾਂ ਕੋਈ ਹੋਰ ਮੁਸ਼ਕਲ, ਉਨ੍ਹਾਂ ਹਰ ਗੱਲ ਵਿਚਾਰੀ। ਕਰਮੀ ਨੇ ਇਹ ਵੀ ਦੱਸਿਆ ਕਿ ਕਿਵੇਂ ਉਨ੍ਹਾਂ ਧੋਖੇ ਨਾਲ ਉਸ ਦਾ ਘਰ ਹੱਥਿਆ ਲਿਆ। ਉਸ ਦਾ ਕਹਿਣਾ ਸੀ ਕਿ ਹੁਣ ਇਸਤੋਂ ਅੱਗੇ ਉਹ ਨ੍ਹੀਂ ਚੱਲ ਸਕਦੀ। ਕੁਲਦੀਪ ਕੁਝ ਪਲ ਸੋਚਦਾ ਰਿਹਾ ਤੇ ਫਿਰ ਬੋਲਿਆ,

"ਠੀਕ ਐ, ਮੈਂ ਤੇਰੇ ਨਾਲ ਆਂ। ਆਪਾਂ ਇਹ ਕੰਮ ਕਰ ਲਵਾਂਗੇ। ਫਿਰ ਤੂੰ ਇਸ ਤਰ੍ਹਾਂ ਕਰ।"

"ਹਾਂ ਬੋਲ ?"

"ਤੂੰ ਦੱਸਿਆ ਐ ਕਿ ਉਸ ਘਰ 'ਚ ਤੇਰਾ ਕੁਛ ਨ੍ਹੀਂ। ਸੋ ਤੂੰ ਹੁਣੇ ਤੋਂ ਆਪਦਾ ਅਪਾਰਟਮੈਂਟ ਲੈ ਕੇ ਵੱਖਰੀ ਰਹਿਣ ਲੱਗ ਜਾਹ। ਇਕ ਵਕੀਲ ਦਾ ਨੰਬਰ ਮੈਂ ਦੇ ਦਿਆਂਗਾ। ਉਸ ਦੇ ਜਾ ਕੇ ਸੈੱਪਰੇਸ਼ਨ ਵਾਸਤੇ ਅਪਲਾਈ ਕਰ ਦੇ।"

"ਠੀਕ ਐ।"

"ਬਾਕੀ ਤਾਂ ਤੂੰ ਵੀ ਸਿਆਣੀ ਐਂ। ਜੋ ਆਪਦਾ ਅਪਰਾਟਮੈਂਟ ਲਏਂਗੀ ਉਹ ਆਪਦੇ ਮਾਂ ਪਿਉ ਦੇ ਨੇੜੇ ਲਈਂ। ਤਾਂ ਕਿ ਬੱਚੀਆਂ ਦੀ ਸੇਵਾ ਸੰਭਾਲ ਤੇਰੇ ਮੰਮੀ ਪਾਪਾ ਕਰ ਸਕਣ। ਸਵੇਰੇ ਉਨ੍ਹਾਂ ਕੋਲ ਛੱਡ ਗਈ ਤੇ ਸ਼ਾਮ ਨੂੰ ਲੈ ਆਈ।"

"ਹਾਂ, ਇਵੇਂ ਠੀਕ ਰਹੂਗਾ।"

"ਇਕ ਗੱਲ ਹੋਰ ?

"ਹਾਂ ਦੱਸ ?"

"ਸੈੱਪਰੇਸ਼ਨ ਅਪਲਾਈ ਕਰਨ ਪਿੱਛੋਂ ਤੂੰ ਉਸ ਦੇ ਮੱਥੇ ਵੀ ਨਾ ਲੱਗੀਂ। ਹੋ ਸਕਦਾ ਐ ਉਹ ਜਾਣ ਬੁੱਝ ਕੇ ਅੱਗੇ ਆਵੇ ਪਰ ਤੂੰ ਜਿਵੇਂ ਵੀ ਹੋਵੇ ਉਸਤੋਂ ਟਾਲਾ ਵੱਟਣਾ ਐਂ। ਇਸ ਨਾਲ ਸੈੱਪਰੇਸ਼ਨ ਮਜ਼ਬੂਤ ਹੁੰਦੀ ਐ। ਕਿਉਂਕਿ ਜੇਕਰ ਤਲਾਕ ਦੀ ਤਾਰੀਖ ਵਾਲੇ ਦਿਨ ਉਸ ਨੇ ਕਿਸ ਤਰ੍ਹਾਂ ਸਾਬਤ ਕਰ ਦਿੱਤਾ ਕਿ ਤੁਸੀਂ ਆਪਸ 'ਚ ਕਿੱਧਰੇ ਮਿਲੇ ਹੋ ਤਾਂ ਜੱਜ ਪਿੱਛਲੀ ਸੈਪਰੇਸ਼ਨ ਕੈਂਸਲ ਕਰ ਦਊਗਾ। ਦੁਬਾਰਾ ਤੋਂ ਫਿਰ ਉਡੀਕ ਕਰਨੀ ਪਊਗੀ।"

"ਠੀਕ ਐ।"

"ਚੱਲੀਏ ਫਿਰ ਹੁਣ ?" ਕੁਲਦੀਪ ਨੇ ਪੁੱਛਿਆ ਤਾਂ ਕਰਮੀ ਕਹਿਣ ਲੱਗੀ ਕਿ ਉਸ ਦੇ ਘਰੇ ਉਸ ਦਾ ਕੁਝ ਜ਼ਰੂਰੀ ਨਿੱਜੀ ਸਮਾਨ ਪਿਆ ਐ। ਉਸ ਨੇ ਉਹ ਚੁੱਕਣਾ ਐਂ। ਉਸ ਨੇ ਕੁਲਦੀਪ ਨੂੰ ਨਾਲ ਹੀ ਤੋਰ ਲਿਆ ਤੇ ਸਮਾਨ ਲੈ ਕੇ ਵਾਪਸ ਕਰਮੀ ਦੇ ਮਾਪਿਆਂ ਦੇ ਘਰ ਆ ਗਏ। ਸਾਰਾ ਕੰਮ ਨਿੱਬੜ ਗਿਆ ਤਾਂ ਕੁਲਦੀਪ ਆਪਣੇ ਘਰ ਜਾਣ ਨੂੰ ਤਿਆਰ ਹੋ ਗਿਆ। ਤੁਰਨ ਲੱਗਿਆ ਉਹ ਬੋਲਿਆ,

"ਹੁਣ ਮੇਰੀ ਇਕ ਬੇਨਤੀ ਐ।"

"ਦੱਸ ?"



"ਤੈਨੂੰ ਪਤਾ ਈ ਐ ਕਿ ਆਪਣੀ ਕਮਿਉਨਿਟੀ ਦਾ ਹਰ ਸਾਲ ਪੰਜਾਬੀ ਮੇਲਾ ਲੱਗਦਾ ਐ। ਮੈਂ ਉਸਦੀ ਮੈਨੇਜਿੰਗ ਕਮੇਟੀ ਦਾ ਮੈਂਬਰ ਆਂ। ਕੱਲ ਨੂੰ ਐਤਵਾਰ ਹੋਣ ਕਰਕੇ ਅਸੀਂ ਫੰਡ ਰੇਜ਼ਿੰਗ ਰੱਖੀ ਹੋਈ ਐ। ਉੱਥੇ ਥੋੜ੍ਹਾ ਗਾਉਣ ਵਜਾਉਣ ਵੀ ਹੁੰਦਾ ਐ। ਸ਼ੇਅਰੋ ਸ਼ਾਇਰੀ ਜਾਂ ਕਵਿਤਾ ਬਗੈਰਾ ਚੱਲਦਾ ਐ। ਮਤਲਬ ਕੁਝ ਘੰਟੇ ਖੂਬ ਰੌਣਕਾਂ ਲੱਗਦੀਆਂ ਨੇ। ਤੂੰ ਇਸ ਵੇਲੇ ਬਹੁਤ ਉਦਾਸ ਐਂ। ਤੂੰ ਕੱਲ੍ਹ ਨੂੰ ਮੇਰੇ ਨਾਲ ਉਸ ਫ਼ੰਕਸ਼ਨ ਵਿਚ ਚੱਲ। ਤੇਰਾ ਚਿੱਤ ਪਰਚ ਜਾਵੇਗਾ।"

"ਠੀਕ ਐ। ਮੈਨੂੰ ਪਾਪਾ ਦੇ ਘਰੋਂ ਲੈ ਜਾਵੀਂ। ਪਹਿਲਾਂ ਮੈਸਿਜ ਭੇਜ ਦੇਈਂ।"

ਅਗਲੇ ਦਿਨ ਦਾ ਪ੍ਰੋਗਰਾਮ ਬਣਾ ਕੇ ਦੋਨੋਂ ਆਪੋ ਆਪਣੇ ਰਾਹ ਪਏ।

ਘਰ ਆ ਕੇ ਕੁਲਦੀਪ ਨੇ ਕੁਝ ਦੇਰ ਸੈਰ ਕੀਤੀ। ਸ਼ਾਮ ਵੇਲੇ ਬਾਹਰ ਗੈਲਰੀ 'ਚ ਬਹਿੰਦਿਆਂ ਠੰਡੀ ਹਵਾ ਦਾ ਆਨੰਦ ਮਾਨਣ ਲੱਗਿਆ। ਫਿਰ ਅੰਦਰੋਂ ਬੀਅਰ ਚੁੱਕ ਲਿਆਇਆ। ਉਸ ਦੇ ਮਨ 'ਚ ਧਰਮੀ ਆ ਗਈ । ਉਸ ਨੇ ਸੋਚਿਆ, 'ਧਰਮੀ ਦੀ ਜ਼ਿੰਦਗੀ ਸੈੱਟ ਹੋ ਚੱਲੀ ਐ। ਦੋਨੋਂ ਮੀਆਂ ਬੀਵੀ ਨੂੰ ਐਫ. ਬੀ. ਆਈ. ਦੇ ਇਕੋ ਦਫ਼ਤਰ 'ਚ ਨੌਕਰੀ ਮਿਲ ਗਈ ਐ। ਡਿਪਾਰਟਮੈਂਟ ਭਾਵੇਂ ਵੱਖਰੇ ਹਨ ਪਰ ਕੰਮ 'ਤੇ ਆ ਜਾ ਉਹ ਇਕੱਠੇ ਹੀ ਸਕਦੇ ਹਨ। ਉਨ੍ਹਾਂ ਵੱਖਰਾ ਅਪਾਰਟਮੈਂਟ ਕੰਮ ਦੇ ਨੇੜੇ ਹੀ ਲੈ ਲਿਆ ਐ। ਕੁੱਲ ਮਿਲਾ ਕੇ ਉਨ੍ਹਾਂ ਦੀ ਜ਼ਿੰਦਗੀ ਬਹੁਤ ਵਧੀਆ ਗੁਜ਼ਰ ਰਹੀ ਐ।' ਧਰਮੀ ਬਾਰੇ ਸੋਚਦਿਆਂ ਉਸ ਦਾ ਮਨ ਧਰਮੀ ਦੇ ਵਿਆਹ ਵਾਲੇ ਦਿਨ ਵੱਲ ਚਲਾ ਗਿਆ। ਉਸ ਦਿਨ ਉਸ ਨੂੰ ਨਿੰਦੀ ਦਾ ਬਹੁਤ ਫ਼ਿਕਰ ਸੀ। ਨਿੰਦੀ ਦਾ ਵਿਚਾਰ ਆਉਂਦਿਆਂ ਹੀ ਉਸ ਨੂੰ ਉਸ ਦਿਨ ਦਾ ਸਾਰਾ ਘਟਨਾਕਰਮ ਚੇਤੇ ਆ ਗਿਆ। ਕਾਫੀ ਕੁਝ, ਬਾਅਦ 'ਚ ਉਸ ਨੂੰ ਨਿੰਦੀ ਨੇ ਹੀ ਦੱਸਿਆ ਸੀ....

ਧਰਮੀ ਦੇ ਵਿਆਹ ਵਾਲੇ ਦਿਨ ਕਰਤਾਰ ਨੂੰ ਪੂਰਾ ਯਕੀਨ ਸੀ ਕਿ ਨਿੰਦੀ ਇਸ ਵਿਆਹ 'ਚ ਜ਼ਰੂਰ ਆਊਗੀ। ਉਹ ਪਹਿਲਾਂ ਹੀ ਗੁਰਦਵਾਰੇ ਪਹੁੰਚ ਗਿਆ। ਉੱਧਰ ਨਿੰਦੀ ਨੂੰ ਪਤਾ ਸੀ ਕਿ ਉਸ ਦਾ ਪਿਉ ਉਸ ਨੂੰ ਗੁਰਦਵਾਰੇ ਭਾਲਣ ਦੀ ਕੋਸ਼ਿਸ਼ ਕਰੇਗਾ। ਸੋ ਉਸੇ ਵਕਤ ਉਸ ਨੇ ਮਾਂ ਨਾਲ ਰਾਬਤਾ ਬਣਾਇਆ ਤਾਂ ਮਾਂ ਨੇ ਦੱਸਿਆ ਕਿ ਤੇਰਾ ਪਿਉ ਗਿਆ ਤੂੰ ਮੈਨੂੰ ਘਰ ਆ ਕੇ ਮਿਲ ਜਾਹ। ਨਿੰਦੀ ਪਿਉ ਵੱਲੋਂ ਬੇਫ਼ਿਕਰ ਘਰ ਆ ਗਈ। ਤੇਜ ਕੌਰ ਨੇ ਭੱਜ ਕੇ ਧੀ ਨੂੰ ਬੁੱਕਲ 'ਚ ਲੈ ਲਿਆ। ਵੈਸੇ ਉਹ ਪਹਿਲਾਂ ਵੀ ਲੁਕ ਛਿੱਪ ਕੇ ਮਿਲ ਲੈਂਦੀਆਂ ਸਨ। ਪਰ ਅੱਜ ਦੀ ਮੁਲਾਕਾਤ ਵਾਹਵਾ ਦੇਰ ਬਾਅਦ ਹੋਈ ਸੀ। ਦੋਨੋਂ ਬਹਿ ਕੇ ਗੱਲਾਂ ਕਰਨ ਲੱਗੀਆਂ।

ਉੱਧਰ ਕਰਤਾਰ ਸਿੰਘ ਨੇ ਵਾਹਵਾ ਦੇਰ ਉਡੀਕਿਆ ਪਰ ਨਿੰਦੀ ਗੁਰਦਵਾਰੇ ਨਾ ਆਈ। ਅਚਾਨਕ ਉਸ ਨੂੰ ਖਿਆਲ ਆਇਆ ਕਿ ਤੇਜ ਕੌਰ ਵੀ ਨ੍ਹੀਂ ਦਿਸਦੀ। ਇਕਦਮ ਉਸ ਦੇ ਦਿਮਾਗ 'ਚ ਇਹ ਗੱਲ ਆ ਗਈ ਕਿ ਕਿੱਧਰੇ ਇਹ ਤਾਂ ਨਹੀਂ ਕਿ ਮੈਂ ਇੱਥੇ ਉਡੀਕ ਰਿਹਾ ਹਾਂ ਤੇ ਮਾਵਾਂ ਧੀਆਂ ਘਰ ਹੋਣਗੀਆਂ। ਉਸ ਨੇ ਕਾਰ ਚੁੱਕੀ ਤੇ ਤੁਰੰਤ ਘਰ ਵੱਲ ਚੱਲ ਪਿਆ। ਅੱਗੇ ਜਿਉਂ ਹੀ ਉਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਨਿੰਦੀ ਸਾਹਮਣੇ ਬੈਠੀ ਸੀ। ਕਾਫੀ ਦੇਰ ਬਾਅਦ ਧੀ ਨੂੰ ਵੇਖ ਕੇ ਕਰਤਾਰ ਦਾ ਮਨ ਖੁਸ਼ ਹੋ ਗਿਆ। ਹੈਲੋ ਹਾਇ ਕਰਦੀ ਨਿੰਦੀ ਵੀ ਪਿਉ ਨੂੰ ਚੰਬੜ ਗਈ। ਉਸ ਦੀਆਂ ਅੱਖਾਂ ਭਰ ਭਰ ਡੁੱਲ੍ਹਣ ਲੱਗੀਆਂ। ਕਰਤਾਰ ਦਾ ਵੀ ਮਨ

ਪਿਘਲ ਗਿਆ। ਪਰ ਉਸ ਨੇ ਚਿਹਰੇ 'ਤੇ ਨਰਮੀ ਨਾ ਆਉਣ ਦਿੱਤੀ।

"ਤੂੰ ਕਿੱਧਰ ਗੁੰਮ ਹੋ ਗਈ ? ਨਾ ਤੇਰਾ ਕਿਸੇ ਯੂਨੀਵਰਸਿਟੀ 'ਚੋਂ ਪਤਾ ਲੱਗਦਾ ਐ ਨਾ ਕਿਸੇ ਹੋਰ ਤੋਂ ਕੋਈ ਸੂਹ ਮਿਲਦੀ ਐ ?"

"ਪਾਪਾ ਮੈਂ ਰਿਚਮੰਡ ਦੇ ਹੀ ਇਕ ਕਾਲਜ ਪੜ੍ਹਦੀ ਆਂ। ਨਾਲ ਪਾਰਟ ਟਾਈਮ ਕੰਮ ਵੀ ਕਰਦੀ ਆਂ। ਬੱਸ ਆ ਨ੍ਹੀਂ ਹੁੰਦਾ। ਪੜ੍ਹਾਈ ਬਹੁਤ ਹੁੰਦੀ ਐ।"

"ਤੂੰ ਤਾਂ ਕਦੇ ਫੋਨ ਵੀ ਨ੍ਹੀਂ ਕੀਤਾ। ਤੂੰ ਪਿਉ ਨੂੰ ਮਰਿਆਂ ਬਰਾਬਰ ਸਮਝ ਲਿਆ ਐ ?"

"ਨ੍ਹੀਂ ਪਾਪਾ ਇਹ ਗੱਲ ਨ੍ਹੀਂ। ਤੁਸੀਂ ਮੇਰਾ ਸਭ ਕੁਛ ਓਂ। ਤੁਹਾਨੂੰ ਮੈਂ ਕਿਵੇਂ ਭੁੱਲ ਸਕਦੀ ਆਂ।"

ਕਰਤਾਰ ਕੁਝ ਦੇਰ ਖਿਆਲਾਂ 'ਚ ਖੋਇਆ ਰਿਹਾ ਤੇ ਫਿਰ ਸਿੱਧਾ ਮੁੱਦੇ 'ਤੇ ਆਇਆ,

"ਨਿੰਦੀ ਤੈਨੂੰ ਯਾਦ ਐ ਨਾ ਕਿ ਤੇਰਾ ਇੰਡੀਆ 'ਚ ਰੋਕਾ ਹੋ ਚੁੱਕਿਆ ਐ। ਮਹੀਨੇ ਦਾ ਕਹਿ ਕੇ ਆਏ ਸੀ ਪਰ ਹੁਣ ਤਾਂ ਅਣਗਿਣਤ ਮਹੀਨੇ ਲੰਘ ਗਏ ਨੇ ਉਸ ਗੱਲ ਨੂੰ। ਇਹ ਸਭ ਕੀ ਐ ?"

"ਪਾਪਾ ਇਸ ਗੱਲ ਦਾ ਜੁਆਬ ਦੇਣ ਤੋਂ ਪਹਿਲਾਂ ਮੈਂ ਤੁਹਾਨੂੰ ਕੁਛ ਪੁੱਛਣਾ ਚਾਹੁੰਨੀ ਆਂ।"

"ਪੁੱਛ ਕੀ ਪੁੱਛਣਾ ਐਂ।"

"ਤੁਸੀਂ ਸਾਰਿਆਂ ਬਜ਼ੁਰਗਾਂ ਨੇ ਰਲ਼ ਕੇ ਕਰਮੀ ਦਾ ਵਿਆਹ ਕੀਤਾ ਸੀ ਇੰਡੀਆ ਜਾ ਕੇ। ਉਹ ਮੁੰਡਾ ਅੱਵਲ ਦਰਜੇ ਦਾ ਨਿਠੱਲਾ ਤੇ ਸ਼ਰਾਬੀ ਨਿਕਲਿਆ। ਇਕ ਕਿਸਮ ਦਾ ਕਰਮੀ ਨੂੰ ਖੂਹ 'ਚ ਧੱਕਾ ਦੇ ਦਿੱਤਾ। ਹੁਣ ਪਤਾ ਐ ਕਿ ਕੀ ਹੋ ਜਾਣ ਰਿਹਾ ਐ ?"

"ਕੀ ?"

"ਕਰਮੀ ਉਸ ਨਸ਼ੇੜੀ ਤੋਂ ਤਲਾਕ ਲੈ ਰਹੀ ਐ। ਕਿਉਂਕਿ ਉਹ ਸ਼ਰਾਬ ਪੀ ਕੇ ਕਰਮੀ ਨੂੰ ਕੁੱਟਦਾ ਐ। ਧੋਖੇ ਨਾਲ ਉਸ ਦਾ ਘਰ ਆਪਦੇ ਨਾਮ ਕਰਵਾ ਲਿਆ। ਹਾਲੇ ਇਹ ਗੱਲ ਘਰ 'ਚ ਈ ਐ ਤੇ ਤੁਸੀਂ ਵੀ ਆਪਣੇ ਤੱਕ ਈ ਰੱਖਿਉ।"

ਕਰਤਾਰ ਕੋਲ ਇਸ ਗੱਲ ਦਾ ਕੋਈ ਜੁਆਬ ਨਹੀਂ ਸੀ। ਨਿੰਦੀ ਹੀ ਫਿਰ ਬੋਲੀ,

"ਫਿਰ ਬੀਰੇ ਦਾ ਇੰਡੀਆ ਵਿਆਹ ਕੀਤਾ ਗਿਆ। ਉਸਦੀ ਜ਼ਿੰਦਗੀ ਵੀ ਨਰਕ ਬਣੀ ਪਈ ਐ। ਕਿਸੇ ਅਫ਼ਸਰ ਦੀ ਕੁੜੀ ਐ ਤੇ ਕੰਮ ਨੂੰ ਹੱਥ ਨ੍ਹੀਂ ਲਾਉਂਦੀ।"

"ਆਪਣੇ ਆਪਣੇ ਕਰਮ ਹੁੰਦੇ ਨੇ ਨਿੰਦੀ ਪੁੱਤ।" ਕਰਤਾਰ ਸਿੰਘ ਨੇ ਕਾਫੀ ਦੇਰ ਸੋਚਣ ਪਿੱਛੋਂ ਕਿਹਾ।

"ਪਰ ਮੇਰੇ ਕਰਮ ਤਾਂ ਤੁਸੀਂ ਲਿਖ ਰਹੇ ਓਂ। ਤੁਸੀਂ ਸਿਰਫ਼ ਆਪਣੇ ਸਾਢੂ ਨੂੰ ਖੁਸ਼ ਕਰਨ ਲਈ ਤੇ ਟੈਅਰ ਬਣਾਉਣ ਲਈ ਮੇਰਾ ਰੋਕਾ ਆਪਦੀ ਮਰਜ਼ੀ ਨਾਲ ਕਰ ਦਿੱਤਾ। ਪਰ ਹੋਣਾ ਪਤੈ ਕੀ ਐ ?"

"ਕੀ ਹੋਣਾ ਐਂ ?" ਕਰਤਾਰ ਸਿੰਘ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ।

"ਪਹਿਲਾਂ ਵਿਆਹ ਕਰੋਗੇ। ਉਹ ਜੋ ਵੀ ਐ ਨਾਲ ਮੁਸੀਬਤਾਂ ਦੀ ਪੰਡ ਲੈ ਕੇ ਆਊਗਾ। ਫਿਰ ਕਰਮੀ ਦੀ ਤਰ੍ਹਾਂ ਨਿੱਤ ਪੰਚਾਇਤਾਂ ਜੁੜਿਆ ਕਰਨਗੀਆਂ। ਆਖਰ ਹੱਦ ਲੰਘ ਜਾਊਗੀ



ਤਾਂ ਗੱਲ ਤਲਾਕ 'ਤੇ ਆ ਕੇ ਨਿੱਬੜੂਗੀ। ਇਸ ਚੋਂ ਮੇਰੀ ਤਾਂ ਬਰਬਾਦੀ ਨਿਕਲਣੀ ਐਂ ਪਰ ਉਹ ਮੁੰਡਾ ਜ਼ਰੂਰ ਅਮਰੀਕਾ ਦਾ ਗਰੀਨ ਕਾਰਡ ਲੈ ਲਊਗਾ ਤੇ ਤੁਹਾਡਾ ਸਾਢੂ ਵੀ ਖੁਸ਼ ਹੋ ਜਾਊਗਾ।"

"ਨਿੰਦੀ, ਮੁੰਡਾ ਪੜ੍ਹਿਆ ਲਿਖਿਆ ਐ। ਚੰਗੀ ਨੌਕਰੀ ਕਰੂਗਾ ਤਾਂ ਸਭ ਕੁਛ ਠੀਕ ਰਹੂਗਾ। ਤੂੰ ਵੀ ਅਡਜੱਸਟ ਕਰੀਂ।"

"ਕਿਉਂ ? ਕਿਸੇ ਹੋਰ ਨੂੰ ਫਾਇਦਾ ਪਹੁੰਚਾਉਣ ਲਈ ਮੈਂ ਅਡਜੱਸਟ ਕਿਉਂ ਕਰਾਂ ਪਾਪਾ ?"

"ਨ੍ਹੀਂ ਬੇਟੇ ਤੂੰ ਨਿਰਾਸ਼ਵਾਦੀ ਨਾ ਸੋਚ। ਸਭ ਕੁਛ ਠੀਕ ਹੋਵੇਗਾ। ਪਰ ਹੁਣ ਤੂੰ ਇਹ ਦੱਸ ਕਿ ਇੰਡੀਆ ਕਦੋਂ ਚੱਲੀਏ ?"

"ਹਾਲੇ ਤਾਂ ਮੇਰਾ ਸਮੈਸਟਰ ਵਿਚਕਾਰ ਐ। ਇਸ ਦੇ ਖ਼ਤਮ ਹੋਣ 'ਤੇ ਦੱਸ ਸਕਦੀ ਆਂ।"

"ਨਿੰਦੀਏ, ਮੇਰੀ ਇਕ ਗੱਲ ਧਿਆਨ ਨਾਲ ਸੁਣ ਲੈ....।" ਕਰਤਾਰ ਦਾ ਚਿਹਰਾ ਕਠੋਰ ਹੋ ਗਿਆ। ਵਿਚਾਲੇ ਛੱਡੀ ਗੱਲ ਸ਼ੁਰੂ ਕਰਦਾ ਉਹ ਅਗਾਂਹ ਬੋਲਿਆ,

"ਤੂੰ ਮੈਨੂੰ ਇਸ ਵਾਰ ਬੇਵਕੂਫ ਨ੍ਹੀਂ ਬਣਾ ਸਕਦੀ। ਜੇਕਰ ਮੇਰੇ ਨਾਲ ਧੋਖਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਦੋਨਾਂ ਮਾਵਾਂ ਧੀਆਂ ਨੂੰ ਖ਼ਤਮ ਕਰਕੇ ਆਪ ਨੂੰ ਗੋਲੀ ਮਾਰ ਲਊਂਗਾ। ਮੇਰੀ ਇਹ ਗੱਲ ਹਰ ਵੇਲੇ ਖਿਆਲ 'ਚ ਰੱਖੀਂ।"

"ਪਾਪਾ, ਮੈਂ ਧੋਖਾ ਕਿਉਂ ਕਰੂੰਗੀ। ਮੈਨੂੰ ਕੀ ਕਿਸੇ ਦਾ ਡਰ ਐ। ਜੇਕਰ ਤੁਸੀਂ ਆਪ ਹੀ ਧੀ ਨੂੰ ਇਸ ਰਾਹ ਤੋਰ ਰਹੇ ਓਂ ਤਾਂ ਤੁਹਾਡੀ ਮਰਜ਼ੀ। ਵੇਖੀ ਜਾਊਗੀ ਜੋ ਹੋਵੇਗਾ।"

"ਆਹ ਅੱਜ ਪਤਾ ਐ ਕਿ ਕੀ ਹੋਣ ਜਾ ਰਿਹਾ ਐ ? ਪਾਲੀ ਤੇ ਨਿਰਭੈ ਸਿੰਘ ਦੀ ਮੱਤ ਮਾਰੀ ਗਈ। ਮੁੰਡਾ ਮੁਸਲਮਾਨ ਐ ਤੇ ਨਾਲੇ ਕਾਲਾ, ਉਸ ਨਾਲ ਧੀ ਵਿਆਹੁਣ ਲੱਗੇ ਨੇ। ਖੈਰ ! ਉਨ੍ਹਾਂ ਦਾ ਮਸਲਾ ਆਪਾਂ ਕੀ ਲੈਣਾ ਐਂ। ਬਸ ਤੇਰੇ ਤੋਂ ਇਹ ਆਸ ਕਰਦਾ ਆਂ ਕਿ ਕੁਛ ਅਜਿਹਾ ਨਾ ਕਰੀਂ ਜੋ ਮੇਰੀ ਇੱਜ਼ਤ ਨੂੰ ਵੱਟਾ ਲਾਵੇ।"

"ਮੇਰੇ ਵੱਲੋਂ ਤਾਂ ਬੇਫ਼ਿਕਰ ਰਹੋ। ਪਰ ਇਕ ਗੱਲ ਦੱਸ ਦਿੰਨੀ ਆਂ ਕਿ ਤੁਹਾਡੀਆਂ ਕੁੜੀਆਂ 'ਚੋਂ ਸਭ ਤੋਂ ਖੁਸ਼ਕਿਸਮਤ ਧਰਮੀ ਐਂ। ਕਿਸੇ ਦਿਨ ਤੁਸੀਂ ਆਪ ਕਹੋਗੇ ਕਿ ਇਹ ਕਰਮਾਂ ਵਾਲੀ ਐ।"

"ਚੱਲੋ ਵੇਖਦੇ ਆਂ। ਆਹ ਕਾਗਜ਼ 'ਤੇ ਤੇਰਾ ਫੋਨ ਨੰਬਰ, ਕਾਲਜ ਦਾ ਨਾਂ, ਤੇ ਤੇਰਾ ਅਡਰੈਸ ਬਗੈਰਾ ਲਿਖ ਦੇਹ।"

ਨਿੰਦੀ ਨੇ ਆਪਣਾ ਫੋਨ ਨੰਬਰ ਦੇ ਦਿੱਤਾ। ਬਾਕੀ ਕਾਲਜ ਅਤੇ ਐਡਰੈੱਸ ਐਵੇਂ ਊਟ ਪਟਾਂਗ ਲਿਖ ਕੇ ਦੇ ਦਿੱਤਾ। ਫਿਰ ਕਰਤਾਰ ਬੋਲਿਆ,

"ਆ ਜਾਉ ਫਿਰ ਮੈਂ ਤਾਂ ਚੱਲਦਾ ਆਂ ਗੁਰਦਵਾਰੇ।" ਇੰਨਾ ਕਹਿ ਕੇ ਉਹ ਘਰੋਂ ਬਾਹਰ ਨਿਕਲ ਗਿਆ। ਉਸ ਨੂੰ ਲੱਗਦਾ ਸੀ ਕਿ ਜੋ ਧਮਕੀ ਉਸ ਨੇ ਦਿੱਤੀ ਹੈ ਉਸਤੋਂ ਸ਼ਾਇਦ ਮਾਵਾਂ ਧੀਆਂ ਡਰਨਗੀਆਂ। ਜਦੋਂ ਕਿ ਨਿੰਦੀ ਹੁਣ ਇੰਨੀ ਪਰੌੜ੍ਹ ਹੋ ਚੁੱਕੀ ਸੀ ਕਿ ਹਰ ਮਸਲਾ ਆਪ ਨਜਿੱਠ ਸਕਦੀ ਸੀ। ਫਿਰ ਮਾਵਾਂ ਧੀਆਂ ਵੀ ਧਰਮੀ ਦੇ ਆਨੰਦ ਕਾਰਜ ਲਈ ਚੱਲ ਪਈਆਂ। ਵਿਆਹ ਪਿੱਛੋਂ ਨਿੰਦੀ ਕਾਲਜ ਮੁੜ ਗਈ। ਉਸ ਪਿੱਛੋਂ ਉਹ, ਆਮ

ਦੀ ਤਰ੍ਹਾਂ ਪਿਉ ਨਾਲ ਗੱਲ ਬਾਤ ਕਰਦੀ ਰਹੀ ਪਰ ਕਦੇ ਘਰ ਨਹੀਂ ਗਈ। ਇੰਨੇ ਨੂੰ ਸਮੈਸਟਰ ਖਤਮ ਹੋਣ ਵਾਲਾ ਹੋ ਗਿਆ। ਨਾਲ ਦੀ ਨਾਲ ਸਭ ਐਗਜ਼ਾਮ ਬਗੈਰਾ ਵੀ ਹੋਈ ਜਾ ਰਹੇ ਸਨ। ਆਖਰੀ ਪੇਪਰ ਵਾਲੇ ਦਿਨ ਉਸ ਨੇ ਪਹਿਲਾਂ ਕੁਲਦੀਪ ਨਾਲ ਗੱਲ ਕੀਤੀ ਸੀ। ਕੁਲਦੀਪ ਨੇ ਉਸ ਨੂੰ ਮੁਬਾਰਕ ਦਿੰਦਿਆਂ ਕਿਹਾ,

"ਪਹਿਲਾਂ ਤਾਂ ਮੇਰੇ ਵੱਲੋਂ ਮੁਬਾਰਕਾਂ ਜੋ ਤੇਰੀ ਪੜ੍ਹਾਈ ਪੂਰੀ ਹੋ ਗਈ। ਤੇਰੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਆਂ।"

"ਥੈਂਕਸ ਬਰੋ, ਪਰ ਅੱਗੇ ਜੋ ਮੁਸੀਬਤਾਂ ਦਿਸ ਰਹੀਆਂ ਨੇ ਉਨ੍ਹਾਂ ਦਾ ਕੀ ਕਰਾਂ ?"

"ਕੁਝ ਵੀ ਅਜਿਹਾ ਨਾ ਕਰੀਂ ਜੋ ਤੈਨੂੰ ਚੰਗਾ ਨਾ ਲੱਗੇ। ਸਿਰਫ਼ ਆਪਣੇ ਬਾਰੇ ਸੋਚੀਂ। ਘਰ ਦੇ ਜਾਂ ਰਿਸ਼ਤੇਦਾਰ ਬਾਅਦ 'ਚ ਆਉਂਦੇ ਨੇ।"

"ਕੁਲਦੀਪ, ਜੇਕਰ ਇੱਥੇ ਰਹਿਨੀ ਆਂ ਤਾਂ ਪਿਉ ਨੇ ਨ੍ਹੀਂ ਟਿਕਣ ਦੇਣਾ। ਤੈਨੂੰ ਪਤਾ ਈ ਐ ਕਿ ਮੇਰਾ ਪਿਉ ਮੈਂਟਲ ਐ। ਉਸ ਦਾ ਇਹ ਨ੍ਹੀਂ ਪਤਾ ਕਿ ਕਿਸ ਵੇਲੇ ਉਸ ਨੇ ਕੀ ਕਰ ਦੇਣਾ ਐਂ। ਉਹ ਹੋਰ ਕਿਸੇ ਨੂੰ ਵੀ ਮਾਰ ਸਕਦਾ ਐ ਤੇ ਆਪਣੇ ਆਪ ਨੂੰ ਵੀ ਖਤਮ ਕਰ ਸਕਦਾ ਐ।"

"ਸਭ ਤੋਂ ਪਹਿਲਾਂ ਆਪਾਂ ਤੇਰੀ ਸੇਫਟੀ ਬਾਰੇ ਸੋਚਣਾ ਐਂ। ਇਹ ਗੱਲ ਤਾਂ ਤੇਰੀ ਪੱਕੀ ਐ ਕਿ ਤੂੰ ਵਾਪਸ ਘਰ ਨ੍ਹੀਂ ਆ ਸਕਦੀ।"

"ਫਿਰ ਕੀ ਕਰਾਂ ?"

ਕੁਲਦੀਪ ਨੇ ਕੁਝ ਦੇਰ ਸੋਚਿਆ। ਫਿਰ ਉਸ ਨੇ ਗੱਲ ਅੱਗੇ ਤੋਰੀ,

"ਤੂੰ ਇਕ ਵਾਰ ਆਪਣੇ ਡੈਡ ਨੂੰ ਸੁਨੇਹਾ ਭੇਜ ਦੇਹ ਕਿ ਮੇਰੀਆਂ ਸਹੇਲੀਆਂ ਯੂਨੀਵਰਸਿਟੀ ਮੁੱਕਣ ਪਿੱਛੋਂ ਕੈਲੀਫੋਰਨੀਆਂ ਟੂਰ 'ਤੇ ਜਾ ਰਹੀਆਂ ਨੇ ਤੇ ਮੈਂ ਵੀ ਉਨ੍ਹਾਂ ਦੇ ਨਾਲ ਜਾ ਰਹੀ ਆਂ। ਦੋ ਹਫ਼ਤਿਆਂ ਨੂੰ ਵਾਪਸ ਮੁੜਾਂਗੇ। ਉਦੋਂ ਮੈਂ ਸਿੱਧੀ ਘਰ ਆਊਂਗੀ। ਬਾਕੀ ਗੱਲਾਂ ਉਦੋਂ ਕਰਾਂਗੇ।"

"ਠੀਕ ਐ।"

"ਹਾਂ ਸੱਚ, ਇਕ ਗੱਲ ਹੋਰ। ਇਸ ਦੇ ਨਾਲ ਈ ਤੂੰ ਫੋਨ ਨੰਬਰ ਬਦਲ ਲਈਂ। ਮੁੜ ਕੇ ਕਦੇ ਚਾਚੇ ਨੂੰ ਫੋਨ ਨਾ ਕਰੀਂ। ਨਾ ਈ ਨਵੇਂ ਫੋਨ ਤੋਂ ਚਾਚੀ ਨੂੰ ਫੋਨ ਕਰੀਂ। ਚਾਚੀ ਨੂੰ ਕਿਸੇ ਵੇਲੇ ਵੀ ਚਾਚਾ, ਡਰਾ ਧਮਕਾ ਕੇ ਤੇਰਾ ਫੋਨ ਨੰਬਰ ਲੈ ਸਕਦਾ ਐ। ਕੁਛ ਦੇਰ ਇੱਥੇ ਰਿਚਮੰਡ ਈ ਕੋਈ ਨੌਕਰੀ ਲੱਭ। ਫਿਰ ਆਪਾਂ ਕੋਈ ਪੱਕਾ ਪ੍ਰਬੰਧ ਕਰਦੇ ਆਂ.....।"

ਕੁਲਦੀਪ, ਬੀਅਰ ਦੀਆਂ ਘੁੱਟਾਂ ਭਰਦਾ ਨਿੰਦੀ ਬਾਰੇ ਸੋਚਦਾ ਖਿਆਲਾਂ ਵਿਚ ਗੁੰਮ ਸੀ ਜਦੋਂ ਉਸ ਦੇ ਫੋਨ ਦੀ ਘੰਟੀ ਵੱਜੀ। ਉਸ ਨੇ ਵੇਖਿਆ ਕਿ ਫੋਨ ਬੀਰੇ ਦਾ ਹੈ। ਉਸ ਨੇ ਬੀਅਰ ਦੀ ਬੋਤਲ ਪਾਸੇ ਰੱਖਦਿਆਂ ਫੋਨ ਆਨ ਕਰ ਲਿਆ,

"ਕੁਲਦੀਪ, ਮੈਂ ਬੀਰਾ ਬੋਲਦਾ ਆਂ।"

"ਹਾਂ ਬੀਰੇ, ਕੀ ਹਾਲ ਐ ?"

"ਮੇਰੇ ਹਾਲ ਦਾ ਤੈਨੂੰ ਪਤਾ ਈ ਆ ਬਾਈ। ਕੀ ਦੱਸਾਂ ?"

"ਨ੍ਹੀਂ ਬੀਰੇ ਮੈਨੂੰ ਬਹੁਤਾ ਨ੍ਹੀਂ ਪਤਾ। ਹਾਂ ਕੁਛ ਕੁ ਜ਼ਰੂਰ ਆਪਣੇ ਗਰੁੱਪ 'ਚੋਂ ਸੁਣਿਆ ਐਂ।"



"ਮੇਰੇ ਨਾਲ ਉਹੀ ਕੁਛ ਹੋ ਰਿਹਾ ਐ ਜੋ ਕਰਮੀ ਨਾਲ ਹੋ ਚੁੱਕਿਆ ਐ। ਉਸ ਨੂੰ ਇੰਡੀਆ ਤੋਂ ਆਏ ਘਰ ਵਾਲੇ ਨੇ ਤੰਗ ਕੀਤਾ ਸੀ ਤੇ ਮੈਨੂੰ ਉੱਥੋਂ ਆਈ ਘਰ ਵਾਲੀ ਕਰ ਰਹੀ ਐ।"

"ਯਾਰ ਕੀ ਕਹੀਏ। ਇਹ ਸਾਰੇ ਪੁਆੜੇ ਆਪਣੇ ਬੁੜ੍ਹਿਆਂ ਦੇ ਪਾਏ ਨੇ।"

"ਮੈਨੂੰ ਤਾਂ ਹੁਣੇ ਕੁਝ ਦਿਨ ਪਹਿਲਾਂ ਈ ਨਿੰਦੀ ਬਾਰੇ ਪਤਾ ਚੱਲਿਆ ਐ। ਬਹੁਤ ਚੰਗੀ ਰਹੀ ਜੋ ਉੱਥੋਂ ਭੱਜ ਆਈ। ਆਪਣੇ ਘਰ ਵਾਲੇ, ਬਾਪੂ ਜਾਂ ਬੇਬੇ ਕੋਈ ਹੋਵੇ ਸਭ ਸਿਰ ਫਿਰੇ ਨੇ। ਇਨ੍ਹਾਂ ਨੂੰ ਹਮੇਸ਼ਾ ਇਹੀ ਰਹਿੰਦਾ ਐ ਕਿ ਲੋਕ ਕੀ ਕਹਿਣਗੇ। ਜਾਂ ਸਮਾਜ 'ਚ ਇਨ੍ਹਾਂ ਦੀ ਕੀ ਇੱਜ਼ਤ ਰਹੂ। ਦੂਸਰਾ ਕੋਈ ਭਾਵੇਂ ਇਨ੍ਹਾਂ ਦੀਆਂ ਕੁੜੀਆਂ ਨੂੰ ਕੁੱਟ ਕੁੱਟ ਕੇ ਈ ਮਾਰ ਦੇਵੇ, ਉਸ ਦਾ ਕੋਈ ਫ਼ਿਕਰ ਨ੍ਹੀਂ ਪਰ ਸਮਾਜੀ ਟੌਅਰ 'ਚ ਫ਼ਰਕ ਨਾ ਪਵੇ।"

"ਪਰ ਤੇਰਾ ਮਸਲਾ ਇੰਨਾ ਵੱਡਾ ਕਿਉਂ ਐਂ ਬੀਰੇ ? ਕਿਉਂਕਿ ਮੈਂ ਸੁਣਿਆ ਐਂ ਕਿ ਤੇਰੀ ਵਾਈਫ ਤਾਇਆ ਜੀ ਦੇ ਕਿਸੇ ਦੋਸਤ ਦੀ ਧੀ ਐ। ਨਾਲ ਚੰਗੀ ਪੜ੍ਹੀ ਲਿਖੀ ਐ।"

"ਬਸ ਪੁੱਛ ਕੁਛ ਨਾ। ਜਿਵੇਂ ਕਰਮੀ ਦੇ ਘਰ ਵਾਲੇ ਦੇ ਦਿਮਾਗ ਨੂੰ ਪੰਜਾਹ ਕਿੱਲੇ ਜ਼ਮੀਨ ਚੜ੍ਹੀ ਹੋਈ ਸੀ ਇਵੇਂ ਮੇਰੇ ਆਲੀ ਨੂੰ ਇਸ ਦੇ ਪਿਉ ਦੀ ਅਫ਼ਸਰੀ ਚੜ੍ਹੀ ਹੋਈ ਐ।"

"ਮਤਲਬ ਲੜਾਈ ਝਗੜਾ ਜਾਂ ਬਹਿਸ ਚੱਲਦੀ ਐ ?"

"ਉਹ ਕਿਸੇ ਜਾਬ 'ਤੇ ਨ੍ਹੀਂ ਲੱਗਦੀ। ਜੇਕਰ ਦਿਲ ਲਾ ਕੇ ਕੰਮ ਕਰੇ ਤਾਂ ਦੋ ਕੁ ਸਾਲਾਂ 'ਚ ਵਧੀਆ ਪੈਕੇਜ ਲੈਣ ਲੱਗ ਪਊਗੀ। ਪਰ ਸਾਰਾ ਦਿਨ ਪਈ ਰਹਿੰਦੀ ਐ। ਜਾਂ ਫਿਰ ਜਦੋਂ ਮੈਂ ਕੰਮ 'ਤੇ ਚਲਾ ਜਾਂਦਾ ਆਂ ਤਾਂ ਟੀਵੀ ਜਾਂ ਇੰਡੀਆ ਫੋਨ। ਜੇ ਜ਼ੋਰ ਦੇ ਕੇ ਕੰਮ ਕਰਨ ਨੂੰ ਕਹਾਂ ਤਾਂ ਕਹਿੰਦੀ ਐ ਕਿ ਮੇਰੇ ਪਿਉ ਦੇ ਘਰ ਕਦੇ ਭਾਂਡਾ ਚੁੱਕ ਕੇ ਨ੍ਹੀਂ ਧਰਿਆ ਸੀ ਤੂੰ ਕੌਣ ਹੁੰਨੇ ਮੈਥੋਂ ਕੰਮ ਕਰਵਾਉਣ ਵਾਲਾ।"

"ਯਾਰ ਮੈਨੂੰ ਤਾਂ ਇਸ ਵਿਆਹ ਨਾਮੀਂ ਰਿਸ਼ਤੇ ਤੋਂ ਈ ਨਫ਼ਰਤ ਹੋ ਗਈ ਐ। ਜੋ ਵੀ ਇਸ ਬੰਧਨ 'ਚ ਬੱਝਦਾ ਐ ਬਸ ਇਉਂ ਜਾਪਦਾ ਐ ਜਿਵੇਂ ਕਾਲ ਕੋਠੜੀ 'ਚ ਤਾੜ ਦਿੱਤਾ ਹੋਵੇ।" ਕੁਲਦੀਪ ਝੁੰਜਲਾ ਕੇ ਬੋਲਿਆ।

"ਕੁਲਦੀਪ, ਮੈਨੂੰ ਗਾਈਡ ਕਰ। ਦੱਸ ਯਾਰ ਮੈਂ ਕੀ ਕਰਾਂ ?"

"ਵੇਖ ਬੀਰੇ, ਪਹਿਲੀ ਗੱਲ ਤਾਂ ਕੋਸ਼ਿਸ਼ ਕਰ, ਅਡਜਸਟਮੈਂਟ ਕਰ। ਫਿਰ ਤੂੰ ਮਨੀ ਦੀ ਮੱਦਦ ਲੈ। ਨ੍ਹੀਂ ਤਾਂ ਫਿਰ ਜਿੱਧਰ ਨੂੰ ਵਕਤ ਲਿਜਾਊਗਾ ਤੁਰਿਆ ਜਾਈਂ।"

"ਮਨੀ ਦੇ ਕੁਛ ਵੱਸ ਨ੍ਹੀਂ। ਮੇਰੀ ਵਾਈਫ ਤਾਂ ਸਗੋਂ ਕਹਿੰਦੀ ਐ ਕਿ ਮਨੀ ਨੇ ਤੇਰੇ ਪਿਉ ਦਾ ਸਾਰਾ ਕਲੀਨਿਕ ਸੰਭਾਲ ਲਿਆ ਐ ਤੂੰ ਉਸਤੋਂ ਹਿੱਸਾ ਲੈ। ਆਹ ਕੁਛ ਸਿੱਖ ਕੇ ਆਈ ਐ। ਹਰ ਰੋਜ਼ ਨਵੀਂ ਹੀ ਮੰਗ ਹੁੰਦੀ ਐ। ਕਿਉਂਕਿ ਸਾਰਾ ਦਿਨ ਮਾਂ ਨਾਲ ਗੱਲਾਂ ਚੱਲਦੀਆਂ ਨੇ ਤੇ ਉਹ ਪਤਾ ਨ੍ਹੀਂ ਕੀ ਕੰਨ ਭਰੀ ਜਾਂਦੀ ਐ।"

"ਬੀਰੇ ਤੂੰ ਫ਼ਿਕਰ ਨਾ ਕਰ, ਮੈਂ ਤੇਰੇ ਨਾਲ ਆਂ। ਤੂੰ ਹਮੇਸ਼ਾ ਮੇਰੇ ਦਿਲੋ ਦਿਮਾਗ 'ਚ ਰਹੇਂਗਾ। ਕਿਸੇ ਔਖੇ ਵੇਲੇ ਲੋੜ ਹੋਵੇ ਤਾਂ ਜਦੋਂ ਮਰਜ਼ੀ ਕਾਲ ਕਰ ਲਈਂ। ਪਰ ਹਾਲ ਦੀ ਘੜੀ ਵਕਤ ਪਾਸ ਕਰਨ ਦੀ ਕੋਸ਼ਿਸ਼ ਕਰ। ਨ੍ਹੀਂ ਜੋ ਕਰਨਾ ਐਂ ਉਹ ਤਾਂ ਫਿਰ ਕਰ ਈ ਸਕਦਾ ਐਂ। ਪਰ ਹੁਣ ਤੂੰ ਬੋਲ ਕਿੱਥੋਂ ਰਿਹਾ ਐਂ ?"

"ਮੈਂ ਕੰਮ ਤੋਂ ਘਰ ਨੂੰ ਜਾ ਰਿਹਾ ਆਂ। ਸੋਚਿਆ ਰਸਤੇ 'ਚੋਂ ਤੇਰੇ ਨਾਲ ਗੱਲ ਕਰ

ਲਵਾਂ। ਬਸ ਘਰੇ ਪਹੁੰਚਣ ਵਾਲਾ ਈ ਆਂ।"

"ਚੱਲ ਠੀਕ ਐ। ਪਹੁੰਚ ਘਰੇ। ਕੋਈ ਨ੍ਹੀਂ ਘਬਰਾ ਨਾ। ਆਪਾਂ ਠੀਕ ਕਰ ਲਵਾਂਗੇ ਸਭ।" ਇੰਨਾ ਕਹਿੰਦਿਆਂ ਕੁਲਦੀਪ ਨੇ ਫੋਨ ਕੱਟ ਦਿੱਤਾ। ਉੱਧਰ ਬੀਰੇ ਨੇ ਕਾਰ ਘਰ ਮੂਹਰੇ ਜਾ ਖੜ੍ਹੀ ਕੀਤੀ। ਉਸ ਨੇ ਬੈੱਲ ਮਾਰੀ ਪਰ ਦਰਵਾਜ਼ਾ ਨਾ ਖੁੱਲ੍ਹਿਆ। ਕਈ ਬੈੱਲਾਂ ਪਿੱਛੋਂ ਵੀ ਨਾ ਖੁੱਲ੍ਹਿਆ ਤਾਂ ਉਸ ਨੇ ਚਾਬੀ ਲਾਈ ਤੇ ਅੰਦਰ ਚਲਾ ਗਿਆ। ਅੰਦਰ ਹਨੇਰਾ ਸੀ। ਉਸ ਨੇ ਲਾਈਟਾਂ ਲਾਈਆਂ। ਪਾਣੀ ਪੀ ਕੇ ਸੋਫੇ 'ਤੇ ਨਿਰਾਸ਼ ਜਿਹਾ ਬਹਿ ਗਿਆ। ਉਹ ਅੰਦਾਜ਼ੇ ਲਾਉਣ ਲੱਗਿਆ ਕਿ ਰੱਤੀ ਕਿੱਥੇ ਹੋਈ। ਉਸ ਨੂੰ ਖਿਆਲ ਆਇਆ ਕਿ ਸਵੇਰ ਵੇਲੇ ਉਹ ਕੰਮ 'ਤੇ ਨਾ ਲੱਗਣ ਕਾਰਨ ਉਸ ਨਾਲ ਬਹਿਸਦਾ ਹੋਇਆ ਗਿਆ ਸੀ। ਕਿਤੇ ਇਸ ਗੱਲ ਕਰਕੇ ਘਰ ਨਾ ਚਲੀ ਗਈ ਹੋਵੇ। ਉਸ ਨੇ ਆਪਣੀ ਮਾਂ ਨੂੰ ਫੋਨ ਕੀਤਾ,

"ਮਾਮ ਰੱਤੀ ਐਧਰ ਆਈ ਐ? ਘਰ ਐ ਨ੍ਹੀਂ। ਇਸ ਤਰ੍ਹਾਂ ਤਾਂ ਕਦੇ ਹੋਇਆ ਨ੍ਹੀਂ। ਮੇਰੇ ਆਉਣ ਵੇਲੇ ਉਹ ਹਮੇਸ਼ਾ ਘਰ ਹੁੰਦੀ ਐ।"

"ਬੀਰੇ ਤੂੰ ਚੁੱਪ ਕਰਕੇ ਇੱਧਰ ਆ ਜਾਹ।" ਨਾਮੋ ਨੇ ਉਦਾਸ ਜਿਹਾ ਉੱਤਰ ਦਿੱਤਾ ਤਾਂ ਬੀਰਾ ਕਾਰ ਚੁੱਕਦਾ ਉੱਧਰ ਨੂੰ ਚੱਲ ਪਿਆ। ਉਸ ਨੂੰ ਉਮੀਦ ਸੀ ਕਿ ਰੱਤੀ ਉੱਥੇ ਹੋਵੇਗੀ ਤੇ ਉਸ ਦੀਆਂ ਸ਼ਿਕਾਇਤਾਂ ਲਗਾ ਰਹੀ ਹੋਵੇਗੀ। ਪਰ ਉਹ ਉੱਥੇ ਵੀ ਨਹੀਂ ਸੀ। ਸਗੋਂ ਉਸ ਦਾ ਪਿਉ ਤੇ ਮਾਂ ਚੁੱਪ ਜਿਹੇ ਬੈਠੇ ਸਨ। ਉਸ ਨੇ ਕੋਲ ਬਹਿੰਦੇ ਨੇ ਪੁੱਛਿਆ,

"ਕਿਉਂ ਕੀ ਗੱਲ ਹੋਈ? ਇਉਂ ਬੈਠੇ ਓਂ?"

"ਤੁਹਾਡਾ ਅੱਜ ਕੋਈ ਝਗੜਾ ਹੋਇਆ ਸੀ? ਕਿਰਪਾਲ ਨੇ ਪੁੱਛਿਆ।

"ਨ੍ਹੀਂ ਝਗੜਾ ਤਾਂ ਕੋਈ ਨ੍ਹੀਂ ਹੋਇਆ। ਉਂਝ ਰੋਜ਼ ਦੀ ਤਰ੍ਹਾਂ ਮੈਂ ਕਹਿ ਰਿਹਾ ਸੀ ਕਿ ਤੂੰ ਕੋਈ ਕੰਮ ਲੱਭ। ਹੁਣ ਤੁਸੀਂ ਵੇਖੋ ਕਿ ਕਿੰਨੇ ਮਹੀਨੇ ਹੋ ਗਏ ਆਈ ਨੂੰ ਹਾਲੇ ਵੀ ਘਰ ਵਿਹਲੀ ਬੈਠੀ ਐ। ਮੈਂ ਇਕੱਲਾ ਕੰਮ ਕਰਦਾ ਆਂ।"

"ਇਸਦੀ ਮਾਂ ਦਾ ਫੋਨ ਆਇਆ ਐ ਕਿ ਬੀਰਾ ਇਸ ਨੂੰ ਤੰਗ ਕਰਦਾ ਐ। ਕਹਿ ਰਹੀ ਸੀ ਇਸ ਨੇ ਕਦੇ ਕੰਮ ਕੀਤਾ ਨ੍ਹੀਂ ਹੌਲੀ ਹੌਲੀ ਲੱਗ ਜਾਵੇਗੀ। ਕੰਮ ਬਾਰੇ ਇਸ ਤੇ ਪਰੈਸ਼ਰ ਨਾ ਪਾਉ।" ਨਾਮੋ ਬੋਲੀ।

"ਤੈਨੂੰ ਕਿੰਨੇ ਵਾਰੀ ਕਿਹਾ ਐ ਕਿ ਇਸ ਕੁੜੀ ਦੀ ਪਰਵਰਿਸ਼ ਚੰਡੀਗੜ੍ਹ ਦੀ ਐ। ਇਹ ਅਫ਼ਸਰ ਦੀ ਧੀ ਐ। ਹੌਲੀ ਹੌਲੀ ਸੈੱਟ ਹੋਵੇਗੀ। ਪਰ ਤੂੰ ਕੁਛ ਸੁਣਦਾ ਈ ਨ੍ਹੀਂ।" ਕਿਰਪਾਲ ਰੁੱਖਾ ਬੋਲਿਆ ਤਾਂ ਬੀਰੇ ਨੂੰ ਗੁੱਸਾ ਚੜ੍ਹਿਆ ਤੇ ਅੱਗੋਂ ਉਹ ਵੀ ਉੱਖੜੇ ਕੁਹਾੜੇ ਵਾਂਗੂੰ ਪਿਆ,

"ਕਿਉਂ ਇਹ ਅਫ਼ਸਰ ਦੀ ਧੀ ਐ ਤਾਂ ਮੈਂ ਨ੍ਹੀਂ ਮਿਲੀਅਨਏਅਰ ਡਾਕਟਰ ਦਾ ਮੁੰਡਾ? ਪਰ ਮੈਂ ਆਪਣੀ ਕਮਾਈ ਆਪ ਕਰ ਰਿਹਾ ਆਂ ਨਾ। ਇਸਦੀ ਪਰਵਰਿਸ਼ ਸਾਡੇ ਨਾਲੋਂ ਚੰਗੀ ਤਾਂ ਨ੍ਹੀਂ ਹੋਈ ਹੋਵੇਗੀ?"

"ਬੀਰੇ ਅੱਜ ਸਵੇਰ ਦੀ ਤੁਹਾਡੀ ਝੜਪ ਤੋਂ ਰੁੱਸ ਕੇ ਇਹ ਆਪਣੀ ਮਾਸੀ ਦੇ ਘਰ ਚਲੀ ਗਈ ਐ। ਨਾਲੇ ਆਪਣੀ ਮਾਂ ਕੋਲ ਸ਼ਿਕਾਇਤ ਕਰ ਗਈ ਐ।"

ਨਾਮੋ ਦੀ ਗੱਲ ਮੁੱਕਣ ਦੀ ਦੇਰ ਸੀ ਕਿ ਕਿਰਪਾਲ ਫਿਰ ਭੜਕ ਉੱਠਿਆ,

"ਤੈਨੂੰ ਕਿੰਨੇ ਵਾਰੀ ਸਮਝਾਇਆ ਐ ਪਰ ਤੇਰੇ ਖਾਨੇ 'ਚ ਗੱਲ ਤਾਂ ਕੋਈ ਵੜਦੀ ਨ੍ਹੀਂ।



ਹੁਣ ਉਹ ਰੁੱਸ ਕੇ ਚਲੀ ਗਈ ਐ। ਉਸ ਦਾ ਪਿਉ ਮੇਰੇ ਨਾਲ ਗੁੱਸੇ ਹੋਈ ਜਾਂਦਾ ਐ। ਤੂੰ ਮੇਰੀ ਹੇਠੀ ਕਰਾ ਕੇ ਛੱਡੇਂਗਾ।"

ਬੀਰਾ ਗੁੱਸੇ 'ਚ ਉੱਠ ਕੇ ਖੜ੍ਹਾ ਹੋ ਗਿਆ ਤੇ ਪਿਉ ਵੱਲ ਉਂਗਲ ਸੇਧਦਾ ਬੋਲਿਆ,

"ਗੱਲ ਸੁਣ ਉਏ ਡੈਡ। ਤੇਰੇ ਦੋਸਤ ਦੀ ਝੇਪ ਤੈਨੂੰ ਹੋਊਗੀ ਮੈਨੂੰ ਨ੍ਹੀਂ। ਪਹਿਲਾਂ ਉਸ ਨੂੰ ਖੁਸ਼ ਕਰਨ ਲਈ ਤੂੰ ਮੈਨੂੰ ਇਸ ਬੇਹੂਦਾ ਲੜਕੀ ਦੇ ਪੱਲੇ ਬੰਨ੍ਹ ਦਿੱਤਾ ਤੇ ਹੁਣ ਉਸ ਨੂੰ ਖੁਸ਼ ਕਰਨ ਲਈ ਤੂੰ ਕਹਿ ਰਿਹਾ ਐਂ ਕਿ ਇਸ ਨੂੰ ਰਾਣੀ ਬਣਾ ਕੇ ਰੱਖਾਂ। ਇਹ ਕੰਮ ਨ੍ਹੀਂ ਚੱਲਣਾ।"

"ਕੀ ਮਤਲਬ ਤੇਰਾ ਉਸ ਦੋਸਤ ਨੂੰ ਖੁਸ਼ ਕਰਨ ਦੀ ਖਾਤਿਰ ਦਾ?" ਕਿਰਪਾਲ ਕੜਕਿਆ।

"ਡੈਡ, ਤੂੰ ਚੁੱਪ ਈ ਰਹੇਂ ਤਾਂ ਚੰਗੀ ਗੱਲ ਐ। ਤੈਨੂੰ ਆਪਣੀ ਉਲਾਦ ਦੀ ਨ੍ਹੀਂ ਬਲਕਿ ਇਸ ਗੱਲ ਦੀ ਐ ਕਿ ਤੇਰਾ ਦੋਸਤ ਕੀ ਕਹੂਗਾ। ਪਹਿਲਾਂ ਤੂੰ ਡਰਾਮੇਬਾਜ਼ੀ ਕਰਕੇ ਮੈਨੂੰ ਬਲੈਕਮੇਲ ਕੀਤਾ। ਹੁਣ ਬਲੈਕਮੇਲ ਤੋਂ ਅਗਲਾ ਕਦਮ ਉਠਾ ਰਿਹਾ ਐਂ।"

"ਕੀ ਬਲੈਕਮੇਲ ਕੀਤਾ ਤੈਨੂੰ ਮੈਂ ਉਏ?"

"ਕੀ ਕਹਿੰਦਾ ਸੀ ਤੂੰ ਉਦੋਂ? ਅਖੇ ਜਾਂ ਇਹ ਵਿਆਹ ਕਰਵਾਏ ਜਾਂ ਮੈਂ ਸਰਜਰੀ ਨ੍ਹੀਂ ਕਰਵਾਉਂਦਾ। ਉਹ ਬਲੈਕਮੇਲਿੰਗ ਸੀ। ਕਿਉਂਕਿ ਤੇਰੀ ਜਾਨ ਨੂੰ ਕੋਈ ਖਤਰਾ ਨ੍ਹੀਂ ਸੀ, ਭਾਵੇਂ ਸਰਜਰੀ ਦੋ ਮਹੀਨੇ ਠਹਿਰ ਕੇ ਹੋ ਜਾਂਦੀ। ਪਰ ਤੂੰ ਉਸ ਮੌਕੇ ਨੂੰ ਇਸ ਕੰਮ ਵਾਸਤੇ ਵਰਤ ਲਿਆ ਕਿ ਮੇਰੇ ਮੁੰਡੇ ਦਾ ਕੀ ਐ ਆਪੇ ਭੌਂਕਦਾ ਫਿਰੂਗਾ। ਹਾਂ ਮੈਂ ਆਪਣੇ ਦੋਸਤ ਮੂਹਰੇ ਹੀਰੋ ਬਣ ਜਾਵਾਂ।"

"ਤੂੰ ਤਮੀਜ਼ ਨਾਲ ਗੱਲ ਕਰ। ਹੋਸ਼ ਕਰਕੇ ਬੋਲ।" ਕਿਰਪਾਲ ਨੇ ਗੁੱਸੇ 'ਚ ਕਿਹਾ।

"ਹੁਣ ਤਾਂ ਮੇਰੇ ਪੱਲੇ ਵੀ ਤਮੀਜ਼ ਈ ਐ ਤੇ ਤੇਰੇ ਵੀ। ਹਾਲੇ ਤਾਂ ਤੂੰ ਕੁਛ ਵੀ ਨ੍ਹੀਂ ਵੇਖਿਆ। ਤੂੰ ਅੱਗੇ ਅੱਗੇ ਵੇਖੀਂ ਕਿ ਤੇਰੇ ਦੋਸਤ ਦੀ ਇਹ ਧੀ ਸਾਰਿਆਂ ਨੂੰ ਦਿਨੇ ਤਾਰੇ ਕਿਵੇਂ ਵਿਖਾਉਂਦੀ ਐ।"

"ਬੀਰੇ ਪੁੱਤ, ਚੁੱਪ ਕਰ।" ਨਾਮੋ ਨੇ ਬੀਰੇ ਨੂੰ ਵਰਜਿਆ।

"ਮਾਮ, ਤੈਨੂੰ ਮੈਂ ਦੱਸਦਾ ਆਂ ਕਿ ਇਹ ਮੈਨੂੰ ਕੀ ਕਹਿੰਦੀ ਐ। ਕਹਿੰਦੀ ਮੈਂ ਕੰਮ ਕਿਉਂ ਕਰਾਂ ਜਦੋਂ ਕਿ ਤੇਰੇ ਡੈਡੀ ਦਾ ਮਿਲੀਅਨਜ਼ ਦਾ ਕਾਰੋਬਾਰ ਐ। ਕਹਿੰਦੀ ਜੇਕਰ ਮਨੀ, ਕਲੀਨਿਕ 'ਤੇ ਕੰਮ ਕਰ ਸਕਦੀ ਐ ਤਾਂ ਮੈਂ ਕਿਉਂ ਨ੍ਹੀਂ ਕਰ ਸਕਦੀ। ਇਹੀ ਕੁਛ ਇਸ ਦੇ ਮਾਪੇ ਚਾਹੁੰਦੇ ਨੇ। ਇਹ ਇਸਦੀ ਸੋਚ ਨ੍ਹੀਂ ਬਲਕਿ ਇਸ ਦੇ ਮਾਪਿਆਂ ਦੀ ਐ।"

"ਕੀ ਇਹ ਕਲੀਨਿਕ 'ਚ ਕੋਈ ਕੰਮ ਕਰ ਸਕਦੀ ਐ? ਜੇਕਰ ਹੈ ਤਾਂ ਆਪਾਂ ਇਸ ਨੂੰ ਉੱਥੇ ਅਡਜਸਟ ਕਰ ਲੈਨੇ ਆਂ।" ਕਿਰਪਾਲ ਨੇ ਕੁਝ ਸੋਚਦਿਆਂ ਹੋਇਆਂ ਕਿਹਾ।

"ਉਏ ਡੈਡ ਯਾਰ, ਬਸ ਕਰ ਤੂੰ। ਤੂੰ ਬਹੁਤਾ ਦੋਸਤ ਭਗਤ ਬਣਨ ਨੂੰ ਰਹਿਣ ਦੇਹ। ਜੋ ਤੂੰ ਸੋਚਦਾ ਐਂ ਨਾ ਤੇਰੇ ਦੋਸਤ ਬਾਰੇ, ਉਹ ਉਸ ਤਰ੍ਹਾਂ ਦਾ ਨ੍ਹੀਂ ਐ। ਇਹ ਲੋਕ ਤੇਰਾ ਸਾਰਾ ਕੁਛ ਖੋਹ ਕੇ ਲੈ ਜਾਣਗੇ। ਇਹੋ ਜਿਹਾ ਸਿਖਾਉਣਗੇ ਤੈਨੂੰ ਦੋਸਤੀ ਦਾ ਸਬਕ। ਹੁਣ ਧਿਆਨ ਨਾਲ ਸੁਣ ਮੇਰੀ ਗੱਲ। ਮੈਂ ਤੈਨੂੰ ਇਸ ਗੱਲੋਂ ਸੁਚੇਤ ਕਰਦਾ ਆਂ ਕਿ ਇਸ ਨੂੰ ਕਲੀਨਿਕ ਵਿਚ ਪੈਰ ਵੀ ਨ੍ਹੀਂ ਪਾਉਣ ਦੇਣਾ। ਨਾਲੇ ਉਹ ਕਲੀਨਿਕ ਤੇਰਾ ਐ। ਮੈਨੂੰ ਪਤਾ

ਐ ਕਿ ਮਨੀ ਉੱਥੇ ਇਕ ਇੰਪਲਾਈ ਵਜੋਂ ਕੰਮ ਕਰਦੀ ਐ। ਜਿੰਨਾ ਚਿਰ ਤੂੰ ਸਾਡੇ ਸਿਰ 'ਤੇ ਐਂ ਉਹ ਕਲੀਨਿਕ ਤੇਰਾ ਈ ਰਹੇਗਾ। ਉਂਝ ਤੇਰੇ ਕੰਨਾਂ ਥਾਣੀਂ ਇਹ ਗੱਲ ਕੱਢ ਦਿੰਨਾ ਕਿ ਤੇਰੇ ਦੋਸਤ ਦੀ ਇਸ ਧੀ ਦੀ, ਨਾਲੇ ਇਸ ਦੇ ਮਾਂ ਪਿਉ ਦੀ ਤੇਰੇ ਕਲੀਨਿਕ 'ਤੇ ਅੱਖ ਐ।"

ਬੀਰੇ ਦੀਆਂ ਖਰੀਆਂ ਖਰੀਆਂ ਸੁਣ ਕੇ ਨਾਮੋ ਅਤੇ ਕਿਰਪਾਲ ਦੇ ਦੰਦ ਜੁੜ ਗਏ। ਕਿਰਪਾਲ ਨੂੰ ਲੱਗਿਆ ਜਿਵੇਂ ਕਿਸੇ ਨੇ ਹਨੇਰਾ ਪਰਦਾ ਹਟਾ ਦਿੱਤਾ ਹੋਵੇ ਤੇ ਚਾਰੇ ਪਾਸੇ ਚਾਨਣ ਹੀ ਚਾਨਣ ਹੋ ਗਿਆ ਹੋਵੇ। ਨਾਮੋ ਇੱਕ ਪਾਸੇ ਮੱਥਾ ਫੜੀ ਬੈਠੀ ਸੀ। ਬੀਰਾ ਉੱਠ ਕੇ ਤੁਰਨ ਲੱਗਿਆ ਤਾਂ ਨਾਮੋ ਨੇ ਕਿਹਾ,

"ਕੱਲ੍ਹ ਨੂੰ ਜਾ ਕੇ ਉਸ ਨੂੰ ਉਸਦੀ ਮਾਸੀ ਦਿਉਂ ਲੈ ਤਾਂ ਆ।"

"ਗਲਤ ਬਿਲਕੁਲ ਗਲਤ। ਆਪੇ ਗਈ ਐ ਆਪੇ ਆਵੇ। ਮੈਂ ਇਹ ਨਵੀਂ ਪਿਰਤ ਨ੍ਹੀਂ ਪਾਉਣੀ ਕਿ ਰੁੱਸ ਕੇ ਮਾਸੀ ਦੇ ਤੁਰ ਗਈ ਤੇ ਮੈਂ ਅਗਲੇ ਦਿਨ ਗੁਤਨੀ ਨਾਲ ਬੰਨ੍ਹੇ ਪਰਾਂਦੇ ਵਾਂਗੂੰ ਮਗਰ ਮਗਰ ਭੱਜਿਆ ਜਾਵਾਂ।"

ਇੰਨਾ ਕਹਿੰਦਿਆਂ ਬੀਰਾ ਘਰੋਂ ਬਾਹਰ ਨਿਕਲ ਗਿਆ। ਉਸ ਨੇ ਰਸਤੇ 'ਚੋਂ ਪੀਜ਼ਾ ਫੜਿਆ ਤੇ ਘਰ ਜਾ ਕੇ ਪੀਜ਼ਾ ਖਾ ਕੇ ਆਰਾਮ ਨਾਲ ਸੌਂ ਗਿਆ।

## ਵੀਹ

ਗਿੰਨੀ ਦੇ ਮਾਂ ਪਿਉ ਇੰਡੀਆ ਤੋਂ ਵਾਪਸ ਆ ਗਏ ਸਨ। ਉਂਝ ਸਭ ਦੀ ਫੋਨ ਉੱਪਰ ਹੀ ਗੱਲ ਹੋ ਚੁੱਕੀ ਸੀ। ਉਨ੍ਹਾਂ ਨੂੰ ਗਿੰਨੀ ਦੀ ਪਸੰਦ ਮਨਜ਼ੂਰ ਸੀ। ਹੁਣ ਗਿੰਨੀ ਨੇ ਉਨ੍ਹਾਂ ਨੂੰ ਮਨਾ ਲਿਆ ਕਿ ਜਿੰਨੀ ਜਲਦੀ ਹੋ ਸਕਦਾ ਹੈ ਵਿਆਹ ਹੋ ਜਾਵੇ। ਉਨ੍ਹਾਂ ਇਕ ਹਫ਼ਤਾ ਹੀ ਮੰਗਿਆ। ਇਸ ਸਾਰੇ ਵਕਤ ਦਰਮਿਆਨ ਕਰਮੀ, ਬਹੁਤ ਡਰੀ ਹੋਈ ਸੀ। ਉਹ ਗਿੰਨੀ ਨੂੰ ਇਕ ਮਿੰਟ ਲਈ ਵੀ ਪਾਸੇ ਨਹੀਂ ਹੋਣ ਦਿੰਦੀ ਸੀ। ਉਹ ਵੀ ਚਾਹੁੰਦੀ ਸੀ ਕਿ ਜਲਦੀ ਮੈਰਿਜ ਹੋਵੇ ਤੇ ਉਹ ਕਿਧਰੇ ਸੇਫ ਥਾਂ 'ਤੇ ਰਹਿਣ ਲੱਗਣ। ਆਖਰ ਹਫ਼ਤਾ ਲੰਘ ਗਿਆ ਤੇ ਵਿਆਹ ਦਾ ਦਿਨ ਆ ਗਿਆ। ਦਿਨ ਵੇਲੇ ਗੁਰਦਵਾਰਾ ਸਾਹਿਬ ਵਿਚ ਸਿਰਫ਼ ਘਰ ਵਾਲੇ ਜਾਂ ਰਿਸ਼ਤੇਦਾਰ ਹੀ ਸਨ। ਸਭ ਹੁੰਮ ਹਮਾ ਕੇ ਪਹੁੰਚੇ ਸਨ। ਪਰ ਕਰਤਾਰ ਨਾ ਆਇਆ। ਕਿਸੇ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਸ ਦੇ ਦਿਲ 'ਚ ਕੀ ਹੈ ਕਿ ਉਸ ਨੇ ਜਾਣ ਤੋਂ ਨਾਂਹ ਕਰ ਦਿੱਤੀ। ਤੇਜ ਕੌਰ ਨੇ ਬਹੁਤ ਮਨਾਇਆ ਪਰ ਉਸ ਨੇ ਇਕੋ ਨੰਨਾ ਫੜ੍ਹੀ ਰੱਖਿਆ। ਫਿਰ ਤੇਜ ਕੌਰ ਨੇ ਨਿੰਦੀ ਤੋਂ ਫੋਨ ਕਰਵਾਇਆ। ਨਿੰਦੀ ਨਾਲ ਉਸ ਨੇ ਚੰਗੀ ਤਰ੍ਹਾਂ ਗੱਲ ਕੀਤੀ। ਪਰ ਉਹ ਇਸ ਗੱਲੋਂ ਇਨਕਾਰ ਕਰ ਗਿਆ ਕਿ ਗੁਰਦਵਾਰੇ ਆਵੇਗਾ। ਨਿੰਦੀ ਨੇ ਪੁੱਛਿਆ,

"ਪਾਪਾ, ਤੁਸੀਂ ਕਿਤੇ ਏਕਾਂਤ ਕਰਕੇ ਗੁੱਸੇ ਤਾਂ ਨ੍ਹੀਂ?"

"ਨ੍ਹੀਂ ਨਿੰਦੀਏ, ਮੈਨੂੰ ਤੇਰੇ ਜਾਂ ਏਕਾਂਤ ਨਾਲ ਕੋਈ ਸ਼ਿਕਵਾ ਨ੍ਹੀਂ।"

"ਫਿਰ ਤੁਹਾਡੀ ਕਰਮੀ ਨਾਲ ਨਾਰਾਜ਼ਗੀ ਐ?"

"ਨਾ ਮੈਨੂੰ ਉਸ ਨਾਲ ਨਾਰਾਜ਼ਗੀ ਨ੍ਹੀਂ। ਉਸ ਲਈ ਤਾਂ ਸਗੋਂ ਮੈਂ ਖੁਸ਼ ਆਂ ਕਿ ਉਸ ਦਾ ਫਿਰ ਤੋਂ ਘਰ ਵੱਸਣ ਲੱਗਿਆ ਐ।"

"ਫਿਰ ਪਾਪਾ ਪਤਾ ਤਾਂ ਲੱਗੇ ਕਿ ਗੱਲ ਕੀ ਐ? ਕਿਉਂ ਨ੍ਹੀਂ ਤੁਸੀਂ ਆਉਣਾ



ਚਾਹੁੰਦੇ?"

"ਨਿੰਦੀ ਮੇਰੇ 'ਤੇ ਦਬਾਅ ਨਾ ਪਾ। ਤੁਸੀਂ ਆਪਣਾ ਇਨਜੁਆਏ ਕਰੋ। ਬਸ ਮੈਂ ਠੀਕ ਆਂ।" ਇੰਨਾ ਕਹਿ ਕੇ ਉਸ ਨੇ ਤੇਜ ਕੌਰ ਨੂੰ ਵੀ ਵਰਾ ਤਰਾ ਕੇ ਗੁਰਦਵਾਰੇ ਨੂੰ ਤੋਰ ਦਿੱਤਾ। ਅਸਲ ਵਿਚ ਉਹ ਗੁੱਸੇ ਤਾਂ ਕਿਸੇ ਨਾਲ ਵੀ ਨਹੀਂ ਸੀ। ਬਸ ਇਕ ਤਾਂ ਉਹ ਧਰਮੀ ਦੇ ਮੱਥੇ ਨਹੀਂ ਲੱਗਣਾ ਚਾਹੁੰਦਾ ਸੀ ਕਿਉਂਕਿ ਉਸ ਨੇ ਕਾਲੇ ਮੁਸਲਮਾਨ ਮੁੰਡੇ ਨਾਲ ਵਿਆਹ ਕਰਵਾਇਆ ਸੀ। ਦੂਸਰਾ ਉਹ ਦੀਪੇ ਨੂੰ ਤਾਂ ਵੇਖ ਕੇ ਵੀ ਰਾਜ਼ੀ ਨਹੀਂ ਸੀ। ਤੀਸਰਾ ਉਸ ਦੇ ਮਨ 'ਚ ਇਹ ਗੱਲ ਵੀ ਕਿਤੇ ਨਾ ਕਿਤੇ ਸੀ ਕਿ ਕੋਈ ਨਿੰਦੀ ਬਾਰੇ ਨਾ ਜਾਣ ਗਿਆ ਹੋਵੇ। ਭਾਵ ਕਿਸੇ ਨੂੰ ਇਹ ਨਾ ਪਤਾ ਲੱਗ ਗਿਆ ਹੋਵੇ ਕਿ ਨਿੰਦੀ ਨੇ ਹਿੰਦੂ ਮੁੰਡਾ ਚੁਣਿਆ ਹੈ। ਇਸ ਕਰਕੇ ਉਸ ਨੇ ਜਾਣ ਤੋਂ ਟਾਲਾ ਵੱਟ ਲਿਆ।

ਉੱਧਰ ਗੁਰਦਵਾਰੇ ਵਿਚ ਪੂਰਾ ਇਕੱਠ ਸੀ। ਗਿੰਨੀ ਵਾਲੇ ਪਾਸੇ ਤੋਂ ਵੀ ਸਾਰੇ ਰਿਸ਼ਤੇਦਾਰ ਆਏ ਸਨ। ਇੱਧਰੋਂ ਕਰਮੀ ਵੱਲੋਂ ਕਰਤਾਰ ਨੂੰ ਛੱਡ ਕੇ ਸਭ ਆਏ ਸਨ। ਕੱਠ ਇਤਨਾ ਕੁ ਸੀ ਕਿ ਕਿਸੇ ਨੂੰ ਪਤਾ ਹੀ ਨਹੀਂ ਲੱਗਿਆ ਕਿ ਕਰਤਾਰ ਉੱਥੇ ਨਹੀਂ ਹੈ। ਮੌਕੇ ਸਿਰ ਆਨੰਦ ਕਾਰਜ ਹੋ ਗਿਆ। ਉਸਤੋਂ ਬਾਅਦ ਲੰਗਰ ਵਰਤਿਆ। ਦੁਪਹਿਰ ਪਿੱਛੋਂ ਡੋਲੀ ਤੁਰੀ ਤੇ ਕਰਮੀ ਆਪਣੇ ਨਵੇਂ ਘਰ ਭਾਵ ਗਿੰਨੀ ਦੇ ਮਾਤਾ ਪਿਤਾ ਦੇ ਘਰ ਪਹੁੰਚ ਗਈ। ਡੋਲੀ ਤੁਰਦਿਆਂ ਹੀ ਇਕੱਠ ਵਿਛੜਨ ਲੱਗ ਪਿਆ ਸੀ। ਲੋਕੀਂ ਹੌਲੀ ਹੌਲੀ ਘਰਾਂ ਨੂੰ ਤੁਰਦੇ ਗਏ। ਕਿਉਂਕਿ ਸ਼ਾਮ ਵੇਲੇ ਰਿਸੈਪਸ਼ਿਨ ਪਾਰਟੀ ਸੀ ਤੇ ਸਭ ਨੇ ਉੱਥੇ ਫਿਰ ਪਹੁੰਚਣਾ ਸੀ। ਇਸ ਕਰਕੇ ਹਰ ਕੋਈ ਦੁਬਾਰਾ ਤੋਂ ਤਿਆਰ ਹੋ ਕੇ ਵਕਤ ਸਿਰ ਉੱਥੇ ਪਹੁੰਚਣਾ ਚਾਹੁੰਦਾ ਸੀ। ਪਾਰਟੀ ਹਾਲ ਵੱਡਾ ਸੀ ਜਿਹੜਾ ਕਿ ਲੀਜ਼ਬਰਗ ਦੇ ਬਾਹਰ ਵੱਲ ਸੀ। ਦੋਨਾਂ ਘਰਾਂ ਦੇ ਪ੍ਰਬੰਧਕ ਤਾਂ ਪਹਿਲਾਂ ਹੀ ਪਹੁੰਚ ਗਏ ਸਨ। ਫਿਰ ਦਿਨ ਛੁਪਦਿਆਂ ਹੀ ਗੈਸਟ ਪਹੁੰਚਣ ਲੱਗੇ। ਇਕੱਠ ਬਹੁਤ ਹੋਣਾ ਸੀ। ਕਿਉਂਕਿ ਘਰ ਦਿਆਂ ਅਤੇ ਰਿਸ਼ਤੇਦਾਰਾਂ ਤੋਂ ਇਲਾਵਾ ਸਾਰੇ ਦੋਸਤ ਮਿੱਤਰ ਇਸ ਪਾਰਟੀ ਵਿਚ ਪਹੁੰਚ ਰਹੇ ਸਨ। ਹੌਲੀ ਹੌਲੀ ਲੋਕ ਆਉਂਦੇ ਗਏ। ਬਾਰ ਪਹਿਲਾਂ ਹੀ ਖੁੱਲ੍ਹ ਗਈ ਸੀ। ਪੀਣ ਵਾਲਿਆਂ ਦੀ ਵਾਰੀ ਨ੍ਹੀਂ ਆ ਰਹੀ ਸੀ। ਹਰ ਕੋਈ ਦੋ ਪੈੱਗ ਹੀ ਪੁਆ ਲੈਂਦਾ ਸੀ ਕਿਉਂਕਿ ਪਤਾ ਸੀ ਕਿ ਦੁਬਾਰਾ ਵਾਰੀ ਆਉਂਦੀ ਨੂੰ ਦੇਰ ਲੱਗੇਗੀ। ਅੰਦਰ ਡੀਜੇ ਵਾਲਿਆਂ ਨੇ ਧੁਮੱਚੜ ਪਾਇਆ ਹੋਇਆ ਸੀ। ਕਿਸੇ ਪਾਸੇ ਕੰਨ ਪਾਈ ਨਹੀਂ ਸੁਣ ਰਹੀ ਸੀ। ਘੰਟਾ ਕੁ ਭਰ ਇਹ ਕੰਮ ਚੱਲਿਆ। ਫਿਰ ਸਟੇਜ ਤੋਂ ਐਲਾਨ ਹੋਇਆ ਕਿ ਕੁਝ ਹੀ ਦੇਰ ਬਾਅਦ ਬਾਰ, ਤਕਰੀਬਨ ਘੰਟੇ ਲਈ ਬੰਦ ਰਹੇਗੀ। ਕਿਉਂਕਿ ਅੰਦਰ ਦੇ ਫੰਕਸ਼ਨ ਹੋਣੇ ਹਨ। ਕੇਕ ਕੱਟਣਾ ਹੈ, ਰਿਸ਼ਤੇਦਾਰਾਂ ਬਾਰੇ ਜਾਣਕਾਰੀਆਂ ਦੇਣੀਆਂ ਹਨ ਅਤੇ ਇਸ ਤਰ੍ਹਾਂ ਦੇ ਹੋਰ ਕੰਮ। ਆਖਰ ਬਾਰ ਬੰਦ ਹੋ ਗਈ। ਅੰਦਰ ਟਿਕ ਟਿਕਾਅ ਹੋਣ ਲੱਗਿਆ।

ਕਰਤਾਰ ਇੱਥੇ ਵੀ ਨਹੀਂ ਪਹੁੰਚਿਆ ਸੀ। ਉਸ ਨੇ ਨਿੰਦੀ ਨੂੰ ਬੜਾ ਮੁਸ਼ਕਲ ਮਨਾਇਆ ਸੀ। ਤੇਜ ਕੌਰ ਦੀਆਂ ਵੀ ਉਸ ਨੇ ਮਿੰਨਤਾਂ ਕੀਤੀਆਂ। ਫਿਰ ਏਕਾਂਤ, ਨਿੰਦੀ ਅਤੇ ਤੇਜ ਕੌਰ ਇਕੋ ਕਾਰ 'ਤੇ ਚਲੇ ਗਏ। ਪਿੱਛੇ ਘਰੇ ਇਕੱਲਾ ਕਰਤਾਰ ਰਹਿ ਗਿਆ। ਉਸ ਨੇ ਪੈੱਗ ਪਾਇਆ ਤੇ ਪੀਤਾ। ਇਕ ਪੈੱਗ ਹੋਰ ਪੀਣ ਪਿੱਛੋਂ ਉਸ ਦੇ ਅੰਦਰ ਹਿੱਲਜੁੱਲ ਜਿਹੀ ਹੋਈ। ਉਸ ਨੇ ਸੋਚਿਆ ਕਿ ਜੇਕਰ ਲੋਕਾਂ ਨੂੰ ਪਤਾ ਲੱਗ ਗਿਆ ਕਿ ਕਰਤਾਰ ਨਹੀਂ

ਆਇਆ ਤਾਂ ਉਹ ਇਸ ਦਾ ਮਤਲਬ ਪਤਾ ਨਹੀਂ ਕੀ ਕੱਢਣਗੇ। ਉਸ ਦੇ ਅੰਦਰੋਂ ਆਵਾਜ਼ ਆਈ ਕਿ ਉਸ ਨੂੰ ਜਾਣਾ ਚਾਹੀਦਾ ਹੈ। ਉਸ ਨੇ ਕਾਰ ਕੱਢੀ ਤੇ ਹਾਲ ਵੱਲ ਨੂੰ ਚੱਲ ਪਿਆ। ਅੱਗੇ ਹਾਲ ਕੋਲ ਜਾ ਕੇ ਉਸ ਨੇ ਜਦੋਂ ਲੋਕਾਂ ਦਾ ਹੜ੍ਹ ਵੇਖਿਆ ਤਾਂ ਉਸ ਦਾ ਮਨ ਫਿਰ ਬਦਲਣ ਲੱਗਿਆ। ਪਰ ਉਹ ਮੁੜਿਆ ਨਹੀਂ। ਹਾਲ ਦੇ ਇਕ ਪਾਸੇ ਕੈਟਰਿੰਗ ਵਾਲਿਆਂ ਦਾ ਟਰੱਕ ਖੜ੍ਹਾ ਸੀ ਜਿਸ ਵਿਚ ਉਹ ਸਾਰਾ ਖਾਣ ਪੀਣ ਦਾ ਸਮਾਨ ਲੈ ਕੇ ਆਏ ਸਨ। ਉਸ ਨੇ ਆਪਣੀ ਕਾਰ ਉਸ ਟਰੱਕ ਦੇ ਉਹਲੇ ਜਿਹੇ ਲਾ ਲਈ। ਉਂਝ ਉਹ ਮੇਨ ਗੇਟ ਤੋਂ ਬਹੁਤਾ ਦੂਰ ਨਹੀਂ ਸੀ। ਪਰ ਉਹਲੇ 'ਚ ਹੋਣ ਕਰਕੇ ਉਹ ਕਿਸੇ ਨੂੰ ਦਿਸਦਾ ਨਹੀਂ ਸੀ ਜਦੋਂ ਕਿ ਉਸ ਨੂੰ ਸਾਰੇ ਦਿਸਦੇ ਸਨ। ਉਸ ਕੋਲ ਆਪਣੀ ਕਾਰ 'ਚ ਬੋਤਲ ਰੱਖੀ ਹੋਈ ਸੀ। ਵਿਚ ਵਿਚ ਉਹ ਪੈੱਗ ਲਾ ਰਿਹਾ ਸੀ ਤੇ ਨਾਲ ਹੀ ਗੇਟ ਵੱਲ ਝਾਕਦਾ ਆਉਂਦੇ ਜਾਂਦੇ ਲੋਕਾਂ ਨੂੰ ਵੇਖ ਰਿਹਾ ਸੀ। ਉਸ ਨੇ ਵੇਖਿਆ ਕਿ ਬੀਰਾ ਆ ਰਿਹਾ ਸੀ ਤੇ ਉਸ ਨਾਲ ਲੰਬੀ, ਸੋਹਣੀ ਸੁਣੱਖੀ ਤੇ ਦੇਸੀ ਸੂਟ 'ਚ ਕੋਈ ਪੰਜਾਬੀ ਕੁੜੀ ਸੀ। ਉਸ ਦਾ ਚਿੱਤ ਖੁਸ਼ ਹੋ ਗਿਆ। ਫਿਰ ਕੁਲਦੀਪ ਆਇਆ ਤਾਂ ਉਸ ਨਾਲ ਸਾਂਵਲੇ ਰੰਗ ਦੀ ਲੰਮੀ ਝੰਮੀ ਸੋਹਣੀ ਮੁਟਿਆਰ ਸੀ ਜਿਸ ਨੇ ਪੰਜਾਬੀ ਸੂਟ ਪਾਇਆ ਹੋਇਆ ਸੀ। ਕਰਤਾਰ ਤਾਂ ਅੱਖ ਹੀ ਝਮਕਣਾ ਭੁੱਲ ਗਿਆ। ਉਸ ਨੂੰ ਅੰਤਾਂ ਦੀ ਖੁਸ਼ੀ ਹੋਈ ਕਿ ਆਖਰ ਕੁਲਦੀਪ ਨੇ ਵੀ ਆਪਣੇ ਪਰਿਵਾਰ ਦਾ ਸੋਚ ਲਿਆ ਹੈ। ਫਿਰ ਏਕਾਂਤ, ਨਿੰਦੀ ਤੇ ਤੇਜ ਕੌਰ ਆਈਆਂ। ਕਰਤਾਰ ਸਿਰਫ਼ ਏਕਾਂਤ ਨੂੰ ਵੇਖ ਰਿਹਾ ਸੀ। ਛੇ ਫੁੱਟਾ ਜਵਾਨ ਵੇਖ ਕੇ ਉਸਦੀ ਰੂਹ ਖੁਸ਼ ਹੋ ਗਈ ਪਰ ਨਾਲ ਹੀ ਖਿਆਲ ਆਇਆ ਕਿ ਕਾਸ਼ ਇਹ ਕਿਤੇ ਸਿੱਖ ਹੁੰਦਾ। ਇਹ ਝੋਰਾ ਛੇਤੀ ਹੀ ਹੱਟ ਗਿਆ ਜਦੋਂ ਉਸ ਨੇ ਹੋਰ ਲੋਕ ਆਉਂਦੇ ਵੇਖੇ। ਇੰਨੇ ਨੂੰ ਦੀਪਾ ਦਿੱਸਿਆ। ਉਸ ਦੇ ਨਾਲ ਪਤਲਾ ਜਿਹਾ ਗੋਰਾ ਮੁੰਡਾ ਸੀ। ਕਰਤਾਰ ਨੇ ਨੀਵੀਂ ਪਾ ਲਈ। ਉਸ ਨੇ ਨੀਵੀਂ ਚੁੱਕੀ ਹੀ ਸੀ ਕਿ ਸਾਹਮਣੇ ਧਰਮੀ ਤੇ ਹੈਦਰ ਅਸਲਮ ਆਉਂਦੇ ਦਿੱਸੇ। ਉਸ ਨੇ ਫਿਰ ਨੀਵੀਂ ਪਾ ਲਈ। ਜਦੋਂ ਉਸ ਨੇ ਹੁਣ ਨੀਵੀਂ ਚੁੱਕੀ ਤਾਂ ਵੇਖਿਆ ਕਿ ਮਨੀ ਆ ਰਹੀ ਸੀ ਤੇ ਉਸ ਦੇ ਨਾਲ ਪੂਰਨ ਗੁਰਸਿੱਖ ਮੁੰਡਾ ਸੀ। ਕਰਤਾਰ ਦਾ ਦਿਲ ਫਿਰ ਬਾਗੋਬਾਗ ਹੋ ਗਿਆ। ਇੰਨੇ ਨੂੰ ਏਕਾਂਤ ਭੱਜ ਕੇ ਬਾਹਰ ਆਇਆ। ਸ਼ਾਇਦ ਉਹ ਕਾਰ 'ਚੋਂ ਕੁਝ ਚੁੱਕਣ ਆਇਆ ਸੀ। ਕਰਤਾਰ ਉਸ ਵੱਲ ਨੀਝ ਲਾ ਕੇ ਵੇਖਦਾ ਰਿਹਾ। ਉਦੋਂ ਤੱਕ ਉਸ ਨੂੰ ਵਾਹਵਾ ਨਸ਼ਾ ਹੋ ਚੁੱਕਿਆ ਸੀ। ਨਸ਼ੇ ਦੇ ਨਾਲ ਹੀ ਉਸ ਦਾ ਖਿਆਲ ਵੀ ਬਦਲ ਗਿਆ। ਉਸ ਨੂੰ ਏਕਾਂਤ ਬਹੁਤ ਸੋਹਣਾ ਲੱਗਿਆ ਤੇ ਉਸ ਦਾ ਦਿਲ ਝੂਰਨੋਂ ਹੱਟ ਗਿਆ। ਉਸ ਨੇ ਮਨ 'ਚ ਸੋਚਿਆ ਕਿ ਹਿੰਦੂ ਜਾਂ ਸਿੱਖ ਦਾ ਕੋਈ ਫ਼ਰਕ ਨਹੀਂ। ਉਸ ਨੂੰ ਆਪਣੇ ਆਪ 'ਤੇ ਰਸ਼ਕ ਹੋਇਆ ਕਿ ਉਸਦੀ ਧੀ ਨੇ ਵਧੀਆ ਵਰ ਚੁਣਿਆ ਹੈ। ਹਾਲ ਦੇ ਅੰਦਰੋਂ ਬੜੀ ਆਵਾਜ਼ ਆ ਰਹੀ ਸੀ। ਹੁਣ ਬਾਹਰ ਕੋਈ ਨਹੀਂ ਆ ਰਿਹਾ ਸੀ ਤੇ ਨਾ ਹੀ ਕੋਈ ਬਾਹਰੋਂ ਅੰਦਰ ਜਾ ਰਿਹਾ ਸੀ। ਕਿਉਂਕਿ ਜਿਸ ਨੇ ਆਉਣਾ ਸੀ ਸਭ ਆ ਚੁੱਕੇ ਸਨ। ਇਸ ਵੇਲੇ ਸ਼ਰਾਬ ਦੀ ਬਾਰ ਬੰਦ ਸੀ ਅਤੇ ਅੰਦਰ ਕੇਕ ਕੱਟਣ ਵਾਸਤੇ ਸਟੇਜ ਤੋਂ ਆਵਾਜ਼ ਆ ਰਹੀ ਸੀ। ਅੰਦਰ ਜ਼ੋਰ ਦੀ ਤਾੜੀਆਂ ਵੱਜਣ ਲੱਗੀਆਂ। ਕੁਝ ਦੇਰ ਦੇ ਲਈ ਉੱਥੇ ਬਿਲਕੁਲ ਸ਼ਾਂਤੀ ਪਸਰ ਗਈ ਕਿਉਂਕਿ ਲੋਕ ਕੇਕ ਕੱਟਿਆ ਜਾਂਦਾ ਵੇਖ ਰਹੇ ਸਨ। ਕਰਤਾਰ ਦੇ ਅੰਦਰ ਇਕਦਮ ਵਲਵਲਾ ਜਿਹਾ ਉੱਠਿਆ ਤੇ ਉਸ ਦਾ ਜੀਅ ਕੀਤਾ ਕਿ ਉਹ ਵੀ ਕੇਕ



ਕੱਟਿਆ ਜਾਂਦਾ ਵੇਖੇ। ਉਹ ਇਹ ਸੋਚ ਹੀ ਰਿਹਾ ਸੀ ਉਦੋਂ ਹੀ ਉਸ ਨੇ ਵੇਖਿਆ ਕਿ ਹਾਲ ਦੇ ਪਿੱਛਲੇ ਪਾਸਿਉਂ ਕੰਧ ਦੇ ਨਾਲ ਨਾਲ ਕੋਈ ਆ ਰਿਹਾ ਹੈ। ਆਉਣ ਵਾਲੇ ਨੇ ਲੰਬਾ ਓਵਰ ਕੋਟ ਪਾ ਕੇ ਮੂੰਹ ਢੱਕਿਆ ਹੋਇਆ ਸੀ। ਉਹ ਸਿਰੇ ਤੱਕ ਆ ਕੇ ਟਰੱਕ ਦੇ ਕੋਲੋਂ ਮੁੜਿਆ ਤੇ ਗੇਟ ਵੱਲ ਨੂੰ ਚੱਲ ਪਿਆ। ਕਰਤਾਰ ਨੂੰ ਖਿਆਲ ਆਇਆ ਕਿ ਇਹ ਲੁਕ ਕੇ ਜਿਹੇ ਆਉਣ ਵਾਲਾ ਕੌਣ ਹੋਇਆ। ਉਸ ਨੇ ਉਸੇ ਵੇਲੇ ਗਲਾਸ ਪਾਸੇ ਸੁੱਟਿਆ ਤੇ ਕੋਟ ਵਾਲੇ ਦੇ ਮਗਰ ਹੋ ਲਿਆ। ਜਿਉਂ ਹੀ ਕੋਟ ਵਾਲਾ ਗੇਟ ਨੇੜੇ ਪਹੁੰਚਿਆ ਤਾਂ ਕਰਤਾਰ ਨੇ ਝੱਟ ਪਛਾਣ ਲਿਆ ਤੇ ਮਨ 'ਚ ਬੁਦਬਦਾਇਆ, 'ਉਹ ਮਾਈ ਗਾਡ ਇਹ ਤਾਂ ਦਰਸ਼ਣ ਐ। ਇਸ ਦਾ ਇੱਥੇ ਕੀ ਕੰਮ? ਨਾਲੇ ਇਹ ਹਾਲ ਦੇ ਪਿੱਛਲੇ ਪਾਸਿਉਂ ਕੰਧ ਦੇ ਨਾਲ ਨਾਲ ਦੀ ਛੁੱਪ ਕੇ ਕਿਉਂ ਆਇਆ ਹੋਇਆ।' ਕਰਤਾਰ ਨੂੰ ਪੱਕਾ ਸ਼ੱਕ ਹੋ ਗਿਆ ਕਿ ਕੋਈ ਗੜਬੜ ਹੈ। ਉਦੋਂ ਨੂੰ ਉਹ ਨੇੜੇ ਪਹੁੰਚ ਗਿਆ। ਪਰ ਦਰਸ਼ਣ ਗੇਟ ਦੇ ਵਿਚਕਾਰ ਹੀ ਖੜ੍ਹ ਗਿਆ ਸੀ। ਜਿਵੇਂ ਉਸ ਨੂੰ ਜਾਪਿਆ ਹੋਵੇ ਕਿ ਜੋ ਕੋਈ ਵੀ ਹੈ ਅੰਦਰ ਹੈ ਤੇ ਬਾਹਰ ਇਸ ਵੇਲੇ ਕੋਈ ਨਹੀਂ। ਜਾਂ ਉਸ ਨੇ ਵਕਤ ਹੀ ਉਹ ਚੁਣਿਆ ਸੀ ਜਦੋਂ ਸਭ ਦਾ ਧਿਆਨ ਕੇਕ ਵੱਲ ਹੋਵੇਗਾ। ਉਹ ਖੜੋ ਗਿਆ ਤਾਂ ਕਰਤਾਰ ਉਸ ਤੋਂ ਜ਼ਰਾ ਕੁ ਉਹਲੇ ਹੋ ਕੇ ਉਸ ਦੇ ਪਿੱਛੇ ਖੜ੍ਹ ਗਿਆ। ਸਾਹਮਣੇ ਵੀਹ ਕੁ ਫੁੱਟ ਦੀ ਦੂਰੀ 'ਤੇ ਮੇਜ਼ ਉੱਪਰ ਕੇਕ ਪਿਆ ਸੀ ਤੇ ਇਸ ਵੇਲੇ ਗਿੰਨੀ ਅਤੇ ਕਰਮੀ ਕੇਕ ਕੱਟਣ ਵਿਚ ਮਸ਼ਰੂਫ ਸਨ। ਇੰਨੇ ਨੂੰ ਦਰਸ਼ਣ ਨੇ ਕੋਟ 'ਚੋਂ ਬਾਂਹ ਬਾਹਰ ਕੱਢੀ ਤੇ ਕੇਕ ਵੱਲ ਸਿੰਨ ਕੇ ਪਿਸਤੌਲ ਨਾਲ ਫਾਇਰ ਮਾਰਿਆ। ਖੜਕਾ ਸੁਣ ਕੇ ਲੋਕ ਇੱਧਰ ਉੱਧਰ ਝਾਕੇ ਤਾਂ ਉਦੋਂ ਨੂੰ ਕੋਟ ਪਾਸੇ ਕਰਦਿਆਂ ਦਰਸ਼ਣ ਨੇ, ਏ. ਆਰ. ਫਿਫਟੀਨ ਰਾਈਫਲ ਮੋਢਿਉਂ ਉਤਾਰ ਲਈ ਤੇ ਨਾਲ ਹੀ ਲਲਕਾਰਾ ਮਾਰਿਆ ਕਿ ਕੋਈ ਵੀ ਆਪਣੀ ਥਾਂ ਤੋਂ ਨਾ ਹਿੱਲੇ। ਸਾਰੇ ਪਾਸੇ ਚੁੱਪ ਛਾ ਗਈ। ਲੋਕ ਟੇਬਲਾਂ ਹੇਠਾਂ ਲੁਕ ਗਏ। ਕਰਤਾਰ ਵੀ ਥਾਂ 'ਤੇ ਹੀ ਟੇਬਲ ਹੇਠ ਨੂੰ ਹੋ ਗਿਆ। ਦਰਸ਼ਣ ਨੇ ਆਲੇ ਦੁਆਲੇ ਵੇਖਿਆ। ਧਰਮੀ ਤੇ ਹੈਦਰ ਅਸਲਮ, ਕਰਮੀ ਹੋਰਾਂ ਦੇ ਕੋਲ ਹੀ ਖੜ੍ਹੇ ਸਨ। ਉਹ ਧਰਮੀ ਵੱਲ ਵੇਖਦਾ ਲਲਕਾਰਿਆ,

"ਕਿਉਂ, ਤੂੰ ਈ ਸੀ ਨਾ ਜਿਸ ਨੇ ਮੇਰੇ ਭਰਾ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕੀਤਾ ਸੀ?"

ਧਰਮੀ ਕੰਬੀ ਜਾ ਰਹੀ ਸੀ। ਦਰਸ਼ਣ ਨੇ ਅੱਖ ਦੇ ਫੋਰ 'ਚ ਪਿੱਛੇ ਅਤੇ ਆਲੇ ਦੁਆਲੇ ਵੇਖਿਆ। ਉਹ ਪੱਕ ਕਰਨਾ ਚਾਹੁੰਦਾ ਸੀ ਕਿ ਕੋਈ ਉਸ ਨੂੰ ਪਿੱਛੋਂ ਹੀ ਨਾ ਚੰਬੜ ਜਾਵੇ। ਉਹ ਫਿਰ ਧਰਮੀ ਵੱਲ ਨੂੰ ਹੋਇਆ ਤੇ ਬੋਲਿਆ,

"ਤੈਨੂੰ ਨ੍ਹੀਂ ਕੁਛ ਕਹਿੰਦਾ ਪਰ ਤੈਨੂੰ ਜਿਉਂਦੀ ਨੂੰ ਮਾਰੂੰਗਾ। ਸਾਰੀ ਉਮਰ ਯਾਦ ਰੱਖੇਂਗੀ ਕਿ ਦਰਸ਼ਣ ਕੌਣ ਸੀ।" ਇੰਨਾ ਕਹਿੰਦਿਆਂ ਉਸ ਨੇ ਹੈਦਰ ਅਸਲਮ ਵੱਲ ਫਾਇਰ ਮਾਰਿਆ। ਹੈਦਰ ਗੇੜਾ ਖਾ ਕੇ ਮੂਧੇ ਮੂੰਹ ਜਾ ਪਿਆ। ਧਰਮੀ ਚੀਕ ਮਾਰਦਿਆਂ ਉਸ ਦੇ ਉੱਪਰ ਪੈ ਗਈ। ਫਿਰ ਦਰਸ਼ਣ ਨੇ ਗਿੰਨੀ ਵੱਲ ਵੇਖਦਿਆਂ ਕਿਹਾ,

"ਤੂੰ ਉਏ ਵੱਡਿਆ ਆਸ਼ਕਾ। ਮੇਰੀ ਘਰ ਵਾਲੀ ਨੂੰ ਮੈਥੋਂ ਖੋਹ ਰਿਹਾ ਸੀ। ਪਰ ਜਾਏਂਗਾ ਕਿੱਥੇ?" ਇਸ ਦੇ ਨਾਲ ਹੀ ਉਸ ਨੇ ਗਿੰਨੀ ਵੱਲ ਗੋਲੀ ਚਲਾਈ। ਗੋਲੀ ਲੱਗਦੇ ਸਾਰ ਉਹ ਧਾਹ ਦੇਣੇ ਡਿੱਗਿਆ। ਕਰਮੀ ਰੋਣ ਕੁਰਲਾਉਣ ਲੱਗੀ। ਦਰਸ਼ਣ ਨੇ ਉਸ ਵੱਲ ਰਾਈਫ਼ਲ

ਸਿੰਨ ਲਈ। ਉਦੋਂ ਹੀ ਉਸ ਦੀਆਂ ਦੋਨੋਂ ਕੁੜੀਆਂ ਡਰਦੀਆਂ ਮਾਂ ਨੂੰ ਚੰਬੜ ਗਈਆਂ। ਇਕ ਨੇ ਕਰਮੀ ਦਾ ਸੱਜਾ ਹੱਥ ਫੜ ਲਿਆ ਤੇ ਦੂਸਰੀ ਨੇ ਖੱਬਾ। ਦਰਸ਼ਣ ਨੇ ਸਿੰਨ੍ਹੀ ਹੋਈ ਰਾਈਫ਼ਲ ਪਾਸੇ ਕਰ ਲਈ ਤੇ ਫਿਰ ਆਪਦੀਆਂ ਧੀਆਂ ਵੱਲ ਝਾਕਿਆ। ਉਸ ਨੇ ਫਿਰ ਤੋਂ ਰਾਈਫ਼ਲ ਕਰਮੀ ਵੱਲ ਕੀਤੀ। ਪਰ ਦਰਸ਼ਣ ਦੀਆਂ ਧੀਆਂ ਵੀ ਗੋਲੀ ਦੀ ਮਾਰ 'ਚ ਆ ਰਹੀਆਂ ਸਨ। ਫਿਰ ਉਸ ਨੇ ਕਰਮੀ ਵੱਲੋਂ ਹਟਾ ਕੇ ਬੰਦੂਕ ਦੀ ਨਾਲ ਉੱਪਰ ਨੂੰ ਕਰਦਿਆਂ ਗੋਲੀ ਚਲਾ ਦਿੱਤੀ ਜੋ ਛੱਤ 'ਚ ਜਾ ਵੱਜੀ। ਉਸ ਨੇ ਆਲੇ ਦੁਆਲੇ ਵੇਖਿਆ। ਇਸ ਵੇਲੇ ਕੋਈ ਵੀ ਵਿਖਾਈ ਨਹੀਂ ਦੇ ਰਿਹਾ ਸੀ। ਸਭ ਟੇਬਲਾਂ ਹੇਠਾਂ ਛੁੱਪ ਗਏ ਸਨ। ਦਰਸ਼ਣ ਨੇ ਅੰਧਾ ਧੁੰਦ ਫਾਇਰਿੰਗ ਕੀਤੀ। ਫਿਰ ਉਹ ਥੋੜ੍ਹਾ ਸੱਜੇ ਵੱਲ ਨੂੰ ਹੋਇਆ। ਨੇੜਲੇ ਟੇਬਲ ਹੇਠਾਂ ਨਿੰਦੀ ਤੇ ਏਕਾਂਤ ਲੁਕੇ ਹੋਏ ਸਨ। ਨਿੰਦੀ ਵੱਲ ਵੇਖਦਿਆਂ ਉਹ ਚੀਕਿਆ,

"ਤੂੰ ਵੀ ਇਨ੍ਹਾਂ 'ਚੋਂ ਈ ਐਂ। ਅੱਜ ਤੁਹਾਡਾ ਕੋੜਮਾ ਖ਼ਤਮ ਕਰ ਕੇ ਹੀ ਹਟੂੰਗਾ।" ਇਸ ਦੇ ਨਾਲ ਹੀ ਉਸ ਨੇ ਨਿੰਦੀ ਦੇ ਟੇਬਲ ਵੱਲ ਗੋਲੀ ਚਲਾਈ। ਗੋਲੀ ਏਕਾਂਤ ਦੇ ਲੱਗੀ। ਨਿੰਦੀ ਉਸ ਵੱਲ ਨੂੰ ਹੋਈ ਤਾਂ ਉਸ ਨੇ ਫਿਰ ਕਈ ਗੋਲੀਆਂ ਚਲਾਈਆਂ। ਗੋਲੀਆਂ ਕਿਸੇ ਦੇ ਲੱਗਣ ਦੀ ਬਜਾਇ ਸਾਹਮਣੇ ਕੰਧ 'ਚ ਜਾ ਵੱਜੀਆਂ। ਪਰ ਸ਼ਾਇਦ ਉਹ ਨਿੰਦੀ ਦੇ ਗੋਲੀ ਮਾਰਨੀ ਚਾਹੁੰਦਾ ਸੀ। ਉਸ ਨੇ ਆਲੇ ਦੁਆਲੇ ਨਜ਼ਰ ਘੁਮਾਈ। ਉਸ ਨੂੰ ਕੋਈ ਵੀ ਖੜ੍ਹਾ ਨਾ ਦਿੱਸਿਆ। ਉਹ ਦੋ ਕਦਮ ਤੁਰਦਾ ਨਿੰਦੀ ਦੇ ਟੇਬਲ ਦੇ ਨੇੜੇ ਹੋ ਗਿਆ। ਉਸ ਨੇ ਰਾਈਫ਼ਲ ਸਿੰਨ੍ਹੀ ਹੀ ਸੀ ਕਿ ਪਿੱਛੋਂ ਕਰਤਾਰ ਉਸ 'ਤੇ ਝਪਟਿਆ। ਕਰਤਾਰ ਨੇ ਦਰਸ਼ਣ ਨੂੰ ਹੇਠਾਂ ਸੁੱਟ ਲਿਆ। ਉਸਦੀ ਰਾਈਫਲ ਹੱਥੋਂ ਛੁੱਟ ਗਈ ਸੀ। ਹੁਣ ਉਹ ਹੇਠਾਂ ਅਤੇ ਕਰਤਾਰ ਉੱਪਰ ਸੀ। ਹੇਠਾਂ ਪਿਆਂ ਹੀ ਦਰਸ਼ਣ ਨੇ ਕੋਟ ਦੀ ਸੱਜੀ ਜੇਬ 'ਚੋਂ ਪਿਸਤੌਲ ਕੱਢਿਆ ਤੇ ਗੋਲੀ ਕਰਤਾਰ ਦੇ ਸਿਰ 'ਚ ਮਾਰੀ। ਕਰਤਾਰ ਦੀ ਪਕੜ ਢਿੱਲੀ ਪੈ ਗਈ ਤੇ ਦਰਸ਼ਣ ਹੇਠੋਂ ਨਿਕਲ ਆਇਆ। ਉਹ ਫਿਰ ਤੋਂ ਰਾਈਫ਼ਲ ਚੁੱਕਣ ਲਈ ਅਹੁਲਿਆ। ਉਦੋਂ ਨੂੰ ਗੇਟ ਵੱਲੋਂ ਆਵਾਜ਼ ਆਈ,

"ਫਰੀਜ਼ ਰਾਈਟ ਦੇਅਰ। ਹਥਿਆਰ ਸੁੱਟ ਦੇ। ਜਿੱਥੇ ਐਂ ਉੱਥੇ ਹੀ ਖੜ੍ਹਾ ਰਹਿ।" ਇਹ ਪੁਲਸ ਅਫ਼ਸਰ ਸੀ। ਕਿਸੇ ਦੁਆਰਾ ਕੀਤੀ ਕਾਲ ਕਰਕੇ ਪੁਲਸ ਪਹੁੰਚ ਗਈ ਸੀ। ਪਰ ਦਰਸ਼ਣ ਰੁਕਿਆ ਨਹੀਂ। ਉਸ ਨੇ ਰਾਈਫ਼ਲ ਚੁੱਕਦਿਆਂ ਪੁਲਸ ਵੱਲ ਗੋਲੀ ਚਲਾਈ। ਗੋਲੀ ਪੁਲਸ ਵਾਲੇ ਦੀ ਛਾਤੀ 'ਚ ਵੱਜੀ। ਪਰ ਉਸ ਦੇ ਬੁਲਟ ਪਰੂਫ ਜੈਕਟ ਪਾਈ ਹੋਈ ਸੀ ਇਸ ਕਰਕੇ ਉਸ ਦਾ ਕੁਝ ਨਾ ਵਿਗੜਿਆ। ਪੁਲਸ ਵਾਲੇ ਵੱਲ ਗੋਲੀ ਚਲਾਉਣ ਪਿੱਛੋਂ ਕੁਝ ਹੀ ਛਿਣ ਬੀਤੇ ਸਨ ਕਿ ਕਿਸੇ ਹੋਰ ਖੂੰਝੇ 'ਚੋਂ ਆਈ ਪੁਲਸ ਵਾਲੇ ਦੀ ਗੋਲੀ ਦਰਸ਼ਣ ਦੇ ਸਿਰ 'ਚੋਂ ਆਰ ਪਾਰ ਹੋ ਗਈ। ਉਹ ਮੂਧੇ ਮੂੰਹ ਡਿੱਗਿਆ। ਉਸਦੀ ਰਾਈਫ਼ਲ ਇਕ ਪਾਸੇ ਜਾ ਡਿੱਗੀ। ਸਪੈਸ਼ਲ ਪੁਲਸ ਦਸਤਾ ਅਗਾਂਹ ਵਧਿਆ। ਉਨ੍ਹਾਂ ਦਰਸ਼ਣ ਨੂੰ ਹਿਲਾ ਜੁਲਾ ਕੇ ਵੇਖਿਆ। ਉਹ ਖ਼ਤਮ ਸੀ। ਫਿਰ ਫਟਾ ਫਟ ਐਮਰਜੈਂਸੀ ਦਰਵਾਜ਼ੇ ਖੋਲ੍ਹ ਦਿੱਤੇ ਗਏ ਤੇ ਪੁਲਸ ਵਾਲੇ ਸਭ ਨੂੰ ਬਾਹਰ ਕੱਢਣ ਲੱਗੇ। ਹੁਣ ਅੰਦਰ ਸਿਰਫ਼ ਉਹ ਰਹਿ ਗਏ ਸਨ ਜਿਨ੍ਹਾਂ ਦੇ ਗੋਲੀਆਂ ਵੱਜੀਆਂ ਸਨ। ਕਈ ਐਂਬੂਲੈਂਸਾਂ ਬਾਹਰ ਆ ਖੜੋਤੀਆਂ ਸਨ। ਉਹ ਮਰੀਜ਼ਾਂ ਨੂੰ ਸੰਭਾਲਣ ਲੱਗੇ। ਨਿੰਦੀ ਦੀ ਬਾਂਹ 'ਚ ਗੋਲੀ ਲੱਗੀ ਸੀ ਜੋ ਕਿ ਖ਼ਤਰਨਾਕ ਨਹੀਂ ਸੀ ਤੇ ਨਾ ਹੀਂ ਏਕਾਂਤ ਖ਼ਤਰੇ 'ਚ ਸੀ। ਉਨ੍ਹਾਂ ਨੂੰ ਐਂਬੁਲੈਂਸ ਵਾਲੇ ਸਟਰੈਚਰ 'ਤੇ ਪਾ ਕੇ ਬਾਹਰ ਲੈ ਗਏ।



ਕਰਤਾਰ ਨੂੰ ਵੀ ਸਟਰੈਚਰ 'ਤੇ ਪਾ ਲਿਆ ਪਰ ਉਹ ਦਮ ਤੋੜ ਚੁੱਕਿਆ ਸੀ। ਇਵੇਂ ਹੀ ਗਿੰਨੀ ਤੇ ਹੈਦਰ ਅਸਲਮ ਵੀ ਮਾਰੇ ਜਾ ਚੁੱਕੇ ਸਨ। ਕਰਮੀ ਦੇ ਹੱਥ 'ਚ ਗੋਲੀ ਲੱਗੀ ਸੀ। ਇਸ ਤੋਂ ਬਿਨਾ ਹਾਲ 'ਚ ਚਾਰ ਜਣੇ ਹੋਰ ਮਾਰੇ ਗਏ ਸਨ। ਜ਼ਖਮੀਆਂ ਦੀ ਗਿਣਤੀ ਬੀਹ ਦੇ ਕਰੀਬ ਸੀ। ਪੁਲਸ ਦਾ ਇਕ ਸਪੈਸ਼ਲ ਦਸਤਾ ਅਗਾਂਹ ਆਇਆ ਤੇ ਉਨ੍ਹਾਂ ਸਬੂਤ ਵਗੈਰਾ ਸੰਭਾਲਣ ਦੇ ਮੰਤਵ ਨਾਲ ਦਰਸ਼ਣ ਦੀ ਰਾਈਫ਼ਲ ਅਤੇ ਪਿਸਟਲ ਸਹੀ ਢੰਗ ਨਾਲ ਸੰਭਾਲ ਲਏ। ਦਰਸ਼ਣ ਦਾ ਮਿਰਤਕ ਸਰੀਰ ਵੀ ਐਂਬੂਲੈਂਸ ਵਾਲੇ ਲੈ ਗਏ। ਸਾਰਿਆਂ ਨੂੰ ਬਾਹਰ ਕੱਢਣ ਪਿੱਛੋਂ ਪੁਲਸ ਨੇ ਬਰੀਕੀ ਨਾਲ ਅੰਦਰ ਨਰੀਖਣ ਕੀਤਾ। ਹਰ ਪਾਸੇ ਖੂੰਨ ਹੀ ਖੂੰਨ ਸੀ।

---

**ਪੰਨਾ ਨੰ. 95 ਦਾ ਬਾਕੀ**

## ਸਹਾਇਕ ਪੁਸਤਕਾਂ:

ਸੁਰਿੰਦਰਪਾਲ ਸਿੰਘ(ਸੰਪਾ.),ਪਰਵਾਸੀ ਸਾਹਿਤ:ਵਿਚਾਰ ਚਰਚਾ, ਰਵੀ ਸਾਹਿਤ ਪ੍ਰਕਾਸ਼ਨ,ਅੰਮ੍ਰਿਤਸਰ,1999.

ਸੇਖੋਂ,ਜੀ.ਬੀ.(ਪ੍ਰੋ.),(ਸੰਪਾ.),ਹਰਜੀਤ ਅਟਵਾਲ ਦਾ ਨਾਵਲ ਸੰਸਾਰ, ਸੰਗਮ ਪਬਲੀਕੇਸ਼ਨਜ਼,ਸਮਾਣਾ,2012.

ਸੰਧੂ, ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ,2005.

ਚਹਿਲ, ਹਰਮਹਿੰਦਰ, ਨਵਯੁਗ, ਸੰਗਮ ਪਬਲੀਕੇਸ਼ਨਜ਼, ਸਮਾਣਾ,ਪਟਿਆਲਾ, 2021.

ਜਗਦੀਪ ਸਿੰਘ (ਡਾ.), ਪਰਵਾਸੀ ਪੰਜਾਬੀ ਸਾਹਿਤ ਪੁਨਰ-ਸੰਵਾਦ, ਅਲਕਾ ਸਾਹਿਤ ਸਦਨ, ਅੰਮ੍ਰਿਤਸਰ,2006.

ਮਾਂਗਟ, ਜਸਵਿੰਦਰ ਕੌਰ(ਡਾ.),ਪੰਜਾਬੀ ਡਾਇਸਪੋਰਾ,22ਵੀਂਅੰਤਰਾਰਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ,(1-3ਫਰਵਰੀ,2006).

ਲਹਿਰੀ, ਰਾਜਿੰਦਰ(ਡਾ.), ਸਮਕਾਲੀ ਪੰਜਾਬੀ ਸਾਹਿਤ ਸਰੋਕਾਰ ਤੇ ਸੰਭਾਵਨਾਵਾਂ, ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,16-17ਨਵੰਬਰ,2011.

ਲਾਂਬਾ, ਰਾਜਿੰਦਰ ਸਿੰਘ (ਡਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ40-ਸਤੰਬਰ, 1994.

ਰਾਜਿੰਦਰ ਪਾਲ ਸਿੰਘ (ਡਾ.), ਪੰਜਾਬੀ ਡਾਇਸਪੋਰਾ ਸਾਹਿਤ ਅਤੇ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਰਾਜਿੰਦਰ ਪਾਲ ਸਿੰਘ(ਡਾ.),ਵਰਮਾ ਸਤੀਸ਼ ਕੁਮਾਰ,ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਅੰਤਰਰਾਸ਼ਟਰੀ ਸਰੋਕਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

## ਨਵਯੁਗ ਲਿਖਦਿਆਂ ਹੋਇਆਂ/ਹਰਮਹਿੰਦਰ ਚਹਿਲ

ਜਦੋਂ ਹੀ ਕਿਧਰੇ ਇਕੱਠ ਬਗੈਰਾ ਵਿਚ ਦੋਸਤਾਂ ਮਿੱਤਰਾਂ ਜਾਂ ਜਾਣ-ਪਛਾਣ ਵਾਲਿਆਂ ਨਾਲ ਮੁਲਾਕਾਤ ਹੁੰਦੀ ਹੈ ਤਾਂ ਆਮ ਸਾਧਾਰਣ ਗੱਲਾਂ ਬਾਅਦ ਗੱਲਬਾਤ ਇੱਕੋ ਵਿਸ਼ੇ ਵੱਲ ਮੁੜ ਪੈਂਦੀ ਹੈ। ਉਹ ਇਹ ਕਿ ਮੁੰਡੇ (ਜਾਂ ਕੁੜੀ) ਦਾ ਵਿਆਹ ਕਦੋਂ ਕਰ ਰਹੇ ਹੋ। ਜੇਕਰ ਬੱਚਾ ਕੋਲ ਖੜ੍ਹਾ ਹੋਵੇ ਤਾਂ ਦੋਸਤ ਮਿੱਤਰ ਉਸ ਵੱਲ ਸਿੱਧਾ ਹੀ ਸੁਆਲ ਦਾਗ ਦਿੰਦੇ ਹਨ, 'ਹਾਂ ਬਈ, ਫਿਰ ਵਿਆਹ ਕਦੋਂ ਵਿਖਾ ਰਹੇ ਹੋ ?'। ਇਹ ਵਰਤਾਰਾ ਆਮ ਹੈ। ਖਾਸ ਤੌਰ 'ਤੇ ਐਤਵਾਰ ਨੂੰ ਗੁਰਦਵਾਰੇ ਬਹੁਤ ਦੋਸਤ ਮਿਲ ਜਾਂਦੇ ਹਨ, ਜੋ ਇਕ ਦੂਜੇ ਨੂੰ ਉਪਰੋਕਤ ਸੁਆਲ ਕਰਦੇ ਹਨ। ਜਦੋਂ ਅੱਗੋਂ ਜੁਆਬ ਮਿਲਦਾ ਹੈ ਕਿ ਭਾਈ ਅੱਜ ਕੱਲ੍ਹ ਦੇ ਬੱਚੇ ਮਰਜ਼ੀ ਕਰਦੇ ਹਨ ਕੀ ਕਹਿ ਸਕਦੇ ਹਾਂ ਤਾਂ ਅਗਲਾ ਵੀ ਇਹੋ ਗੱਲ ਦੁਹਰਾਉਂਦਿਆਂ ਕਹਿੰਦਾ ਹੈ, 'ਸਾਡੇ ਨਿਆਣੇ ਤਾਂ ਆਪ ਵਿਆਹ ਦੀ ਗੱਲ ਸੁਣਦਿਆਂ ਹੀ ਭੜਕ ਉੱਠਦੇ ਨੇ। ਕਹਿੰਦੇ ਨੇ ਤੁਹਾਨੂੰ ਸਾਰਾ ਦਿਨ ਇੱਕੋ ਗੱਲ ਸੁਝਦੀ ਐ ਕਿ ਵਿਆਹ ਕਦੋਂ ਕਰਵਾਉਣਾ ਐ।' ਕਈ ਦੋਸਤ ਤਾਂ ਫੋਨ ਕਰਦਿਆਂ ਇਕ ਦੂਜੇ ਕੋਲ ਰੋਣੇ ਰੋਂਦੇ ਹਨ ਕਿ ਜੁਆਕ ਤੀਹਾਂ ਤੋਂ ਉੱਪਰ ਦੇ ਹੋ ਗਏ ਤੇ ਹਾਲੇ ਤੱਕ ਵਿਆਹ ਦਾ ਨਾਂ ਤੱਕ ਨਹੀਂ ਲੈਂਦੇ। ਜੇਕਰ ਬੱਚਿਆਂ ਨੂੰ ਸਿੱਧਾ ਪੁੱਛੀਏ ਤਾਂ ਉਹ ਕਹਿੰਦੇ ਹਨ ਕਿ ਕੀ ਵਿਆਹ ਕਰਵਾਉਣਾ ਹੀ ਜ਼ਿੰਦਗੀ ਹੈ। ਕਈ ਵਾਰੀ ਉਹ ਜ਼ਿਆਦਾ ਤਲਖ ਹੁੰਦਿਆਂ ਘਰਦਿਆਂ ਨੂੰ ਝਾੜ ਵੀ ਦਿੰਦੇ ਹਨ, 'ਜੇਕਰ ਮੈਨੂੰ ਵਾਰ ਵਾਰ ਵਿਆਹ ਦੀ ਗੱਲ ਛੇੜ ਕੇ ਤੰਗ ਕਰਨੋਂ ਬੰਦ ਨਾ ਕੀਤਾ ਤਾਂ ਮੈਂ ਕਿਧਰੇ ਵੱਖਰੇ ਰਹਿਣ ਦਾ ਪ੍ਰਬੰਧ ਕਰ ਲੈਣਾ ਹੈ।'

ਲੰਬੇ ਸਮੇਂ ਤੋਂ ਉਪਰੋਕਤ ਵਰਤਾਰੇ ਵਿੱਚੋਂ ਲੰਘਦਿਆਂ ਮਨ ਅੰਦਰ ਜਗਿਆਸਾ ਉੱਠਦੀ ਰਹੀ ਕਿ ਇਹ ਇਕ ਵੱਡਾ ਮਸਲਾ ਹੈ। ਇਸ ਬਾਰੇ ਲਿਖਣਾ ਚਾਹੀਦਾ ਹੈ। ਕਿ ਅੱਜ ਕੱਲ੍ਹ ਦੇ ਬੱਚੇ ਵਿਆਹ ਬੰਧਨ ਤੋਂ ਪਾਸਾ ਕਿਉਂ ਵੱਟ ਰਹੇ ਹਨ। ਜਦੋਂ ਕਿਸੇ ਬੱਚੇ ਨੂੰ ਪੁੱਛੋ ਕਿ ਜੀਵਨ ਸਾਥੀ ਤੋਂ ਬਿਨਾਂ ਜ਼ਿੰਦਗੀ ਸੰਭਵ ਨਹੀਂ ਹੁੰਦੀ ਤੇ ਕੁਦਰਤ ਦਾ ਨਿਯਮ ਵੀ ਇਹੋ ਹੈ ਤਾਂ ਅੱਗੋਂ ਇਸਦਾ ਜੁਆਬ ਵੀ ਬੜਾ ਢੁਕਵਾਂ ਮਿਲਦਾ ਹੈ। ਬੱਚਾ ਕਹਿੰਦਾ ਹੈ, 'ਇਸ ਵਿਚ ਕਿਹੜੀ ਵੱਡੀ ਗੱਲ ਐ। ਮੇਰੀ ਗਰਲ ਫਰੈਂਡ ਐ ਤੇ ਵਧੀਆ ਆਨੰਦਮਈ ਜ਼ਿੰਦਗੀ ਲੰਘ ਰਹੀ ਐ। ਜੇਕਰ ਉਸ ਨਾਲ ਵਿਗੜ ਜਾਵੇ ਤਾਂ ਜਦੋਂ ਮਰਜ਼ੀ ਤੋੜ ਵਿਛੋੜਾ ਕਰ ਕੇ ਸਾਥੀ ਹੋਰ ਲੱਭ ਲਵੋ। ਸੋ ਜਦੋਂ ਸਾਥੀ ਵਾਲਾ ਮਸਲਾ ਬਿਨਾਂ ਵਿਆਹ ਤੋਂ ਈ ਹੱਲ ਹੋ ਰਿਹਾ ਐ ਤਾਂ ਵਿਆਹ ਬੰਧਨ 'ਚ ਕੈਦ ਹੋਣ ਦੀ ਕੀ ਲੋੜ ਐ।'

ਇਕ ਪਛਾਣ ਵਾਲਾ ਦੋਸਤ ਸ਼ੁਰੂ ਤੋਂ ਆਪਣੇ ਵਿਚਾਰ ਲੈ ਕੇ ਚੱਲ ਰਿਹਾ ਸੀ। ਉਸਦਾ ਕਹਿਣਾ ਸੀ, 'ਇਸ ਤੋਂ ਪਹਿਲਾਂ ਕਿ ਬੱਚੇ ਪਕੇਰ੍ਹ ਹੋਣ, ਉਨ੍ਹਾਂ ਨੂੰ ਵਿਆਹ ਦਿਉ। ਅੱਗੋਂ ਬੱਚੇ ਹੋ ਜਾਣਗੇ ਤਾਂ ਆਪੇ ਘਰ ਬੰਨ ਕੇ ਜ਼ਿੰਦਗੀ ਸ਼ੁਰੂ ਕਰ ਦੇਣਗੇ।' ਉਸਨੇ ਇਹ ਗੱਲ ਆਪਣੇ ਘਰੇ ਵੀ ਅਮਲ 'ਚ ਲਿਆਂਦੀ। ਮੁੰਡਾ ਅਤੇ ਕੁੜੀ ਦੇ ਯੂਨੀਵਰਸਿਟੀ ਪੂਰੀ ਕਰਦਿਆਂ ਹੀ ਉਨ੍ਹਾਂ ਨੂੰ ਵਿਆਹ ਦਿੱਤਾ। ਉਨ੍ਹਾਂ ਦੇ ਅੱਗੋਂ ਬੱਚੇ ਵੀ ਹੋ ਗਏ। ਉਹ ਬੜਾ ਖੁਸ਼ ਸੀ ਤੇ ਆਪਣੇ ਪੋਤਰਿਆਂ, ਦੋਹਤਰਿਆਂ ਨੂੰ ਖਿਡਾਉਂਦਾ ਜ਼ਿੰਦਗੀ ਦਾ ਆਨੰਦ ਮਾਣ ਰਿਹਾ ਸੀ। ਪਰ ਇਹ ਆਨੰਦ ਥੋੜ ਚਿਰਾ ਰਿਹਾ। ਕੁਝ ਹੀ ਵਕਤ ਬਾਅਦ ਮੁੰਡੇ ਅਤੇ ਕੁੜੀ ਦੋਨਾਂ ਦਾ ਜੀਵਨ ਸਾਥੀਆਂ ਨਾਲੋਂ ਤੋੜ ਵਿਛੋੜਾ ਹੋ



ਗਿਆ। ਅੱਗੇ ਤਲਾਕ ਹੋ ਗਏ ਤੇ ਦੋਨੋਂ ਆਪਣੇ ਬੱਚਿਆਂ ਸਮੇਤ ਉਸਦੇ ਘਰ ਆ ਬੈਠੇ। ਇਸ ਨਾਲ ਦੋਸਤ ਅਤੇ ਉਸਦੀ ਘਰਵਾਲੀ ਮਾਨਸਿਕ ਤੌਰ 'ਤੇ ਬਹੁਤ ਪਰੇਸ਼ਾਨ ਹੋ ਗਏ। ਦੋਸਤ ਸਿਆਣਾ ਸੀ ਤੇ ਉਸਨੇ ਹਰ ਜਾਣਨ ਵਾਲੇ ਨੂੰ ਕਹਿਣਾ ਕਿ ਕਿਸੇ ਵੀ ਬੱਚੇ ਦਾ ਧੱਕੇ ਨਾਲ ਵਿਆਹ ਨਾ ਕਰਿਉ।

ਇੱਥੇ ਵਰਜੀਨੀਆਂ ਵਿਚ ਸਾਡੀ ਇਕ ਸੰਸਥਾ ਹੈ ਜੋ ਕਿ ਸਾਲ 'ਚ ਦੋ ਚੌਂਹ ਵਾਰ ਪੰਜਾਬੀ ਮੇਲੇ ਜਾਂ ਫੰਕਸ਼ਨ ਆਦਿ ਕਰਵਾਉਂਦੀ ਹੈ। ਉਸਦੀ ਮੈਨੇਜਮੈਂਟ ਵਿਚ ਮੈਂ ਵੀ ਹਾਂ। ਸਾਡੀ ਸੱਤ ਮੈਂਬਰੀ ਮੈਨੇਜਮੈਂਟ ਕਮੇਟੀ ਵਿਚ ਇਕ ਮੁੰਡਾ ਨਿੱਪੀ ਹੈ ਜੋ ਕਿ ਤੀਹਾਂ ਕੁ ਦੀ ਉਮਰ ਦਾ ਹੈ ਅਤੇ ਅਮਰੀਕਾ ਜਾ ਜੰਮਿਆਂ ਪਲਿਆ ਹੈ। ਉਸਦਾ ਸ਼ੌਕ ਗਾਇਕਾਂ ਦੇ ਪ੍ਰੋਗਰਾਮ ਬਗੈਰਾ ਕਰਵਾਉਣਾ ਹੈ। ਇਸੇ ਕਰਕੇ ਉਹ ਸਾਡੇ ਨਾਲ ਜੁੜਿਆ ਹੋਇਆ ਹੈ। ਇਕ ਵਾਰ ਉਸਨੇ ਘਰ ਪਾਰਟੀ 'ਤੇ ਬੁਲਾ ਲਿਆ। ਪਾਰਟੀ ਵਿਚ ਸਿਰਫ ਮੈਨੇਜਮੈਂਟ ਦੇ ਸੱਤ ਮੈਂਬਰ ਹੀ ਸਨ। ਉੱਥੇ ਜਾ ਕੇ ਪਤਾ ਲੱਗਿਆ ਕਿ ਉਹ ਪਾਰਟੀ ਕਿਸ ਗੱਲ ਦੀ ਦੇ ਰਿਹਾ ਹੈ। ਦੋ ਦਿਨ ਪਹਿਲਾਂ ਹੀ ਉਸ ਦਾ ਤਲਾਕ ਹੋਇਆ ਸੀ ਤੇ ਉਹ ਇਸੇ ਖੁਸ਼ੀ ਵਿਚ ਪਾਰਟੀ ਦੇ ਰਿਹਾ ਸੀ। ਕੁਝ ਕੁ ਗੱਲਾਂ ਤਾਂ ਉਸਨੇ ਪਾਰਟੀ ਦੌਰਾਨ ਹੀ ਸਾਂਝੀਆਂ ਕਰ ਦਿੱਤੀਆਂ। ਪਿੱਛੋਂ ਮੈਂ ਆਪਣੇ ਨਾਵਲ ਵਾਸਤੇ ਮਸਾਲਾ ਇਕੱਠਾ ਕਰਨ ਲਈ ਨਿੱਪੀ ਨਾਲ ਰਾਬਤਾ ਵਧਾ ਲਿਆ। ਮੌਕੇ ਮੌਕੇ ਉਸ ਨਾਲ ਗੱਲ ਕਰਦਾ ਰਹਿੰਦਾ। ਜੋ ਕੁਝ ਉਸਨੇ ਦੱਸਿਆ ਉਹ ਇਸ ਪ੍ਰਕਾਰ ਸੀ...

ਨਿੱਪੀ ਦਾ ਪਿਉ ਇੱਥੇ ਦੇ ਕਲਚਰ ਵਿਚ ਪਰਵਾਨ ਚੜ੍ਹਿਆ ਪਰ ਉਸਦੇ ਮਨ ਮਸਤਕ ਵਿਚੋਂ ਪੰਜਾਬੀ ਸੱਭਿਆਚਾਰ ਕਦੇ ਨਾ ਨਿਕਲ ਸਕਿਆ। ਕਿਸੇ ਮੌਕੇ ਉਸਨੇ ਨਿੱਪੀ ਨੂੰ ਆਪਣੇ ਪ੍ਰਭਾਵ ਵਿਚ ਲੈ ਕੇ ਜਾਂ ਇਮੋਸ਼ਨਲ ਕਰਦਿਆਂ ਉਸਨੂੰ ਵਿਆਹ ਲਈ ਮਨਾ ਲਿਆ। ਨਿੱਪੀ ਨੇ ਹਾਲੇ ਯੂਨੀਵਰਸਿਟੀ ਵੀ ਪੂਰੀ ਨਹੀਂ ਕੀਤੀ ਸੀ ਕਿ ਉਸਦਾ ਵਿਆਹ ਕਰ ਦਿੱਤਾ ਗਿਆ। ਵਿਆਹ ਵੀ ਇੰਡੀਆ ਲਿਜਾ ਕੇ ਕੀਤਾ। ਅੱਗੋਂ ਉਸਦੇ ਘਰ ਬੱਚਾ ਵੀ ਹੋ ਗਿਆ। ਉਸਦੀ ਘਰਵਾਲੀ ਸੋਹਣੀ ਸੁਣੱਖੀ ਤੇ ਚੰਗੀ ਪੜ੍ਹੀ ਲਿਖੀ ਸੀ। ਪਰ ਦੋਨੋਂ ਵੱਖੋ ਵੱਖਰੇ ਸਮਾਜਕ ਹਾਲਾਤ ਵਿਚ ਨੇਪਰੇ ਚੜ੍ਹੇ ਸਨ ਇਸ ਕਰਕੇ ਉਨ੍ਹਾਂ ਵਿਚਕਾਰ ਉਹ ਰਿਸ਼ਤਾ ਨਾ ਬਣ ਸਕਿਆ ਜੋ ਕਿ ਪਤੀ ਪਤਨੀ ਵਿਚ ਬਣਨਾ ਚਾਹੀਦਾ ਹੈ। ਫਿਰ ਜਦੋਂ ਨਿੱਪੀ ਥੋੜ੍ਹਾ ਮਚਿਉਅਰ ਹੋਇਆ ਤਾਂ ਉਸਨੇ ਆਲੇ ਦੁਆਲੇ ਵੱਲ ਵੇਖਿਆ। ਉਸਦੇ ਸੰਗੀ ਸਾਥੀ ਇਕੱਲੇ ਰਹਿੰਦਿਆਂ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਸਨ। ਕਿਸੇ ਨੂੰ ਨਾ ਘਰ ਦਾ ਫਿਕਰ ਨਾ ਘਰਵਾਲੀ ਦਾ ਤੇ ਨਾ ਹੀ ਬੱਚਿਆਂ ਦਾ। ਇਹ ਸਭ ਵੇਖਦਿਆਂ ਨਿੱਪੀ ਦੇ ਅੰਦਰ ਇਕ ਹੀਣ ਭਾਵਨਾ ਜਿਹੀ ਜਾਗ ਉੱਠੀ ਕਿ ਉਸ ਦੇ ਪਿਉ ਨੇ ਉਸਦੀ ਛੋਟੀ ਉਮਰ ਜਾਂ ਕੱਚੀ ਸਮਝ ਦਾ ਨਜਾਇਜ਼ ਫਾਇਦਾ ਉਠਾਉਂਦਿਆਂ ਉਸਨੂੰ ਵਿਆਹ ਬੰਧਨ ਵਿਚ ਜਕੜ ਦਿੱਤਾ। ਇਸੇ ਹੀਣ ਭਾਵਨਾ 'ਚੋਂ ਉਸਦੀ ਜ਼ਿੰਦਗੀ ਦਾ ਰਾਹ ਬਦਲਣ ਲੱਗਿਆ। ਉਸਨੇ ਹੋਰਨਾਂ ਵਰਗੀ ਮਨਭਾਉਂਦੀ ਤੇ ਬਿਨਾ ਕਿਸੇ ਬੰਧਨ ਦੀ ਜ਼ਿੰਦਗੀ ਜਿਉਣ ਦਾ ਰਾਹ ਫੜ੍ਹ ਲਿਆ। ਬਾਹਰ ਕਿਧਰੇ ਕੋਈ ਦੋਸਤ ਬਣਾ ਲਈ। ਘਰੋਂ ਗੈਰਹਾਜ਼ਰ ਰਹਿਣ ਲੱਗਿਆ ਤਾਂ ਵਿਆਹ ਬੰਧਨ ਵਿਚ ਤਰੇੜ ਪੈਣ ਲੱਗੀ ਜੋ ਕਿ ਅੱਗੇ ਤਲਾਕ ਤੱਕ ਪਹੁੰਚ ਗਈ। ਤਲਾਕ ਸੌਖੀ ਨਹੀਂ ਸੀ। ਇਸ ਦਰਮਿਆਨ ਦੋਨਾਂ ਪਰਿਵਾਰਾਂ ਵਿਚ ਬੜੇ ਝਮੇਲੇ ਖੜ੍ਹੇ ਹੋਏ ਪਰ ਨਿੱਪੀ ਨੇ ਪੈਰ ਪਿਛਾਂਹ ਨਾ ਮੋੜਿਆ ਤੇ ਤਲਾਕ ਕਰਵਾ ਕੇ ਹੀ ਹਟਿਆ। ਇਸ ਪਿੱਛੋਂ ਉਸਨੇ ਇਕੱਲਿਆਂ ਅਪਾਰਟਮੈਂਟ ਲੈ

ਲਿਆ। ਵਧੀਆ ਕਾਰ ਤੇ ਮੌਜ ਮਸਤੀ ਲਈ ਮੋਟਰਸਾਈਕਲ ਰੱਖ ਲਿਆ। ਪੰਜ ਦਿਨ ਕੰਮ 'ਤੇ ਫਿਰ ਦੋ ਦਿਨ ਰੱਜ ਕੇ ਇਨਜੁਆਏ ਕਰਨਾ। ਸਾਲ ਵਿਚ ਦੋ ਵਾਰ ਛੁੱਟੀਆਂ, ਕਦੇ ਯੋਰਪ ਕਦੇ ਕਿਸੇ ਹੋਰ ਮੁਲਕ। ਇਸ ਵੇਲੇ ਉਹ ਕਿਸੇ ਵੱਡੀ ਕੰਪਨੀ 'ਚ ਚੰਗੀ ਨੌਕਰੀ ਕਰਦਿਆਂ ਬੜੀ ਵਧੀਆ ਜ਼ਿੰਦਗੀ ਬਤੀਤ ਕਰ ਰਿਹਾ ਹੈ। ਉਸ ਅਨੁਸਾਰ ਇਹ ਉਸਦੀ ਜ਼ਿੰਦਗੀ ਦਾ ਸੁਪਨਾ ਬਣ ਗਿਆ ਸੀ ਜੋ ਉਸਨੇ ਵਿਆਹ ਤੋੜਦਿਆਂ ਤੇ ਬੜੀਆਂ ਮੁਸ਼ਕਲਾਂ 'ਚੋਂ ਲੰਘਦਿਆਂ ਪੂਰਾ ਕੀਤਾ।

ਨਿੱਪੀ ਨਾਲ ਮੈਂ ਲਗਾਤਾਰ ਰਾਬਤੇ 'ਚ ਰਿਹਾ। ਮੈਨੂੰ ਮੇਰੇ ਅਗਲੇ ਨਾਵਲ ਦਾ ਮੁੱਖ ਕਿਰਦਾਰ ਨਿੱਪੀ ਵਿਚੋਂ ਦਿਸਦਾ ਸੀ। ਜਦੋਂ ਮੈਂ ਉਸਨੂੰ ਦੱਸਿਆ ਕਿ ਮੈਂ ਆਪਣੇ ਨਾਵਲ ਵਿਚ ਉਸਨੂੰ ਮੁੱਖ ਕਿਰਦਾਰ ਵਜੋਂ ਪੇਸ਼ ਕਰਨਾ ਚਾਹੁੰਦਾ ਹਾਂ ਤਾਂ ਉਸਨੇ ਬੜਾ ਹਾਂ ਪੱਖੀ ਜੁਆਬ ਦਿੰਦਿਆਂ ਕਿਹਾ, 'ਅੰਕਲ ਇਹ ਤਾਂ ਬਹੁਤ ਚੰਗੀ ਗੱਲ ਹੋਵੇਗੀ। ਮੈਂ ਤਾਂ ਸਗੋਂ ਖੁਦ ਚਾਹੁੰਨਾ ਆਂ ਕਿ ਮੇਰੀ ਹੱਡਬੀਤੀ ਤੋਂ ਹੋਰਨਾਂ ਦੇ ਮਾਪੇ ਸੇਧ ਲੈਣ ਤੇ ਬੱਚਿਆਂ ਦੇ ਰਾਹ 'ਚ ਰੋੜਾ ਅਟਕਾਉਣ ਦੀ ਬਜਾਇ ਉਨ੍ਹਾਂ ਨੂੰ ਮਨਭਾਉਂਦੀ ਜ਼ਿੰਦਗੀ ਬਤੀਤ ਕਰਨ ਦੇਣ।' ਫਿਰ ਮੈਨੂੰ ਉਹ ਨਵੀਂ ਪੀਹੜੀ ਦੇ ਸੁਪਨੇ, ਵਰਤ ਵਿਹਾਰ, ਤੇ ਹੋਰ ਬੜਾ ਕੁਝ ਮੌਕੇ ਮੌਕੇ ਦੱਸਦਾ ਰਹਿੰਦਾ ਸੀ। ਦੋ ਕੁ ਸਾਲ ਦੇ ਅਰਸੇ ਬਾਅਦ ਨਿੱਪੀ ਮੇਰੇ ਲਈ ਬੀਰਾ ਬਣ ਗਿਆ ਤੇ ਮੈਂ ਨਾਵਲ ਦੀ ਕਹਾਣੀ ਉਸੇ ਦੁਆਲੇ ਬੁਣਨੀ ਸ਼ੁਰੂ ਕਰ ਦਿੱਤੀ।

ਵਿਆਹ ਸ਼ਾਦੀਆਂ ਦੇ ਮਸਲੇ ਤੋਂ ਹੱਟ ਕੇ ਇਕ ਵਰਤਾਰਾ ਹੋਰ। ਮੇਰਾ ਵਡੇਰਾ ਪਰਿਵਾਰ ਹੈ। ਭੈਣ ਭਰਾ, ਅੱਗੋਂ ਰਿਸ਼ਤੇਦਾਰ ਤੇ ਉਨ੍ਹਾਂ ਦੇ ਹੋਰ ਸਬੰਧੀ। ਸਾਰਿਆਂ ਦੇ ਦਰਜਣ ਭਰ ਦੇ ਕਰੀਬ ਬੱਚੇ ਹਨ ਜੋ ਕਿ ਆਪਸੀ ਕਜ਼ਨ ਹਨ। ਕਮਾਲ ਦੀ ਗੱਲ ਕਿ ਇਹ ਸਾਰੇ ਬੱਚੇ ਸ਼ੁਰੂ ਤੋਂ ਹੀ ਆਪਸ ਵਿਚ ਜੁੜੇ ਹੋਏ ਹਨ। ਹੁਣ ਤਾਂ ਸਭ ਪੜ੍ਹਾਈਆਂ ਬਗੈਰਾ ਪੂਰੀਆਂ ਕਰਕੇ ਨੌਕਰੀਆਂ ਕਰ ਰਹੇ ਹਨ। ਇਨ੍ਹਾਂ ਦਾ ਵਟਸਐਪ ਗਰੁੱਪ ਹੈ ਜਿਸਦਾ ਨਾਮ ਹੈ 'ਕਜ਼ਨ ਗਰੁੱਪ'। ਦੋ ਕਜ਼ਨ ਜਾਣੀ ਕਿ ਵੱਡੇ ਭੈਣ ਭਰਾ, ਬੜੀਆਂ ਚੰਗੀਆਂ ਨੌਕਰੀਆਂ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਤੋਂ ਪਿਛਲੇ ਦੋ ਕੁ ਹੋਰਨਾਂ ਨੂੰ ਆਪਣੀਆਂ ਹੀ ਕੰਪਨੀਆਂ ਵਿਚ ਨੌਕਰੀਆਂ ਦੁਆਈਆਂ ਤੇ ਅੱਗੋਂ ਉਹ ਵੀ ਤਰੱਕੀ ਕਰ ਗਏ। ਇਸ ਤਰ੍ਹਾਂ ਵੱਡੇ, ਛੋਟਿਆਂ ਦੀਆਂ ਨੌਕਰੀਆਂ ਬਗੈਰਾ ਆਪਣੀਆਂ ਕੰਪਨੀਆਂ 'ਚ ਹੀ ਕਰਾਉਂਦੇ ਗਏ। ਅੱਜ ਗਰੁੱਪ ਦੇ ਸਾਰੇ ਮੈਂਬਰ ਚੰਗੀਆਂ ਨੌਕਰੀਆਂ ਕਰ ਰਹੇ ਹਨ। ਕਦੇ ਕਿਸੇ 'ਤੇ ਮੁਸ਼ਕਲ ਆ ਜਾਵੇ ਤਾਂ ਬਾਕੀ ਗਰੁੱਪ ਉਸਨੂੰ ਬੱਚਿਆਂ ਦੀ ਤਰ੍ਹਾਂ ਆਪਣੇ ਖੰਭਾਂ ਹੇਠ ਲੈ ਲੈਂਦਾ ਹੈ। ਉਹ ਦੋ ਚੌਂਹ ਹਫਤਿਆਂ ਬਾਅਦ ਇਕੱਠੇ ਹੁੰਦੇ ਰਹਿੰਦੇ ਹਨ। ਕਦੇ ਕਿਸੇ ਦਾ ਜਨਮ ਦਿਨ ਕਦੇ ਕੋਈ ਹੋਰ ਛੁੱਟੀ। ਉਨ੍ਹਾਂ ਦਾ ਵੱਖਰਾ ਸੰਸਾਰ ਹੈ। ਵਡੇਰੇ ਕਿਵੇਂ ਵਰਤਦੇ ਹਨ ਇਸਦੀ ਉਹ ਪ੍ਰਵਾਹ ਨਹੀਂ ਕਰਦੇ। ਜਾਣੀ ਕਿ ਸਾਡੇ ਵਿਚੋਂ ਕੋਈ ਕਿਸੇ ਤਰ੍ਹਾਂ ਦਾ ਵਰਤ ਵਰਤਾ ਕਰੇ ਜਾਂ ਗੁੱਸੇ ਗਿੱਲੇ ਰਹੇ ਪਰ ਉਹ ਸਾਡੇ ਮਗਰ ਨਹੀਂ ਚੱਲਦੇ। ਉਹ ਨਾ ਪਰਿਵਾਰਾਂ 'ਚ ਦਖਲ ਦਿੰਦੇ ਹਨ ਤੇ ਨਾ ਹੀ ਉਨ੍ਹਾਂ ਦਾ ਦਖਲ ਬਰਦਾਸ਼ਤ ਕਰਦੇ ਹਨ। ਇੱਥੋਂ ਹੀ ਮੈਨੂੰ ਖਿਆਲ ਆਇਆ ਕਿ ਮੈਂ ਇਸ ਗਰੁੱਪ ਦੀ ਕਾਰਗੁਜ਼ਾਰੀ ਨੂੰ ਨਾਵਲੀ ਕਹਾਣੀ ਵਿਚ ਵਰਤ ਕੇ ਆਪਣੀ ਗੱਲ ਕਹਿ ਸਕਦਾ ਹਾਂ।

ਵਡੇਰੇ ਜਾਣੀ ਕਿ ਮੇਰੀ ਪੀਹੜੀ ਦੇ ਲੋਕ ਜੋ ਚੜ੍ਹਦੀ ਉਮਰੇ ਇੰਗਲੈਂਡ, ਜਾਂ ਅਮਰੀਕਾ ਕਨੇਡਾ ਬਗੈਰਾ ਮੁਲਕਾਂ 'ਚ ਆਏ ਉਨ੍ਹਾਂ 'ਚੋਂ ਬਹੁਤਿਆਂ ਦੀ ਸੋਚ ਅਜੇ ਵੀ ਪੰਜਾਬੀ ਸਮਾਜਿਕ ਤਾਣੇ ਬਾਣੇ ਵਾਲੀ ਹੈ। ਉਹ ਹਾਲੇ ਵੀ ਇਹੀ ਚਾਹੁੰਦੇ ਹਨ ਕਿ ਉਲਾਦ ਉਨ੍ਹਾਂ ਦੇ ਕਹੇ ਮੁਤਾਬਕ ਚੱਲੇ। ਉਹ ਆਪਣੇ ਆਪ ਨੂੰ ਸਮਾਜ ਵਿਚ ਚੰਗਾ ਦਰਸਾਉਣ ਲਈ ਆਪਣੇ ਜੁਆਕਾਂ ਨੂੰ ਵਰਤਣੋਂ



ਗੁਰੇਜ਼ ਨਹੀਂ ਕਰਦੇ। ਆਪਣੇ ਸੁਪਨੇ ਪੂਰੇ ਕਰਨ ਲਈ ਉਹ ਕਿਸੇ ਨਾ ਕਿਸੇ ਢੰਗ ਨਾਲ ਉਲਾਦ ਵੱਲ ਵੇਖਦੇ ਹਨ। 'ਲੋਕ ਕੀ ਕਹਿਣਗੇ' ਉਹ ਇਸ ਵਿਚਾਰ ਵਿੱਚੋਂ ਹੀ ਨਹੀਂ ਨਿਕਲ ਸਕੇ। ਜਦੋਂ ਕਿ ਨਵੀਂ ਪੀਹੜੀ ਕਹਿੰਦੀ ਹੈ ਕਿ ਲੋਕ ਜੋ ਮਰਜ਼ੀ ਕਹਿਣ ਇਸ ਗੱਲ ਦਾ ਸਾਡੀ ਜ਼ਿੰਦਗੀ ਨਾਲ ਕੋਈ ਲੈਣਾ ਦੇਣਾ ਨਹੀਂ। ਵਡੇਰਿਆਂ ਦੀ ਉਪਰੋਕਤ ਸੋਚ ਨੂੰ ਇਸ ਨਾਵਲ ਵਿਚ ਦਰਸਾਉਣ ਦੀ ਕੋਸ਼ਿਸ ਕੀਤੀ ਹੈ।

ਪੁਰਾਣਾ ਛੱਡਣ ਲਈ ਨਵੇਂ ਨੂੰ ਬਹੁਤ ਤਰੱਦਦ ਕਰਨਾ ਪੈਂਦਾ ਹੈ। ਨਵੀਂ ਸਵੇਰ ਨੂੰ ਚੜ੍ਹਨ ਲਈ ਰਾਤ ਭਰ ਹਨੇਰੇ ਦਾ ਭਾਰ ਢੋਣਾ ਪੈਂਦਾ ਹੈ। ਪੁਰਾਣੇ ਸੰਸਕਾਰ ਨਵੀਂ ਸੋਚ ਨੂੰ ਅੱਗੇ ਨਹੀਂ ਜਾਣ ਦਿੰਦੇ। ਇਸਦੇ ਲਈ ਪੁਰਾਣੀ ਸੋਚ ਹਰ ਤਰ੍ਹਾਂ ਦੀਆਂ ਅੜਚਣਾ ਪਾਉਂਦੀ ਹੈ। ਇਹ ਇਵੇਂ ਹੀ ਹੈ ਜਿਵੇਂ ਕਿ ਕੋਈ ਅਗਾਂਹ ਵਧ ਰਹੇ ਨੂੰ ਲੱਤਾਂ ਫੜ੍ਹ ਕੇ ਰੋਕਣ ਦੀ ਕੋਸ਼ਿਸ ਕਰੇ। ਮੇਰੀ ਜਾਚੇ ਪੁਰਾਣੀ ਪੀਹੜੀ, ਨਵੀਂ ਨੂੰ ਸੌਖਿਆਂ ਅੱਗੇ ਨਹੀਂ ਵਧਣ ਦਿੰਦੀ। ਜਦੋਂ ਕਿ ਨਵੀਂ ਪੀਹੜੀ, ਨਵੀਆਂ ਪੈੜਾਂ ਬਣਾਉਂਦਿਆਂ ਆਪਣਾ ਰਾਹ ਖੁਦ ਚੁਣਨਾ ਚਾਹੁੰਦੀ ਹੈ। ਨਾਵਲ ਦਾ ਦੁਖਾਂਤਿਕ ਅੰਤ ਇਸੇ ਗੱਲ ਦਾ ਸੰਕੇਤ ਹੈ। ਪੁਰਾਣਾ ਯੁਗ ਨਵੇਂ ਯੁਗ ਨੂੰ ਲੱਖ ਰੋਕੇ ਪਰ ਨਵਾਂ ਯੁਗ ਆ ਕੇ ਹੀ ਰਹਿੰਦਾ ਹੈ। ਇਹੀ ਨਵਯੁਗ ਨਾਵਲ ਦੀ ਕਹਾਣੀ ਦਾ ਸਾਰਅੰਸ਼ ਹੈ।

**ਸੁਰਜੀਤ ਪਾਤਰ ਦਾ ਨਵਾਂ ਕਾਵਿ-ਸੰਗ੍ਰਹਿ**




**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

# ਦੋਨਾਂ ਪੀੜ੍ਹੀਆਂ ਦੇ ਦਵੰਧ ਵਿਚੋਂ ਹੀ ਇਸ ਨਾਵਲ ਦਾ ਜਨਮ ਹੋਇਆ ਹੈ : ਹਰਮਹਿੰਦਰ ਚਹਿਲ

## ਮੁਲਾਕਾਤੀ : ਨਿਰੰਜਣ ਬੋਹਾ

ਸਭ ਤੋਂ ਪਹਿਲਾਂ ਤੁਹਾਡਾ ਤੇ 'ਨਵਯੁਗ' ਦੀ ਹਾਣੀ ਤੁਹਾਡੀ ਸੋਚ ਦਾ ਸਵਾਗਤ। ਅੱਜ ਹੀ ਤੁਹਾਡੇ ਨਾਵਲ ਨਵਯੁਗ ਦਾ ਪਾਠ ਕੀਤਾ ਹੈ। ਜਿੱਥੇ ਤੁਹਾਡਾ ਇਹ ਨਾਵਲ ਪੱਛਮੀ ਮੁਲਕਾਂ ਵਿਚ ਪਰਵਾਸ ਕਰ ਚੁੱਕੇ ਭਾਰਤੀਆਂ ਦੀਆਂ ਦੋ ਪੀੜ੍ਹੀਆਂ ਵਿਚਲੇ ਵਿਚਾਰਧਾਰਕ ਪਾੜੇ ਨੂੰ ਆਪਣੇ ਫੋਕਸ ਵਿਚ ਰੱਖ ਕੇ ਇਸ ਪਾੜੇ ਨੂੰ ਘਟਾਉਣ ਬਾਰੇ ਸੰਵਾਦ ਉਤੇਜਕ ਚਰਚਾ ਛੇੜਦਾ ਹੈ ਉੱਥੇ ਹੀ ਇਸ ਵਿੱਚੋਂ ਬਹੁਤ ਸਾਰੇ ਨਵੇਂ ਸੁਆਲ ਵੀ ਪੈਦਾ ਹੁੰਦੇ ਹਨ। ਮੈਂ ਨਾਵਲੀ ਪਾਠ ਤੋਂ ਬਾਅਦ ਆਪਣੇ ਮਨ ਵਿਚ ਪੈਦਾ ਹੋਈਆਂ ਜਗਿਆਸਾਵਾਂ ਬਾਰੇ ਤੁਹਾਡੇ ਨਾਲ ਗੱਲ ਜ਼ਰੂਰ ਕਰਨੀ ਚਾਹਾਂਗਾ। ਮੈਂ ਪਰਵਾਸ ਬਾਰੇ ਪੜ੍ਹਿਆ ਸੁਣਿਆਂ ਤਾਂ ਬਹੁਤ ਹੈ ਪਰ ਇਸ ਬਾਰੇ ਮੇਰੇ ਕੋਲ ਤੁਹਾਡੇ ਵਾਂਗ ਹੱਡੀਂ ਹੰਢਾਏ ਅਨੁਭਵ ਨਹੀਂ ਹਨ। ਉਮੀਦ ਹੈ ਇਸ ਨਾਵਲ ਦੇ ਬਹਾਨੇ ਸਾਡੇ ਆਪਸੀ ਸੰਵਾਦ ਰਾਹੀਂ ਹੋਰਨਾਂ ਪਾਠਕਾਂ ਨੂੰ ਵੀ ਆਪਣੀਆਂ ਬਹੁਤ ਸਾਰੀਆਂ ਜਗਿਆਸਾਵਾਂ ਦਾ ਜਵਾਬ ਮਿਲੇਗਾ।

? ਦੋ ਪੀੜ੍ਹੀਆਂ ਦਾ ਵਿਚਾਰਧਾਰਕ ਪਾੜਾ ਆਪਸੀ ਸੰਵਾਦ ਦੀ ਅਣਹੋਂਦ ਵਿਚ ਹੀ ਗੰਭੀਰ ਰੂਪ ਧਾਰਨ ਕਰਦਾ ਹੈ ਤੇ ਇਸ ਵਿੱਚੋਂ ਨਵੇਂ ਸਮਾਜਿਕ ਤੇ ਪਰਿਵਾਰਕ ਸੰਕਟ ਪੈਦਾ ਹੁੰਦੇ ਹਨ। ਪਰਵਾਸੀ ਮਾਪੇ ਤੇ ਉਨ੍ਹਾਂ ਦੇ ਧੀਆਂ ਪੁੱਤਰ, ਦੋ ਪੀੜ੍ਹੀਆਂ ਦੇ ਰੂਪ ਵਿਚ ਆਪਣਾ ਆਪਣਾ ਪੱਖ ਠੀਕ ਸਿੱਧ ਕਰਨ ਲਈ ਅੜੇ ਹੋਏ ਹਨ ਤਾਂ ਤੁਸੀਂ ਇਸ ਨਾਵਲ ਰਾਹੀਂ ਔਲਾਦ ਰੂਪੀ ਨਵੀਂ ਪੀੜ੍ਹੀ ਦਾ ਸਮਰਥਨ ਕੀ ਸੋਚ ਕੇ ਕੀਤਾ ਹੈ ? ਜਦੋਂ ਕਿ ਤੁਹਾਡਾ ਆਪਣਾ ਸ਼ੁਮਾਰ ਮਾਪਿਆਂ ਵਾਲੀ ਪੁਰਾਣੀ ਪੀੜ੍ਹੀ ਵਿਚ ਹੈ।

-ਪਹਿਲੀ ਗੱਲ ਤਾਂ ਇਹ ਹੈ ਕਿ ਵਿਚਾਰਧਾਰਕ ਪਾੜਾ ਆਪਸੀ ਸੰਵਾਦ ਦੀ ਅਣਹੋਂਦ ਕਾਰਨ ਗੰਭੀਰ ਰੂਪ ਧਾਰਨ ਨਹੀਂ ਕਰਦਾ। ਅਸਲ ਗੱਲ ਇਹ ਹੈ ਕਿ ਪੁਰਾਣੀ ਪੀੜ੍ਹੀ ਦੀ ਸੋਚ ਤੇ ਵਰਤ ਵਿਹਾਰ ਹੋਰ ਹੈ, ਸਮਾਜ ਵਿਚ ਵਿਚਰਨ ਦਾ ਨਜ਼ਰੀਆ ਵੱਖਰਾ ਹੈ। ਉਨ੍ਹਾਂ ਦੀ ਸੋਚ ਉਹੀ ਹੈ ਜੋ ਉਨ੍ਹਾਂ ਨੂੰ ਵਿਰਾਸਤ ਵਿਚ ਮਿਲੀ। ਜਾਣੀ ਕਿ ਜੋ ਕੁਝ ਉਨ੍ਹਾਂ ਆਪਣੇ ਬਾਪ ਦਾਦਿਆਂ ਤੋਂ ਸੁਣਿਆਂ ਉਹੀ ਉਨ੍ਹਾਂ ਦਾ ਸਮਾਜ ਵਿਚ ਵਿਚਰਨ ਦਾ ਰਾਹ ਹੈ। ਜਦੋਂ ਕਿ ਨਵੀਂ ਪੀਹੜੀ ਇਕ ਨਵੇਂ ਮੁਲਕ ਨਵੇਂ ਸਮਾਜ ਵਿਚ ਰਹਿ ਰਹੀ ਹੈ। ਉਹ ਪੀਹੜੀ ਇੱਥੇ ਹੀ ਨੇਪਰੇ ਚੜ੍ਹੀ ਹੈ, ਪਲ ਪੜ੍ਹ ਕੇ ਵੱਡੀ ਹੋਈ ਹੈ। ਇਸ ਕਰਕੇ ਉਨ੍ਹਾਂ ਨੂੰ ਨਾ ਤਾਂ ਸਾਡੇ ਪੰਜਾਬ ਜਾਂ ਭਾਰਤ ਦੀ ਸਮਾਜੀ ਬਣਤਰ ਦੀ ਸੋਝੀ ਹੈ ਤੇ ਨਾ ਹੀ ਉਸ ਬਾਰੇ ਉਹ ਜਾਣਨਾ ਚਾਹੁੰਦੀ ਹੈ। ਉਨ੍ਹਾਂ ਦੀ ਸੋਚ ਇੱਥੇ ਦੇ ਸਮਾਜ ਜਾਣੀ ਕਿ ਅਮਰੀਕੀ ਸਮਾਜ ਦੀ ਹੈ। ਇੱਥੇ ਦਾ ਸਮਾਜ ਕਿਵੇਂ ਵਿਚਰਦਾ ਹੈ, ਕਿਵੇਂ ਇੱਥੇ ਦੇ ਰਿਸ਼ਤੇ ਨਾਤੇ ਨਿਭਦੇ ਹਨ ਜਾਂ ਇੱਥੇ ਦਾ ਹੋਰ ਬਹੁਤ ਕੁਝ। ਸੋ ਨਵੀਂ ਪੀਹੜੀ ਇੱਥੇ ਦੇ ਸਮਾਜਕ ਤਾਣੇ-ਬਾਣੇ ਦੀ ਤਰ੍ਹਾਂ ਵਿਚਰਨਾ ਚਾਹੁੰਦੀ ਹੈ ਅਤੇ ਵਿਚਰਦੀ ਵੀ ਹੈ। ਦੂਜੀ ਗੱਲ ਰਹੀ ਕਿ ਮੈਂ ਨਵੀਂ ਪੀਹੜੀ ਦੀ ਸੋਚ ਦਾ ਸਮੱਰਥਨ ਕਿਉਂ ਕੀਤਾ। ਵੇਖੋ, ਹਰ ਲੇਖਕ ਆਪਣੇ ਆਲੇ ਦੁਆਲੇ ਵਾਪਰ ਰਹੇ ਵਰਤਾਰਿਆਂ ਨੂੰ ਵੱਖਰੀ ਨਿਗ੍ਹਾ ਨਾਲ ਵੇਖਦਾ ਹੈ। ਉਸੇ ਤਰ੍ਹਾਂ ਮੈਂ ਵੀ ਜੋ ਆਲੇ ਦੁਆਲੇ ਹੋ ਰਿਹਾ ਹੈ ਉਸਨੂੰ ਇਕ ਵੱਖਰੇ ਨੁਕਤੇ ਤੋਂ ਵੇਖ ਰਿਹਾ ਹਾਂ। ਇਹ ਗੱਲ ਬਿਲਕੁਲ ਸਹੀ ਹੈ ਕਿ ਮੈਂ ਪੁਰਾਣੀ ਪੀੜ੍ਹੀ 'ਚੋਂ ਹਾਂ।



ਨਾਵਲ ਲਿਖਣ ਵੇਲੇ ਮੈਨੂੰ ਇਸਦਾ ਫਾਇਦਾ ਵੀ ਹੋਇਆ ਹੈ। ਕਿਉਂਕਿ ਮੈਨੂੰ ਪਤਾ ਹੈ ਕਿ ਮੇਰੀ ਪੀੜ੍ਹੀ ਦੀ ਸੋਚ ਤੇ ਸਮਾਜਕ ਤਾਣਾ ਬਾਣਾ ਕੀ ਹੈ। ਮੇਰੀ ਕੋਸ਼ਿਸ਼ ਦੋਹਾਂ ਪੀਹੜੀਆਂ ਦੇ ਪਾੜੇ ਮਿਟਾਉਣ ਦੀ ਨਹੀਂ। ਮੈਂ ਤਾਂ ਡਟ ਕੇ ਨਵੀਂ ਪੀੜ੍ਹੀ ਦੇ ਨਾਲ ਖੜ੍ਹਦਾ ਹਾਂ। ਕਿਉਂਕਿ ਜੋ ਨਵਾਂ ਹੈ ਅਗਾਂਹ ਉਸੇ ਨੇ ਵਧਣਾ ਹੈ। ਇਹੀ ਸਾਡੇ ਪੰਜਾਬੀ ਸਮਾਜ ਦਾ ਨਵਾਂ ਯੁਗ ਹੈ। ਮੇਰਾ ਵਿਚਾਰ ਹੈ ਕਿ ਪੁਰਾਣੇ ਲੋਕਾਂ ਵੱਲੋਂ ਨਵੀਂ ਪੀੜ੍ਹੀ ਨੂੰ ਸਮਝਦਿਆਂ ਉਸ ਅਨੁਸਾਰ ਚੱਲਣਾ ਪਵੇਗਾ। ਜੇਕਰ ਕੋਈ ਇਹ ਕੋਸ਼ਿਸ਼ ਨਹੀਂ ਕਰੇਗਾ ਤਾਂ ਉੱਥੇ ਘਰੇਲੂ ਸੰਕਟ ਉਤਪਨ ਹੋਣਗੇ।

? ਤੁਹਾਡੇ ਨਾਵਲ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚਲੀਆਂ ਦੋਹੇਂ ਪੀੜ੍ਹੀਆਂ ਆਪਸੀ ਤਣਾਵਾਂ ਤੇ ਟਕਰਾਵਾਂ ਨੂੰ ਘਟਾਉਣ ਦੀ ਸੁਚੇਤ ਪੱਧਰ 'ਤੇ ਯਤਨ ਕਰਦਿਆਂ ਪਰਿਵਾਰ ਰੂਪੀ ਸੰਸਥਾ ਨੂੰ ਪੂਰੀ ਤਰ੍ਹਾਂ ਟੁੱਟਣ ਨਹੀਂ ਦਿੰਦੀਆਂ। ਇਹ ਤੁਹਾਡੀ ਪਰਿਵਾਰਕ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਉਣ ਲਈ ਕੀਤੀ ਸੁਚੇਤ ਵਿਉਂਤਵੰਦੀ ਹੈ ਜਾਂ ਪਰਵਾਸੀ ਭਾਰਤੀ ਅਜੇ ਸੱਚ-ਮੁੱਚ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਉਣ ਲਈ ਫਿਕਰਮੰਦ ਹਨ ?

-ਸਿਆਣੇ ਬੱਚੇ, ਮਾਂ ਪਿਉ ਨੂੰ ਸਮਝਾਉਣ ਦੀ ਕੋਸ਼ਿਸ ਕਰਦੇ ਹਨ। ਪਰ ਬਹੁਤ ਘੱਟ ਮਾਪੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ। ਬਹੁਤੇ ਲੋਕਾਂ ਨੂੰ ਤਾਂ ਆਪਣੀ ਉਲਾਦ ਉਂਝ ਹੀ ਫੁਕਰੀ ਜਿਹੀ ਜਾਪਦੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਜਾਣ ਬੁੱਝ ਕੇ ਸਾਡੀ ਗੱਲ ਨਹੀਂ ਮੰਨਦੇ। ਪਰ ਇਹ ਗੱਲ ਸਹੀ ਨਹੀਂ ਹੈ। ਇੱਥੇ ਦੇ ਬੱਚਿਆਂ ਦਾ ਜੀਵਨ ਜਿਉਣ ਦਾ ਢੰਗ ਵੱਖਰਾ ਹੈ। ਇਹ ਗੱਲ ਬਿਲਕੁਲ ਸਹੀ ਹੈ ਕਿ ਪੁਰਾਣੇ ਲੋਕ, ਘਰ ਪਰਿਵਾਰ ਜਾਂ ਰਿਸ਼ਤੇ ਨਾਤੇ ਬਚਾਉਣੇ ਲੋਚਦੇ ਹਨ। ਪਰ ਇਸ ਵਿਚ ਉਹ ਜ਼ਿਆਦਾ ਕਾਮਯਾਬ ਨਹੀਂ ਹੁੰਦੇ।

? ਨਾਵਲ ਦਾ ਪਾਤਰ ਡਾਕਟਰ ਕਿਰਪਾਲ ਸਿੰਘ ਆਪਣੇ ਭਰਾਵਾਂ ਤੋਂ ਵੱਧ ਪੜ੍ਹਿਆ ਲਿਖਿਆ ਹੈ ਤੇ ਉਸਦੀ ਸੋਚ ਵੀ ਵਿਵਹਾਰਕ ਹੈ। ਉਹ ਅਮਰੀਕਾ ਵੀ ਆਪਣੇ ਭੈਣ ਭਰਾਵਾਂ ਤੋਂ ਪਹਿਲਾਂ ਆਇਆ ਹੈ। ਇਸ ਦੇ ਬਾਵਜੂਦ ਉਸਦੀ ਸੋਚ ਏਨੀ ਪਿਛਾਂਹ ਖਿੱਚੂ ਹੈ ਕਿ ਉਹ ਆਪਣੀ ਧੀ ਲਈ ਜੁਆਈ ਤੇ ਪੁੱਤਰ ਲਈ ਨੂੰਹ ਇੰਡੀਆ ਤੋਂ ਮੰਗਵਾਉਣ ਦੀ ਜ਼ਿੱਦ 'ਤੇ ਅੜਦਿਆਂ ਉਨ੍ਹਾਂ ਦੋਹਾਂ ਦੀ ਜ਼ਿੰਦਗੀ ਨਰਕ ਵਰਗੀ ਬਣਾ ਦਿੰਦਾ ਹੈ। ਹੁਣ ਤਾਂ ਭਾਰਤ ਵਿਚ ਵੀ ਮਾਪਿਆਂ ਦੀ ਸੋਚ ਬਹੁਤ ਬਦਲ ਗਈ ਹੈ। ਕੀ ਅਮਰੀਕਾ ਵਿਚ ਅਜਿਹੇ ਜਾਗੀਰੂਦਾਰੀ ਯੁਗ ਦੇ ਸੰਸਕਾਰਾਂ ਵਾਲੇ ਪੜ੍ਹੇ ਲਿਖੇ ਭਾਰਤੀ ਅਜੇ ਵੀ ਮੌਜੂਦ ਹਨ ਜਾਂ ਅਜਿਹਾ ਪਾਤਰ ਤੁਸੀਂ ਨਾਵਲ ਦੀ ਕਹਾਣੀ ਦੀ ਲੋੜ ਮੁਤਾਬਕ ਘੜਿਆ ਹੈ ?

-ਡਾਕਟਰ ਕਿਰਪਾਲ ਜਦੋਂ ਅਮਰੀਕਾ ਆਇਆ ਤਾਂ ਉਹ ਭਰ ਜੁਆਨ ਸੀ। ਉਸਦੀ ਸੋਚ ਬਿਲਕੁਲ ਪੰਜਾਬੀ ਸੱਭਿਆਚਾਰ, ਸਮਾਜ ਦੀ ਸੀ। ਉਹ ਉਚੇਰੀ ਪੜ੍ਹਾਈ ਕਰਦਿਆਂ ਡਾਕਟਰ ਤਾਂ ਬਣ ਗਿਆ ਪਰ ਉਸਦੇ ਅੰਦਰ ਦੀ ਸੋਚ ਉਹੀ ਰਹੀ ਜੋ ਕਿ ਉਸਨੇ ਬਚਪਨ ਤੋਂ ਲੈ ਕੇ ਜੁਆਨੀ ਤੱਕ ਵੇਖੀ ਸੀ। ਤੁਸੀਂ ਕਿਹਾ ਹੈ ਕਿ ਹੁਣ ਤਾਂ ਭਾਰਤ ਵਿਚ ਵੀ ਮਾਪਿਆਂ ਦੀ ਸੋਚ ਬਦਲ ਗਈ ਹੈ। ਇਹ ਗੱਲ ਸਹੀ ਹੈ। ਪਰ ਜੋ ਮੇਰੀ ਪੀੜ੍ਹੀ ਦੇ ਡਾਕਟਰ ਕਿਰਪਾਲ ਵਰਗੇ ਲੋਕ ਬਾਹਰ ਆਏ, ਉਨ੍ਹਾਂ ਨੇ ਇਹ ਬਦਲਦੀ ਹੋਈ ਸੋਚ ਵੇਖੀ ਹੰਢਾਈ ਨਹੀਂ। ਅੱਜ ਵੀ ਉਹ, ਉਹੀ ਤੀਹ ਸਾਲ ਪਹਿਲਾਂ ਵਾਲੀ ਸੋਚ ਲੈ ਕੇ ਚੱਲ ਰਹੇ ਹਨ। ਇਹ ਸੋਚ, ਪੜ੍ਹਨ ਲਿਖਣ ਨਾਲ ਨਹੀਂ ਬਦਲ ਸਕਦੀ। ਜੋ ਉਨ੍ਹਾਂ ਮੁਢਲੀ ਜ਼ਿੰਦਗੀ ਵਿਚ ਵੇਖਿਆ ਹੰਢਾਇਆ ਉਹ ਉਨ੍ਹਾਂ ਅੰਦਰ ਉਵੇਂ ਮੌਜੂਦ ਹੈ। ਸੋ ਇਹ ਨਾਵਲੀ ਕਹਾਣੀ ਲਈ ਕੁਝ ਵੀ ਨਹੀਂ ਢਾਲਿਆ, ਬਲਕਿ ਇਹ ਇਕ ਕੌੜਾ ਸੱਚ ਹੈ।

? ਨਾਵਲ ਵਿਚਲੇ ਮਾਪੇ ਆਪਣੇ ਪੁੱਤਰਾਂ ਜਾਂ ਧੀਆਂ ਲਈ ਜੀਵਨ ਸਾਥੀ ਦੀ ਚੋਣ ਕਰਨ ਵੇਲੇ ਭਾਰਤੀ ਪੰਜਾਬ ਤੋਂ ਆਉਣ ਵਾਲੇ ਮੁੰਡੇ ਕੁੜੀਆਂ ਦੀ ਟੇਕ ਰੱਖਦੇ ਹਨ ਪਰ ਉਨ੍ਹਾਂ ਨੂੰ ਛੇਤੀ ਹੀ ਅਹਿਸਾਸ ਹੋ ਜਾਂਦਾ ਹੈ ਕਿ ਪੰਜਾਬ ਤੋਂ ਮੰਗਵਾਏ ਵਰ ਵਧੂ ਦੇ ਸੰਸਕਾਰੀ ਹੋਣ ਬਾਰੇ ਬਣਾਈ ਉਨ੍ਹਾਂ ਦੀ ਧਾਰਨਾ ਕਿੰਨੀ ਕੁ ਭ੍ਰਮਿਤ ਹੈ। ਭਾਰਤ ਵਿਚੋਂ ਵਿਆਹ ਲਈ ਮੰਗਵਾਏ ਮੁੰਡੇ ਕੁੜੀਆਂ ਦੇ ਮਾੜੇ ਵਿਵਹਾਰ ਪ੍ਰਤੀ ਕੋਈ ਘਟਨਾ ਤੁਹਾਡੇ ਅਵਚੇਤਨ ਵਿਚ ਤਾਂ ਨਹੀਂ ਪਈ ਸੀ ? ਕਿ ਤੁਸੀਂ ਇਸ ਬਾਰੇ ਵਧੇਰੇ ਹੀ ਚਿੰਤਨਸ਼ੀਲ ਹੋ ਗਏ ਹੋਵੋ।

– ਇਕ ਵੇਲਾ ਸੀ ਜਦੋਂ ਇੱਥੇ ਦੇ ਲੋਕ ਪੰਜਾਬ ਜਾ ਕੇ ਮੁੰਡੇ ਕੁੜੀਆਂ ਵਿਆਹੁੰਦੇ ਸਨ। ਪਰ ਉਹ ਗੱਲਾਂ ਚਾਲੀ ਪੰਝਾਹ ਸਾਲ ਪਹਿਲਾਂ ਦੀਆਂ ਹਨ। ਹੁਣ ਇਹ ਸੰਭਵ ਨਹੀਂ ਹੈ। ਕਿਉਂਕਿ ਦੋਹਾਂ ਥਾਵਾਂ ਦੇ ਬੱਚੇ ਵੇਖਣ ਨੂੰ ਭਾਵੇਂ ਇਕੋ ਜਿਹੇ ਜਾਪਦੇ ਹਨ। ਬੋਲੀ ਵੀ ਇਕੋ ਬੋਲਦੇ ਹਨ। ਪਰ ਉਨ੍ਹਾਂ ਦੀ ਜੋ ਸਮਾਜਕ ਸੋਚ ਹੈ ਉਹ ਵੱਖਰੀ ਹੈ। ਕਿਉਂਕਿ ਉਹ ਵੱਖੋ ਵੱਖਰੇ ਸਮਾਜਕ ਹਾਲਾਤ ਵਿਚ ਨੇਪਰੇ ਚੜ੍ਹੇ ਹਨ। ਕਾਫੀ ਦੇਰ ਪਹਿਲਾਂ ਹੀ ਇਹ ਵਰਤਾਰਾ ਟੁੱਟਣ ਲੱਗ ਪਿਆ ਸੀ ਤੇ ਲੋਕ ਇੱਥੇ ਹੀ ਮੁੰਡੇ ਕੁੜੀਆਂ ਦੇ ਵਰ ਲੱਭਣ ਲੱਗ ਪਏ ਸਨ। ਇਹ ਕੋਈ ਇਕ ਅੱਧ ਘਟਨਾ ਨਹੀਂ ਜਿਸਨੇ ਕਿ ਮੈਨੂੰ ਇਹ ਵਿਸ਼ਾ ਦਿੱਤਾ ਹੋਵੇ। ਬਲਕਿ ਇਹ ਤਾਂ ਇੱਥੇ ਦਾ ਬਹੁਤ ਵੱਡਾ ਵਰਤਾਰਾ ਬਣ ਚੁੱਕਿਆ ਹੈ।

? ਮਾਪਿਆਂ ਦੀ ਦਖਲ ਅੰਦਾਜ਼ੀ ਤੋਂ ਬਿਨਾਂ ਮੁੰਡੇ ਕੁੜੀਆਂ ਵੱਲੋਂ ਆਪ ਕਰਾਏ ਵਿਆਹ ਕਿੰਨੇ ਕੁ ਫੀਸਦੀ ਸਫਲ ਰਹਿੰਦੇ ਹਨ। ਇਸ ਬਾਰੇ ਵੀ ਆਪਣੀ ਰਾਇ ਜ਼ਰੂਰ ਦੱਸੋ ?

– ਵਿਆਹ ਤਾਂ ਬਾਅਦ ਦੀ ਗੱਲ ਹੈ। ਪਹਿਲਾਂ ਬੱਚੇ ਆਪਣੇ ਹਾਣ ਦੇ ਸਾਥੀ ਨਾਲ ਮਿਲ ਕੇ ਰਹਿਣਾ ਚਾਹੁੰਦੇ ਹਨ। ਜਿਸਨੂੰ ਭਾਰਤ 'ਚ ਲਿਵ ਇਨ ਰਿਲੇਸ਼ਨਸ਼ਿਪ ਕਹਿੰਦੇ ਹਨ। ਬੱਚਿਆਂ ਦੀ ਸੋਚਣੀ ਹੈ ਕਿ ਇਸ ਤਰ੍ਹਾਂ ਦਾ ਵਰਤਾਰਾ ਵਿਆਹ ਨਾਲੋਂ ਜ਼ਿਆਦਾ ਕਾਰਗਾਰ ਹੈ। ਵਿਆਹ ਤਾਂ ਉਨ੍ਹਾਂ ਦਾ ਨਿਸ਼ਾਨਾ ਹੀ ਨਹੀਂ। ਇਹ ਤਾਂ ਮਾਪੇ ਹੀ ਸੋਚਦੇ ਹਨ ਕਿ ਸਾਡਾ ਬੱਚਾ ਵਿਆਹ ਕਰਵਾਏ ਤੇ ਫਿਰ ਅੱਗੋਂ ਉਸਦੇ ਬੱਚੇ ਹੋਣ ਤੇ ਉਸਦੀ ਵਿਆਹਕ ਜ਼ਿੰਦਗੀ ਸ਼ੁਰੂ ਹੋਵੇ। ਸਾਡੇ ਵੇਲੇ ਦੀ ਸੋਚ ਸੀ ਕਿ ਜਦੋਂ ਕੋਈ ਨੌਕਰੀ ਬਗੈਰਾ 'ਤੇ ਲੱਗ ਜਾਂਦਾ ਹੈ ਤਾਂ ਅਗਲਾ ਕੰਮ ਹੈ ਉਸਦਾ ਵਿਆਹ ਕਰਨਾ। ਵਿਆਹ ਪਿੱਛੋਂ ਹੀ ਉਸਦੀ ਜ਼ਿੰਦਗੀ ਸ਼ੁਰੂ ਹੁੰਦੀ ਹੈ। ਪਰ ਇੱਥੇ ਦਾ ਵਰਤਾਰਾ ਬਿਲਕੁਲ ਵੱਖਰਾ ਹੈ। ਨਵੀਂ ਪੀੜ੍ਹੀ ਨਿੱਜੀ ਆਜਾਦੀ ਨੂੰ ਬਹੁਤ ਮਹੱਤਵ ਦਿੰਦੀ ਹੈ। ਵਿਆਹ ਨੂੰ ਉਹ ਨਿੱਜੀ ਆਜਾਦੀ ਦੇ ਰਾਹ ਦੀ ਰੁਕਾਵਟ ਸਮਝਦੇ ਹਨ। ਇਸੇ ਕਰਕੇ ਬੱਚੇ ਕਹਿ ਦਿੰਦੇ ਹਨ ਕਿ ਵਿਆਹ ਉਨ੍ਹਾਂ ਦੀ ਜ਼ਿੰਦਗੀ ਦੀ ਮੰਜ਼ਲ ਨਹੀਂ। ਕੋਈ ਜ਼ਿਆਦਾ ਜ਼ੋਰ ਪਾ ਕੇ ਪੁੱਛੇ ਤਾਂ ਕਹਿ ਦਿੰਦੇ ਹਨ ਕਿ ਜੇਕਰ ਕਦੇ ਵਕਤ ਆਇਆ ਤਾਂ ਉਹ ਇਸ ਬਾਰੇ ਸੋਚਣਗੇ ਪਰ ਹਾਲ ਦੀ ਘੜੀ ਕੁਝ ਨਹੀਂ।

? ਨਾਵਲ ਦੀ ਪੜ੍ਹੀ ਲਿਖੀ ਤੇ ਬਾ-ਰੁਜ਼ਗਾਰ ਪਾਤਰ ਕਮਿੰਦਰ ਕੌਰ ਉਰਫ ਕਰਮੀ ਆਪਣੇ ਮਾਪਿਆਂ ਦਾ ਮਨ ਰੱਖਣ ਲਈ ਪੈਰ ਪੈਰ 'ਤੇ ਸਹੁਰੇ ਪਰਿਵਾਰ ਦੀਆਂ ਜ਼ਿਆਦਤੀਆਂ ਨੂੰ ਬਰਦਾਸ਼ਤ ਕਰਦੀ ਹੈ ਤਾਂ ਕਈ ਵਾਰ ਨਾਵਲ ਦੇ ਪਾਠਕਾਂ ਨੂੰ ਉਸਦੇ ਨਾਲ ਨਾਲ ਤੁਹਾਡੇ 'ਤੇ ਵੀ ਗੁੱਸਾ ਆਉਣ ਲੱਗਦਾ ਹੈ। ਏਨਾਂ ਸਬਰ ਸੰਤੋਖ ਤਾਂ ਪੰਜਾਬ ਵਿਚ ਰਹਿ ਰਹੀਆਂ ਕੁੜੀਆਂ ਵੀ ਨਹੀਂ ਵਿਖਾਉਂਦੀਆਂ ਪਰ ਉਹ ਵਿਦੇਸ਼ ਰਹਿੰਦਿਆਂ ਵੀ ਅਜਿਹਾ ਕਿਉਂ ਕਰ ਰਹੀ ਹੈ ? ਭਾਵੇਂ ਉਹ ਅੰਤ



ਵਿਚ ਆਪਣੇ ਨਸ਼ੇੜੀ ਪਤੀ ਨਾਲੋਂ ਨਾਤਾ ਤੋੜ ਲੈਂਦੀ ਹੈ, ਫਿਰ ਵੀ ਉਹ ਅਮਰੀਕੀ ਸਮਾਜ ਵਿਚ ਰਹਿ ਰਹੀ ਪੜ੍ਹੀ ਲਿਖੀ ਕੁੜੀ ਨਹੀਂ ਲੱਗਦੀ ?

– ਇਹ ਗੱਲ ਉੱਪਰ ਵੀ ਕਿਸੇ ਸੁਆਲ ਵਿਚ ਆ ਚੁੱਕੀ ਹੈ ਕਿ ਮੇਰੀ ਪੀੜ੍ਹੀ ਦੇ ਲੋਕਾਂ ਦੀ ਸੋਚ ਉੱਥੇ ਹੀ ਖੜ੍ਹੀ ਹੈ ਜਿੱਥੇ ਅਸੀਂ ਤੀਹ ਪੈਂਤੀ ਸਾਲ ਪਹਿਲਾਂ ਛੱਡ ਕੇ ਆਏ ਸੀ। ਸਾਡੇ ਭਾਅ ਦਾ ਪੰਜਾਬ ਅੰਦਰ ਹਾਲੇ ਵੀ ਉਹੀ ਸਮਾਜਕ ਤਾਣਾ ਬਾਣਾ ਹੈ। ਉਸ ਪਿੱਛੋਂ ਉੱਥੇ ਦੇ ਸਮਾਜ ਵਿਚ ਆਈਆਂ ਤਬਦੀਲੀਆਂ ਤੋਂ ਅਸੀਂ ਅਣਭਿੱਗ ਹਾਂ। ਤੁਸੀਂ ਬਿਲਕੁਲ ਸਹੀ ਕਿਹਾ ਕਿ ਇੰਨਾ ਸਬਰ ਸੰਤੋਖ ਤਾਂ ਪੰਜਾਬ ਵਿਚ ਰਹਿ ਰਹੀਆਂ ਕੁੜੀਆਂ ਵਿਚ ਵੀ ਨਹੀਂ। ਉਹ ਇਸ ਲਈ ਕਿ ਪੰਜਾਬ ਦੀਆਂ ਕੁੜੀਆਂ ਸਾਡੀ ਸੋਚ ਤੋਂ ਬਹੁਤ ਅੱਗੇ ਨਿਕਲ ਗਈਆਂ ਹਨ। ਅਸੀਂ ਅਮਰੀਕਾ ਰਹਿੰਦੇ ਹੋਏ ਵੀ ਉਸੇ ਘੁੰਡੀ ਵਿਚ ਫਸੇ ਹੋਏ ਹਾਂ ਕਿ 'ਸਮਾਜ ਕੀ ਕਹੂਗਾ, ਲੋਕ ਕੀ ਸੋਚਣਗੇ'। ਇਸੇ ਕਰਕੇ ਕਰਮੀ ਦੇ ਮਾਪੇ ਪੁਰਾਣੇ ਸੰਸਕਾਰ ਮੁਤਾਬਕ ਚਾਹੁੰਦੇ ਹਨ ਕਿ ਉਨ੍ਹਾਂ ਦੀ ਧੀ ਕਰਮੀ ਕਿਵੇਂ ਵੀ ਹੋਵੇ ਪਰ ਇਸ ਵਿਆਹ ਨਾਮਕ ਬੰਧਨ ਨੂੰ ਨਿਭਾਵੇ। ਜੇਕਰ ਨਹੀਂ ਨਿਭਾਉਂਦੀ ਤਾਂ ਸਮਾਜ ਵਿਚ ਉਨ੍ਹਾਂ ਦਾ ਨਾਂ ਉੱਛਲੇਗਾ। ਲੋਕ ਉਨ੍ਹਾਂ ਬਾਰੇ ਗੱਲਾਂ ਕਰਨਗੇ। ਮੁੱਕਦੀ ਗੱਲ ਕਿ ਪਹਿਲੀ ਜਾਂ ਮੇਰੀ ਪੀਹੜੀ ਦੇ ਲੋਕਾਂ ਦੀ ਸੋਚ, ਪੰਜਾਬ ਰਹਿ ਰਹੇ ਮੇਰੇ ਨਾਲ ਦੇ ਲੋਕਾਂ ਦੀ ਸੋਚ ਮੁਤਾਬਕ ਅਗਾਂਹ ਨਹੀਂ ਵਧੀ। ਉਹ ਉੱਥੇ ਹੀ ਖੜ੍ਹੀ ਹੈ ਜਿੱਥੇ ਪੰਜਾਬ ਤੋਂ ਤੁਰਨ ਵੇਲੇ ਸੀ।

? ਪੁਰਾਣੀ ਪੀੜ੍ਹੀ ਦੇ ਪੰਜਾਬ ਤੋਂ ਆਏ ਚਾਰੋ ਭੈਣ ਭਰਾ ਅੰਤ ਨਵੀਂ ਪੀੜ੍ਹੀ ਦੇ 'ਨਵਯੁਗ' ਨਾਲ ਆਪਣੀ ਸੁਰ ਮਿਲਾਉਣ ਲਈ ਤਿਆਰ ਹੋ ਜਾਂਦੇ ਹਨ ਤਾਂ ਪਾਠਕ ਮਾਨਸਿਕ ਤੌਰ 'ਤੇ ਰਾਹਤ ਮਹਿਸੂਸ ਕਰਦਾ ਹੈ ਕਿ ਚਲੋ ਨਵੀਂ ਪੀੜ੍ਹੀ ਉਨ੍ਹਾਂ ਨੂੰ ਠੀਕ ਰਾਹ 'ਤੇ ਲੈ ਕੇ ਆਉਣ ਵਿਚ ਸਫਲ ਹੋ ਗਈ ਹੈ ਪਰ ਉਸ ਵੇਲੇ ਕਰਮੀ ਦਾ ਪਹਿਲਾ ਪਤੀ ਦਰਸ਼ਣ ਪਰਿਵਾਰ ਦੇ ਕਈ ਮੈਂਬਰਾਂ ਉੱਪਰ ਗੋਲੀ ਚਲਾ ਕੇ ਕਹਾਣੀ ਨੂੰ ਕੂਹਣੀ ਮੋੜ 'ਤੇ ਲੈ ਆਉਂਦਾ ਹੈ। ਤੁਸੀਂ ਸੁਖਾਂਤ ਵੱਲ ਜਾਂਦੀ ਨਾਵਲ ਦੀ ਕਹਾਣੀ ਨੂੰ ਯੱਕਦਮ ਦੁਖਾਂਤਕ ਕਹਾਣੀ ਵਿਚ ਕਿਉਂ ਬਦਲਿਆ ? ਕੀ ਤੁਸੀਂ ਇਹ ਦਰਸਾਉਣਾ ਚਾਹੁੰਦੇ ਹੋ ਕਿ ਸਮਾਜਿਕ ਵਿਵਸਥਾ ਵਿਚ ਵੱਡੇ ਬਦਲਾਵ ਛੇਤੀ ਨਹੀਂ ਆਉਂਦੇ। ਜਾਂ ਇਹ ਅੰਤ ਇਸ ਲਈ ਚੁਣਿਆਂ ਕਿ ਦੁਖਾਂਤ ਤੋਂ ਸੁਖਾਂਤ, ਤਣਾਉ ਤੋਂ ਤਣਾਉ ਮੁਕਤੀ ਵੱਲ ਲਿਜਾਣ ਵਾਲੇ ਨਾਵਲਾਂ ਦੀ ਪਰੰਪਰਾ ਹੁਣ ਖਤਮ ਹੁੰਦੀ ਜਾ ਰਹੀ ਹੈ ?

–ਦਰਸ਼ਣ ਨਾਮੀ ਪਾਤਰ ਉਸ ਨੌਜਵਾਨੀ ਨੂੰ ਪੇਸ਼ ਕਰਦਾ ਹੈ ਜਿਸ ਬਾਰੇ ਅਸੀਂ ਵੇਖਦੇ ਸੁਣਦੇ ਆਂ ਕਿ ਪੰਜਾਬ ਦੇ ਕੁਝ ਨੌਜਵਾਨ ਗਲਤ ਰਾਹਾਂ 'ਤੇ ਤੁਰ ਪਏ ਹਨ। ਜੋ ਨਸ਼ੇ ਕਰਨੇ, ਬੁਰਾ ਵਰਤਾਅ ਕਰਨਾ, ਫੋਕੀ ਸ਼ੋਹਰਤ, ਅੰਦਰ ਵਸਿਆ ਘੈਂਟ ਜੱਟ ਦਾ ਕਿਰਦਾਰ ਅਤੇ ਵਿਹਲੇ ਰਹਿਣਾ ਆਦਿ ਰਾਹ 'ਤੇ ਚੱਲਦਾ ਹੈ। ਅੱਜ ਪੰਜਾਬ ਉਹ ਨਹੀਂ ਰਿਹਾ ਜੋ ਤੀਹ ਚਾਲੀ ਸਾਲ ਪਹਿਲਾਂ ਸੀ। ਉੱਥੇ ਵੀ ਹੁਣ ਗੈਂਗਸਟਰ ਬਗੈਰਾ ਦਾ ਕਲਚਰ ਆ ਗਿਆ ਹੈ। ਦਰਸ਼ਣ ਨੇ ਅੰਤ 'ਤੇ ਜੋ ਕੀਤਾ ਉਸ ਤੋਂ ਸੰਕੇਤ ਮਿਲਦਾ ਹੈ ਕਿ ਪੰਜਾਬੀ ਜਵਾਨੀ ਦਾ ਕੁਝ ਹਿੱਸਾ, ਕਿਸੇ ਵੀ ਹੱਦ ਤੱਕ ਜਾ ਕੇ ਆਪਣੀ ਜ਼ਿੱਦ ਪੁਗਾਉਣ ਨੂੰ ਪਹਿਲ ਦਿੰਦਾ ਹੈ। ਹਾਲਾਂ ਕਿ ਦਰਸ਼ਣ ਦਾ ਗਰੀਨ ਕਾਰਡ ਮਿਲ ਗਿਆ ਸੀ ਤੇ ਤਲਾਕ ਹੋ ਗਈ ਸੀ। ਉਹ ਕਿਧਰੇ ਵੀ ਹੋਰ ਵਿਆਹ ਕਰਵਾ ਕੇ ਵਧੀਆ ਜ਼ਿੰਦਗੀ ਬਤੀਤ ਕਰ ਸਕਦਾ ਸੀ। ਪਰ ਉਸ ਅੰਦਰਲਾ ਆਪੂੰ ਬਣਿਆਂ ਘੈਂਟ ਜੱਟ, ਘਰ ਵਸਾਉਣ ਨਾਲੋਂ ਬਦਲਾ ਲੈਣ ਦੀ ਪ੍ਰਵਿਰਤੀ ਰੱਖਦਾ ਹੈ। ਦੂਸਰਾ ਅਮਰੀਕਾ ਵਿਚ ਗੰਨ ਕਲਚਰ ਬਹੁਤ ਉਭਾਰ 'ਤੇ

ਹੈ। ਅਸੀਂ ਵੇਖਦੇ ਹਾਂ ਕਿ ਹਰ ਹਫਤੇ ਇਵੇਂ ਦੀ ਮਾੜੀ ਮਾਨਸਿਕਤਾ ਵਾਲੇ ਲੋਕ ਕਿਧਰੇ ਨਾ ਕਿਧਰੇ ਕਹਿਰ ਵਰਪਾ ਕੇ ਮਾਸੂਮ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੰਦੇ ਹਨ। ਕਦੇ ਕਿਸੇ ਸਕੂਲ ਵਿਚ, ਕਦੇ ਚਰਚ ਵਿਚ ਜਾਂ ਕਦੇ ਕਿਸੇ ਥੀਏਟਰ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਘਟਦੀਆਂ ਰਹਿੰਦੀਆਂ ਹਨ। ਜੋ ਇਸ ਨਾਵਲ ਦੇ ਅੰਤ 'ਚ ਵਾਪਰਿਆ ਹੈ ਬਿਲਕੁਲ ਇਸੇ ਪ੍ਰਕਾਰ ਦੀਆਂ ਕਈ ਘਟਨਾਵਾਂ ਨੂੰ ਸਾਡੇ ਹੀ ਲੋਕਾਂ ਦੁਆਰਾ ਵੀ ਅੰਜਾਮ ਦਿੱਤਾ ਗਿਆ ਹੈ। ਕਨੇਡਾ ਜਾਂ ਅਮਰੀਕਾ ਵਿਚ ਇਹ ਕੁਝ ਹੋਇਆ ਹੈ। ਇਸ ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਪੁਰਾਣਾ, ਨਵੇਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਹਰ ਹੀਲਾ ਵਰਤਦਾ ਹੈ। ਬਾਕੀ ਜੋ ਤੁਸੀਂ ਕਿਹਾ ਹੈ ਕਿ ਇਹ ਕਿਧਰੇ ਸੁਖਾਂਤ ਤੋਂ ਦੁਖਾਂਤ ਵੱਲ ਲਿਜਾਣ ਦੀ ਪਰੰਪਰਾਵਾਦੀ ਰਚਨਾ ਤਾਂ ਨਹੀਂ ? ਨਹੀਂ ਜੀ ਇਹ ਬਿਲੁਕਲ ਨਹੀਂ। ਮੇਰੇ ਹਿਸਾਬ ਜਿੱਥੇ ਦਰਸ਼ਣ ਵਰਗਾ ਮੁੱਖ ਕਿਰਦਾਰ ਹੋਵੇ ਉੱਥੇ ਕਹਾਣੀ ਇਸੇ ਪ੍ਰਕਾਰ ਦੇ ਅੰਤ ਦੀ ਮੰਗ ਕਰਦੀ ਸੀ।

? ਤੁਹਾਡੇ ਨਾਵਲ 'ਭੰਵਰ' ਵਾਂਗ ਇਸ ਨਾਵਲ ਦੇ ਪਾਤਰ ਵੀ ਰਿਸ਼ਤਿਆਂ ਦੇ ਭੰਵਰ ਵਿਚ ਫਸੇ ਛਟਪਟਾ ਰਹੇ ਹਨ ਤੇ ਦੋਹਾਂ ਨਾਵਲਾਂ ਦਾ ਅੰਤ ਵੀ ਕੁਝ ਸਨਸਨੀਖੇਜ਼ ਹੈ। ਅਜਿਹਾ ਕਿਉਂ ?

– ਇਹ ਸੋਚ ਸਮਝ ਕੇ ਤਾਂ ਕੁਝ ਵੀ ਨਹੀਂ ਕਿਹਾ ਗਿਆ। ਵੈਸੇ ਵੀ ਭੰਵਰ ਨਾਵਲ ਦੀ ਕਹਾਣੀ ਮੁਸ਼ਕਲਾਂ 'ਚੋਂ ਲੰਘਦੇ ਇਕ ਨੌਜਵਾਨ ਦੀ ਇੱਥੇ ਸੈੱਟ ਹੋਣ ਦੀ ਕਹਾਣੀ ਸੀ। ਜਦੋਂ ਕਿ ਨਵਯੁਗ ਦਾ ਵਿਸ਼ਾ ਬਿਲਕੁਲ ਵੱਖਰਾ ਹੈ।

? ਇਸ ਵਿਸ਼ੇ 'ਤੇ ਨਾਵਲ ਲਿਖਣ ਦਾ ਖਿਆਲ ਤੁਹਾਨੂੰ ਸੁਤੇ ਸਿੱਧ ਆਇਆ ਜਾਂ ਤੁਹਾਡੇ ਆਲੇ ਦੁਆਲੇ ਵਾਪਸੀ ਕਿਸੇ ਘਟਨਾ ਨੇ ਉਚੇਚੇ ਤੌਰ 'ਤੇ ਤੁਹਾਨੂੰ ਇਸ ਵਿਸ਼ੇ 'ਤੇ ਲਿਖਣ ਲਈ ਪ੍ਰੇਰਿਤ ਕੀਤਾ ?

– ਇਸ ਵਿਸ਼ੇ 'ਤੇ ਨਾਵਲ ਲਿਖਣ ਦਾ ਖਿਆਲ ਸੁਤੇ ਸਿੱਧ ਬਿਲਕੁਲ ਨਹੀਂ ਆਇਆ। ਬਲਕਿ ਇਹ ਤਾਂ ਇੱਥੇ, ਪੁਰਾਣੀ ਪੀੜ੍ਹੀ ਵੱਲੋਂ ਸੁਣੀਆਂ ਸੁਣਾਈਆਂ ਜਾਂਦੀਆਂ ਗੱਲਾਂ 'ਚੋਂ ਉਪਜਿਆ ਨਾਵਲ ਹੈ। ਇਨ੍ਹਾਂ ਲੋਕਾਂ ਦਾ ਇਹ ਫਿਕਰ ਬਹੁਤ ਵੱਡਾ ਹੈ ਕਿ ਸਾਡੇ ਬੱਚੇ ਵਿਆਹ ਕਿਉਂ ਨਹੀਂ ਕਰਵਾਉਂਦੇ। ਕੀ ਉਹ ਬਿਨਾਂ ਪਰਿਵਾਰਕ ਵਾਧੇ ਦੇ ਹੀ ਇਸ ਸੰਸਾਰ ਤੋਂ ਚਲੇ ਜਾਣਗੇ। ਕੀ ਉਨ੍ਹਾਂ ਨੂੰ ਪੋਤੇ ਪੋਤਰੀਆਂ ਜਾਂ ਦੋਹਤੇ ਦੋਹਤਰੀਆਂ ਨੂੰ ਖਿਡਾਉਣ ਦਾ ਸੁੱਖ ਕਦੇ ਨਹੀਂ ਮਿਲੇਗਾ। ਕੀ ਉਨ੍ਹਾਂ ਪਿੱਛੋਂ ਘਰਾਂ ਦੇ ਬੂਹੇ ਬੰਦ ਹੋ ਜਾਣਗੇ। ਇਹ ਗੱਲਾਂ ਹਰ ਇਕੱਠ ਵਿਚ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਉੱਧਰ ਨਵੀਂ ਪੀਹੜੀ ਦੀ ਇਹ ਸ਼ਿਕਾਇਤ ਹੈ ਕਿ ਮਾਂ ਪਿਉ ਉਨ੍ਹਾਂ ਨੂੰ ਹਮੇਸ਼ਾ ਵਿਆਹ ਵਿਆਹ ਕਹਿੰਦਿਆਂ ਤੰਗ ਕਰਦੇ ਹਨ। ਉਨ੍ਹਾਂ ਮੁਤਾਬਕ ਮਾਪੇ ਕਿਉਂ ਉਨ੍ਹਾਂ ਨੂੰ ਨਿੱਜੀ ਆਜਾਦੀ ਦਾ ਨਿੱਘ ਨਹੀਂ ਮਾਣਨ ਦਿੰਦੇ। ਦੋਨਾਂ ਪੀੜ੍ਹੀਆਂ ਦੇ ਦਵੰਧ ਵਿਚੋਂ ਹੀ ਇਸ ਨਾਵਲ ਦਾ ਜਨਮ ਹੋਇਆ ਹੈ।

? ਨਾਵਲ ਦੇ ਖਰੜੇ ਦੇ ਰੂਪ ਵਿਚ ਇਸ ਦਾ ਪਹਿਲਾ ਪਾਠਕ ਕੌਣ ਸੀ ?

– ਸਮੁੱਚਾ ਖਰੜਾ ਤਾਂ ਕਿਸੇ ਨੇ ਵੀ ਨਹੀਂ ਪੜ੍ਹਿਆ। ਹਾਂ ਨਾਵਲ ਵਿਚਲੇ ਨੁਕਤੇ ਬਹੁਤ ਸਾਰੇ ਦੋਸਤਾਂ ਨਾਲ ਸਾਂਝੇ ਕੀਤੇ। ਕਈ ਬਦਲਾਵ ਵੀ ਕੀਤੇ। ਕਈ ਥਾਂ ਸੁਧਾਰ ਕੀਤੇ। ਕੁੱਲ ਮਿਲਾ ਕੇ ਇਸ ਨਾਵਲ ਦੇ ਸਿਰੇ ਚੜ੍ਹਨ ਵਿਚ ਬਹੁਤ ਸਾਰੇ ਦੋਸਤਾਂ ਮਿੱਤਰਾਂ ਦਾ ਵੱਡਾ ਹੱਥ ਰਿਹਾ।



## ਨਵਯੁਗ: ਵਿਚਾਰਨਯੋਗ ਮੁੱਦਿਆਂ ਨੂੰ ਸਾਹਮਣੇ ਲਿਆਉਣ ਦਾ ਜਤਨ
## –ਡਾ. ਜਸਵਿੰਦਰ ਕੌਰ ਬਿੰਦਰਾ

ਪੰਜਾਬੀ ਨਾਵਲ ਦਾ ਖੇਤਰ ਨਵੇਂ-ਪੁਰਾਣੇ ਅਨੇਕ ਨਾਵਲਕਾਰਾਂ ਨਾਲ ਮੌਲਿਆ ਹੋਇਆ ਹੈ, ਜਿਸ ਵਿੱਚ ਬਹੁਤ ਵੱਡਾ ਵਾਧਾ ਪ੍ਰਵਾਸੀ ਨਾਵਲਕਾਰਾਂ ਵਲੋਂ ਹੋਇਆ ਹੈ। ਨਾਵਲੀ ਖੇਤਰ ਦੀਆਂ ਕਈ ਰੰਗ ਤੇ ਪ੍ਰਵਿਰਤੀਆਂ ਵਧੀਆ-ਫੁੱਲੀਆਂ। ਅਜੇ ਵੀ ਇਹ ਸਭ ਨਾਲੋ-ਨਾਲ ਚੱਲ ਰਿਹਾ ਹੈ। ਬਹੁਤ ਸਾਰੇ ਨਾਵਲ ਤੇ ਨਾਵਲਕਾਰਾਂ ਦੇ ਬਾਵਜੂਦ ਪੰਜਾਬੀ ਵਿਚਲੇ ਨਾਵਲਾਂ ਦੇ ਵਿਸ਼ੇ ਬਹੁਤੇ ਨਿਵਕਲੇ ਨਹੀਂ ਰਹੇ। ਵਿੱਚ-ਵਿੱਚ ਲੀਕੋਂ ਹੱਟ ਕੇ ਨਾਵਲ ਆਉਂਦੇ ਰਹੇ, ਜਿਨ੍ਹਾਂ ਵਿੱਚੋਂ ਕੁਝ ਦੀ ਖ਼ਾਸੀ ਚਰਚਾ ਹੋਈ ਤੇ ਕੁਝ ਕੋਲੋਂ ਦੀ ਲੰਘ ਗਏ ਕਿ ਪਤਾ ਵੀ ਨਾ ਲੱਗਾ। ਕ੍ਰਿਸਾਨੀ ਪੰਜਾਬੀ ਸਾਹਿਤ ਦਾ ਮਨਭਾਉਂਦਾ ਵਿਸ਼ਾ ਰਿਹਾ। ਇਸ ਨਾਲ ਜੁੜੀਆਂ ਅਨੇਕ ਸਮੱਸਿਆਵਾਂ, ਪਾਤਰਾਂ ਦੀ ਘਰੇਲੂ, ਆਰਥਕ, ਸਮਾਜਕ ਤੇ ਮਾਨਸਕ ਸਥਿਤੀਆਂ ਨੂੰ ਅਨੇਕ ਰਚਨਾਵਾਂ ਦੇ ਕੇਂਦਰ ਵਿੱਚ ਰੱਖਿਆ ਗਿਆ। ਇਸੇ ਤਰ੍ਹਾਂ ਪ੍ਰਵਾਸੀ ਨਾਵਲ ਦੇ ਵਿਸ਼ਿਆਂ ਵਿੱਚ ਵੀ ਬਹੁਤੀ ਸਮਾਨਤਾ ਰਹੀ। ਕੁਝ-ਕੁਝ ਵੱਖਰੇ ਕਥਾਨਕ ਤੇ ਪਾਤਰਾਂ ਨੂੰ ਲੈ ਕੇ ਨਾਵਲਾਂ ਦੀ ਰਚਨਾ ਹੋਈ, ਪਰ ਇਸ ਦੀ ਗਿਣਤੀ ਆਮ ਤੌਰ ਤੇ ਘੱਟ ਹੀ ਕਹੀ ਜਾ ਸਕਦੀ ਹੈ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਪ੍ਰਵਾਸੀਆਂ ਨੇ ਪੰਜਾਬੀ ਸਾਹਿਤ ਵਿੱਚ ਕੁਝ ਕੁ ਨਿਵੇਕਲੇ ਵਿਸ਼ਿਆਂ ਰਾਹੀਂ ਆਪਣਾ ਯੋਗਦਾਨ ਜ਼ਰੂਰ ਪਾਇਆ। ਜਿਨ੍ਹਾਂ ਨੂੰ ਗਿਣਤੀ ਪੱਖੋਂ ਨਹੀਂ ਬਲਕਿ ਗੁਣਾਤਮਕ ਪੱਖੋਂ ਕਿਹਾ ਜਾ ਸਕਦਾ ਹੈ। ਇਨ੍ਹਾਂ ਵਿਚੋਂ ਹੀ ਇਕ ਨਾਂ ਹਰਮਹਿੰਦਰ ਚਹਿਲ ਦਾ ਹੈ, ਜਿਸ ਨੇ 'ਬਲੀ' ਰਾਹੀਂ ਨਾਵਲੀ ਖੇਤਰ ਵਿੱਚ ਪੈਰ ਪਾਇਆ ਤੇ ਆਪਣੇ ਪੰਜ ਨਾਵਲਾਂ ਤੋਂ ਬਾਅਦ ਉਹ 'ਨਵਯੁਗ' ਨਾਵਲ ਰਾਹੀਂ ਇਕ ਵਾਰ ਫਿਰ ਤੋਂ ਪਾਠਕਾਂ ਦੇ ਸਨਮੁਖ ਹੋਇਆ ਹੈ।

ਇਸ ਵਿੱਚ ਕੋਈ ਦੋ ਰਾਇ ਨਹੀਂ ਹੋ ਸਕਦੀ ਕਿ ਪੰਜਾਬੀਆਂ ਨੇ ਜਿਵੇਂ ਵੰਡ ਤੋਂ ਬਾਅਦ ਆਪਣੇ ਮਿਹਨਤੀ ਸੁਭਾ ਸਦਕਾ ਆਪਣੇ ਆਪ ਨੂੰ ਛੇਤੀ ਹੀ ਪੈਰਾਂ ਸਿਰ ਕਰ ਲਿਆ ਤੇ ਪੱਛਮੀ ਖੇਤਰ ਵਲੋਂ ਆਉਣ ਵਾਲੇ ਸਿੱਖ-ਪੰਜਾਬੀ 'ਰਿਫਊਜੀ' ਨਾ ਰਹੇ, ਉਹ ਛੇਤੀ ਹੀ ਮੁੱਖ ਧਾਰਾ ਦਾ ਹਿੱਸਾ ਬਣ ਗਏ। ਉਸੇ ਤਰ੍ਹਾਂ ਪੰਜਾਬੀਆਂ ਨੇ ਬਾਹਰਲੇ ਮੁਲਕਾਂ ਵਿੱਚ ਵੀ ਦਿਨ-ਰਾਤ ਇੱਕ ਕਰਕੇ ਆਪਣੀ ਸਾਖ਼ ਕਾਇਮ ਕੀਤੀ। ਵੱਡੇ-ਵੱਡੇ ਬਿਜ਼ਨੈੱਸ ਖੜ੍ਹੇ ਕੀਤੇ, ਜਾਇਦਾਦਾਂ ਬਣਾਈਆਂ, ਮੁਲਕਾਂ ਦੀ ਆਰਥਕ ਵਿਵਸਥਾ ਵਿੱਚ ਚੰਗਾ ਯੋਗਦਾਨ ਪਾਇਆ। ਆਪਣੀ ਇਸੇ ਸਮਾਜਕ ਤੇ ਆਰਥਕ ਪਛਾਣ ਦੇ ਬਲ 'ਤੇ ਉਹ ਉਨ੍ਹਾਂ ਮੁਲਕਾਂ ਦੀ ਸੱਤਾ ਵਿਵਸਥਾ ਵਿੱਚ ਵੀ ਪਹੁੰਚਣ ਲੱਗੇ। ਹਾਲਾਂ ਕਿ ਇਸ ਸਥਿਤੀ ਤੱਕ ਪਹੁੰਚਣ ਲਈ ਲੰਬਾ ਸਮਾਂ ਲੱਗਾ, ਪਰ ਉਨ੍ਹਾਂ ਕਾਮਯਾਬੀ ਹਾਸਲ ਕੀਤੀ। ਇਸੇ ਦੌਰਾਨ ਉੱਥੇ ਪੁੱਜੇ ਪਰਿਵਾਰਾਂ ਦੇ ਬੱਚੇ ਕਈ ਤਾਂ ਉਥੇ ਹੀ ਜੰਮੇ-ਪਲੇ, ਕਈ ਛੋਟੇ ਹੁੰਦਿਆਂ ਉੱਥੇ ਗਏ ਤੇ ਫਿਰ ਉੱਥੋਂ ਦੇ ਹੀ ਹੋ ਗਏ। ਅਸੀਂ ਬਹੁਤ ਸਾਰੇ ਪ੍ਰਵਾਸੀ ਨਾਵਲਾਂ ਵਿੱਚ ਇਹ ਸਾਰਾ ਕੁਝ ਬਹੁਤ ਵਾਰੀ ਪੜ੍ਹਿਆ ਹੈ। ਹਾਲਾਂ ਕਿ ਇਸ ਵਿੱਚ ਗਲਤ ਕੁਝ ਵੀ ਨਹੀਂ। ਸਾਰੇ ਪ੍ਰਵਾਸੀ ਲੇਖਕਾਂ ਨੇ ਆਪਣੇ ਆਪਣੇ ਢੰਗ ਨਾਲ ਆਪਣੇ ਹਿੱਸੇ ਆਈਆਂ ਔਕੜਾਂ, ਘਰੇਲੂ ਪਰੇਸ਼ਾਨੀਆਂ, ਪਿੱਛੇ ਰਹਿ ਗਏ ਘਰ ਦੇ ਜੀਆਂ ਦੇ ਲਾਲਚ ਦੀਆਂ,

ਉਥੇ ਪਹੁੰਚ ਗਏ ਰਿਸ਼ਤੇਦਾਰਾਂ, ਮਿੱਤਰਾਂ, ਜਵਾਈ, ਨੂੰਹ ਅੱਗੋਂ ਉਨ੍ਹਾਂ ਦੇ ਪਰਿਵਾਰਾਂ ਦੇ ਉਥੇ ਜਾਇਜ਼-ਨਾਜਾਇਜ਼ ਵਿਆਹਾਂ, ਤਰੀਕਿਆਂ ਤੇ ਢੰਗਾਂ ਨਾਲ ਪਹੁੰਚਣ, ਗਰੀਨ ਕਾਰਡ ਹਾਸਲ ਕਰਨ ਦੇ ਮੰਸੂਬਿਆਂ ਆਦਿ ਵੱਲ ਪਾਠਕਾਂ ਦਾ ਧਿਆਨ ਦਿਵਾਇਆ ਜਾਂ ਕਹਿਣਾ ਚਾਹੀਦਾ ਹੈ ਕਿ ਇਨ੍ਹਾਂ ਚਾਲਾਂ-ਕੁਚਾਲਾਂ ਨੂੰ ਪੜ੍ਹ-ਸੁਣ ਕੇ ਦੇਸੀ ਪਾਠਕਾਂ ਦੀਆਂ ਅੱਖਾਂ ਫੱਟੀਆਂ ਰਹਿ ਗਈਆਂ। ਕਹਿੰਦੇ ਹਨ, ਜੋ ਹੋ ਜਾਵੇ, ਥੋੜਾ।

ਬਹੁਤ ਕੁਝ ਹੋਇਆ, ਬਹੁਤ ਕੁਝ ਸਾਹਮਣੇ ਆਇਆ, ਕੁਝ ਕੁ ਲੁਕਿਆ ਵੀ ਰਹਿ ਗਿਆ। ਇਨ੍ਹਾਂ ਸਾਰੇ ਮਾੜੇ-ਚੰਗੇ, ਕੌੜੇ-ਮਿੱਠੇ, ਤਿੱਖੇ-ਨੁਕੀਲੇ ਅਨੁਭਵਾਂ, ਘਟਨਾਵਾਂ, ਵੱਖ-ਵੱਖ ਕਥਾਨਕਾਂ-ਪਾਤਰਾਂ ਵਿੱਚੋਂ, ਵੱਖਰੇ ਮੁਲਕਾਂ ਦੇ ਬਾਵਜੂਦ ਜੋ ਦੋ ਗੱਲਾਂ ਹਮੇਸ਼ਾ ਹੀ ਪ੍ਰਵਾਸੀਆਂ ਦੇ ਨਾਵਲਾਂ ਦਾ ਕੇਂਦਰੀ ਹਿੱਸਾ ਰਹੀਆਂ, ਉਹ ਸੀ, ਉਨ੍ਹਾਂ ਦੇ ਆਪਣੇ ਧੀਆਂ-ਪੁੱਤਰਾਂ ਨਾਲ ਵਿਆਹ ਕਾਰਣ ਪੈਂਦਾ ਕਲੇਸ਼। ਇਸ ਕਲੇਸ਼ ਦਾ ਕਾਰਣ ਹਮੇਸ਼ਾ ਹੀ ਇਹ ਰਿਹਾ ਕਿ ਵੀਹ-ਵੀਹ ਸਾਲਾਂ ਤੋਂ ਉੱਥੇ ਰਹਿੰਦੇ ਪਰਿਵਾਰਾਂ ਦਾ ਆਪਣੇ ਦੇਸ਼ ਭਾਰਤ ਆ ਕੇ ਆਪਣੇ ਜੁਆਕਾਂ ਦਾ ਵਿਆਹ ਕਰਨਾ ਜਾਂ ਇੱਥੋਂ ਹੀ ਕੋਈ ਦੇਸੀ ਮੁੰਡੇ ਜਾਂ ਕੁੜੀ ਨੂੰ ਵਿਆਹ ਦੇ ਜ਼ਰੀਏ ਉੱਥੇ ਆਪਣੇ ਕੋਲ ਬੁਲਾਉਣਾ। ਦੂਜੇ, ਆਪਣੇ ਧਰਮ ਪ੍ਰਤੀ ਉਨ੍ਹਾਂ ਦਾ ਬਸ ਐਨਾ ਹੀ ਰਾਬਤਾ ਕਿ ਉਹ ਵੀਕ-ਐਂਡ ਤੇ ਧੱਕੇ ਨਾਲ ਘਰਦਿਆਂ ਦੇ ਕਹਿਣ ਤੇ ਗੁਰਦੁਆਰੇ ਮੱਥਾ ਟੇਕ ਆਉਣਾ ਜਾਂ ਭਾਈਚਾਰੇ ਦੇ ਵਿਆਹ ਦੇ ਮੌਕੇ ਗੁਰਦੁਆਰੇ ਜਾ ਕੇ ਜੁੜਨਾ। ਇਸ ਤੋਂ ਅੱਗੋਂ ਕੁਝ ਖ਼ਾਸ ਨਹੀਂ। ਬਸ ਇਹੀ ਧਰਮ ਉਨ੍ਹਾਂ ਨੂੰ ਸਮਝ ਵਿੱਚ ਆਉਂਦਾ ਹੈ। ਅਕਸਰ ਹੀ ਪ੍ਰਵਾਸੀ ਨਾਵਲਾਂ ਵਿੱਚ ਮੇਮਾਂ ਜਾਂ ਵਿਦੇਸ਼ੀ ਕੁੜੀਆਂ-ਔਰਤਾਂ ਪ੍ਰਤੀ ਲਾਰਾਂ ਟਪਕਾਉਂਦੇ ਫਿਰਦੇ ਪੰਜਾਬੀ ਮਰਦਾਂ ਤੇ ਨੌਜਵਾਨਾਂ ਦਾ ਭਰਵਾਂ ਚਿੱਤਰਣ ਮਿਲਦਾ ਰਿਹਾ। ਨਵਯੁਗ ਨਾਵਲ ਵਿੱਚ ਪਹਿਲੇ ਦੋ ਵਿਸ਼ੇ ਮੌਜੂਦ ਹਨ, ਪਰ ਮੇਮਾਂ ਇਸ ਪ੍ਰਵਾਸੀ ਨਾਵਲ ਵਿੱਚੋਂ ਮਨਫ਼ੀ ਹਨ। ਨਵਯੁਗ ਨੂੰ ਵਿਚਾਰਨ ਤੋਂ ਪਹਿਲਾ ਸੰਖੇਪ ਵਿੱਚ ਥੋੜਾ ਜਿਹਾ ਇਸ ਦੀ ਕਹਾਣੀ ਨੂੰ ਜਾਣ ਲੈਣਾ ਬਿਹਤਰ ਹੈ।

ਪੰਜਾਬ ਤੋਂ ਅਮਰੀਕਾ ਗਏ ਕਿਰਪਾਲ ਸਿੰਘ ਨੇ ਆਪਣੀ ਸਿਆਣਪ, ਮਿਹਨਤ ਤੇ ਦੂਰ-ਅੰਦੇਸ਼ੀ ਸਦਕਾ ਆਪਣੇ ਆਪ ਨੂੰ ਡਾਕਟਰੀ ਵਿੱਚ ਸਥਾਪਿਤ ਕੀਤਾ ਤੇ ਆਪਣੇ ਵੱਡੇ ਪਰਿਵਾਰ ਦੇ ਤਿੰਨ ਭਰਾਵਾਂ ਤੇ ਇਕ ਭੈਣ ਨੂੰ ਵੀ ਅਮਰੀਕਾ ਪਹੁੰਚਾ ਦਿੱਤਾ। ਜਿੱਥੇ ਕਿਰਪਾਲ ਨਾਮਵਾਰ ਡਾਕਟਰ ਬਣਿਆ, ਇਕ ਕਲੀਨਿਕ ਦਾ ਮਾਲਕ ਬਣ ਗਿਆ, ਉੱਥੇ ਉਸ ਦੇ ਭਰਾਵਾਂ ਨੇ ਵੀ ਟੈਕਸੀ ਆਦਿ ਚਲਾ ਕੇ, ਆਪਣੀਆਂ ਗ੍ਰਹਿਸਥੀਆਂ ਉੱਥੇ ਵਸਾ ਲਈਆਂ। ਸਾਰੇ ਪਰਿਵਾਰ ਦਾ ਆਪਸ ਵਿੱਚ ਨੇੜਲਾ ਰਿਸ਼ਤਾ ਕਾਇਮ ਰਿਹਾ, ਪਰ ਕਿਰਪਾਲ ਉਨ੍ਹਾਂ ਤੋਂ ਆਪਣੀ ਚੰਗੀ ਪੋਜੀਸ਼ਨ ਅਤੇ ਆਰਥਕ ਪੱਖੋਂ ਅਮੀਰ ਹੋਣ ਕਾਰਨ ਥੋੜਾ ਜਿਹਾ ਟਾਲਾ ਵੱਟਣ ਲੱਗਾ। ਨਵੀਂ ਪੀੜ੍ਹੀ ਜਵਾਨ ਹੋ ਗਈ। ਕਿਸੇ ਦੇ ਦੋ ਪੁੱਤ, ਕਿਸੇ ਦੀਆਂ ਦੋ ਧੀਆਂ, ਕਿਸੇ ਦੀ ਇਕ ਧੀ, ਕਿਸੇ ਦਾ ਇਕ ਪੁੱਤਰ ਤੇ ਕਿਰਪਾਲ ਦੇ ਇਕ ਧੀ ਤੇ ਪੁੱਤਰ। ਕਿਰਪਾਲ ਦੋਵਾਂ ਨੂੰ ਹੀ ਡਾਕਟਰ ਬਣਾਉਣ ਦਾ ਸੁਪਨਾ ਸੰਜੋਈ ਬੈਠਾ ਸੀ ਤਾਂ ਜੋ ਬੱਚੇ ਡਾਕਟਰ ਬਣ ਕੇ ਉਸ ਦਾ ਕਲੀਨਿਕ ਸੰਭਾਲ ਸਕਣ। ਉਸ ਦੀ ਧੀ ਮਨੀ ਪੂਰੀ ਤਰ੍ਹਾਂ ਬਾਪ ਦੀ ਸੋਚ ਤੇ ਖਰੀ ਉਤਰ ਰਹੀ ਸੀ ਪਰ ਬੀਰਾ ਥੋੜਾ ਵਧੇਰੇ ਸੰਵੇਦਨਸ਼ੀਲ ਹੋਣ ਕਾਰਣ, ਬਾਪ ਵਲੋਂ ਪੂਰਾ ਸਮਾਂ ਨਾ ਦੇਣ ਸਕਣ ਜਾਂ ਸਕੂਲ ਨਾ ਪਹੁੰਚਣ ਕਾਰਣ ਆਪਣੇ ਆਪ ਨੂੰ ਵਿਚਾਰਾ ਜਿਹਾ ਮਹਿਸੂਸ ਕਰਦੇ ਹੋਏ ਪਹਿਲਾ ਸਕੂਲ ਵਿੱਚ, ਫਿਰ ਯੂਨੀਵਰਸਿਟੀ ਵਿੱਚ ਪੁੱਠੇ ਰਾਹਾਂ 'ਤੇ ਤੁਰ ਪਿਆ।



ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਵੱਡੇ ਪਰਿਵਾਰਾਂ ਦੇ ਆਪਸੀ ਕਜ਼ਿਨ ਘੱਟ-ਵੱਧ ਹੀ ਇਕ-ਦੂਜੇ ਨਾਲ ਪਿਆਰ-ਮੁਹੱਬਤ ਨਾਲ ਰਹਿੰਦੇ ਹਨ। ਉਨ੍ਹਾਂ ਦੀ ਆਪਸੀ ਈਰਖਾ, ਇਕ-ਦੂਜੇ ਤੋਂ ਅੱਗੇ ਵੱਧਣ ਦੀ ਹੋੜ ਕਾਰਣ ਉਹ ਆਪਸ ਵਿੱਚ ਲੜਦੇ ਜਾਂ ਖਹਿਬੜਦੇ ਰਹਿੰਦੇ ਹਨ। ਇਸ ਨਾਵਲ ਵਿੱਚ ਨਾਵਲਕਾਰ ਨੇ ਹਸਦ, ਈਰਖਾ ਦੀ ਥਾਂ 'ਤੇ ਇਸ ਵੱਡੇ ਖਾਨਦਾਨ ਦੇ ਸਾਰੇ ਬੱਚਿਆਂ ਵਿੱਚ ਆਪਸੀ ਪਿਆਰ ਤੇ ਸਨੇਹ ਦੀ ਭਾਵਨਾ ਨੂੰ ਦਰਸਾਇਆ। ਜੋ ਕਿ ਹੁਣ ਜਵਾਨ ਹੋ ਚੁੱਕੇ ਹਨ, ਇਕ-ਦੂਜੇ ਦੇ ਪੂਰੇ ਰਾਬਤੇ ਵਿੱਚ ਦਿੱਸਦੇ ਹਨ। ਆਪਸ ਵਿੱਚ ਬਣਾਏ ਵਟਸਐਪ ਗਰੁੱਪ ਵਿੱਚ ਸਾਰੇ ਇਕ-ਦੂਜੇ ਨਾਲ ਮੈਸੇਜ ਕਰ, ਮਜ਼ਾਕ ਕਰਦੇ, ਚਹੇਡਾਂ ਕਰਦੇ ਤੇ ਕਦੀ-ਕਦਾਈਂ ਮਿਲ-ਬੈਠ ਕੇ ਖਾਂਦੇ ਤੇ ਰਲ ਕੇ ਪੀਂਦੇ, ਵਿੱਚੇ ਭੈਣਾਂ ਤੇ ਵਿੱਚੇ ਭਰਾ। ਇਨ੍ਹਾਂ ਸਭ ਦਾ ਮੋਹਰੀ ਕੁਲਦੀਪ, ਜਗਤਾਰ ਸਿੰਘ ਦਾ ਇਕਲੌਤਾ ਮੁੰਡਾ। ਸਾਰੇ ਉਸਦਾ ਆਦਰ ਕਰਦੇ, ਉਸ ਦੀ ਸਲਾਹ ਲੈ ਕੇ ਚਲਦੇ। ਸਿਰਫ਼ ਕਜ਼ਿਨ ਹੀ ਨਹੀਂ, ਬਹੁਤ ਵਾਰ ਉਸ ਦੇ ਆਪਣੇ ਚਾਚੇ-ਤਾਏ, ਭੂਆ-ਫੁੱਫੜ ਤੇ ਚਾਚੀਆਂ ਵੀ ਉਸ ਦੀਆਂ ਸਲਾਹ ਲੈਂਦੀਆਂ। ਉਸ ਨੇ ਹੀ ਭੂਆ ਪਾਲੀ ਦੀ ਧੀ ਕਰਮੀ ਦੇ ਵਿਆਹ ਉੱਤੇ ਇੰਡੀਆ ਆਉਣ 'ਤੇ ਬੀਰੇ ਨੂੰ ਆਪਣੇ ਗਰੁੱਪ ਵਿੱਚ ਪਾ ਲਿਆ। ਜਦ ਕਿ ਬੀਰੇ ਦੀ ਮਾਂ ਨਾਮੋ ਵੀ ਆਪਣੇ ਬਾਕੀ ਪਰਿਵਾਰ ਨਾਲ ਮਿਲ-ਜੁਲ ਕੇ ਰਹਿਣਾ ਤੇ ਦੁਖ-ਸੁਖ ਕਰਨਾ ਚਾਹੁੰਦੀ ਰਹੀ, ਪਰ ਕਿਰਪਾਲ ਦੇ ਵਤੀਰੇ ਕਾਰਣ ਉਸ ਨੂੰ ਦੂਰੀ ਬਣਾ ਕੇ ਰੱਖਣੀ ਪਈ। ਫਿਰ ਵੀ ਲੋੜ ਪੈਣ ਤੇ ਕੁਲਦੀਪ ਨਾਲ ਉਸ ਨੇ ਕਈ ਵਾਰ ਸਲਾਹ-ਮਸ਼ਵਰਾ ਕੀਤਾ। ਮਨੀ ਆਪਣੀ ਪੜ੍ਹਾਈ ਦੇ ਜ਼ੋਰ ਕਾਰਣ ਤੇ ਕੁਝ ਬਾਪ ਦੇ ਪ੍ਰਭਾਵ ਕਾਰਣ ਕਜ਼ਿਨ ਗਰੁੱਪ ਵਿੱਚ ਸ਼ਾਮਲ ਨਹੀਂ ਹੋਈ।

ਇਸ ਨਾਵਲ ਵਿੱਚ ਨਾਵਲਕਾਰ ਨੇ ਅਮਰੀਕੀ ਪਲੀ-ਪੜ੍ਹੀ, ਪੀੜ੍ਹੀ ਦੇ ਵਿਆਹ ਇੰਡੀਆ ਵਿੱਚ ਹੀ ਕਰਨ ਦੀ ਮਾਪਿਆਂ ਦੇ ਜ਼ਿੱਦ ਕਾਰਣ ਹੋਏ ਨੁਕਸਾਨਾਂ ਦੀ ਭਰਪਾਈ ਨਾ ਹੋ ਸਕਣ ਵੱਲ ਧਿਆਨ ਦਿਵਾਇਆ ਹੈ। ਉੱਚੀ ਪੜ੍ਹਾਈ ਕਰਕੇ ਕਿਸੇ ਕੰਪਨੀ ਦੇ ਅਕਾਊਂਟਸ ਸੈਕਸ਼ਨ ਵਿੱਚ ਉੱਚੇ ਅਹੁਦੇ ਤੇ ਲੱਗੀ ਸੁਹਣੀ-ਸੁਨੱਖੀ ਕਰਮੀ ਨੂੰ ਮਾਂ ਬਾਪ ਦੀ ਜ਼ਿੱਦ ਕਾਰਣ ਨਿਕੰਮੇ ਦਰਸ਼ਣ ਨਾਲ ਵਿਆਹ ਕਰਵਾਉਣਾ ਪਿਆ। ਵਿਗੜੇ ਜੱਟ ਦਰਸ਼ਣ, ਉਸ ਦੇ ਮਾਪਿਆਂ ਤੇ ਮਾਸੀ-ਮਾਸੜ ਨੇ ਉਸ ਇੱਕਲੀ ਕਮਾਊ ਕੁੜੀ ਦਾ ਜੀਣਾ ਹਰਾਮ ਕਰ ਦਿੱਤਾ। ਜਿਸ ਦੀ ਕਮਾਈ ਉਤੇ ਸਾਰਾ ਘਰ ਪਲਦਾ, ਉਹੀ ਘਰ ਦਾ ਵੀ ਸਾਰਾ ਕੰਮ ਸੰਭਾਲਦੀ। ਉਸ ਉਤੇ ਜ਼ੋਰ ਪਾਇਆ ਗਿਆ ਕਿ ਉਸ ਦੀ ਛੋਟੀ ਭੈਣ ਧਰਮੀ ਦਾ ਵਿਆਹ ਦਰਸ਼ਣ ਦੇ ਭਰਾ ਨਾਲ ਵਿਆਹ ਕਰਵਾ ਕੇ ਉਸ ਨੂੰ ਅਮਰੀਕਾ ਬੁਲਵਾਇਆ ਜਾ ਸਕੇ। ਇਸੇ ਰੋਣੇ-ਪਿੱਟਣੇ ਵਿੱਚ ਦੋ ਧੀਆਂ ਵੀ ਹੋ ਗਈਆਂ। ਉਸ ਦਾ ਘਰ ਵੀ ਮੋਮੋਠੱਗਣੀਆਂ ਕਰਕੇ ਹਥਿਆ ਲਿਆ ਗਿਆ। ਪਰ ਕਰਮੀ ਨੇ ਆਪਣੀ ਭੈਣ ਦੇ ਵਿਆਹ ਦੀ ਸਹਿਮਤੀ ਨਾ ਹੋਣ ਦਿੱਤੀ। ਤਲਾਕ ਲੈ ਕੇ ਪਾਸੇ ਹੋ ਗਈ। ਕਰਮੀ ਨੂੰ ਤਾਂ ਵੀ ਦਰਸ਼ਣ ਨੇ ਜੀਣ ਨਹੀਂ ਦਿੱਤਾ। ਕਰਮੀ ਦੇ ਕਿਸੇ ਹੋਰ ਨਾਲ ਵਿਆਹ ਕਰਨ ਦੀ ਪਾਰਟੀ ਵਿੱਚ ਦਰਸ਼ਣ ਨੇ ਉਸ ਦੇ ਪਤੀ ਗਿੰਨੀ, ਧਰਮੀ ਦੇ ਪਤੀ ਹੈਦਰ ਅਸਲਮ, ਚਾਚਾ ਕਰਤਾਰ ਸਿੰਘ ਨੂੰ ਆਪਣੀ ਰਾਈਫਲ ਨਾਲ ਮਾਰ ਦਿੱਤਾ ਤੇ ਉਸ ਦੀਆਂ ਅੰਨ੍ਹੇਵਾਹ ਵਰਾਈਆਂ ਗੋਲੀਆਂ ਨਾਲ ਕਈ ਜ਼ਖਮੀ ਹੋ ਗਏ। ਪਲਾਂ ਵਿੱਚ ਹੱਸਦੇ-ਖੇਡਦੇ ਕਈ ਪਰਿਵਾਰ ਉੱਜੜ ਗਏ।

ਇਸ ਦੇ ਪਿੱਛੇ ਦਾ ਕਾਰਣ ਦਰਸ਼ਣ ਦੀ ਮਾੜੀ ਨੀਅਤ, ਛੋਟੀ ਸੋਚ ਤੇ ਖੁੰਦਕ ਰਹੀ। ਪੰਜਾਬੀਆਂ ਵਿੱਚ ਜ਼ਮੀਨ ਦੇ ਕਿੱਲੇ ਤੇ ਮਾੜਾ-ਮੋਟਾ ਅਹੁਦਾ ਉਨ੍ਹਾਂ ਦੀ ਸ਼ਖਸੀਅਤ ਨੂੰ ਵਿਗਾੜਨ ਲਈ ਕਾਫੀ ਹੈ। ਉਨ੍ਹਾਂ ਦੀ ਜ਼ਮੀਨ ਤੇ ਅਫਸਰੀ ਦਾ ਕੰਡਾ ਉਨ੍ਹਾਂ ਨੂੰ ਕਿਤੇ ਟਿਕਣ ਨਹੀਂ ਦਿੰਦਾ। ਫੋਕੀਆਂ ਆਕੜਾਂ ਦੇ ਭੰਨੇ ਪੰਜਾਬੀ ਆਪਣੇ ਆਪ ਨੂੰ ਪਤਾ ਨਹੀਂ ਐਨੇ ਫੰਨੇ ਖ਼ਾਂ ਕਿਉਂ ਸਮਝਦੇ ਹਨ ? ਇਸ ਸਭ ਦਾ ਕਾਰਣ ਅਨਪੜ੍ਹਤਾ ਤੇ ਤੰਗਦਿਲੀ ਨਜ਼ਰੀਆ ਹੈ। ਦਰਸ਼ਣ ਨੂੰ ਕਰਮੀ ਤੇ ਉਸ ਦੇ ਮਾਪਿਆਂ ਵਲੋਂ ਹਰ ਵੇਲੇ ਉਸ ਦਾ ਸਾਥ ਦੇਣ ਪ੍ਰਤੀ ਸ਼ੁਕਰਗੁਜ਼ਾਰ ਹੋਣ ਦੀ ਬਜਾਏ, ਇਹ ਸੋਚ ਤੰਗ ਕਰਦੀ ਰਹੀ ਕਿ ਇਹ 'ਔਰਤ' ਹੋ ਕੇ ਘਰੋਂ ਤਿਆਰ ਹੋ ਕੇ ਪਾਰਟੀ ਕਰਨ ਕਿਉਂ ਜਾਂਦੀ ਹੈ। ਉਹ ਆਪਣੇ ਕਜ਼ਿਨਸ ਨਾਲ ਸ਼ਰਾਬ ਕਿਉਂ ਪੀਂਦੀ ਹੈ। ਉਸ ਦੀ ਤੇ ਉਸ ਦੇ ਮਾਪਿਆਂ ਦੀ ਗਰਾਰੀ ਇਨ੍ਹਾਂ ਦੋ ਗੱਲਾਂ ਉਤੇ ਹੀ ਅਟਕੀ ਰਹੀ। ਜਦਕਿ ਆਪ ਉਨ੍ਹਾਂ ਹਰ ਵਾਰੀ ਕਰਮੀ ਨਾਲ ਠੱਗੀ, ਚਾਲਾਕੀ ਤੇ ਧੋਖਾ ਕੀਤਾ। ਉਹ ਆਪ ਨਵੇਂ ਜ਼ਮਾਨੇ ਦੇ ਹਰ ਢੰਗ ਨੂੰ, ਉਸ ਦੇ ਸੁਖ-ਸਹੂਲਤਾਂ ਨੂੰ ਭੋਗਣਾ ਚਾਹੁੰਦਾ ਹੈ, ਅਮਰੀਕਾ ਜਿਹੇ ਅਤਿ ਆਧੁਨਿਕ ਦੇਸ ਵਿੱਚ ਹਮੇਸ਼ਾ ਲਈ ਵਸਣਾ ਚਾਹੁੰਦਾ ਹੈ, ਪਰ ਆਪਣਾ ਅੜਬ ਸੁਭਾ ਵੀ ਛੱਡਣਾ ਨਹੀਂ ਚਾਹੁੰਦਾ। ਅਮਰੀਕਾ ਰਹਿੰਦਿਆਂ ਵੀ ਉਹ ਔਰਤ ਨੂੰ 'ਘਰ ਦੀ ਕੈਦ' ਵਿੱਚ ਰੱਖ ਕੇ ਬੱਚੇ ਪਾਲਣੇ ਤੇ ਗ੍ਰਿਹਸਥੀ ਸੰਭਾਲਣ ਤੋਂ ਅੱਗੇ ਸੋਚਣਾ ਨਹੀਂ ਚਾਹੁੰਦਾ। ਉਸ ਮੁਤਾਬਕ ਉਥੇ ਵੀ ਔਰਤ ਦਾ ਦਰਜਾ ਭਾਰਤੀ ਨਾਰੀ ਵਾਲਾ ਰਹਿਣਾ ਚਾਹੀਦਾ ਹੈ, ਜੋ ਬਸ ਪਰਿਵਾਰ ਲਈ ਜੀਵੇ ਤੇ ਚੂੰ ਵੀ ਨਾ ਕਰੇ। ਹਾਲਾਂ ਕਿ ਭਾਰਤ ਵਿੱਚ ਵੀ ਇਸ ਪੱਖੋਂ ਬਹੁਤ-ਬਹੁਤ ਬਦਲਾਵ ਹੋ ਚੁੱਕੇ ਹਨ। ਵਿਹਲੜ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਦੇ ਦਰਸ਼ਣ ਰਾਹੀਂ ਲੇਖਕ ਉਨ੍ਹਾਂ ਸਾਰਿਆਂ ਦੀ ਮਾਨਸਿਕਤਾ ਵਿਚਲੇ ਇਸ ਵਿਰੋਧਾਭਾਸ ਨੂੰ ਸਾਹਮਣੇ ਲਿਆਉਂਦਾ ਹੈ। ਅਜਿਹੇ ਲੋਕ ਇੱਕਵੀਂ ਸਦੀ ਵਿੱਚ ਵੀ ਰਹਿੰਦੇ ਹੋਏ ਸੋਚ ਪੱਖੋਂ 'ਮਰਦ' ਦੇ ਝੂਠੇ ਗੁਮਾਨ ਤੋਂ ਬਾਹਰ ਨਹੀਂ ਨਿਕਲ ਸਕੇ। ਬਹੁਤੇ ਤਣਾਵਾਂ ਦਾ ਕਾਰਣ ਹੀ ਇਹ ਸੰਕਰੀਣ ਸੋਚ ਹੈ। ਜਿੱਥੇ ਧਰਮੀ ਕਿਸੇ ਕਾਲੇ ਤੇ ਮੁਸਲਮਾਨ ਹੈਦਰ ਨਾਲ ਮਨਮਰਜ਼ੀ ਦਾ ਵਿਆਹ ਕਰਕੇ ਸਵਰਗ ਦੀਆਂ ਪੀਂਘਾਂ ਝੂਟ ਰਹੀ ਹੈ, ਉਥੇ ਕਰਮੀ ਮਾਪਿਆਂ ਦੀ ਸਮਾਜ ਵਿੱਚ ਝੂਠੇ ਦਿਖਾਵੇ ਤੇ 'ਲੋਕ ਕੀ ਕਹਿਣਗੇ' ਦੇ ਭਾਰ ਥੱਲੇ ਦਬੀ ਆਪਣੀ ਜ਼ਿੰਦਗੀ ਵਿੱਚ ਆਈ ਹਰ ਖੁਸ਼ੀ ਨੂੰ ਗੰਵਾ ਬੈਠੀ।

ਕੁਲਦੀਪ ਦੇ ਰੂਪ ਵਿੱਚ ਨਾਵਲਕਾਰ ਨੇ ਅੱਜ ਦੀ ਸੋਚ ਵਾਲੇ ਨੌਜਵਾਨ ਚਰਿੱਤਰ ਨੂੰ ਉਭਾਰਿਆ ਤੇ ਉਸ ਨੂੰ ਰੋਲ ਮਾਡਲ ਬਣਾਇਆ ਹੈ। ਕਿਉਂਕਿ ਉਹ ਆਪਣੇ ਮਾਪਿਆਂ ਦੇ ਸਮਾਜਕ ਢਕੋਸਲਿਆਂ ਤੋਂ ਕਲਪਿਆ ਹੋਇਆ ਹੈ। ਉਹ ਆਪਣੇ ਸਾਰੇ ਛੋਟੇ ਭੈਣ-ਭਰਾਵਾਂ (ਚਾਚੇ-ਭੂਆ ਦੇ ਬੱਚੇ) ਨੂੰ ਸਹੀ ਸੇਧ ਦੇ ਕੇ, ਸਭ ਨੂੰ ਇਕ-ਦੂਜੇ ਨਾਲ ਜੋੜ ਕੇ ਚਲਦਾ ਹੈ। ਤੇ ਉਸ ਰਾਹੀਂ ਨਾਵਲਕਾਰ ਇਹੀ ਸਮਝਾਉਣਾ ਚਾਹੁੰਦਾ ਹੈ ਕਿ ਆਪਣੀ ਜ਼ਿੰਦਗੀ ਨੂੰ ਸੰਵਾਰਨ ਲਈ ਸਭ ਤੋਂ ਜ਼ਰੂਰੀ ਕਦਮ ਪੜ੍ਹ-ਲਿਖ ਕੇ ਆਪਣੇ ਪੈਰਾਂ ਉਤੇ ਖੜ੍ਹਾ ਹੋਣਾ ਹੈ। ਫਿਰ ਕੋਈ ਵੀ ਆਪਣੀ ਮਰਜ਼ੀ ਮਨਵਾਉਣ ਯੋਗ ਹੋ ਸਕਦਾ ਹੈ। ਸਾਰੇ ਕਜ਼ਿਨ ਗਰੁੱਪ ਨੇ ਕਰਮੀ ਦੇ ਵਿਆਹ ਤੋਂ ਇਹ ਸਬਕ ਸਿੱਖ ਲਿਆ ਕਿ ਉਨ੍ਹਾਂ ਵਿਆਹ ਆਪਣੀ ਮਰਜ਼ੀ ਨਾਲ ਕਰਨਾ ਹੈ। ਜਿਸ ਉੱਤੇ ਉਨ੍ਹਾਂ ਅਮਲ ਵੀ ਕੀਤਾ, ਭਾਵੇਂ ਉਸ ਦੇ ਲਈ ਨਿੰਦੀ ਨੂੰ ਆਪਣੇ ਬਾਪ ਨਾਲ ਡਰਾਮਾ ਕਰਨਾ ਪਿਆ, ਝੂਠ ਬੋਲਣਾ ਪਿਆ। ਸਮਾਂ ਜ਼ਰੂਰ ਲੱਗਾ, ਪਰ ਉਹ ਕੁਲਦੀਪ ਦੀ ਸਲਾਹ ਤੇ ਹਿੰਮਤ ਸਦਕਾ ਆਪਣੇ ਵਿਆਹ ਮਿਸ਼ਨ ਵਿੱਚ ਕਾਮਯਾਬ ਹੋ ਗਈ ਤੇ ਉਸ ਨੇ ਬੰਗਾਲੀ ਮੁੰਡੇ ਏਕਾਂਤ



ਬਾਸੂ ਨੂੰ ਆਪਣੇ ਸਖ਼ਤ ਸੁਭਾ ਵਾਲੇ ਬਾਪ ਕਰਤਾਰ ਸਿੰਘ ਵਲੋਂ ਰਜ਼ਾਮੰਦ ਕਰਵਾ ਹੀ ਲਿਆ। ਜਦ ਕਿ ਕਰਤਾਰ ਸਿੰਘ ਵੀ ਪੰਜਾਬ ਵਿੱਚ ਆਪਣੇ ਸਾਢੂ ਦੇ ਭਤੀਜੇ ਨਾਲ ਆਪਣੀ ਕੁੜੀ ਦਾ ਜ਼ਬਰਦਸਤੀ 'ਰੋਕਾ' ਕਰਵਾ ਕੇ ਆਪਣੇ ਆਪ ਵਿੱਚ ਬੜੀ ਵਡਿਆਈ ਸਮਝਦਾ ਰਿਹਾ। ਪਰ ਧੀ ਸਮਝਦਾਰੀ ਨਾਲ ਉਸ ਜਾਲ ਵਿਚੋਂ ਨਿਕਲ ਗਈ, ਜਿਸ ਵਿੱਚ ਉਸ ਦੀ ਮਾਂ ਤੇਜੋ ਨੇ ਵੀ ਉਸ ਦਾ ਬਹੁਤ ਸਾਥ ਦਿੱਤਾ। ਇਸੇ ਪਰਿਵਾਰ ਦੇ ਧਰਮੀ, ਨਿੰਦੀ, ਦੀਪਾ, ਮਨੀ, ਸੁਰਜੀਤ ਤੇ ਕੁਲਦੀਪ ਨੇ ਜਾਤ, ਧਰਮ, ਦੇਸ਼ ਦੀਆਂ ਬਰੂਹਾਂ ਟੱਪ ਕੇ ਮਨ-ਮਰਜ਼ੀ ਨਾਲ ਵਿਆਹ ਕੀਤੇ। ਉਥੇ ਕੁਲਦੀਪ ਨੇ ਸ਼੍ਰੀਲੰਕਾ ਦੀ ਵਿਧਵਾ ਕੁੜੀ ਨਾਲ ਵਿਆਹ ਕਰਦਿਆਂ, ਇਸ ਤੋਂ ਵੀ ਅਗਲੇਰਾ ਕਦਮ ਚੁੱਕਿਆ। ਉਸ ਨੇ ਆਪਣੇ ਇਕ ਚਾਚੇ ਦੇ ਪੁੱਤਰ ਸੁਰਜੀਤ ਵਲੋਂ ਆਰਮੀ ਵਿੱਚ ਜਾਣ ਮਗਰੋਂ ਉਸ ਦੀ ਇਕ ਪੁਰਾਣੀ ਗਰਲ-ਫਰੈਂਡ ਜੇਮੀ ਤੋਂ ਜੰਮੇ ਮੁੰਡੇ ਰੌਕੀ ਨੂੰ ਆਪਣੇ ਚਾਚੇ-ਚਾਚੀ ਦੀ ਪੋਤਰੇ-ਪੋਤਰਿਆਂ ਨਾਲ ਖੇਡਣ ਦੀ ਰੀਝ ਨੂੰ ਪੂਰਾ ਕੀਤਾ। ਕਿਉਂਕਿ ਉਨ੍ਹਾਂ ਦਾ ਦੂਜਾ ਮੁੰਡਾ ਦੀਪਾ ਆਪਣੇ ਇਕ ਗੋਰੇ ਦੋਸਤ ਨਾਲ ਰਹਿਣ ਦਾ ਫੈਸਲਾ ਕਰ ਚੁੱਕਾ ਸੀ। ਇਸ ਤਰ੍ਹਾਂ ਰੌਕੀ ਨੂੰ ਉਸ ਦਾ ਆਪਣਾ ਪਰਿਵਾਰ ਮਿਲ ਗਿਆ ਤੇ ਦਾਦਾ-ਦਾਦੀ ਨੂੰ ਆਪਣਾ ਪੋਤਰਾ। ਮਨੀ ਨੇ ਇਕ ਗੁਰਸਿੱਖ ਡਾਕਟਰ ਨਾਲ ਹੀ ਵਿਆਹ ਕਰਵਾਉਣ ਦਾ ਫੈਸਲਾ ਕੀਤਾ।

ਨਾਵਲ ਵਿੱਚ ਜਿੱਥੇ ਕੁਲਦੀਪ ਮੋਹਰੀ ਪਾਤਰ ਹੈ, ਉਸੇ ਤਰ੍ਹਾਂ ਬੀਰਾ ਵੀ ਅਹਿਮ ਕਿਰਦਾਰ ਹੈ। ਜਿਸ ਦੇ ਰੂਪ ਵਿੱਚ ਨਾਵਲਕਾਰ ਸੰਵੇਦਨਸ਼ੀਲ ਤੇ ਆਤਮ ਵਿਸ਼ਵਾਸ ਪੱਖੋਂ ਥੋੜੇ ਕਮਜ਼ੋਰ ਪਾਤਰ ਨੂੰ ਚਿੱਤਰਦਾ ਹੈ। ਅਮੀਰ ਤੇ ਉੱਘੇ ਡਾਕਟਰ ਬਾਪ ਕਿਰਪਾਲ ਦੇ ਦਾਬੇ ਹੇਠ ਉਹ ਬਚਪਨ ਤੋਂ ਹੀ ਸਾਵਾਂ ਨਾ ਰਿਹਾ ਤੇ ਭੋਲੇਪਨ ਕਾਰਣ ਛੇਤੀ ਹੀ ਦੂਜੇ ਮੁੰਡਿਆਂ ਉਤੇ ਯਕੀਨ ਕਰ, ਪਹਿਲਾ ਸਕੂਲ ਵਿੱਚ, ਫਿਰ ਯੂਨੀਵਰਸਿਟੀ ਪੱਧਰ 'ਤੇ ਵੀ ਜਾਣੇ-ਅਨਜਾਣੇ ਹੀ ਗਲਤ ਰਾਹ ਤੇ ਪੈ ਗਿਆ। ਉਹ ਇਕੱਲਤਾ ਦਾ ਮਾਰਿਆ ਭਾਵੁਕ ਮੁੰਡਾ, ਆਪਣੇ ਭਵਿੱਖ ਬਾਰੇ ਬਹੁਤਾ ਸੋਚ-ਵਿਚਾਰ ਕਰਨ ਯੋਗ ਨਹੀਂ ਰਿਹਾ। ਜਿਸ ਕਾਰਣ ਉਹ ਡਰੱਗ ਦੇ ਵੱਡੇ ਰੈਕੇਟ ਵਿੱਚ ਫਸ ਗਿਆ। ਇਕ ਵਾਰ ਨਸ਼ੇ ਦੀ ਸਮਗਲਿੰਗ ਵੇਲੇ ਉਹ ਉਸਦੇ ਦੋਸਤ ਮਲਿਯੂ ਨਾਲ ਪਕੜਿਆ ਗਿਆ। ਜਿਸ ਵਿਚੋਂ ਮਨੀ ਤੇ ਕੁਲਦੀਪ ਨੇ ਪੱਲਿਉਂ ਕਾਫੀ ਖਰਚ ਕਰਕੇ, ਉਸ ਨੂੰ ਉਸ ਕੈਦ ਤੇ ਕੇਸ ਤੋਂ ਬਚਾਇਆ। ਇਹ ਠੋਕਰ ਉਸ ਲਈ ਬਹੁਤ ਵੱਡੀ ਸਾਬਿਤ ਹੋਈ ਤੇ ਉਸਨੇ ਮਾੜੇ ਕੰਮਾਂ ਤੋਂ ਤੋਬਾ ਕਰ, ਆਪਣੀ ਪੜ੍ਹਾਈ ਦਾ ਰਾਹ ਫੜ ਲਿਆ। ਪਰ ਆਪਣੇ ਬਾਪ ਦੇ ਕਹਿਣ 'ਤੇ ਉਸ ਨੂੰ ਚੰਡੀਗੜ੍ਹ ਕਿਸੇ ਅਫਸਰ ਦੀ ਧੀ ਨਾਲ ਜ਼ਬਰਦਸਤੀ ਵਿਆਹ ਦੇ ਬੰਧਨ ਵਿੱਚ ਬੱਝਣਾ ਪਿਆ। ਰੱਤੀ ਤੇ ਉਸ ਦੀ ਮਾਂ ਦੀ ਪਲੈਨਿੰਗ ਬਹੁਤ ਜ਼ਬਰਦਸਤ ਸੀ। ਰੱਤੀ ਨੇ ਕਿਸੇ ਹੋਰ ਮੁੰਡੇ ਨਾਲ ਵਿਆਹ ਕਰਵਾਉਣ ਲਈ ਅਮਰੀਕਾ ਆਉਣ ਦਾ ਰਾਹ ਫੜਿਆ। ਉਸ ਦੇ ਮਾਪਿਆਂ ਦੀ ਨਜ਼ਰ ਕਿਰਪਾਲ ਦੇ ਵੱਡੇ ਕਲੀਨਿਕ ਉੱਤੇ ਸੀ, ਜਿਸ ਨੂੰ ਉਹ ਹੜੱਪਣਾ ਚਾਹੁੰਦੇ ਸਨ। ਇਸ ਦੌਰਾਨ ਰੱਤੀ ਦੇ ਮਾਪੇ ਅਮਰੀਕਾ ਆ ਪਹੁੰਚੇ। ਬੀਰੇ ਨੇ ਕਿਸੇ ਜਾਸੂਸ ਤੋਂ ਕਾਰਵਾਈ ਕਰਵਾਈ ਤੇ ਪਤਾ ਲੱਗਾ ਕਿ ਰੱਤੀ ਆਪਣੇ ਪ੍ਰੇਮੀ ਕੁਲਵੰਤ ਕਾਰਣ ਗਰਭਵਤੀ ਹੈ। ਜਿਸ ਦੇ ਅਬਾਰਸ਼ਨ ਦਾ ਠੀਕਰਾ ਮਾਂ-ਧੀ ਬੀਰੇ ਉਤੇ ਤੋੜਨਾ ਚਾਹੁੰਦੀਆਂ ਹਨ। ਅਫਸਰ ਮਾਪੇ ਕਿਰਪਾਲ ਅਤੇ ਪਰਿਵਾਰ ਉੱਤੇ ਬਹੁਤ ਦਬਾਅ ਬਣਾਉਂਦੇ ਰਹੇ। ਪਰ ਪਤਾ ਨਹੀਂ ਉਹ ਵੀ ਸਭ ਕੁਝ ਜਾਣਦੇ-ਬੁੱਝਦੇ ਹੋਏ ਉਨ੍ਹਾਂ ਨੂੰ ਟਾਲਦੇ ਹੀ ਰਹੇ ਜਦਕਿ ਜਾਸੂਸ ਵੱਲੋਂ ਬੀਰੇ ਨੂੰ ਬਹੁਤ ਸਾਰੀਆਂ ਤਸਵੀਰਾਂ, ਰਸੀਦਾਂ ਤੇ ਰਿਕਾਰਡਿੰਗ ਮਿਲ ਗਈਆਂ ਸਨ, ਜਿਨ੍ਹਾਂ ਤੋਂ ਸਾਰੇ ਕੁਝ ਦਾ ਹੀ ਪਰਦਾਫਾਸ਼ ਹੋ ਰਿਹਾ

ਸੀ ਤੇ ਆਸਾਨੀ ਨਾਲ ਤਲਾਕ ਦਾ ਮਸਲਾ ਹੱਲ ਹੋ ਸਕਦਾ ਸੀ। ਪਤਾ ਨਹੀਂ ਲੇਖਕ ਵਲੋਂ ਅਜਿਹਾ ਨਹੀਂ ਕੀਤਾ ਤੇ ਮਾਮਲਾ ਦਿੱਲੀ ਏਅਰਪੋਰਟ ਉਤੇ ਉਸ ਅਫਸਰ ਵਲੋਂ ਕਿਰਪਾਲ ਨੂੰ ਝੂਠੀ ਸ਼ਿਕਾਇਤ ਕਰਕੇ ਸਿੱਧੇ ਤਿਹਾੜ ਜੇਲ੍ਹ ਤਕ ਲਿਜਾਣ ਪਹੁੰਚਾਇਆ ਗਿਆ। ਇਹ ਸਾਰਾ ਪ੍ਰਸੰਗ ਕੁਝ ਵਾਧੂ ਜਿਹਾ ਜਾਪਦਾ ਹੈ। ਸਾਰੇ ਸਬੂਤਾਂ ਦੇ ਹੋਣ ਦੇ ਬਾਵਜੂਦ ਕਿਰਪਾਲ ਤੇ ਬੀਰੇ ਵਲੋਂ ਉਸ ਅਫਸਰ ਮਾਪੇ ਤੇ ਰੱਤੀ ਦੇ ਸੱਚ ਨੂੰ ਉਨ੍ਹਾਂ ਦੇ ਸਾਹਮਣੇ ਨਾ ਰੱਖਣਾ, ਸਮਝ ਵਿੱਚ ਨਹੀਂ ਆਉਂਦਾ।

ਨੌਜਵਾਨ ਪੀੜ੍ਹੀ ਦਾ ਧਰਮ ਨਾਲ ਜੁੜਾਵ ਸਿਰਫ਼ ਐਤਵਾਰ ਨੂੰ ਜਾਂ ਕਿਸੇ ਦੇ ਵਿਆਹ ਆਦਿ ਵੇਲੇ ਗੁਰਦੁਆਰਾ ਜਾਣਾ ਹੀ ਰਹਿ ਗਿਆ ਹੈ। ਜਿਸ ਦਾ ਇਕ ਕਾਰਣ ਇਹ ਹੈ ਕਿ ਜਦੋਂ ਬੱਚੇ ਆਪਣੇ ਧਰਮ ਬਾਰੇ ਮਾਪਿਆਂ ਕੋਲੋਂ ਪੁੱਛਦੇ ਹਨ ਤਾਂ ਉਨ੍ਹਾਂ ਕੋਲ ਇਸ ਬਾਰੇ ਕੋਈ ਮਾਕੂਲ ਜਵਾਬ ਨਹੀਂ ਹੁੰਦਾ। ਗੁਰਦੁਆਰੇ ਦੇ ਗ੍ਰੰਥੀ ਤੇ ਕੀਰਤਨੀ ਜੱਥੇ ਵੀ ਰਟੇ-ਰਟਾਏ ਅਰਥ ਕਰਦੇ ਹਨ। ਅੱਜ ਦੀ ਪੀੜ੍ਹੀ ਨੂੰ ਆਪਣੇ ਧਰਮ ਦੀ ਸਹੀ ਸੇਧ ਨਹੀਂ ਮਿਲ ਰਹੀ। ਉਹ ਆਪਣੇ ਵਿਰਸੇ ਉਤੇ, ਆਪਣੇ ਗੁਰੂਆਂ ਤੇ ਹੋਰ ਸਿੰਘਾਂ ਵਲੋਂ ਕੀਤੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਪ੍ਰਤੀ ਮਾਣ ਮਹਿਸੂਸ ਕਰਦੇ ਹਨ। ਪਰ ਕੁਲਦੀਪ ਦਾ ਇਹ ਕਹਿਣਾ ਹੈ ਕਿ ਹੁਣ ਸਮਾਂ ਤਲਵਾਰਾਂ ਲੈ ਕੇ ਲੜਨ ਦਾ ਨਹੀਂ, ਸਗੋਂ ਦਿਮਾਗੀ ਸੋਚ ਨਾਲ ਅੱਗੇ ਵੱਧਣ ਦਾ ਹੈ। ਨਾਵਲ ਵਿੱਚ ਚੁੱਕਿਆ ਇਹ ਮੁੱਦਾ ਤੇ ਉਸ ਵਲੋਂ ਪੇਸ਼ ਕੀਤਾ ਸਮਾਧਾਨ ਵਧੀਆ ਹੈ ਕਿ ਪ੍ਰਚਾਰਕ ਸਿਰਫ਼ ਪੰਜਾਬੀ ਵਿੱਚ ਹੀ ਰੱਟੀਆਂ-ਰਟਾਈਆਂ ਗੱਲਾਂ ਨਾ ਕਰਨ, ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਅੰਗ੍ਰੇਜ਼ੀ ਤੇ ਹੋਰ ਵਿਦੇਸ਼ੀ ਭਾਸ਼ਾਵਾਂ ਵਿੱਚ ਆਪਣੇ ਧਰਮ ਦਾ ਪ੍ਰਚਾਰ ਕਰਨ, ਨਵੀਆਂ ਰਾਹਾਂ ਖੋਲ੍ਹਣ ਤੇ ਨਰੋਈ ਸੇਧ ਦੇਣ। ਇਸਲਾਮ ਤੇ ਈਸਾਈ ਪ੍ਰਚਾਰਕ ਸਾਰੀ ਦੁਨੀਆ ਵਿੱਚ ਆਪਣੇ ਧਰਮ ਦੇ ਪ੍ਰਚਾਰ ਦਾ ਬੀੜਾ ਚੁੱਕੀ ਫਿਰਦੇ ਹਨ। ਦੁਨੀਆ ਦੀ ਕੋਈ ਭਾਸ਼ਾ ਅਜਿਹੀ ਨਹੀਂ ਰਹੀ, ਜਿਸ ਵਿੱਚ ਉਨ੍ਹਾਂ ਆਪਣੇ ਧਰਮ ਦਾ ਸਾਹਿਤ ਨਹੀਂ ਪ੍ਰਕਾਸ਼ਿਤ ਕੀਤਾ। ਇਸਲਾਮ ਤਾਂ ਇਸ ਤੋਂ ਵੀ ਅੱਗੇ ਵੱਧ ਕੇ ਸਿੱਧੇ ਹੀ ਪਨੀਰੀ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਸਿਰਫ਼ ਆਪਣੇ ਹੀ ਮੁੰਡਿਆਂ ਤੇ ਨੌਜਵਾਨਾਂ ਨੂੰ ਹੀ ਨਹੀਂ ਸਗੋਂ ਉਹ ਦੂਜੇ ਧਰਮਾਂ ਦੀ ਪਨੀਰੀ ਨੂੰ ਵੀ ਬਰਗਲਾਉਣ ਵਿੱਚ ਮਾਹਿਰ ਹੈ। ਇਸੇ ਨਾਵਲ ਵਿੱਚ ਹੀ ਅਸੀਂ ਦੇਖਦੇ ਹਾਂ ਕਿ ਯਮਨ ਤੋਂ ਆਏ ਨਾਸਿਰ ਮੁੰਡੇ ਦੇ ਬਾਪ ਨੇ ਬੀਰੇ ਦੇ ਦਿਮਾਗ ਨੂੰ ਇਸ ਤਰ੍ਹਾਂ ਨਾਲ ਤਿਆਰ ਕਰ ਦਿੱਤਾ ਕਿ ਉਹ ਇਸਲਾਮ ਗ੍ਰਹਿਣ ਕਰਨ ਲਈ ਤਿਆਰ ਹੋ ਗਿਆ। ਐਨਾ ਹੀ ਨਹੀਂ ਉਸ ਨੇ ਯਮਨ ਜਾ ਕੇ ਇਸਲਾਮ ਤੇ ਜੇਹਾਦੀ ਬਣਨ ਦੀ ਟਰੇਨਿੰਗ ਲੈਣ ਤਕ ਦਾ ਨਿਸ਼ਚਾ ਕਰ ਲਿਆ। ਜਿਸ ਵਿਚੋਂ ਬੜੀ ਮੁਸ਼ਕਲ ਨਾਲ ਕੁਲਦੀਪ ਨੇ ਉਸ ਨੂੰ ਸਮਝਾ ਕੇ ਵਾਪਸ ਮੋੜਿਆ।

ਨਾਵਲ ਦੀ ਖੂਬੀ ਇਹ ਹੈ ਕਿ ਇਹ ਨਵੀਂ ਪੀੜ੍ਹੀ ਦੀ ਨਵੀਂ ਸੋਚ ਦੀ ਗੱਲ ਕਰਦਾ ਹੈ। ਜਿਸ ਵਿੱਚ ਉਚੇਰੀ ਪੜ੍ਹਾਈ ਕਰਕੇ, ਆਪਣੇ ਪੈਰਾਂ ਉਤੇ ਖੜ੍ਹਾ ਹੋਣਾ ਸਭ ਤੋਂ ਵੱਧ ਜ਼ਰੂਰੀ ਹੈ। ਯੂਨੀਵਰਸਿਟੀਆਂ ਦੀ ਉਚੇਰੀ ਪੜ੍ਹਾਈ ਨਾਲ ਹੀ ਚੰਗੀਆਂ ਕੰਪਨੀਆਂ ਵਿੱਚ ਨੌਕਰੀ ਤੇ ਅਹੁਦੇ ਮਿਲਦੇ ਹਨ, ਤਾਂ ਹੀ ਤੁਸੀਂ ਉਥੋਂ ਦੇ ਸਮਾਜ ਵਿੱਚ ਮਿਲ-ਜੁਲ ਕਿ ਰਹਿ ਸਕਦੇ ਹੋ। ਕਿਉਂਕਿ ਫਿਰ ਕੋਈ ਹੀਣਭਾਵਨਾ ਤੁਹਾਨੂੰ ਨਹੀਂ ਘੇਰੇਗੀ। ਉਨ੍ਹਾਂ ਵਾਂਗ ਹੀ ਚੰਗੀ ਨੌਕਰੀ, ਚੰਗਾ ਜੀਵਨ, ਚੰਗਾ ਜੀਵਨ ਸਾਥੀ ਤੁਹਾਨੂੰ ਮਿਲ ਸਕੇਗਾ। ਇਸ ਤੋਂ ਇਹ ਵੀ ਸਮਝ ਵਿੱਚ ਆਉਂਦਾ ਹੈ ਕਿ ਉਥੇ ਵਸ ਚੁਕੀਆਂ ਪੀੜ੍ਹੀਆਂ ਦੇ ਬੱਚੇ ਡਰਾਈਵਰੀ ਤੇ ਫੈਕਟਰੀਆਂ ਆਦਿ



ਵਿੱਚ ਮਿਹਨਤ ਦਾ ਕੰਮ ਕਰ, ਸਿਰਫ਼ ਡਾਲਰ ਨਹੀਂ ਕਮਾਉਣੇ ਚਾਹੁੰਦੇ, ਉਹ ਚੰਗਾ ਜੀਵਨ ਤੇ ਚਿੱਟ ਕੱਪੜੇ ਬਣ, ਅਫਸਰੀ ਤੇ ਅਹੁਦੇਦਾਰੀ ਸੰਭਾਲਣ ਨੂੰ ਤਰਜੀਹ ਦੇਂਦੇ ਹਨ। ਜੇ ਉਨ੍ਹਾਂ ਦੇ ਮਾਪੇ, ਆਪਣੀ ਸਾਮੰਤੀ ਸੋਚ ਅਧੀਨ ਉਨ੍ਹਾਂ ਨੂੰ ਆਪਣੀ ਜਾਇਦਾਦ ਨਾ ਸਮਝ ਕੇ ਵਰਤਣ, ਜਾਂ ਆਪਣੀ ਨੱਕ ਜਾਂ ਮੁੱਛ ਨੂੰ ਬਿਰਾਦਰੀ ਜਾਂ ਪਿੰਡ ਵਿੱਚ ਉੱਚੇ ਰੱਖਣ ਦੇ ਚੱਕਰ, ਬੇਲੋੜੇ ਸੰਜੋਗ ਨਾ ਜੋੜਨ। ਉਨ੍ਹਾਂ ਦੇ ਵਿਆਹ ਵਾਲੇ ਮਸਲਿਆਂ ਵਿੱਚ ਵੀ ਉਨ੍ਹਾਂ ਦਾ ਸਾਥ ਦੇ ਦੇਣ ਤਾਂ ਇਹ ਕੁਨਬੇ ਹੋਰ ਵੀ ਸਮਰੱਥ ਤੇ ਸਾਰਥਕ ਜੀਵਨ ਜੀਉਂਦੇ ਹੋਏ, ਆਪਸੀ ਨੇੜਤਾ ਕਾਇਮ ਕਰ, ਆਪਣੇ ਭਾਈਚਾਰੇ, ਧਰਮ ਤੇ ਮਾਨਵਤਾ ਦਾ ਭਲਾ ਕਰ ਸਕਦੇ ਹਨ। ਪੰਜਾਬੀਆਂ ਦੇ ਦਿਲ ਜਿੰਨੇ ਖੁੱਲ੍ਹੇ ਹਨ, ਉਨ੍ਹਾਂ ਦੀ ਸੋਚ ਵੀ ਉਹੋ ਜਿਹੀ ਖੁੱਲ੍ਹੀ ਹੋ ਜਾਵੇ ਤਾਂ ਫਿਰ ਅਜਿਹੇ ਨਵਯੁਗ ਨੂੰ ਆਉਣ ਨੂੰ ਕੋਈ ਰੋਕ ਨਹੀਂ ਸਕੇਗਾ। ਬਾਕੀ ਦਰਸ਼ਣ ਤੇ ਰੱਤੀ ਦੇ ਅਫਸਰ ਮਾਪਿਆਂ ਦੇ ਦਿਮਾਗਾਂ ਵਿੱਚੋਂ ਜਦੋਂ ਤੱਕ ਜ਼ਮੀਨ ਦੇ ਕਿਲ੍ਹੇ ਤੇ ਅਫਸਰੀ ਦੀ ਆਕੜ ਨਹੀਂ ਨਿਕਲਦੀ ਉਦੋਂ ਤਕ ਉਹ ਇਹੋ ਜਿਹੀਆਂ ਹੀ ਚਾਲਾਕੀਆਂ ਤੇ ਠੱਗੀਆਂ ਨਾਲ ਆਪਣੀ ਤੇ ਆਪਣੀ ਔਲਾਦ ਦੀਆਂ ਜ਼ਿੰਦਗੀਆਂ ਬਰਬਾਦ ਕਰਦੇ ਹੀ ਰਹਿਣਗੇ, ਜਿਸ ਨਾਲ ਅੰਤ ਵਿੱਚ ਹਾਸਲ ਕੁਝ ਵੀ ਨਹੀਂ ਹੁੰਦਾ।

ਨਾਵਲ ਸਹਿਜ ਤੋਰੇ ਤੁਰਦਾ ਹੈ, ਉਸ ਵਿੱਚ ਵਾਧੂ ਦੇ ਪ੍ਰਸੰਗ ਨਹੀਂ ਜੋੜੇ ਗਏ। ਉਹ ਅਮਰੀਕਾ ਵਿੱਚ ਜੰਮੀ-ਪਲੀ ਤੇ ਪੜ੍ਹੀ ਪੀੜ੍ਹੀ ਅਨੁਸਾਰ ਸੋਚਦੇ ਹੋਏ ਵਿਚਰਨਾ ਚਾਹੁੰਦਾ ਹੈ, ਪਰ ਪੰਜਾਬੀ ਲੋਕ ਉਥੇ ਵਸਦੇ ਵੀ ਭਾਰਤੀ ਤੇ ਪੰਜਾਬੀ ਮਾਨਸਿਕਤਾ ਤੋਂ ਮੁਕਤ ਨਹੀਂ। ਮੁਸ਼ਕਿਲ ਇਹ ਹੈ ਕਿ ਭਾਰਤੀ ਤੇ ਪੰਜਾਬੀ ਸੰਸਕਾਰਾਂ ਦੀ ਵਰਤੋਂ ਮਾੜੀ ਨਹੀਂ, ਪਰ ਉਹ ਹਮੇਸ਼ਾ ਗਲਤ ਗੱਲਾਂ ਵਾਲੀ ਸੋਚ ਨੂੰ ਤਰਜੀਹ ਦੇਂਦੇ ਦਿੱਸਦੇ ਹਨ, ਜਦਕਿ ਅਗਾਂਹਵਧੂ ਦੇਸ਼ ਵਿੱਚ ਰਹਿੰਦੇ ਵੀ ਉਹ ਪਿਛਾਂਹ-ਖਿੱਚੂ ਵਧੇਰੇ ਜਾਪਦੇ ਹਨ। ਸਮਾਜ ਨੂੰ ਕੁਲਦੀਪ, ਮਨੀ, ਨਿੰਦੀ, ਧਰਮੀ ਜਿਹੇ ਨੌਜਵਾਨ ਮੁੰਡੇ-ਕੁੜੀਆਂ ਦੀ ਲੋੜ ਹੈ। ਅਸੀਂ ਇਹ ਵੀ ਦੇਖਦੇ ਹਾਂ ਕਿ ਇਸ ਸਾਰੇ ਪਰਿਵਾਰ ਦੇ ਮਰਦਾਂ ਦੀ ਸੋਚ ਵੀ ਉਹੀ ਪੁਰਾਣੀ ਮਰਦਾਨਗੀ ਭਰੀ ਹੈ, ਜਿੱਥੇ ਕਿਰਪਾਲ ਨਾਮੋ ਉਤੇ ਹਾਵੀ ਰਹਿੰਦਾ ਹੈ, ਨਿਰਭੈ ਪਾਲੀ ਉਤੇ ਤੇ ਕਰਤਾਰ ਸਿੰਘ ਤੇਜੋ ’ਤੇ। ਉਹ ਇਹ ਅਜੇ ਵੀ ਸਮਝ ਨਹੀਂ ਸਕੇ ਕਿ ਔਰਤਾਂ ਕੋਲ ਵੀ ਦਿਮਾਗ ਹੈ। ਉਹ ਜੇ ਘਰ-ਗ੍ਰਹਿਸਥੀ ਚਲਾਉਣ ਵਿੱਚ ਮਾਹਿਰ ਹਨ ਤਾਂ ਚੰਗੀ ਸਲਾਹ ਵੀ ਦੇ ਸਕਦੀਆਂ ਹਨ ਪਰ ਉਨ੍ਹਾਂ ਨੂੰ ਹਮੇਸ਼ਾ ਦਬਕੇ ਹੇਠ ਰੱਖਿਆ ਜਾਂਦਾ ਹੈ। ਦਰਸ਼ਣ ਇਸੇ ਸੋਚ ਦਾ ਧਾਰਣੀ ਬਣ, ਐਨੇ ਸਾਰੇ ਪਰਿਵਾਰ ਉਜਾੜ ਦੇਂਦਾ ਹੈ। ਕੁਲਦੀਪ ਨੇ ਕਈਆਂ ਦੇ ਘਰ ਸੰਵਾਰੇ ਤੇ ਬੀਰਾ ਗਲਤ ਰਾਹਾਂ ਤੋਂ ਵਾਪਸ ਮੁੜ ਆਇਆ। ਬਦਲਾਵ ਦਾ ਰਾਹ ਕੋਈ ਰੋਕ ਨਹੀਂ ਸਕਦਾ, ਜ਼ਰੂਰਤ ਕਦਮ ਵਧਾਉਣ ਤੇ ਸਹੀ ਰਾਹ ਚੁਣਨ ਦੀ ਹੈ।

**ਆਰ-142, ਪਹਿਲੀ ਮੰਜ਼ਿਲ, ਗ੍ਰੇਟਰ ਕੈਲਾਸ਼-1, ਨਵੀਂ ਦਿੱਲੀ-48**

**ਮੋ. 9868182835**

## ਨਵਯੁਗ : ਨਵੇਂ ਯੁੱਗ ਦੀ ਆਮਦ/ਡਾ. ਪਰਗਟ ਸਿੰਘ ਬਰਾੜ

ਹਰਮਹਿੰਦਰ ਚਹਿਲ ਪੰਜਾਬੀ ਗਲਪ ਜਗਤ ਵਿਚ ਉਭਰਵਾਂ ਹਸਤਾਖਰ ਹੈ। ਲੇਖਕ ਹੁਣ ਤੱਕ ਛੇ ਕਹਾਣੀ ਸੰਗ੍ਰਹਿ ਤੇ ਪੰਜ ਨਾਵਲ ਪੰਜਾਬੀ ਗਲਪ ਦੀ ਝੋਲੀ ਵਿਚ ਪਾ ਚੁੱਕਾ ਹੈ। ਹਰਮਹਿੰਦਰ ਚਹਿਲ ਆਪਣਾ ਛੇਵਾਂ ਨਾਵਲ 'ਨਵਯੁਗ' ਲੈ ਕੇ ਪੰਜਾਬੀ ਸਾਹਿਤ ਦੇ ਪਾਠਕਾਂ ਸਾਹਵੇਂ ਹਾਜ਼ਰ ਹੋਇਆ ਹੈ। ਹੱਥਲਾ ਨਾਵਲ ('ਨਵਯੁਗ', ਪੰਨੇ 224, ਮੁੱਲ 275 ਰੁਪਏ, ਸੰਗਮ ਪਬਲੀਕੇਸ਼ਨ, ਸਮਾਣਾ) ਪਰਵਾਸੀ ਪੰਜਾਬੀਆਂ ਦੇ ਜੀਵਨ ਵੇਰਵਿਆਂ ਰਾਹੀਂ ਉਹਨਾਂ ਦੀ ਅਗਲੀ ਪੀੜ੍ਹੀ ਦੇ ਵਿਹਾਰ, ਅਕਾਂਖਿਆਵਾਂ, ਸੁਪਨਿਆਂ ਤੇ ਸਮੱਸਿਆਵਾਂ ਨੂੰ ਵਿਸਤ੍ਰਿਤ ਰੂਪ ਵਿਚ ਪੇਸ਼ ਕਰਦਾ ਹੈ। ਨਾਵਲ ਵਿਚ ਪਹਿਲੀ ਪੀੜ੍ਹੀ ਦਾ ਕਿਰਪਾਲ ਪੰਜਾਬ ਤੋਂ ਆਪਣੇ ਸੁਪਨਿਆਂ ਦੀ ਪੂਰਤੀ ਲਈ ਪ੍ਰਵਾਜ਼ ਭਰਦਾ ਹੈ ਤੇ ਅਮਰੀਕਾ ਦੀ ਧਰਤੀ 'ਤੇ ਉਤਰਦਾ ਹੈ। ਉਹ ਆਪਣੇ ਸੁਪਨਿਆਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਹੈ ਅਤੇ ਅਖੀਰ ਆਪਣੇ ਸੁਪਨੇ 'ਤੇ ਜਿੱਤ ਪ੍ਰਾਪਤ ਕਰਦਾ ਹੈ। ਇਸੇ ਦੌਰਾਨ ਉਸਦੇ ਪਿੱਛੇ ਪੰਜਾਬ ਰਹਿ ਗਏ ਮਾਪੇ ਤੇ ਭਰਾ ਉਸ ਤੋਂ ਉਮੀਦਾਂ ਲਾਈ ਬੈਠੇ ਹਨ ਕਿ ਕਿਰਪਾਲ ਉਹਨਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿਚ ਮੱਦਦ ਕਰੇਗਾ। ਕਿਰਪਾਲ ਆਪਣੀ ਮੰਜ਼ਿਲ ਉੱਪਰ ਪਹੁੰਚਣ 'ਤੇ ਆਪਣੇ ਮਾਪੇ ਤੇ ਭਰਾਵਾਂ ਲਈ ਵੀ ਅਮਰੀਕਾ ਦੀ ਰਾਹਦਾਰੀ ਭੇਜਦਾ ਹੈ। ਉਸ ਦੁਆਰਾ ਬਣਾਈ ਗਈ ਵਿਉਂਤਬੰਦੀ ਤਹਿਤ, ਹੌਲੀ ਹੌਲੀ ਸਾਰਾ ਪਰਿਵਾਰ ਅਮਰੀਕਾ ਪਹੁੰਚ ਜਾਂਦਾ ਹੈ ਅਤੇ ਆਪਣੇ ਆਪਣੇ ਕੰਮਾਂ ਵਿਚ ਮਸ਼ਰੂਫ ਹੋ ਜਾਂਦਾ ਹੈ।

ਕਥਾ ਵਿਚ ਅਹਿਮ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਕਿਰਪਾਲ ਦੀ ਭੈਣ ਪਾਲੀ ਹੋਰੀਂ ਆਪਣੀ ਧੀ ਕਰਮੀ ਦਾ ਵਿਆਹ ਪੰਜਾਬ ਰਹਿੰਦੇ ਸਰਦੇ ਪੁਜਦੇ ਜੱਟ ਦਰਸ਼ਨ ਨਾਲ ਕਰ ਦਿੰਦੇ ਹਨ ਜੋ ਕਿ ਬਿਲਕੁਲ ਵਿਹਲੜ ਤੇ ਨਿਕੰਮਾ ਮੁੰਡਾ ਹੈ। ਕਰਮੀ ਤੇ ਦਰਸ਼ਣ ਦੇ ਵਿਆਹ ਨਾਲ ਨਾਵਲੀ ਕਥਾ ਵਿਚ ਤਣਾਅ ਪੈਦਾ ਹੁੰਦਾ ਹੈ ਤੇ ਨਾਲੋ ਨਾਲ ਕਹਾਣੀ ਅੱਗੇ ਤੁਰਦੀ ਜਾਂਦੀ ਹੈ। ਵਾਸਤਵ ਵਿਚ ਪੰਜਾਬ ਤੋਂ ਪਹਿਲੀ ਪੀੜ੍ਹੀ ਦਾ ਪੰਜਾਬ ਨਾਲ ਨਾਤਾ ਬੜਾ ਪੀਡਾ ਜੁੜਿਆ ਹੈ। ਉਹ ਕਿਸੇ ਵੀ ਹਾਲਤ ਵਿਚ ਆਪਣੀ ਅਗਲੀ ਪੀੜ੍ਹੀ ਨੂੰ ਪੰਜਾਬੀ ਸਮਾਜ ਤੇ ਸਭਿਆਚਾਰ ਨਾਲ ਜੋੜ ਕੇ ਰੱਖਣ ਦੀ ਤਵੱਕੋ ਰੱਖਦੇ ਹਨ। ਅਸਲ ਵਿਚ ਇਹ ਮਨੁੱਖੀ ਪ੍ਰਵਿਰਤੀ ਹੈ ਕਿ ਉਹ ਬਦਲਾਅ ਨੂੰ ਸਹਿਜੇ ਪ੍ਰਵਾਨ ਨਹੀਂ ਕਰਦੀ। ਇਸੇ ਪ੍ਰਵਿਰਤੀ ਕਾਰਨ ਪੰਜਾਬੋਂ ਗਈ ਮਾਪਿਆਂ ਦੀ ਪੀੜ੍ਹੀ ਆਪਣੇ ਬੱਚਿਆਂ ਦੇ ਵਿਆਹ ਆਪਣੇ ਸਭਿਆਚਾਰ ਤੇ ਸਮਾਜ ਵਿਚ ਕਰਨਾ ਲੋਚਦੇ ਹਨ। ਪਰ ਅਸਲ ਵਿਚ ਇਨ੍ਹਾਂ ਪ੍ਰਸਥਿਤੀਆਂ ਵਿਚੋਂ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ ਅਤੇ ਬੱਚਿਆਂ ਦਾ ਜੀਵਨ ਖੁਸ਼ਹਾਲ ਹੋਣ ਦੀ ਥਾਂ ਨਰਕ ਬਣ ਜਾਂਦਾ ਹੈ। ਕਿਉਂਕਿ ਅਜੋਕੇ ਸਮੇਂ ਵਿਚ ਵਿਸ਼ਵੀਕਰਣ ਦੇ ਪ੍ਰਭਾਵ ਸਦਕਾ ਮਨੁੱਖ ਦੀ ਸੋਚਣੀ ਤੇ ਵਿਹਾਰ ਵਿਚ ਪਹਿਲਾਂ ਨਾਲੋਂ ਢੇਰ ਅੰਤਰ ਆਇਆ ਹੈ।

ਦਰਅਸਲ ਪੰਜਾਬ ਦੀ ਸਮਾਜ, ਸਭਿਆਚਾਰਕ ਤੇ ਰਾਜਨੀਤਕ ਸਥਿਤੀ ਕੁਝ ਇਸ ਕਦਰ ਬਦਹਾਲ ਹੈ ਕਿ ਪੰਜਾਬ ਦੇ ਹਰ ਬਾਸ਼ਿੰਦੇ ਨੂੰ ਇਹ ਪ੍ਰਤੀਤ ਹੋਣ ਲੱਗ ਪਿਆ ਹੈ ਕਿ ਉਸ ਦੀ ਪਰਿਵਾਰਕ, ਸਮਾਜਕ ਤੇ ਆਰਥਿਕ ਸਥਿਤੀ ਪਰਵਾਸ ਧਾਰਨ ਕਰਨ ਸਦਕਾ ਹੀ ਬਿਹਤਰ ਹੋ



ਸਕਦੀ ਹੈ। ਲੱਗਭੱਗ ਇੱਕੀਵੀਂ ਸਦੀ ਦੇ ਆਰੰਭ ਤੋਂ ਪਰਵਾਸ ਧਾਰਨ ਕਰਨ ਦੀ ਇਕ ਤਰ੍ਹਾਂ ਦੀ ਹੋੜ ਲੱਗ ਗਈ ਹੈ ਅਤੇ ਹਰ ਕੋਈ ਕਿਸੇ ਵੀ ਕਾਨੂੰਨੀ ਜਾਂ ਗੈਰ-ਕਾਨੂੰਨੀ ਵਸੀਲੇ ਰਾਹੀਂ ਪੰਜਾਬ ਤੋਂ ਬਾਹਰ ਨਿਕਲਣਾ ਚਾਹੁੰਦਾ ਹੈ। ਇਸ ਮਾਨਸਿਕਤਾ ਕਾਰਨ ਪਿੱਛਲੇ ਕੁਝ ਸਮੇਂ ਵਿਚ ਕਈ ਪ੍ਰਕਾਰ ਦੇ ਗੈਰ-ਸਮਾਜਕ ਰਿਸ਼ਤੇ ਬਣਾ ਕੇ ਤੇ ਅਨੈਤਿਕ ਢੰਗਾਂ ਨਾਲ ਪੰਜਾਬੀ ਪਰਵਾਸ ਕਰ ਰਹੇ ਹਨ। ਇਹ ਸਭ ਪ੍ਰਤੱਖ ਹੈ। ਹਾਲਾਂਕਿ ਕਥਾ ਵਿਚ ਪੰਜਾਬੀ ਪਰਵਾਸ ਦੀ ਉਡਾਰੀ ਮਾਰਨ ਲਈ ਆਪਣੇ ਸਾਕ-ਸੰਬੰਧੀਆਂ ਨਾਲ ਧੋਖਾ-ਫਰੇਬ ਕਰਦੇ ਤਾਂ ਸਮੂਰਤ ਹੁੰਦੇ ਹਨ ਪਰ ਕਿਸੇ ਪ੍ਰਕਾਰ ਦੇ ਗੈਰ-ਸਮਾਜਕ ਰਿਸ਼ਤੇ ਦੀ ਹੋਂਦ ਸਾਹਮਣੇ ਨਹੀਂ ਆਉਂਦੀ। ਨਾਵਲ ਵਿਚ ਰੱਤੀ ਦੇ ਮਾਪਿਆਂ ਦੁਆਰਾ ਕਿਰਪਾਲ ਨੂੰ ਦੋਸਤੀ ਦੇ ਜਾਲ ਵਿਚ ਫਸਾ ਕੇ ਆਪਣੀ ਬੇਟੀ ਨੂੰ ਬੀਰੇ ਨਾਲ ਵਿਆਹੁਣਾ ਤੇ ਫਿਰ ਉਸ ਦੇ ਕਲੀਨਿਕ 'ਤੇ ਅੱਖ ਰੱਖਣੀ, ਸਮਕਾਲੀਨ ਪੰਜਾਬੀਆਂ ਦੀ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ, ਨਮੂਨਾ ਵੇਖੋ:

'ਯਾਰ ਕਿਰਪਾਲ, ਆਪਣੀ ਪੁਰਾਣੀ ਯਾਰੀ ਐ। ਤੂੰ ਹੁਣ ਮੇਰੀ ਧੀ ਅਤੇ ਆਪਦੀ ਨੂੰਹ ਨੂੰ ਕਲੀਨਿਕ 'ਚ ਅਡਜੱਸਟ ਵੀ ਨ੍ਹੀਂ ਕਰ ਸਕਦਾ। ਇਹ ਵੀ ਕੋਈ ਵੱਡੀ ਗੱਲ ਨਹੀਂ ਐ ਕਿਰਪਾਲ। ਜਾਂ ਇਉਂ ਕਰ, ਤੂੰ ਇਸ ਕਲੀਨਿਕ ਨੂੰ ਵੇਚ ਪਰ੍ਹੇ। ਇਕ ਹਿੱਸਾ ਆਪ ਰੱਖ ਲਉ, ਇਕ ਇਕ ਮੁੰਡੇ ਤੇ ਕੁੜੀ ਨੂੰ ਦੇ ਦਿਉ। ਇਹ ਜੋ ਮਰਜ਼ੀ ਕਰਨ।'1

ਕਰਮੀ ਦਾ ਵਿਆਹ ਜਿਸ ਦਰਸ਼ਣ ਨਾਲ ਹੁੰਦਾ ਹੈ ਉਹ ਦਾ ਕਿਰਦਾਰ ਵੀ ਰੱਤੀ ਦੇ ਕਿਰਦਾਰ ਨਾਲ ਸਮਾਨਤਾਵਾਂ ਰੱਖਦਾ ਹੈ। ਦਰਸ਼ਣ ਤੇ ਰੱਤੀ ਦੇ ਪਾਤਰਾਂ ਰਾਹੀਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਪੰਜਾਬ ਤੋਂ ਵਿਆਹ ਕਰਵਾ ਕੇ ਗਏ ਮੁੰਡੇ-ਕੁੜੀਆਂ ਉਥੋਂ ਦੇ ਸਮਾਜ-ਸਭਿਆਚਾਰਕ ਤੇ ਕਿਰਤੀ ਢਾਂਚੇ ਵਿਚ ਸਮਤੋਲ ਨਹੀਂ ਬਿਠਾ ਪਾਉਂਦੇ। ਬਲਕਿ ਉਹਨਾ ਦੇ ਮਨਾਂ ਵਿਚ ਪੰਜਾਬ ਵਿਚਲੀ ਐਸ਼, ਜਾਗੀਰੂ ਸੋਚ ਤੇ ਵਿਹਲੜਪੁਣੇ ਦੀ ਛਾਪ ਬੜੀ ਗੂੜ੍ਹੀ ਉੱਕਰੀ ਗਈ ਹੁੰਦੀ ਹੈ ਤੇ ਉਹ ਪਰਵਾਸ ਵਿਚ ਆਪਣੀਆਂ ਪਿਛਾਂਹ ਖਿੱਚੂ ਬਿਰਤੀਆਂ ਦੀ ਪਕੜ ਤੋਂ ਮੁਕਤ ਨਹੀਂ ਹੋ ਪਾਉਂਦੇ। ਅਖੀਰ ਉਹ ਖੁਦ ਹੀ ਦੁਖਾਂਤ ਦੇ ਪਾਤਰ ਨਹੀਂ ਬਣਦੇ ਹਨ ਬਲਕਿ ਦੂਜਿਆਂ (ਬੀਰਾ ਤੇ ਕਰਮੀ) ਦੀ ਜ਼ਿੰਦਗੀ ਵੀ ਤਰਾਸਦਿਕ ਬਣ ਜਾਂਦੀ ਹੈ। ਇਸ ਸਾਰੇ ਦੁਖਾਂਤ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਕਾਰਨ ਮਾਪਿਆਂ ਦਾ ਆਪਣੇ ਵਿਰਸੇ ਤੇ ਸਭਿਆਚਾਰ ਪ੍ਰਤੀ ਮੋਹ ਨਹੀਂ ਬਲਕਿ ਅਸਲ ਕਾਰਨ ਮਾਪਿਆਂ ਦੀਆਂ ਜਾਗੀਰੂ ਬਿਰਤੀਆਂ ਹਨ। ਉਹ ਪਰਵਾਸ ਧਾਰਨ ਕਰਨ ਦੇ ਬਾਵਜੂਦ ਸਮੇਂ ਤੇ ਸਮਾਜ ਦੇ ਹਾਣ ਦੇ ਹੋਣ ਵਿਚ ਅਸਫ਼ਲ ਰਹਿੰਦੇ ਹਨ ਅਤੇ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਤਬਾਹ ਕਰ ਦਿੰਦੇ ਹਨ।

ਨਾਵਲ ਵਿਚ ਧਰਮੀ, ਨਿੰਦੀ, ਦੀਪਾ, ਸੁਰਜੀਤ ਤੇ ਕੁਲਦੀਪ ਆਦਿ ਪਾਤਰ ਜੋ ਪਰਵਾਸ ਵਿਚ ਜੰਮੇ ਪਲੇ ਤੇ ਪ੍ਰਵਾਨ ਚੜ੍ਹੇ ਹਨ, ਉਹ ਆਪਣੀ ਜ਼ਿੰਦਗੀ ਦੇ ਅਹਿਮ ਫੈਸਲਿਆਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹਨ। ਧਰਮੀ ਦੇ ਮਾਪੇ ਕਰਮੀ ਦੇ ਵਿਵਾਹਕ ਜੀਵਨ ਤੋਂ ਸੇਧ ਲੈਂਦੇ ਹੋਏ, ਉਸ ਦੇ ਹੈਦਰ ਨਾਲ ਵਿਆਹ ਕਰਵਾਉਣ ਦੇ ਮਾਮਲੇ ਵਿਚ ਕੋਈ ਅੜਿੱਕਾ ਨਹੀਂ ਲਗਾਉਂਦੇ। ਕੁਲਦੀਪ ਆਪਣੇ ਸਾਰੇ ਭੈਣ ਭਰਾਵਾਂ ਵਿਚੋਂ ਵਧੇਰੇ ਸਿਆਣਾ ਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲਾ ਹੈ। ਉਸ ਦੀ ਸਲਾਹ ਨਾਲ ਹੀ ਨਿੰਦੀ ਆਪਣੇ ਬਾਪ ਕਰਤਾਰ ਦੇ ਜਾਲ ਵਿਚੋਂ ਹੁਸ਼ਿਆਰੀ ਨਾਲ ਨਿੱਕਲ ਕੇ ਵਾਪਸ ਅਮਰੀਕਾ ਆਉਣ ਵਿਚ ਕਾਮਯਾਬ ਹੁੰਦੀ ਹੈ। ਕੁਲਦੀਪ ਕਰਮੀ ਦੇ

ਵਿਆਹਕ ਜ਼ਿੰਦਗੀ ਦੇ ਕਲੇਸ਼ ਵਿਚੋਂ ਨਿਕਲਣ ਵਿਚ ਉਸਦੀ ਸਹਾਇਤਾ ਕਰਦਾ ਹੈ। ਬੀਰੇ ਨੂੰ ਥਾਂ ਥਾਂ 'ਤੇ ਮੁਸੀਬਤਾਂ ਵਿਚੋਂ ਕੱਢਣ ਵਿਚ ਕੁਲਦੀਪ ਮੱਦਦਗਾਰ ਸਾਬਤ ਹੁੰਦਾ ਹੈ।

ਨਾਵਲੀ ਕਥਾ ਵਿਚ ਬੀਰੇ ਵਰਗੇ ਮੁੰਡੇ ਜੋ ਆਪਣੇ ਮਾਪਿਆਂ ਦੇ ਸਾਥ ਲਈ ਤਰਸਦੇ ਹਨ, ਉਹ ਈਰਖਾ ਤੇ ਨਫ਼ਰਤ ਦਾ ਸ਼ਿਕਾਰ ਹੋ ਕੇ ਗਲਤ ਵਿਅਕਤੀਆਂ ਦੀ ਸੰਗਤ ਵਿਚ ਫਸ ਜਾਂਦੇ ਹਨ। ਪਰ ਬੀਰੇ ਦਾ ਬਾਪ, ਕਜ਼ਨ ਕੁਲਦੀਪ ਤੇ ਭੈਣ ਮਨੀ ਉਸ ਨੂੰ ਹਰ ਮੁਸੀਬਤ ਵਿਚੋਂ ਕੱਢ ਕੇ ਸਹੀ ਰਸਤੇ 'ਤੇ ਲਿਜਾਣ ਵਿਚ ਸਫ਼ਲ ਹੁੰਦੇ ਹਨ। ਅਸਲ ਵਿਚ ਪੱਛਮੀ ਦੇਸ਼ਾਂ ਵਿਚ ਨਿੱਜੀ ਆਜਾਦੀ ਤੇ ਪੈਸੇ ਦੀ ਬਹੁਤਾਤ ਕਾਰਨ ਬੱਚਿਆਂ ਦੇ ਗਲਤ ਰਸਤੇ 'ਤੇ ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ। ਹਾਲਾਂਕਿ ਬੱਚਿਆਂ ਦੀ ਕਿਸ਼ੋਰ ਅਵਸਥਾ ਵਿਚ ਮਾਪਿਆਂ ਦੇ ਸਾਥ ਦੀ ਬੜੀ ਜ਼ਰੂਰਤ ਹੁੰਦੀ ਹੈ। ਪਰ ਕਿਰਪਾਲ ਅਮਰੀਕਾ ਜਾ ਕੇ ਪੂਰੀ ਤਰ੍ਹਾਂ ਅਮਰੀਕਾ ਦੇ ਕਿਰਤ ਕਲਚਰ ਨੂੰ ਸਮਰਪਿਤ ਹੋ ਜਾਂਦਾ ਹੈ ਅਤੇ ਆਪਣੇ ਬੱਚਿਆਂ 'ਤੇ ਧਿਆਨ ਦੇਣ ਦੀ ਥਾਂ ਡਾਲਰ ਕਮਾਉਣ ਅਤੇ ਆਪਣੀ ਪਛਾਣ ਬਣਾਉਣ ਵਿਚ ਲੱਗਿਆ ਰਹਿੰਦਾ ਹੈ। ਭਾਵੇਂ ਕਿ ਸਕੂਲ ਦੀ ਪ੍ਰਿੰਸੀਪਲ ਵਾਰ ਵਾਰ ਕਿਰਪਾਲ ਨੂੰ ਅਜਿਹੇ ਵਤੀਰੇ ਦੇ ਮਾੜੇ ਪ੍ਰਭਾਵਾਂ ਬਾਰੇ ਸੁਚੇਤ ਕਰਦੀ ਰਹਿੰਦੀ ਹੈ। ਨਮੂਨਾ ਵੇਖੋ:

'ਮਿਸਟਰ ਸਿੰਘ, ਮੈਂ ਤੈਨੂੰ ਅੱਜ ਕਾਫ਼ੀ ਦੇਰ ਬਾਅਦ ਵੇਖਿਆ ਐ ਜਦੋਂ ਕਿ ਪੇਰੈਂਟਸ ਮੀਟਿੰਗ ਹਰ ਮਹੀਨੇ ਹੁੰਦੀਆਂ ਈ ਰਹਿੰਦੀਆਂ ਨੇ। ਉਸ ਦਾ ਮਤਲਬ ਸਿਰਫ਼ ਸ਼ਿਕਾਇਤਾਂ ਲਾਉਣਾ ਨ੍ਹੀਂ ਹੁੰਦਾ। ਬਲਕਿ ਬੱਚਿਆਂ ਨੂੰ ਅਹਿਸਾਸ ਹੁੰਦਾ ਐ ਕਿ ਸਾਡੇ ਮਾਂ ਪਿਉ ਸਾਡੇ ਨਾਲ ਹਨ। ਫਿਰ ਉਹ ਢਹਿੰਦੀਆਂ ਕਲਾਂ 'ਚ ਨ੍ਹੀਂ ਜਾਂਦੇ। ਪਰ ਤੁਸੀਂ ਸ਼ੁਰੂ ਤੋਂ ਹੀ ਬੱਚਿਆਂ ਨੂੰ ਨਿਕਾਰ ਕੇ ਰੱਖਿਆ ਐ। ਸਿਰਫ਼ ਮਿਸਿਜ਼ ਸਿੰਘ ਈ ਆਉਂਦੀ ਹੁੰਦੀ ਐ........ਬੀਰੇ ਦੀ ਦਸਵੀਂ ਕਲਾਸ ਕੁਝ ਹਫਤਿਆਂ ਤੱਕ ਸ਼ੁਰੂ ਹੋ ਜਾਣੀ ਐ। ਹੁਣ ਉਹ ਜੁਆਕ ਨ੍ਹੀਂ ਰਿਹਾ.... ਤੁਸੀਂ ਜਿੰਨਾ ਉਸਨੂੰ ਅਣਗੌਲਿਆਂ ਕੀਤਾ ਐ ਤੁਹਾਨੂੰ ਉਸ ਦਾ ਕਿਧਰੇ ਖਮਿਆਜ਼ਾ ਭਰਨਾ ਪਊਗਾ।'2

ਕਿਰਪਾਲ ਅਮਰੀਕਾ ਵਿਚ ਭਾਵੇਂ ਆਪਣੀ ਪਛਾਣ ਬਣਾਉਣ ਤੇ ਡਾਲਰ ਕਮਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੁੰਦਾ ਹੈ, ਪਰ ਉਸ ਅੰਦਰ ਪਈਆਂ ਜਾਗੀਰੂ ਕਦਰਾਂ ਬੀਰੇ ਦੇ ਵਿਆਹ ਵੇਲੇ ਸਿਰ ਚੁੱਕਦੀਆਂ ਹਨ। ਉਹ ਆਪਣੀ ਭੈਣ ਭਣੋਈਏ ਦੀ ਤਰਜ 'ਤੇ ਬੀਰੇ ਦਾ ਵਿਆਹ ਆਪਣੇ ਅਫ਼ਸਰ ਦੋਸਤ ਦੀ ਧੀ ਨਾਲ ਕਰਨ ਲਈ ਬੀਰੇ ਨੂੰ ਬੀਮਾਰੀ ਦੇ ਨਾਂ 'ਤੇ ਬਲੈਕਮੇਲ ਵੀ ਕਰਦਾ ਹੈ। ਇੱਥੇ ਕਿਰਪਾਲ ਭਾਵੇਂ ਆਪਣੇ ਆਪ ਨੂੰ ਅਗਾਂਹਵਧੂ ਤੇ ਵਧੇਰੇ ਕਾਮਯਾਬ ਸਮਝਦਾ ਹੈ ਪਰ ਉਹ ਵੀ ਪੰਜਾਬੀ ਸਮਾਜ-ਸਭਿਆਚਾਰ ਦੇ ਮੋਹ ਤੋਂ ਪਾਸੇ ਨਹੀਂ ਜਾ ਪਾਉਂਦਾ ਅਤੇ ਉਸ ਅੰਦਰਲੀਆਂ ਜਾਗੀਰੂ ਕਦਰਾਂ-ਕੀਮਤਾਂ(ਮਰਦ ਪ੍ਰਧਾਨਤਾ, ਪਰਿਵਾਰ 'ਤੇ ਕਬਜ਼ਾ) ਥਾਂ ਥਾਂ ਸਿਰ ਚੁੱਕਦੀਆਂ ਵਿਖਾਈ ਦਿੰਦੀਆਂ ਹਨ। ਕਿਰਪਾਲ ਆਪਣੇ ਪੁੱਤ ਬੀਰੇ ਦੀ ਜ਼ਿੰਦਗੀ ਬਰਬਾਦ ਕਰਨ ਬਾਅਦ ਸਮੇਂ ਦੀ ਤੋਰ ਨੂੰ ਸਮਝਣ ਯੋਗ ਹੁੰਦਾ ਹੈ। ਪਾਲੀ ਤੇ ਨਿਰਭੈ ਵੀ ਆਪਣੀ ਵੱਡੀ ਧੀ ਕਰਮੀ ਦੀ ਜ਼ਿੰਦਗੀ ਬਰਬਾਦ ਹੋਣ ਬਾਅਦ ਧਰਮੀ ਦੇ ਵਿਆਹ ਵੇਲੇ ਪੰਜਾਬੀ ਸਮਾਜ ਤੇ ਸਭਿਆਚਾਰ ਦੀ ਜ਼ਿੱਦ ਨੂੰ ਤਿਆਗ ਦਿੰਦੇ ਹਨ।

'ਕਰਮੀ ਧੀਏ, ਜੋ ਕੁਝ ਅਸੀਂ ਤੇਰੇ ਵੱਲ ਵੇਖ ਵੇਖ ਸਿੱਖਿਆ ਐ ਉਸ ਮੁਤਾਬਕ ਮੁੰਡਾ ਕਿਸੇ ਧਰਮ ਨਸਲ ਦਾ ਹੋਵੇ ਸਾਨੂੰ ਕੋਈ ਫ਼ਰਕ ਨ੍ਹੀਂ ਪੈਂਦਾ। ਧਰਮੀ ਲਈ ਸਾਨੂੰ ਸਭ ਮਨਜ਼ੂਰ ਐ। ਬਸ ਪੜ੍ਹਾਈ ਲਿਖਾਈ 'ਚ ਧਰਮੀ ਦੇ ਬਰਾਬਰ ਦਾ ਹੋਵੇ।'3



ਵਾਸਤਵ 'ਚ ਨਾਵਲ ਵਿਚ ਪਹਿਲੀ ਪੀੜ੍ਹੀ ਦਾ ਦੂਜੀ ਪੀੜ੍ਹੀ 'ਤੇ ਪੰਜਾਬੀ ਸਮਾਜ ਵਿਚ ਵਿਆਹ ਕਰਾਉਣ ਲਈ ਜੋ ਦਬਾਅ ਪਾਇਆ ਜਾਂਦਾ ਹੈ, ਉਸ ਦੇ ਸਿੱਟਿਆਂ ਨੂੰ ਰੂਪਮਾਨ ਕੀਤਾ ਗਿਆ ਹੈ। ਭਾਵੇਂ ਹਰ ਸਮਾਜ ਦਾ ਬਾਸ਼ਿੰਦਾ ਆਪਣੇ ਸਮਾਜ ਤੇ ਸਭਿਆਚਾਰ ਪ੍ਰਤੀ ਮਨ ਵਿਚ ਖਿੱਚ ਰੱਖਦਾ ਹੈ ਪਰ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦਾ ਵਿਵਹਾਰ ਵਧੇਰੇ ਰੂੜੀਵਾਦੀ ਤੇ ਪਿਛਾਂਹਖਿੱਚੂ ਮੂਰਤੀਮਾਨ ਹੁੰਦਾ ਹੈ। ਨਾਵਲੀ ਕਥਾ ਦੇ ਅੰਤ ਵਿਚ ਜਿਸ ਤਰ੍ਹਾਂ ਦਰਸ਼ਨ ਆਪਣੀ ਪਤਨੀ ਦੇ ਘਰਵਾਲੇ ਗਿੰਨੀ ਤੇ ਧਰਮੀ ਦੇ ਪਤੀ ਨੂੰ ਕਤਲ ਕਰਦਾ ਹੈ, ਇਸ ਤਰ੍ਹਾਂ ਦੇ ਘਟਨਾਕ੍ਰਮ ਪਹਿਲਾਂ ਨਾਵਲਕਾਰ ਹਰਜੀਤ ਅਟਵਾਲ ਦੇ ਨਾਵਲਾਂ ਵਿਚ ਉਜਾਗਰ ਹੋਏ ਹਨ। ਇਸ ਨਾਵਲ ਵਿਚ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦਾ ਵਿਵਹਾਰ ਥੋੜ੍ਹੇ ਬਹੁਤੇ ਫ਼ਰਕ ਨਾਲ ਹਰਜੀਤ ਅਟਵਾਲ ਦੇ ਨਾਵਲੀ ਪਾਤਰਾਂ ਵਰਗਾ ਪ੍ਰਤੀਤ ਹੁੰਦਾ ਹੈ। ਵਾਸਤਵ ਵਿਚ ਪੰਜਾਬੀ, ਪਰਵਾਸ ਵਿਚ ਜਾ ਕੇ ਆਪਣੇ ਦੋਹਰਾ ਜੀਵਨ ਜੀਉਂਦੇ ਹਨ। ਇਕ ਪਾਸੇ ਉਹ ਆਪ ਆਜਾਦੀ ਮਾਨਣ ਵਿਚ ਵਿਸ਼ਵਾਸ ਰੱਖਦੇ ਹਨ ਪਰ ਦੂਜੇ ਪਾਸੇ ਆਪਣੇ ਬੱਚਿਆਂ ਅਤੇ ਪਤਨੀਆਂ 'ਤੇ ਜਾਗੀਰੂ ਮੁੱਲ ਪ੍ਰਬੰਧ ਦੀਆਂ ਕੀਮਤਾਂ ਥੋਪਦੇ ਹਨ। ਨਮੂਨਾ ਵੇਖੋ :

'ਕੁਲਦੀਪ, ਜੇਕਰ ਇੱਥੇ ਰਹਿਣੀ ਆਂ ਤਾਂ ਪਿਉ ਨੇ ਨ੍ਹੀਂ ਟਿਕਣ ਦੇਣਾ। ਤੈਨੂੰ ਪਤਾ ਈ ਐ ਕਿ ਮੇਰਾ ਪਿਉ ਮੈਂਟਲ ਐ। ਉਸ ਦਾ ਇਹ ਨ੍ਹੀਂ ਪਤਾ ਕਿ ਕਿਸ ਵੇਲੇ ਉਸ ਨੇ ਕੀ ਕਰ ਦੇਣਾ ਐਂ। ਉਹ ਕਿਸੇ ਹੋਰ ਨੂੰ ਵੀ ਮਾਰ ਸਕਦਾ ਐ ਤੇ ਆਪਣੇ ਆਪ ਨੂੰ ਵੀ ਖਤਮ ਕਰ ਸਕਦਾ ਐ।'4

'ਨਵਯੁਗ' ਨਾਵਲ ਦੇ ਰੂਪਕ ਪੱਖ ਬਾਰੇ ਵਿਚਾਰ ਕਰੀਏ ਤਾਂ ਕਿਹਾ ਜਾ ਸਕਦਾ ਹੈ ਕਿ ਕਥਾ ਦੀ ਗੋਂਦ ਬੜੀ ਸੁਗੰਠਿਤ ਹੈ। ਕਹਾਣੀ ਕਿਰਪਾਲ ਦੇ ਪਰਿਵਾਰ ਤੋਂ ਚੱਲ ਕੇ, ਉਹਨਾਂ ਦੇ ਬੱਚਿਆਂ ਦੇ ਪਰਿਵਾਰਾਂ ਤੱਕ ਫੈਲਦੀ ਹੈ। ਨਾਵਲੀ ਬਿਰਤਾਂਤ ਰੌਚਿਕਤਾ ਭਰਪੂਰ ਹੈ ਅਤੇ ਪਾਠਕ ਨੂੰ ਆਪਣੇ ਨਾਲ ਬੰਨ੍ਹੀ ਰੱਖਣ ਵਿਚ ਸਫ਼ਲ ਹੁੰਦਾ ਹੈ। ਪਾਠਕ ਦੇ ਮਨ ਵਿਚ ਅੱਗੇ ਜਾਨਣ ਦੀ ਜਗਿਆਸਾ ਬਣੀ ਰਹਿੰਦੀ ਹੈ ਜੋ ਨਾਵਲ ਦਾ ਹਾਸਲ ਹੈ। ਨਾਵਲਕਾਰ ਬੜੀ ਖੂਬਸੂਰਤੀ ਨਾਲ ਦਰਸ਼ਨ ਦੇ ਬਿਰਤਾਂਤ ਤੋਂ ਕਥਾ ਆਰੰਭ ਕੇ, ਉਸ ਦੇ ਕਿਰਦਾਰ ਤੇ ਪਰਿਵਾਰਕ ਸਥਿਤੀਆਂ ਤੋਂ ਜਾਣੂ ਕਰਵਾ ਕੇ ਪਾਠਕ ਦੇ ਮਨ ਵਿਚ ਕਈ ਸਵਾਲ ਪੈਦਾ ਕਰ ਦਿੰਦਾ ਹੈ ਅਤੇ ਪਾਠਕ ਆਪਣੇ ਸਵਾਲਾਂ ਦੇ ਉਤਰ ਲੱਭਣ ਲਈ ਬਿਰਤਾਂਤਕਾਰ ਦੀਆਂ ਪੈੜਾਂ ਵਿਚ ਪੈੜ ਧਰਦਾ ਤੁਰਿਆ ਜਾਂਦਾ ਹੈ। ਨਾਵਲਕਾਰ ਮੁੱਖ ਬਿਰਤਾਂਤ ਵਿਚ ਉਪ ਬਿਰਤਾਂਤ ਨੂੰ ਕਮਾਲ ਦੀਆਂ ਛੋਹਾਂ ਨਾਲ ਗੁੰਦਦਾ ਹੈ ਕਿ ਕਿਤੇ ਵੀ ਉਪ ਬਿਰਤਾਂਤ ਦੀ ਗੋਂਦ ਅੱਖੜਦੀ ਨਹੀਂ। ਹਾਲਾਂਕਿ ਬਿਰਤਾਂਤਕਾਰ ਨਾਵਲ ਵਿਚ ਬਹੁਤੀਆਂ ਬਿਰਤਾਂਤਕ ਜੁਗਤਾਂ ਦੀ ਵਰਤੋਂ ਨਹੀਂ ਕਰਦਾ ਅਤੇ ਨਾ ਹੀ ਅਖਾਣਾਂ ਜਾਂ ਮੁਹਾਵਰਿਆਂ ਦੀ ਵਰਤੋਂ ਕਰਕੇ ਕਥਾ ਨੂੰ ਵਧੇਰੇ ਸੰਘਣਾ ਕਰਨ ਦਾ ਤਰਦੱਦ ਕਰਦਾ ਹੈ। ਕਹਾਣੀ ਪਹਿਲੇ ਕਾਂਡ ਨੂੰ ਛੱਡ ਕੇ ਦੂਜੇ ਕਾਂਡ ਤੋਂ ਬਾਅਦ ਲਕੀਰੀ ਬਿਰਤਾਂਤ ਵਿਚ ਚੱਲਦੀ ਹੈ।ਨਾਵਲਕਾਰ ਅਜੋਕੇ ਸਮੇਂ ਦੀਆਂ ਸਥਿਤੀਆਂ-ਪ੍ਰਸਥਿਤੀਆਂ ਤੋਂ ਸੁਚੇਤ ਹੋਣ ਕਾਰਨ ਕਹਾਣੀ ਵਿਚ ਬਹੁਤੀ ਫੁਲਾਵਟ ਨਹੀਂ ਲਿਆਉਂਦਾ ਬਲਕਿ ਕਥਾ ਨੂੰ ਸੰਭਾਵਨਾਵਾਂ ਭਰਪੂਰ ਕਰਨ ਵਾਲੇ ਵਸਤੂ ਵੇਰਵੇ ਤੇ ਘਟਨਾਵਾਂ ਨੂੰ ਪੇਸ਼ ਕਰਦਾ ਹੈ। ਨਾਵਲ ਦਾ ਸਿਰਲੇਖ 'ਨਵਯੁਗ' ਆਪਣੇ ਆਪ ਵਿਚ ਪ੍ਰਤੀਕਮਈ ਹੈ ਜੋ ਨਵੇਂ ਯੁੱਗ ਦੇ ਆਗਮਨ ਦੀ ਪ੍ਰਤੀਤੀ ਕਰਵਾਉਂਦਾ ਹੈ ਅਤੇ ਪਿਛਾਂਹ ਖਿੱਚੂ ਕਦਰਾਂ-ਕੀਮਤਾਂ ਨੂੰ ਤਿਆਗਣ ਦਾ ਸੁਨੇਹਾ ਦਿੰਦਾ ਹੈ। ਨਾਵਲ ਵਿਚ ਹੋਰ ਪੰਜਾਬੀ

ਪਰਵਾਸੀ ਨਾਵਲਾਂ ਦੀ ਤਰ੍ਹਾਂ ਇਕ ਘਾਟ ਜ਼ਰੂਰ ਰੜਕਦੀ ਹੈ ਕਿ ਕਹਾਣੀ ਵਿਚ ਅਮਰੀਕੀ ਗੋਰੇ ਤੇ ਕਾਲੇ ਪਾਤਰਾਂ ਦੀ ਬਹੁਤੀ ਪੇਸ਼ਕਾਰੀ ਨਹੀਂ ਕੀਤੀ ਗਈ। ਕਹਾਣੀ ਸਿਰਫ਼ ਪੰਜਾਬੀ ਪਾਤਰਾਂ ਖਾਸਕਰ ਕਿਰਪਾਲ ਦੇ ਪਰਿਵਾਰ ਦੇ ਇਰਦ-ਗਿਰਦ ਹੀ ਘੁੰਮਦੀ ਹੈ। ਹਾਲਾਂਕਿ ਅਮਰੀਕੀ ਸਮਾਜ ਵਿਚ ਰਹਿੰਦੇ ਲਾਜ਼ਮੀ ਹੈ ਕਿ ਉਹਨਾਂ ਦੇ ਸਬੰਧ ਹੋਰ ਅਮਰੀਕੀ ਨਾਗਰਿਕਾਂ ਨਾਲ ਬਣਦੇ ਹਨ ਜਿਵੇਂ ਦੀਪਾ ਕਿਸੇ ਗੋਰੇ ਗੇਅ ਮੁੰਡੇ ਨਾਲ ਰਹਿੰਦਾ ਹੈ ਪਰ ਨਾਵਲਕਾਰ ਉਹਨਾਂ ਦੇ ਜੀਵਨ ਵੇਰਵਿਆਂ ਪ੍ਰਤੀ ਪੂਰੀ ਤਰ੍ਹਾਂ ਚੁੱਪ ਹੈ ਜੋ ਰੜਕਦਾ ਹੈ। ਕਿਤੇ ਕਿਤੇ ਇਹ ਮਹਿਸੂਸ ਹੁੰਦਾ ਹੈ ਕਿ ਨਾਵਲਕਾਰ ਦਾ ਪੂਰਾ ਧਿਆਨ ਕਰਮੀ ਤੇ ਬੀਰੇ ਦੇ ਦੁਖਾਂਤ ਨੂੰ ਚਿਤਰਣ ’ਤੇ ਹੈ। ਉਹ ਧਰਮੀ, ਮਨੀ, ਸੁਰਜੀਤ ਤੇ ਦੀਪੇ ਵਰਗੇ ਪਾਤਰਾਂ ਦੇ ਜੀਵਨ ਵਿਚ ਬਹੁਤੀ ਝਾਤ ਨਹੀਂ ਮਾਰਦਾ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਹਰਮਹਿੰਦਰ ਚਹਿਲ ਨੇ ‘ਨਵਯੁਗ’ ਨਾਵਲ ਲਿਖ ਕੇ ਪਰਵਾਸੀ ਪੰਜਾਬੀ ਨਾਵਲ ਵਿਚ ਮੁੱਲਵਾਨ ਵਾਧਾ ਕੀਤਾ ਹੈ। ਭਾਵੇਂ ਨਾਵਲ ਵਿਚ ਪੇਸ਼ ਵਸਤੂ ਵੇਰਵੇ ਇੱਕੀਵੀਂ ਸਦੀ ਤੋਂ ਪਹਿਲਾਂ ਦੇ ਪ੍ਰਤੀਤ ਹੁੰਦੇ ਹਨ। ਨਾਵਲ ਵਿਚ ਸਮਕਾਲ ਵਿਚ ਚੱਲ ਰਹੇ ਸਟੱਡੀ ਵੀਜ਼ਿਆਂ ਦੇ ਰੁਝਾਨ ਦਾ ਰੱਤੀ ਦੇ ਦੋਸਤ ਮੁੰਡੇ ਦੇ ਬਿਰਤਾਂਤ ਨੂੰ ਛੱਡ ਕੇ ਕਿਤੇ ਬਹੁਤਾ ਜ਼ਿਕਰ ਨਹੀਂ ਆਉਂਦਾ। ਬਲਕਿ ਰੱਤੀ ਦੇ ਦੋਸਤ ਦਾ ਜ਼ਿਕਰ ਵੀ ਰੱਤੀ ਦੇ ਕਿਰਦਾਰ ਨੂੰ ਉਘਾੜਨ ਹਿਤ ਹੀ ਹੋਇਆ ਹੈ। ਪਰ ਇਸ ਸਭ ਦੇ ਬਾਵਜੂਦ ਪਰਵਾਸੀ ਪੰਜਾਬੀਆਂ ਦੀ ਮਨੋਵਿਗਿਆਨਕ, ਪਰਿਵਾਰਕ, ਸਮਾਜ-ਸਭਿਆਚਾਰਕ ਤੇ ਆਰਥਿਕ ਸਥਿਤੀਆਂ ਨੂੰ ਸਮਝਣ ਹਿਤ ਹੱਥਲਾ ਨਾਵਲ ਪੜ੍ਹਨਯੋਗ ਹੈ।


**ਹਵਾਲੇ :**

1) ਹਰਮਹਿੰਦਰ ਚਹਿਲ, ਨਵਯੁਗ, ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਨਾ ਨੰ. 179

(2) ਉਹੀ, ਪੰਨਾ ਨੰ. 21


(3) ਉਹੀ, ਪੰਨਾ ਨੰ. 135

(4) ਉਹੀ, ਪੰਨਾ ਨੰ. 146



**ਮੋ. 9803704201**






**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**




## ਦੋ ਮਨੁੱਖੀ ਪੀੜ੍ਹੀਆਂ ਵਿਚਲੇ ਵਿਚਾਰਧਾਰਕ ਪਾੜੇ ਨੂੰ ਮੇਟਣ ਦੀ ਕੋਸ਼ਿਸ਼ ਕਰਦਾ ਨਵਯੁਗ

**-ਨਿਰੰਜਣ ਬੋਹਾ**

ਹਰਮਹਿੰਦਰ ਚਹਿਲ ਦਾ ਸ਼ੁਮਾਰ ਉਹਨਾਂ ਪਰਵਾਸੀ ਨਾਵਲਕਾਰਾਂ ਵਿਚ ਹੈ ਜਿਹੜੇ ਅੰਤਰ ਰਾਸ਼ਟਰੀ ਧਰਾਤਲ ‘ਤੇ ਵਾਪਰਣ ਵਾਲੇ ਸਮਾਜਿਕ ਆਰਥਿਕ ਤੇ ਸਭਿਆਚਾਰਕ ਵਰਤਾਰਿਆ ਬਾਰੇ ਇਤਿਹਾਸਕ ਸਮਝ ਰੱਖਣ ਦੇ ਨਾਲ ਨਾਲ ਉਸਨੂੰ ਮਾਨਵਤਾਵਾਦੀ ਦ੍ਰਿਸਟੀਕੋਨ ਤੋਂ ਪ੍ਰਭਾਸ਼ਿਤ ਕਰਨ ਦੀ ਮੁਹਾਰਤ ਰੱਖਦੇ ਹਨ। ਉਸਦੇ ਹੁਣ ਤਕ ਪ੍ਰਕਾਸ਼ਿਤ ਛੇ ਨਾਵਲਾਂ ਨੇ ਨਵੇਂ ਵਿਸ਼ਿਆਂ ਦੀ ਚੋਣ ਤੇ ਨਵੀਆਂ ਨਿਵੇਕਲੀਆਂ ਕਥਾਤਮਕ ਜੁਗਤਾਂ ਦੀ ਵਰਤੋਂ ਸਦਕਾ ਸਾਹਿਤਕ ਹਲਕਿਆਂ ਵਿਚ ਭਰਵੀਂ ਚਰਚਾ ਹੀ ਹਾਸਿਲ ਨਹੀਂ ਕੀਤੀ ਸਗੋਂ ਉਸਨੂੰ ਪੰਜਾਬੀ ਭਾਸ਼ਾ ਦੇ ਪ੍ਰੌਢ ਨਾਵਲਕਾਰ ਵਜੋਂ ਮਾਨਤਾ ਵੀ ਦਿਵਾਈ ਹੈ।ਉਸ ਦਾ ਹੱਥਲਾ ਨਾਵਲ ‘ਨਵਯੁਗ’ ਪੱਛਮੀ ਮੁਲਕਾਂ ਵਿਚ ਪਰਵਾਸ ਕਰ ਚੁੱਕੇ ਭਾਰਤੀਆਂ ਦੀਆਂ ਦੋ ਪੀੜ੍ਹੀਆਂ ਵਿਚਲੇ ਵਿਚਾਰਧਾਰਕ ਪਾੜੇ ਨੂੰ ਆਪਣੇ ਫੋਕਸ ਵਿਚ ਰੱਖ ਕੇ ਇਸ ਪਾੜੇ ਨੂੰ ਘਟਾਉਣ ਬਾਰੇ ਸੰਵਾਦ ਉਤੇਜਕ ਚਰਚਾ ਛੇੜਦਾ ਹੈ। ਨਾਵਲ ਇਹ ਚਿਤਾਵਨੀ ਵੀ ਦੇਂਦਾ ਹੈ ਕਿ ਜੇ ਪੁਰਾਣੀ ਪੀੜ੍ਹੀ ਨੇ ਨਵੀ ਪੀੜ੍ਹੀ ਦੇ ਸੁਪਨਿਆ ਦੇ ਹਾਣ ਦੇ ‘ਨਵਯੁਗ’ ਨੂੰ ਆਪਣੀ ਮਾਨਸਿਕ ਸਵਕ੍ਰਿਤੀ ਨਾ ਦਿੱਤੀ ਤਾਂ ਇਹ ਪੀੜ੍ਹੀ-ਪਾੜਾ ਗੰਭੀਰ ਰੂਪ ਧਾਰਨ ਕਰਕੇ ਪਰਿਵਾਰ ਰੂਪੀ ਸਮਾਜਿਕ ਸੰਸਥਾ ਦੇ ਖਾਤਮੇ ਦਾ ਕਾਰਨ ਬਣ ਸਕਦਾ ਹੈ। ਨਾਵਲ ਪੁਰਾਣੀ ਪੀੜ੍ਹੀ ਦੇ ਲੋਕਾਂ ਦੇ ਦਿਲ ਦਿਮਾਗ ਵਿਚ ਇਹ ਗੱਲ ਚੰਗੀ ਤਰ੍ਹਾ ਬਿਠਾ ਦੇਣਾ ਚਾਹੁੰਦਾ ਹੈ ਕਿ ਪੱਛਮੀ ਮੁਲਕਾਂ ਵਿਚ ਜਨਮ ਲੈਣ ਜਾਂ ਸੁਰਤ ਸੰਭਾਲਣ ਵਾਲੇ ਬੱਚਿਆਂ ਦੇ ਜੀਵਨ ਵਿਚ ਜੇ ਪੂਰਬੀ ਮੁਲਕਾਂ ਦੇ ਸਮਾਜਿਕ ਤੇ ਨੈਤਿਕ ਮਾਪਦੰਡ ਜ਼ਬਰੀ ਲਾਗੂ ਕੀਤੇ ਜਾਣਗੇ ਤਾਂ ਪੈਦਾ ਹੋਣ ਵਾਲੀ ਬਗਾਵਤ ਇੱਥੋ ਦੀ ਪਰਿਵਾਰਕ ਤੇ ਸਮਾਜਿਕ ਵਿਵਸਥਾ ਨੂੰ ਤਹਿਸ ਨਹਿਸ ਕਰ ਸੁੱਟੇਗੀ।

ਭਾਵੇਂ ਇਸ ਨਾਵਲ ਵਿਚਲੀਆਂ ਪਰਵਾਸੀ ਪੰਜਾਬੀਆਂ ਦੀਆਂ ਦੋ ਪੀੜ੍ਹੀਆਂ ਵਿਚਕਾਰਲਾ ਵਿਚਾਰਧਾਰਕ ਵੱਖਰੇਵਾਂ ਤਣਾਉ ਤੇ ਟਕਰਾਉ ਦਾ ਮਾਹੌਲ ਸਿਰਜਦਾ ਹੈ ਪਰ ਨਾਵਲ ਦੀ ਕਹਾਣੀ ਦੀ ਖੂਬਸੂਰਤੀ ਇਸ ਵਿੱਚ ਹੈ ਦੋਹੇਂ ਹੀ ਪੀੜ੍ਹੀਆਂ ਆਪਸੀ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਉਣ ਲਈ ਆਪਣੇ ਆਪਣੇ ਪੱਧਰ ਤੇ ਸੁਚੇਤ ਯਤਨ ਵੀ ਕਰਦੀਆਂ ਵਿਖਾਈ ਦਿੰਦੀਆਂ ਹਨ।ਇਸ ਤਰ੍ਹਾਂ ਉਹਨਾਂ ਦੇ ਰਿਸ਼ਤੇ ਤਣਾਉਸ਼ੀਲ ਹੋਣ ’ਤੇ ਵੀ ਆਪਣੀ ਪਰਿਵਾਰਕ ਹੋਂਦ ਬਣਾਈ ਰੱਖਦੇ ਹਨ।ਪੰਜਾਬ ਤੋਂ ਅਮਰੀਕਾ ਆਇਡਾਕਟਰ ਕਿਰਪਾਲ ਸਿੰਘ, ਜਗਤਾਰ ਸਿੰਘ ਕਰਤਾਰ ਸਿੰਘ ਤੇ ਉਨ੍ਹਾਂ ਦੀ ਭੈਣ ਹਰਪਾਲ ਕੌਰ ਉਰਫ ਪਾਲੀ ਇੱਥੋਂ ਦੀ ਜੀਵਨ ਜਾਂਚ ਤੇ ਸਮਾਜਿਕਤਾ ਨਾਲ ਮਾਨਸਿਕ ਤੌਰ ‘ਤੇ ਨਹੀਂ ਜੁੜਦੇ ਤੇ ਉਹ ਪਰਿਵਾਰਕ ਰਿਸ਼ਤਿਆ ਦੀ ਵਿਉਂਤਬੰਦੀ ਪੂਰਬੀ ਸਭਿਆਚਾਰਕ ਤੇ ਸਮਾਜਿਕ ਮਾਨਤਾਵਾਂ ਅਨੁਸਾਰ ਹੀ ਕਰਨ ਦੇ ਇੱਛੁਕ ਹਨ। ਆਪਣੇ ਧੀਆਂ ਪੁੱਤਰਾਂ ਦੇ ਵਿਆਹ ਕਰਨ ਸਬੰਧੀ ਉਹਨਾਂ ਦੀ ਧਾਰਨਾ ਹੈ ਕਿ ਉਹ ਭਾਰਤ ਵਾਲੇ ਪਾਸੇ ਤੋਂ ਸੰਸਕਾਰੀ ਨੂੰਹਾਂ ਤੇ ਜਵਾਈ ਮੰਗਵਾਂ ਕੇ ਹੀ ਆਪਣੇ ਭਵਿੱਖ ਨੂੰ ਸੁੱਰਖਿਅਤ ਰੱਖ ਸਕਦੇ ਹਨ। ਦੂਜੇ ਪਾਸੇ ਇਸ ਮੁਲਕ ਦੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਮਾਨਸਿਕ ਸਹਿਮਤੀ ਦੇਣ ਵਾਲੀ ਉਹਨਾਂ ਦੀ ਨਵੀਂ ਪੀੜ੍ਹੀ ਆਪਣੇ ਬਜ਼ੁਰਗਾਂ ਦੀ ਸੋਚ ਨੂੰ ਅਪਨਾਉਣ ਲਈ ਤਿਆਰ

ਨਹੀਂ। ਵਿਆਹ ਰੂਪੀ ਪਰਿਵਾਰਕ ਸੰਸਥਾ ਪ੍ਰਤੀ ਦੋਹੇ ਪੀੜ੍ਹੀਆਂ ਦੀ ਸੋਚ ਵਿਚਲੀਆਂ ਦੂਰੀਆਂ ਤੇ ਇਹਨਾਂ ਨੂੰ ਘਟਾਉਣ ਦੇ ਸੁਚੇਤ ਯਤਨਾਂ ਵਿਚੋਂ ਉਸਰਦੀ ਨਾਵਲ ਦੀ ਕਹਾਣੀ ਪੜਾਅ ਦਰ ਪੜਾਅ ਆਪਣੇ ਮੰਤਵੀ ਉਦੇਸ਼ 'ਨਵਯੁਗ' ਨੂੰ ਆਪਣੀ ਮਾਨਸਿਕ ਸਹਿਮਤੀ ਦੇਣ ਵੱਲ ਅੱਗੇ ਵੱਧਦੀ ਹੈ।

ਅਮਰੀਕਾ ਆਏ ਤਿੰਨ ਭਰਾਵਾਂ ਦਾ ਜੀਜਾ ਨਿਰਭੈ ਸਿੰਘ ਆਪਣੀ ਧੀ ਕਰਮੀ ਦੀ ਮਰਜ਼ੀ ਦੇ ਉਲਟ ਉਸਦਾ ਵਿਆਹ ਪੰਜਾਬ ਦੇ ਵਸਨੀਕ ਦਰਸ਼ਣ ਸਿੰਘ ਨਾਲ ਕਰਦਾ ਹੈ ਪਰ ਉਸਨੂੰ ਛੇਤੀ ਹੀ ਅਹਿਸਾਸ ਹੋ ਜਾਂਦਾ ਹੈ ਕਿ ਉਸ ਵੱਲੋਂ ਪੰਜਾਬੀ ਮੁੰਡਿਆ ਦੇ ਸੰਸਕਾਰੀ ਹੋਣ ਬਾਰੇ ਬਣਾਈ ਧਾਰਨਾ ਕਿੰਨੀ ਭ੍ਰਮਿਤ ਹੈ। ਦਰਸ਼ਣ ਸਿਰੇ ਦਾ ਨਿਕੰਮਾਂ, ਅਨਪੜ, ਐਯਾਸ਼ ਤੇ ਨਸ਼ੇੜੀ ਹੀ ਸਾਬਿਤ ਨਹੀਂ ਹੁੰਦਾ ਸਗੋਂ ਆਪਣੇ ਮਰਦ ਹੋਣ ਦੇ ਅਹਮ ਅਧੀਨ ਚੰਗੀ ਜੌਬ'ਤੇ ਲੱਗੀ ਕਰਮੀ ਨੂੰ ਕਈ ਤਰ੍ਹਾਂ ਦੇ ਮਾਨਸਿਕ ਤਸੀਹੇ ਵੀ ਦਿੰਦਾ ਹੈ। ਉਹ ਆਪਣੇ ਸਹੁਰੇ ਪਰਿਵਾਰ ਦੀ ਸਾਰੀ ਜਾਇਦਾਦ ਨੂੰ ਹੜੱਪਣਾ ਚਾਹੁੰਦਾ ਹੈ ਪਰ ਨਿਰਭੈ ਸਿੰਘ ਤੇ ਪਾਲੀ 'ਲੋਕ ਕੀ ਕਹਿਣਗੇ' ਦੇ ਡਰ ਹੇਠ ਲੰਬਾ ਸਮਾਂ ਆਪਣੀ ਧੀ ਨੂੰ ਵਕਤ ਕਟੀ ਕਰਨ ਲਈ ਮਜ਼ਬੂਰ ਕਰਦੇ ਰਹਿੰਦੇ ਹਨ । ਦੂਸਰੇ ਪਾਸੇ ਆਪਣੇ ਅਫਸਰ ਦੋਸਤ ਨੂੰ ਦਿੱਤਾ ਵਚਨ ਪੁਗਾਉਣ ਲਈ ਆਪਣੇ ਪੁੱਤਰ ਬੀਰੇ ਨੂੰ ਉਸਦੀ ਧੀ ਨਾਲ ਵਿਆਹ ਕਰਾਉਣ ਲਈ ਮਜਬੂਰ ਕਰਨ ਵਾਲੇ ਡਾ. ਕਿਰਪਾਲ ਨੂੰ ਆਪਣੀ ਅਜਿਹੀ ਹੀ ਕੀਤੀ ਗਲਤੀ 'ਤੇ ਉਸ ਵੇਲੇ ਪਛਤਾਵਾ ਕਰਨਾ ਪੈਂਦਾ ਹੈ। ਪੰਜਾਬ ਤੋਂ ਆਈ ਬੀਰੇ ਦੀ ਪਤਨੀ ਰੱਤੀ ਆਪਣੇ ਪਿਤਾ ਦੇ ਰੁਤਬੇ ਦਾ ਲਾਹਾ ਲੈਂਦਿਆਂ ਘਰ ਦਾ ਕੋਈ ਵੀ ਕੰਮ ਕਰਨ ਤੋਂ ਹੀ ਇਨਕਾਰ ਕਰਦੀ ਹੈ ਸਗੋਂ ਆਪਣੇ ਪਿਛਲੇ ਪ੍ਰੇਮੀ ਨੂੰ ਸਟੱਡੀ ਵੀਜ਼ੇ 'ਤੇ ਅਮਰੀਕਾ ਬੁਲ੍ਹਾ ਕੇ ਆਪਣੇ ਸਹੁਰੇ ਘਰ ਦੀ ਇੱਜ਼ਤ ਨਾਲ ਵੀ ਸ਼ਰੇਆਮ ਖਿਲਵਾੜ ਕਰਦੀ ਹੈ । ਤੀਸਰਾ ਭਰਾ ਕਰਤਾਰ ਸਿੰਘ ਵੀ ਆਪਣੀ ਧੀ ਵੱਲੋਂ ਆਪਣੇ ਮਨ ਪਸੰਦ ਮੁੰਡੇ ਨਾਲ ਵਿਆਹ ਕਰਾਉਣ ਦੇ ਮਾਮਲੇ ਵਿਚ ਬਹੁਤ ਸਾਰੀਆਂ ਰੁਕਵਟਾਂ ਖੜ੍ਹੀਆਂ ਕਰਦਾ ਹੈ । ਪੁਰਾਣੀ ਪੀੜ੍ਹੀ ਦੇ ਇਹ ਚਾਰੇ ਭੈਣ ਭਰਾ ਅੰਤ ਨਵੀ ਪੀੜ੍ਹੀ ਦੇ 'ਨਵਯੁਗ' ਨਾਲ ਆਪਣੀ ਸੁਰਮਿਲਾਉਂਣ ਲਈ ਤਿਆਰ ਤਾਂ ਹੋ ਜਾਂਦੇ ਹਨ ਪਰ ਤੱਦ ਤੱਕ ਉਹਨਾਂ ਦੀਆਂ ਪਿਛਲੀਆਂ ਗਲਤੀਆਂ ਕਾਰਨ ਕਹਾਣੀ ਕਾਫੀ ਉਲਝ ਚੁੱਕੀ ਹੁੰਦੀ ਹੈ।

ਹਰਮਹਿੰਦਰ ਚਹਿਲ ਦਾ ਸ਼ੁਮਾਰ ਲੇਖਣੀ ਪੱਖੋ ਹੀ ਨਹੀਂ ਸਗੋਂ ਉਮਰ ਪੱਖੋਂ ਵੀ ਪ੍ਰੋਢ ਲੇਖਕਾਂ ਵਿਚ ਹੈ। ਆਮ ਕਰਕੇ ਇਸ ਉਮਰ ਦੇ ਲੇਖਕ ਪੀੜ੍ਹੀ ਪਾੜਾ ਵਧਾਉਣ ਲਈ ਨੌਜਵਾਨ ਵਰਗ ਨੂੰ ਵੱਧ ਦੋਸ਼ੀ ਕਰਾਰ ਦੇਂਦੇ ਹਨ ਪਰ ਚਹਿਲ ਨੇ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਨੌਜਵਾਨਾ ਦਾ ਹੀ ਪੱਖ ਪੂਰਿਆ ਹੈ। ਇਸ ਪਹਿਲ ਕਦਮੀ ਲਈ ਉਹ ਪ੍ਰਸੰਸਾ ਦਾ ਹੱਕਦਾਰ ਹੈ । ਦੋ ਪੀੜ੍ਹੀਆਂ ਦੀ ਸੋਚ ਵਿਚਲਾ ਵੱਖਰੇਵਾਂ ਆਮ ਕਰਕੇ ਨਿਜੀ ਕਿਸਮ ਦੀਆਂ ਲੜਾਈਆਂ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ ਪਰ ਇਸ ਨਾਵਲ ਵਿਚਲੀ ਨੌਜਵਾਨ ਪੀੜ੍ਹੀ ਆਪਣੇ ਪੱਖ ਦੀ ਮਜਬੂਤੀ ਲਈ 'ਕਜਨ ਗਰੁੱਪ' ਬਣਾ ਕੇ ਸਮੂਹਿਕ ਤੇ ਸੰਗਠਿਤ ਰੂਪ ਵਿਚ ਆਪਣੇ ਪੱਖ ਨੂੰ ਮਜਬੂਤੀ ਪ੍ਰਦਾਨ ਕਰਦੀ ਹੈ। ਜਦੋਂ ਇਸ ਕਜਨ ਗਰੁਪ ਦਾ ਕੋਈ ਮੈਂਬਰ ਆਪਣੇ ਪੁਰਾਣੀ ਸੋਚ ਦੇ ਮਾਪਿਆ ਦੀ ਜ਼ਿੱਦ ਕਾਰਨ ਕਿਸੇ ਉਲਝਣ ਵਿਚ ਫਸਦਾ ਹੈ ਜਾਂ ਉਸ ਦਾ ਜ਼ਬਰੀ ਕਿਸੇ ਅਣਜਾਣ ਮੁੰਡੇ ਕੁੜੀ ਨਾਲ ਵਿਆਹ ਕੀਤੇ ਦੀ ਸਥਿਤੀ ਪੈਦਾ ਹੁੰਦੀ ਹੈ ਤਾ ਉਹ ਸਾਰੇ ਆਪਸ ਵਿਚ ਵਿਚਾਰ ਵਟਾਂਦਰਾ ਕਰਕੇ ਹੀ ਦਰਪੇਸ਼ ਸਮੱਸਿਆ ਦਾ ਹੱਲ ਤਲਾਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ । ਆਪਸੀ ਸਮਝ ਤੇ ਸੂਝ ਰਾਹੀ ਬਣਾਈ ਨੀਤੀ ਕਾਰਨ ਉਹ ਆਪਣੇ ਮਾਪਿਆ ਨਾਲ ਵੀ ਰਿਸ਼ਤਾ ਬਣਾਈ ਰੱਖਦੇ ਹਨ ਤੇ



ਉਨ੍ਹਾਂ ਦੀ ਸੋਚ ਵਿਚ ਸਹਿਜ ਤਬਦੀਲੀਆਂ ਲਿਆਉਣ ਦਾ ਕੰਮ ਵੀ ਜਾਰੀ ਰੱਖਦੇ ਹਨ। ਇਸ ਗਰੁੱਪ ਨੂੰ ਸਾਰਥਿਕ ਤੇ ਹਾਂ ਪੱਖੀ ਦਿਸ਼ਾ ਦੇਣ ਵਿਚ ਕੁਲਦੀਪ ਅਹਿਮ ਭੂਮਿਕਾ ਅਦਾ ਕਰਦਾ ਹੈ। ਇਸ ਤਰ੍ਹਾ ਨਾਵਲਕਾਰ ਦੋ ਪੀੜ੍ਹੀਆਂ ਵਿਚਲੀ ਸੋਚ ਵਿਚਲੇ ਫਰਕ ਨੂੰ ਮੇਟ ਕੇ ਸਹਿਮਤੀ ਦਾ ਮਾਹੌਲ ਪੈਦਾ ਕਰਨ ਲਈ ਨਵੀਆਂ ਮਨੋ-ਵਿਗਿਆਨਕ ਜੁਗਤਾਂ ਦੀ ਵਰਤੋਂ ਕਰਨ ਵਿਚ ਬਹੁਤ ਹੱਦ ਤੱਕ ਸਫਲ ਰਿਹਾ ਹੈ।

ਨਾਵਲ ਦੇ ਮੰਤਵੀ ਉਦੇਸ਼ ਪ੍ਰਤੀ ਵਧੇਰੇ ਸੁਚੇਤ ਰਹਿੰਦਿਆਂ ਜਦੋਂ ਇਸ ਦੀ ਪੜ੍ਹੀ ਲਿਖੀ ਤੇ ਬਾ-ਰੁਜਗਾਰ ਪਾਤਰ ਕਮਿੰਦਰ ਕੌਰ ਉਰਫ ਕਰਮੀ ਆਪਣੇ ਮਾਪਿਆ ਦਾ ਮਨ ਰੱਖਣ ਲਈ ਪੈਰ ਪੈਰ 'ਤੇ ਆਪਣੇ ਪਤੀ ਤੇ ਸਹੁਰੇ ਪਰਿਵਾਰ ਦੀਆਂ ਜ਼ਿਆਦਤੀਆਂ ਨੂੰ ਬਰਦਾਸ਼ਤ ਕਰਦੀ ਹੈ ਤਾਂ ਕਈ ਵਾਰ ਨਾਵਲ ਦੇ ਪਾਠਕਾਂ ਨੂੰ ਉਸ ਦੇ ਨਾਲ ਨਾਵਲਕਾਰ 'ਤੇ ਵੀ ਗੁੱਸਾ ਆਉਣ ਲੱਗਦਾ ਹੈ ਕਿ ਏਨਾਂ ਸਬਰ ਸੰਤੋਖ ਤਾਂ ਪੰਜਾਬ ਵਿਚ ਰਹਿ ਰਹੀਆਂ ਕੁੜੀਆਂ ਵੀ ਨਹੀਂ ਵਿਖਾਉਂਦੀਆ ਪਰ ਉਹ ਵਿਦੇਸ਼ ਵਿਚ ਰਹਿੰਦਿਆਂ ਵੀ ਅਜਿਹਾ ਕਿਉਂ ਕਰ ਰਹੀ ਹੈ ? ਭਾਵੇ ਅੰਤ ਵਿਚ ਉਹ ਦਰਸ਼ਣ ਤੋਂ ਤਲਾਕ ਲੈ ਕੇ ਆਪਣੇ ਦੋਸਤ ਗਿੰਨੀ ਨਾਲ ਵਿਆਹ ਕਰਾਉਣ ਦਾ ਫੈਸਲਾ ਕਰ ਲੈਂਦੀ ਹੈ ਫਿਰ ਵੀ ਦਰਸ਼ਣ ਦਾ ਗਰੀਨ ਕਾਰਡ ਲੈਣ ਦਾ ਮੌਕਾ ਪ੍ਰਦਾਨ ਕਰਕੇ ਉਹ ਆਪਣੇ ਅਦਾਰਸ਼ ਨੂੰ ਅੱਗੇ ਹੀ ਅੱਗੇ ਤੋਰਦੀ ਹੈ । ਉਸਦਾ ਇਹ ਆਦਰਸ਼ ਤਿੰਨੇ ਪਰਿਵਾਰਾਂ ਨੂੰ ਉਸ ਵੇਲੇ ਬਹੁਤ ਮਹਿੰਗਾ ਪੈਂਦਾ ਹੈ ਜਦੋ ਦਰਸ਼ਣ ਵੱਲੋਂ ਉਸਦੇ ਤੇ ਗਿੰਨੀ ਦੇ ਵਿਆਹ ਸਮਾਗਮ ਵਿਚ ਪਹੁੰਚ ਕੇ ਗਿੰਨੀ, ਉਸਦੇ ਮਾਮੇ ਕਰਤਾਰ ਸਿੰਘ ਤੇ ਉਸਦੀ ਭੈਣ ਧਰਮੀ ਦੇ ਪਤੀ ਅਸਲਮ ਹੈਦਰ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ ਤੇ ਇਸ ਹਾਦਸੇ ਵਿਚ ਚਾਰ ਹੋਰ ਲੋਕ ਵੀ ਮਾਰੇ ਜਾਂਦੇ ਹਨ। ਇਸ ਤਰਾਂ ਨਾਵਲ ਦਾ ਸੰਘਰਸ਼ ਤੇ ਰਾਹਾਂ ਤੋਂ ਲੰਘ ਮੰਜ਼ਲ 'ਤੇ ਪਹੁੰਚੇ ਪਾਤਰਾਂ ਲਈ ਇਕ ਵਾਰ ਫਿਰ ਸੰਕਟ ਦੀ ਸਥਿਤੀ ਪੈਦਾ ਕਰਕੇ ਸਮਾਪਤ ਹੋ ਜਾਂਦਾ ਪਰ ਇਹ ਸਥਿਤੀ ਪਾਠਕਾਂ ਨੂੰ ਹੋਰ ਚਿੰਤਨਸ਼ੀਲ ਬਣਾਉਣ ਵਾਲੀ ਹੈ।

ਨਾਵਲ ਦਾ ਅੰਤ ਉਸਦੇ ਪਿਛਲੇ ਨਾਵਲ 'ਭੰਵਰ' ਵਾਂਗ ਥੋੜਾ ਨਾਟਕੀ ਕਿਸਮ ਦਾ ਹੈ। ਜਦੋਂ 'ਨਵਯੁਗ' ਨੂੰ ਸਹਿਮਤੀ ਦੇਣ ਦਾ ਇੱਛੁਕ ਪਾਠਕ ਨਾਵਲ ਦੇ ਪਾਤਰਾਂ ਦੀਆ ਸਮੱਸਿਆਵਾਂ ਨੂੰ ਸੁਲਝਦਾ ਹੋਇਆ ਵੇਖ ਕੇ ਥੋੜਾ ਰਾਹਤ ਦੀ ਸਾਹ ਲੈਂਦਾ ਹੈ ਉਦੋਂ ਨਾਵਲਕਾਰ ਪਰਿਵਾਰਕ ਮੈਂਬਰਾਂ ਦੇ ਸਮੂਹਿਕ ਕਤਲੇਆਮ ਦੀ ਘਟਨਾ ਨੂੰ ਅੰਜਾਮ ਦੇ ਕੇ ਸੁਲਝੀ ਘਟਨਾਵੀ ਡੋਰ ਨੂੰ ਫਿਰ ਤੋਂ ਉਲਝਾ ਦਿੰਦਾ ਹੈ। ਇਸ ਤਰ੍ਹਾ ਨਾਵਲ ਦਾ ਅਣਕਿਆਸਾ ਅੰਤ ਪਾਠਕ ਨੂੰ ਅਗਲੇ ਕਿਆਸ ਲਾਉਣ ਦੇ ਰਾਹ ਪਾ ਦਿੰਦਾ ਹੈ ਤੇ ਇਕ ਨਵੇ ਨਾਵਲ ਦੀ ਕਹਾਣੀ ਜਨਮ ਲੈ ਲੈਂਦੀ ਹੈ। ਨਾਵਲ ਵਿਚ ਵਾਧੂ ਘਟਨਾਵਾਂ ਤੇ ਵਾਧੂ ਪਾਤਰਾਂ ਦੀ ਭਰਮਾਰ ਨਹੀਂ ਹੈ। ਨਾਵਲ ਦਾ ਕਿਹੜਾ ਪਾਤਰ ਆਪਣੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਕਿਹੜੇ ਰਾਹ ਦੀ ਚੋਣ ਕਰੇਗਾ ਤੇ ਦੋਹਾਂ ਪੀੜ੍ਹੀਆਂ ਵਿਚੋਂ ਕਿਹੜੀ ਪੀੜ੍ਹੀ ਦੂਜੀ ਪੀੜ੍ਹੀ ਦੀ ਸੋਚ ਅਨੁਸਾਰ ਕਿੰਨਾ ਢਲੇਗੀ, ਨੂੰ ਜਾਨਣ ਦੀ ਉਤਸੁਕਤਾ ਨਾਵਲੀ ਪਾਠ ਵਿਚ ਲਗਾਤਾਰ ਪਾਠਕਾਂ ਦੀ ਦਿਲਚਸਪੀ ਬਣਾਈ ਰੱਖਦੀ ਹੈ। ਕੁਲ ਮਿਲਾ ਕੇ ਇਸ ਨਾਵਲ ਦੇ ਪ੍ਰਕਾਸ਼ਿਤ ਹੋਣ ਨਾਲ ਪੰਜਾਬੀ ਨਾਵਲਕਾਰੀ ਵਿਚ ਹਰਮਹਿੰਦਰ ਚਹਿਲ ਦਾ ਕੱਦ ਹੋਰ ਵੀ ਉੱਚਾ ਹੋਇਆ ਹੈ। ਉਸਨੂੰ ਹਾਰਦਿਕ ਮੁਬਾਰਕ । 224 ਪੰਨੇ ਤੇ 275 ਰੁਪਏ ਮੁੱਲ ਦੀ ਇਹ ਪੁਸਤਕ ਸੰਗਮ ਪਬਲਿਕੇਸਨਜ਼ . ਸਮਾਣਾ ਵੱਲੋਂ ਛਾਪੀ ਗਈ ਹੈ।

**ਮੋਬਾਇਲ-89682-82700**

# ਪਰਵਾਸ, ਸਾਮੰਤੀ ਕੀਮਤਾਂ ਅਤੇ ਉੱਤਰ ਪੂੰਜੀਵਾਦੀ ਯੁੱਗ ਦਾ ਤਣਾਅ (‘ਨਵਯੁਗ’ ਨਾਵਲ ਦੇ ਵਿਸ਼ੇਸ਼ ਸੰਦਰਭ ਵਿਚ)

–ਡਾ.ਹਰਪ੍ਰੀਤ ਸਿੰਘ

ਸਮਕਾਲੀ ਦੌਰ ਹਨ੍ਹੇਰੇ ਸਮੇਂ ਵਿਚ ਵਿਚਾਰ ਕਰਨ ਦਾ ਦੌਰ ਹੈ।ਇਸ ਭੌਤਿਕ ਪਰਿਵੇਸ਼ ਵਿੱਚ ਪੂੰਜੀਵਾਦ ਵਿਕਸਤ ਅਵਸਥਾ ਵਿਚ ਹੋਣ ਕਰਕੇ ਆਪਣੇ ਬਚਾਅ ਲਈ ਪੂੰਜੀ ਦੇ ਨਵੇਂ ਬਾਜ਼ਾਰ ਲੱਭਦਾ ਹੈ। ਫਰੈਡਰਿਕ ਜੇਮਸਨ ਇਸ ਨੂੰ ‘ਬਹੁ-ਰਾਸ਼ਟਰੀ ਪੂੰਜੀਵਾਦ’ ਕਹਿੰਦਾ ਹੈ।ਪੂੰਜੀਵਾਦ ਕੁਦਰਤ, ਮਨੁੱਖ, ਮਨੁੱਖੀ ਸੰਸਾਧਨਾਂ, ਉਸਦੇ ਚੇਤਨ ਅਵਚੇਤਨ, ਲੈਟਿਨ ਅਮਰੀਕੀ ਦੇਸ਼ਾਂ, ਏਸ਼ੀਆ ਦੇ ਮੁਲਕਾਂ ਦੇ ਖੇਤੀ ਅਰਥਚਾਰਿਆਂ ਤੇ ਸਭਿਆਚਾਰਾਂ ਨੂੰ ਜਕੜ ਚੁੱਕਾ ਹੈ।ਵਿਸ਼ਵੀ-ਪੂੰਜੀ ਨੇ ਉਪਭੋਗੀ ਸਭਿਆਚਾਰ ਨੂੰ ਹੁਲਾਰਾ ਦਿੱਤਾ। ਵਸਤੂਆਂ ਦੇ ਹੜ੍ਹ ਨੇ ਮੱਧਲੀ ਜਮਾਤ ਨੂੰ ਸਭਿਆਚਾਰ ਦੇ ਨਾਂ ਤੇ ਉਦਯੋਗ ਵਿਚ ਤਬਦੀਲ ਕਰ ਦਿੱਤਾ ਹੈ। ਬਾਜ਼ਾਰ ਦੇ ਕੇਂਦਰ ਵਿਚ ਮਨੁੱਖ ਹੈ ਜਿਸਨੂੰ ਬਾਜ਼ਾਰ ਉਸਦੇ ਸਭਿਆਚਾਰਕ ਚਿਹਨਾਂ/ਕੋਡਾਂ ਜ਼ਰੀਏ ਆਪਣਾ ਗ੍ਰਾਹਕ ਬਣਾ ਕੇ ਲੁੱਟਦਾ ਹੈ। ਸੱਤਾ ਦੇ ਪ੍ਰਵਚਨ ਗਿਆਨ ਦੀ ਪੌੜੀ ਚੜ੍ਹ ਕੇ ਮਨੁੱਖੀ ਚੇਤਨਾ ਨੂੰ ਕੰਟ੍ਰੋਲ ਕਰਦੇ ਹਨ। ਉੱਤਰ ਆਧੁਨਿਕਤਾ ਦੇ ਗਿਆਨ ਪ੍ਰਵਚਨ ਨੇ ਮਨੁੱਖ ਨੂੰ ਲੰਪਟ ਰੁਚੀਆਂ, ਉਪਭੋਗੀ ਬਿਰਤੀਆਂ, ਨਿਸ਼ਕ੍ਰਿਆ ਜੀਣ-ਥੀਣ ਅਤੇ ਆਨੰਦ-ਸੁੱਖ ਦੇ ਸ਼ੂਨਯਵਾਦੀ ਆਲਮ ਲਈ ਘੜਿਆ ਹੈ।ਇਸ ਕਾਰਣ ਉੱਤਰ ਆਧੁਨਿਕਤਾ ਮਨੁੱਖ ਨੂੰ ਇਤਿਹਾਸ ਨੂੰ ਅਤੇ ਵਿਚਾਰਧਾਰਾ ਨੂੰ ਖਤਮ ਹੋ ਚੁੱਕਾ ਗਰਦਾਨਦੀ ਹੈ। ਉਹ ਇਤਿਹਾਸ ਦੇ ਅੰਤ ਨਾਲ ਵਰਤਮਾਨ ਹੀ ਨਹੀਂ ਭਵਿੱਖ ਨੂੰ ਵੀ ਵਿਖੰਡਤ ਕਰ ਦਿੰਦੀ ਹੈ। ਚਿੰਤਨ ਅਤੇ ਚੇਤਨਾ ਦੀ ਥਾਂ ਕਾਲ-ਹੀਣਤਾ ਵਾਲੇ ਮਹਾ-ਬਿਰਤਾਂਤ ਨੂੰ ਅੰਤਮ ਸੱਚ ਮੰਨਣ ਦੀ ਤਾਕੀਦ ਕਰਦੀ ਹੈ। ਇਸ ਅੰਤਵਾਦ ਤਹਿਤ ਇਤਿਹਾਸ, ਮਾਨਵਵਾਦ, ਵਿਚਾਰਧਾਰਾ, ਆਧੁਨਿਕਤਾ, ਫ਼ਲਸਫ਼ਾ, ਮਾਰਕਸਵਾਦ, ਲੇਖਕ, ਮਾਨਵ ਆਦਿ ਦੇ ਅੰਤ ਦੀ ਘੋਸ਼ਣਾ ਕਰ ਦਿੱਤੀ ਗਈ।

ਸਮਕਾਲੀ ਪੰਜਾਬੀ ਨਾਵਲ ਆਪਣੇ ਦੌਰ ਦੀਆਂ ਇਹਨਾਂ ਪਰਿਸਥਿਤੀਆਂ ਦੇ ਆਂਤਰਿਕ ਚਿਤਰਣ ਅਤੇ ਯਥਾਰਥ ਵੱਲ ਅਗਰਸਰ ਰਿਹਾ ਹੈ। ਪਦਾਰਥ ਦੇ ਬਦਲਦੇ ਸਰੂਪ ਨਾਲ ਸਮਾਜਕ ਚੇਤਨਾ ਦੇ ਵਿਭਿੰਨ ਰੂਪ ਆਪਣੀ ਹੋਂਦ ਨੂੰ ਵੀ ਪਰਿਵਰਤਤ ਕਰਦੇ ਰਹਿੰਦੇ ਹਨ। ਸਾਹਿਤ ਦੇ ਰੂਪ ਅਤੇ ਵਿਧਾਵਾਂ ਉਸੇ ਪ੍ਰਕਿਰਿਆ ਅਨੁਸਾਰ ਆਪਣੇ ਆਂਤਰਿਕ ਤੇ ਬਾਹਰੀ ਸੁਭਾਅ ਨੂੰ ਵੀ ਬਦਲਵੀਂ ਸਥਿਤੀ ਅਨੁਸਾਰ ਤਬਦੀਲ ਕਰਦੇ ਰਹਿੰਦੇ ਹਨ। ਪੰਜਾਬੀ ਨਾਵਲ ਬਾਹਰਮੁਖੀ ਯਥਾਰਥ ਚਿਤਰਣ ਤੋਂ ਲੈ ਕੇ ਆਂਤਰਿਕ ਯਥਾਰਥ ਦੇ ਅੰਤਰ-ਵਿਰੋਧਾਂ ਗਲਪੀ ਵਿਧੀਆਂ ਰਾਹੀਂ ਪੇਸ਼ ਕਰਦਾ ਹੈ। ਪੰਜਾਬੀ ਨਾਵਲ ਦੇ ਪ੍ਰਸੰਗ ਵਿੱਚ ਦੇਖਦਿਆਂ ਮਹਿਸੂਸ ਹੁੰਦਾ ਹੈ ਕਿ ਕੱਥ ਅਤੇ ਵੱਥ ਪੱਖੋਂ ਨਵੇਂ ਬਿਰਤਾਂਤਕ ਪ੍ਰਯੋਗ ਵੀ ਹੋ ਰਹੇ ਹਨ। ਨਵੀਆਂ ਕਲਾਤਮਕ ਜੁਗਤਾਂ ਤੇ ਵਿਧੀਆਂ ਨੇ ਕਹਾਣੀ ਦੇ ਬਿਰਤਾਂਤ ਨੂੰ ਯਥਾਰਥਕ ਪਰਿਸਥਿਤੀ ਦੀ ਆਂਤਰਿਕ ਸੰਰਚਨਾ ਨਾਲ ਜੋੜਿਆ ਹੈ। ਇਸ ਕਰਕੇ ਪੰਜਾਬੀ ਨਾਵਲ ਵਿੱਚ ਇਕਹਿਰੇ ਬਿਰਤਾਂਤ ਦੀ ਥਾਂ ਬਹੁਪਰਤੀ ਬਿਰਤਾਂਤ ਅਤੇ ਨਵੀਨ ਗਲਪੀ ਜੁਗਤਾਂ ਰਾਹੀਂ ਨਾਵਲ ਉਘਾੜਨ ਦਾ ਰੁਝਾਨ ਵਧਿਆ ਹੈ। ਵਸਤੂ ਸਥਿਤੀ ਅਤੇ ਰਚਨਾ ਵਸਤੂ ਨੂੰ ਪਰਖਣ ਦੀ ਸੋਝੀ ਵਧੀ ਹੈ।



ਪਿਛਲੇ ਦੋ ਦਹਾਕਿਆਂ ਤੋਂ ਭਾਰਤੀ/ਪੰਜਾਬੀ ਸਮਾਜ ਅਤੇ ਸਭਿਆਚਾਰ ਵਿੱਚ ਸੂਖ਼ਮ ਤਬਦੀਲੀਆਂ ਵਾਪਰ ਰਹੀਆਂ ਹਨ। ਸੰਸਾਰ ਦੀ ਆਰਥਿਕ ਵਿਵਸਥਾ ਦਾ ਕੇਂਦਰੀਕਰਨ ਅਤੇ ਨਵ ਮੰਡੀਕਰਨ ਦੀ ਸਿਆਸਤ ਨੇ ਵਿਕਾਸਸ਼ੀਲ ਮੁਲਕਾਂ ਨੂੰ ਨਵੇਂ ਸੰਕਟਾਂ ਦੇ ਦਰਪੇਸ਼ ਖੜ੍ਹਾ ਕੀਤਾ ਹੈ। ਭਾਰਤੀ/ਪੰਜਾਬੀ ਵਿਅਕਤੀ ਵੀ ਇਸ ਪ੍ਰਕਿਰਿਆ ’ਚੋਂ ਨਿਕਲ ਰਿਹਾ। ਗਿਆਨ, ਵਿਗਿਆਨ, ਤਕਨੀਕਾਂ, ਸੂਚਨਾ ਸਾਧਨਾ ਆਦਿ ਨਵੇਂ ਯਾਂਤਰਿਕ ਸੰਸਾਰ ਨੇ ਮਾਨਵੀ ਬਿਰਤੀ ਅੰਦਰ ਜਿੱਥੇ ਘਮਸਾਣ ਦੀ ਸਥਿਤੀ ਪੈਦਾ ਕੀਤੀ ਹੈ, ਉੱਥੇ ਹੀ ਮਾਨਵੀ ਸੰਵੇਦਨਾ ਤੇ ਚੇਤਨਾ ਤੋਂ ਵੀ ਵਿਛੁੰਨਿਆ ਹੈ। ਕਿਉਂਕਿ ਉਪਰੋਕਤ ਸਾਧਨ ਸੱਤਾਧਾਰੀ ਧਿਰਾਂ ਦੇ ਕਬਜ਼ੇ ’ਚ ਹਨ। ਜਿਸ ਨਾਲ ਸਥਾਪਤੀ ਆਪਣੀ ਵਿਚਾਰਧਾਰਾ ਨੂੰ ਲੋਕ ਮਨ ’ਚ ਸਹਿਜਤਾ ਨਾਲ ਉਤਾਰ ਰਹੀ ਹੈ। ਮਨਾਂ ਦਾ ਮੰਡੀਕਰਨ ਤੇ ਬਸਤੀਕਰਨ ਹੋ ਰਿਹਾ ਹੈ। ਇਸ ਦੌਰ ਦੇ ਵਿੱਚ ਰਚਿਆ ਜਾ ਰਿਹਾ ਪੰਜਾਬੀ ਨਾਵਲ ਆਪਣੀ ਸਾਕਾਰਤਮਕ ਤੇ ਸਿਰਜਣਾਤਮਕ ਭੂਮਿਕਾ ਨਿਭਾ ਰਿਹਾ ਹੈ। ਨਾਵਲ ਗਲੋਬਲੀ ਸੰਕਟਾਂ ਦੇ ਅੰਤਰ ਵਿਰੋਧਾਂ ਨਾਲ ਵੀ ਦੋ ਚਾਰ ਹੋ ਰਿਹਾ ਹੈ ਅਤੇ ਮਾਨਵੀ ਜ਼ਹਿਨ ਦੇ ਆਂਤਰਿਕ ਮਸਲਿਆਂ ਦੇ ਅੰਤਰ ਵਿਰੋਧਾਂ ਨੂੰ ਵੀ ਕਲੈਵਰ ਵਿੱਚ ਲੈ ਰਿਹਾ ਹੈ। ਪਰਵਾਸੀ ਪੰਜਾਬੀ ਨਾਵਲ ਇਤਿਹਾਸ ਅਤੇ ਸਮਕਾਲ ਨੂੰ ਪੁਨਰ ਪਰਿਭਾਸ਼ਿਤ ਕਰ ਰਿਹਾ ਹੈ। 1990 ਤੋਂ ਬਾਅਦ ਦਾ ਪੰਜਾਬੀ ਨਾਵਲ ਗਹਿਰੇ ਅਤੇ ਵਿਸ਼ਾਲ ਜੀਵਨ ਅਨੁਭਵ ਦੇ ਕੈਨਵਸ ਉਪਰ ਬਹੁਰੰਗੀ ਅਤੇ ਬਹੁ ਭਾਂਤੀ ਬਿਰਤਾਂਤ ਸਿਰਜਣ ਵਿਚ ਸਫ਼ਲ ਰਿਹਾ ਹੈ। ਇਸ ਦੀ ਇੱਕ ਕੜੀ ਮਾਨਵ ਦੇ ਅੰਦਰੂਨੀ ਜਗਤ ਪਾਸਾਰ ਦੀ ਹਿਲਜੁਲ ਤੋਂ ਲੈ ਕੇ ਪੁਲਾੜ ਅਤੇ ਬ੍ਰਹਿਮੰਡ ਦੇ ਅਜਬ ਰੰਗਾਂ ਤੱਕ ਫੈਲੀ ਹੋਈ ਹੈ। ਨਵਾਂ ਨਾਵਲ ਗਿਆਨ, ਵਿਗਿਆਨ ਅਤੇ ਚੇਤਨਾ ਦੇ ਨਵ ਪਾਸਾਰਾਂ ਨੂੰ ਇਤਿਹਾਸਮੁਖੀ ਚੇਤਨਾ ਅਤੇ ਵਿਚਾਰਧਾਰਾਈ ਨੁਕਤੇ ਤੋਂ ਸਿਰਜਦਾ ਹੈ ਅਤੇ ਅੰਤਰਰਾਸ਼ਟਰੀ ਪਰਿਸਥਿਤੀਆਂ ਨੂੰ ਆਪਣੇ ਬਿਰਤਾਂਤਕ ਪਾਠ ਦਾ ਹਿੱਸਾ ਬਣਾਉਂਦਾ ਹੈ। ਇਸ ਕਿਸਮ ਦਾ ਨਾਵਲ ਪਾਠਕ ਜਗਤ ਲਈ ਰਹੱਸਾਂ, ਸਿਆਸਤਾਂ ਅਤੇ ਗਿਆਨ ਦੇ ਓਹਲਿਆਂ ਤੋਂ ਪਰਦੇ ਚੁੱਕਦਾ ਹੈ। ਪਰਦੇ ਚੁੱਕਣ ਦੀਆਂ ਨਵੀਨ ਪਾਠ ਵਿਧੀਆਂ ਨਾਲ ਸਿਰਜਿਆ ਇਹ ਬਿਰਤਾਂਤ ਮਾਨਵਵਾਦੀ ਫ਼ਲਸਫ਼ੇ ਦਾ ਧਾਰਣੀ ਰਹਿੰਦਾ ਹੈ ਅਤੇ ਸੰਵਾਦਮੁਖੀ ਸ਼ੈਲੀ ਰਾਹੀਂ ਪਾਠਕ ਵਰਗ ਦੀ ਸੰਵੇਦਨਾ ਨੂੰ ਧੁਰ ਅੰਦਰ ਤੱਕ ਹਲੂੰਣਦਾ ਵੀ ਹੈ।

ਹਰਮਹਿੰਦਰ ਚਹਿਲ ਦਾ ਰਚਿਆ ਨਾਵਲ ‘ਨਵਯੁਗ’ ਜੋ ਕਿ 2021 ਵਿਚ ਛਪਿਆ ਹੈ, ਪਰਵਾਸੀ ਪੰਜਾਬੀ ਗਲਪ ਵਿਚ ਗੌਲਣਯੋਗ ਵਾਧਾ ਕਰਦਾ ਹੈ। ਹਰਮਹਿੰਦਰ ਚਹਿਲ ਪਰਵਾਸੀ ਪੰਜਾਬੀ ਸਾਹਿਤਕਾਰਾਂ ਦੀ ਸੂਚੀ ਵਿਚ ਇਕ ਸਤਿਕਾਰਤ ਨਾਮ ਹੈ। ਜਿਸਨੇ ਪਰਵਾਸੀ ਪੰਜਾਬੀ ਗਲਪ ਵਿਚ ਗੁਣਾਤਮਕ ਵਾਧਾ ਕੀਤਾ ਹੈ। ਉਸਨੇ ਅਮਰੀਕੀ ਸਮਾਜ-ਸਭਿਆਚਾਰਕ ਜੀਵਨ ਦੀਆਂ ਵਿਭਿੰਨ ਸ਼ੇਡਜ਼ ਆਪਣੀਆਂ ਕਿਰਤਾਂ ਵਿਚ ਪੇਸ਼ ਕੀਤੀਆਂ ਹਨ। ਉਸਦੇ ਪ੍ਰਮੁੱਖ ਕਹਾਣੀ ਸੰਗ੍ਰਿਹ ਹਨ: ‘ਅੰਨੀ ਗਲੀ ਦੇ ਬਸ਼ਿੰਦੇ’, ‘ਪਲ ਪਲ ਪਰਵਾਸ’, ‘ਆਪਣੀ ਮਿੱਟੀ ਦਾ ਮੋਹ’, ‘ਰਿਸ਼ਤਿਆਂ ਦੀ ਜਗ-ਬੁਝ’, ‘ਜ਼ਿੰਦਗੀ ਦੇ ਰੰਗ ਤਰੰਗ’, ‘ਖੋਜ’ ਆਦਿ। ਇਸੇ ਤਰ੍ਹਾਂ ਉਸਦੇ ਨਾਵਲਾਂ ਦੇ ਨਾਮ ਹਨ: ‘ਬਲੀ’, ‘ਹੋਣੀ’, ‘ਆਫੀਆ ਸਦੀਕੀ ਦਾ ਜੇਹਾਦ’, ‘ਭੰਵਰ’, ‘ਕਿਆਮਤ’ ਅਤੇ ਹਥਲਾ ਨਾਵਲ ‘ਨਵਯੁਗ’। ਉਸ ਕੋਲ ਪਰਵਾਸੀ ਪੰਜਾਬੀ ਮਨੁੱਖ ਦੇ ਬਹੁ-ਪਰਤੀ ਸੰਕਟ ਨੂੰ ਸਿਰਜਣਾਤਮਕ ਗਲਪ ‘ਚ ਢਾਲਣ ਦਾ ਭਰਪੂਰ ਅਨੁਭਵ ਹੈ। ਇਸ ਲੇਖ ਵਿਚ ਅਸੀਂ ਉਸਦੇ ਨਵ-ਪ੍ਰਕਾਸ਼ਿਤ ਨਾਵਲ ‘ਨਵਯੁਗ’ ਦਾ ਵਿਸ਼ਲੇਸ਼ਣ ਕਰਾਂਗੇ। ਇਹ ਨਾਵਲ ਅਤਿ ਖਪਤਵਾਦੀ ਮੁਲਕ ਅਮਰੀਕਾ ਵਿਚ ਪੰਜਾਬੀ ਬਸ਼ਰ ਦੀ ਪੁਰਾਣੀ ਤੇ ਨਵੀਂ ਪੀੜ੍ਹੀ ਦੀ ਬਾਤ ਪਾਉਂਦਾ ਹੈ। ਉਹਨਾਂ ਰਾਹੀਂ ਨਾਵਲਕਾਰ

ਪਾਰ ਸਭਿਆਚਾਰਕ ਚੇਤਨਾ ਨੂੰ ਪਰਵਾਸੀ ਜੀਵਨ ਦੇ ਅਹਿਮ ਲੱਛਣ ਵਜੋਂ ਵੀ ਚਿਤਰਦਾ ਹੈ। ਹਰਜੀਤ ਅਟਵਾਲ ਇਸ ਨਾਵਲ ਸਬੰਧੀ ਲਿਖਦਾ ਹੈ 'ਹਰਮਹਿੰਦਰ ਚਹਿਲ ਦਾ ਨਵਾਂ ਨਾਵਲ 'ਨਵਯੁਗ', ਨਵੀਂ ਪੀੜ੍ਹੀ ਦੀ ਗਾਥਾ ਪਾਉਂਦਾ ਹੈ। ਅਮਰੀਕਾ ਵਿੱਚ ਜੰਮੀ-ਪਲੀ ਪੀੜ੍ਹੀ ਦੀ ਸੋਚ ਦਾ ਵੱਖਰਾ ਹੋਣਾ ਲਾਜ਼ਮੀ ਹੈ। ਵੈਸੇ ਤਾਂ ਹਰ ਪੀੜ੍ਹੀ ਵਿੱਚ ਪਹਿਲੀ ਪੀੜ੍ਹੀ ਨਾਲੋਂ ਇੱਕ ਪਾੜਾ ਹੁੰਦਾ ਹੈ ਪਰ ਓਪਰਾ ਸੱਭਿਆਚਾਰ ਇਹ ਪਾੜਾ ਹਮੇਸ਼ਾ ਚੌੜਾ ਕਰ ਦਿੱਦਾ ਹੈ। ਪੱਛਮ ਦੇ ਕਿਸੇ ਵੀ ਮੁਲਕ (ਉੱਤਰੀ ਅਮਰੀਕਾ ਤੇ ਯੂਰਪ) ਵਿੱਚ ਪਰਵਾਨ ਚੜ੍ਹੀ ਪੀੜ੍ਹੀ, ਪੂਰਬ (ਇੰਡੀਅਨ ਸਬ-ਕੌਂਟੀਨੈਂਟ) ਵਿਚ ਜੰਮੀ-ਪਲੀ ਪੀੜ੍ਹੀ ਤੋਂ ਬਿਲਕੁਲ ਭਿੰਨ ਹੈ। ਇਸ ਨਾਵਲ ਦੀ ਖ਼ੂਬੀ ਇਹ ਹੈ ਕਿ ਲੇਖਕ, ਨਵੀਂ ਪੀੜ੍ਹੀ ਦੀ ਸਾਇਕੀ ਵਿੱਚ ਬਹਿ ਕੇ ਨਾਵਲ ਲਿਖਦਾ ਹੈ। ਇਹ ਗੱਲ ਨਵੀਂ ਵੀ ਹੈ ਤੇ ਸਹੀ ਵੀ। ਆਪਣੇ ਹਾਸਲ ਹੋਏ ਤਜ਼ੁਰਬਿਆਂ ਮੁਤਾਬਕ ਮੈਂ ਵੀ ਨਵੀਂ ਪੀੜ੍ਹੀ ਨਾਲ ਡਟ ਕੇ ਖੜ੍ਹਨਾ ਚਾਹੁੰਦਾ ਹਾਂ ਪਰ ਹਰਮਹਿੰਦਰ ਚਹਿਲ ਇਹ ਨਾਵਲ ਲਿਖ ਕੇ ਬਹੁਤ ਪਹਿਲ ਕਰ ਗਿਆ ਹੈ। ਆਪਣੇ ਅਨੁਭਵਾਂ ਨੂੰ ਬਾਖੂਬੀ ਵਰਤਦਿਆਂ ਨਾਵਲਕਾਰ ਨੇ ਇੰਡੀਆ ਤੋਂ ਵਿਆਹਾਂ ਲਈ ਮੰਗਾਏ ਮੁੰਡੇ ਕੁੜੀਆਂ ਕਾਰਨ ਉਤਪੰਨ ਹੋਏ ਮਸਲਿਆਂ ਨੂੰ ਬਾਖੂਬੀ ਚਿਤਰਦੇ ਹੋਏ ਇਵੇਂ ਨਾ ਕਰਨ ਦੀ ਤਾੜਨਾ ਕੀਤੀ ਹੈ'।

ਅਸੀਂ ਇਸ ਨਾਵਲ ਵਿਚ ਪਰਵਾਸ ਚੇਤਨਾ ਅਤੇ ਜੀਵਨ ਦੀ ਗੱਲ ਕਰਨ ਤੋਂ ਪਹਿਲਾਂ ਪਰਵਾਸ ਦੇ ਇਤਿਹਾਸ, ਪਿਛੋਕੜ ਅਤੇ ਪਰਵਾਸੀ ਚੇਤਨਾ ਦੇ ਸਿਧਾਂਤ ਨੂੰ ਸਮਝਣ ਦਾ ਯਤਨ ਵੀ ਕਰਾਂਗੇ। ਪਰਵਾਸ ਦਾ ਵਰਤਾਰਾ ਅਤੇ ਪਿਛੋਕੜ ਕੋਈ ਨਵਾਂ ਨਹੀਂ ਹੈ। ਨਵੀਂ ਥਾਂ ਦੀ ਤਲਾਸ਼ ਮਨੁੱਖੀ ਨਸਲ ਦੇ ਵਿਕਾਸ ਦੀ ਵਿਧੀ ਵੀ ਰਹੀ ਹੈ। ਆਦਿ ਕਾਲ ਤੋਂ ਲੈ ਕੇ ਮੱਧ ਕਾਲ ਤੱਕ ਇਹ ਵਰਤਾਰਾ ਆਮ ਸੀ। ਪਰ ਆਧੁਨਿਕ ਕਾਲ ਵਿਚ ਪਰਵਾਸ ਦੇ ਅਰਥ ਬਦਲਣੇ ਸ਼ੁਰੂ ਹੁੰਦੇ ਹਨ। ਪਰਵਾਸ ਸੰਕਲਪ ਬਣ ਜਾਂਦਾ ਹੈ। ਆਰਥਿਕ, ਰਾਜਨੀਤਿਕ ਅਤੇ ਸਾਮਜਿਕ ਕਾਰਨਾਂ ਵਿਚੋਂ ਪਰਵਾਸ ਘਟਿਤ ਹੋਣਾ ਸ਼ੁਰੂ ਹੁੰਦਾ ਹੈ। ਕੌਮਾਂ ਦੇ ਨਵੇਂ ਸੰਕਟ ਉਭਰਨੇ ਸ਼ੁਰੂ ਹੁੰਦੇ ਹਨ। ਬਸਤੀਵਾਦ ਦੀ ਜਕੜ ਕਾਰਣ ਬਸਤੀਆਂ ਕੋਲ ਪਰਵਾਸ ਦੀ ਸੰਭਾਵਨਾ ਵਧੇਰੇ ਸੀ। ਡਾ. ਕਰਨੈਲ ਸਿੰਘ ਮੁਤਾਬਿਕ 'ਪੰਦਰਵੀਂ ਸਦੀ ਦੇ ਅੱਧ (1450 ਈ.) ਤੋਂ ਲੈ ਕੇ ਲਗਭਗ ਅਠਾਰਵੀਂ ਸਦੀ ਦੇ ਅੱਧ (1763 ਈ.) ਤੱਕ ਦਾ ਸਮਾਂ ਤਜਾਰਤੀ-ਪਰਿਵਰਤਨ ਕਰਕੇ ਵਿਸ਼ਵ ਵਿਚ ਪ੍ਰਸਿੱਧ ਹੈ। ਇਹਨਾਂ ਤਿੰਨਾਂ ਸਦੀਆਂ ਵਿਚ ਯੂਰਪੀਨ ਕੌਮਾਂ ਆਪਣੇ ਘਰਾਂ ਤੋਂ ਨਿਕਲੀਆਂ ਅਤੇ ਬਾਹਰਲੀ ਸਾਰੀ ਦੁਨੀਆਂ ਨੂੰ ਇਹਨਾਂ ਨੇ ਆਪਣੇ ਕਾਬੂ ਵਿਚ ਕਰ ਲਿਆ। ਜਾਪਾਨੀ, ਪੁਰਤਗੀਜ਼, ਫਰਾਂਸੀਸੀ, ਅੰਗਰੇਜ਼ ਤੇ ਡੱਚ ਆਦਿ ਕੌਮਾਂ ਨੇ ਆਪੋ ਆਪਣੀਆਂ ਬਸਤੀਆਂ ਦੂਰ-ਦੁਰਾਡੇ ਦੇਸ਼ਾਂ ਵਿਚ ਕਾਇਮ ਕਰ ਲਈਆਂ। ਇਸ ਸਮੇਂ ਵਿਚ ਹੀ ਪੁਰਤਗੀਜ਼, ਫਰਾਂਸੀਸੀ ਤੇ ਅੰਗਰੇਜ਼ ਹਿੰਦੁਸਤਾਨ ਆਏ। ਇਸ 'ਸੋਨੇ ਦੀ ਚਿੜੀ' ਨੂੰ ਪ੍ਰਾਪਤ ਕਰਨ ਲਈ, ਇਹਨਾਂ ਵਿਚ ਖੂਬ ਖੜਕੀ ਅਖੀਰ ਵਿਚ ਅੰਗਰੇਜ਼ਾਂ ਨੇ ਦੂਸਰੀਆਂ ਯੂਰਪੀਨ ਕੌਮਾਂ ਨੂੰ ਇਸ ਦੌੜ ਵਿਚ ਪਛਾੜ ਦਿੱਤਾ ਅਤੇ ਹਿੰਦੁਸਤਾਨ ਵਿਚ ਆਪਣਾ ਰਾਜ ਸਥਾਪਤ ਕੀਤਾ। ਬਰਤਾਨਵੀ ਆਰਥਿਕਤਾ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਅੰਗਰੇਜ਼ ਕੌਮ ਰਾਹੀਂ ਬਸਤੀਵਾਦੀ ਲੁੱਟ ਤੋਂ ਇੱਕਤਰ ਕੀਤਾ ਬੇ-ਪਨਾਹ ਸਰਮਾਇਆ ਤੇ ਕੱਚਾ ਮਾਲ ਹੀ ਬਰਤਾਨੀਆ ਦੀ ਸਨਅਤੀ ਕ੍ਰਾਂਤੀ ਦਾ ਆਧਾਰ ਸਿਰਜਦਾ ਹੈ।18ਵੀਂ ਸਦੀ ਦੇ ਅੰਤ ਵਿਚ ਬਰਤਾਨੀਆ ਵਿਚ ਸਨਅਤੀ-ਯੁਗ ਦਾ ਆਰੰਭ ਹੁੱਦਾ ਹੈ। ਇਸ ਦੇ ਨਾਲ ਹੀ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਦੇ ਪ੍ਰਬੀਨ ਹੁਨਰਮੰਦ ਕਾਰੀਗਰ ਵੀ ਇੰਗਲੈਂਡ



ਵਿਚ ਵਸਾਉਣੇ ਸ਼ੁਰੂ ਕਰ ਦਿੱਤੇ ਗਏ। ਬਰਤਾਨਵੀ ਪੰਜਾਬੀ ਵਿਦਵਾਨ ਚੰਨਣ ਸਿੱਘ 'ਚੰਨਣ ਦੀ ਇਸ ਦਿਸ਼ਾ ਵਿਚ ਖੋਜ ਵੀ ਇਸ ਤੱਥ ਦੀ ਪ੍ਰੋੜਤਾ ਕਰਦੀ ਹੈ । ਪਰ ਇਸ ਸਮੇਂ ਵਿਕੋਲਿਤਰੇ ਕਾਰੀਗਰ-ਪਰਿਵਾਰ ਹੀ ਬਰਤਾਨੀਆ ਗਏ। ਰੁਜ਼ਗਾਰ ਦੀ ਤਲਾਸ਼ ਵਿਚ ਭਾਰਤੀ ਕਾਮਿਆਂ ਦੇ ਬਰਤਾਨੀਆ ਜਾਣ ਦਾ ਇਹ ਕੋਈ ਬਾਕਾਇਦਾ ਰੁਝਾਨ ਨਹੀਂ ਸੀ। ਪਰਵਾਸ ਇਤਿਹਾਸਕ ਪਰਿਪੇਖ (ਬਰਤਾਨਵੀ ਸਥਿਤੀ ਦੇ ਸੰਦਰਭ ਵਿਚ) ਵਿਸ਼ਵ ਵਿਚ ਇਕ ਖਿੱਤੇ ਤੋਂ ਦੂਜੇ ਖਿੱਤੇ ਵਿਚ ਜਾਣ ਦਾ ਮਨੁੱਖੀ ਰੁਝਾਨ ਬਹੁਤ ਪੁਰਾਣੇ ਸਮਿਆਂ ਤੋਂ ਪ੍ਰਚੱਲਿਤ ਹੈ। ਪਰ ਵਰਤਮਾਨ ਦੌਰ ਵਿਚ ਵੱਡੇ ਪੈਮਾਨੇ ਤੇ ਪਰਵਾਸ ਦਾ ਰੁਝਾਨ ਬਸਤੀਵਾਦ ਤੇ ਨਵ-ਬਸਤੀਵਾਦ ਨਾਲ ਘਨਿਸ਼ਟ ਸਬੰਧ ਰੱਖਦਾ ਹੈ। ਇਹ ਇਕ ਬੁਨਿਆਦੀ ਸੱਚਾਈ ਹੈ ਕਿ ਤੀਜੀ ਦੁਨੀਆਂ ਦੇ ਬਸਤੀਵਾਦੀ ਮੁਲਕਾਂ ਦੇ ਕਾਮੇ ਆਪਣੇ ਹਾਕਮਾਂ ਦੇ ਦੇਸ਼ ਵਿਚ ਰੁਜ਼ਗਾਰ ਦੀ ਤਲਾਸ਼ ਵਿਚ ਗਏ ਤੇ ਜਾ ਰਹੇ ਹਨ। ਬਰਤਾਨੀਆ, ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ ਵੱਲ ਰੁਜ਼ਗਾਰ ਤੇ ਚੰਗੇਰੇ ਜੀਵਨ-ਪੱਧਰ ਲਈ ਪੰਜਾਬੀਆਂ ਦੇ ਜਾਣ ਦੇ ਰੁਝਾਨ ਦਾ ਪਿਛੋਕੜ ਉਨੀਵੀਂ ਸਦੀ ਤੱਕ ਜਾਂਦਾ ਹੈ। ਅਮਰਜੀਤ ਚੰਦਨ ਅਨੁਸਾਰ ਬਰਤਾਨਵੀ ਖੰਡ-ਉਦਯੋਗ ਲਈ 1934 ਈ. ਤੋਂ ਭਾਰਤੀ ਕਾਮਿਆਂ ਨੂੰ ਬਰਤਾਨੀਆ ਲਿਜਾਣਾ ਆਰੰਭ ਹੋ ਗਿਆ ਸੀ ਪਰ ਇਹ ਵਿਕੋਲਿਤਰੇ ਜਤਨ ਸਨ, ਇਸ ਦਾ ਬਾਕਾਇਦਾ ਰੁਝਾਨ ਵੀਹਵੀਂ ਸਦੀ ਦੇ ਦੂਜੇ ਅੱਧ ਤੋਂ ਆਰੰਭ ਹੁੰਦਾ ਹੈ'।

ਇਸ ਤਰ੍ਹਾਂ ਬਸਤੀਵਾਦ ਵਿਚੋਂ ਵੀ ਪਰਵਾਸ ਦਾ ਕਾਰਣ ਉਭਰਦਾ ਦਿਖਾਈ ਦਿੰਦਾ ਹੈ।ਪਰਵਾਸੀ ਸਾਹਿਤ ਨੂੰ ਸਮਝਣ ਤੋਂ ਪਹਿਲਾਂ 'ਪਰਵਾਸੀ' ਸੰਕਲਪ ਦੇ ਅਰਥ ਸਮਝਣੇ ਚਾਹੀਦੇ ਹਨ। ਡਾ. ਕਰਨੈਲ ਸਿੰਘ ਨੇ ਪਰਵਾਸੀ ਤੇ ਆਵਾਸੀ ਸ਼ਬਦਾਂ ਦੇ ਸੰਕਲਪ ਰਾਹੀਂ ਇਹਨਾਂ ਸ਼ਬਦਾਂ ਦੇ ਅਰਥ ਪੇਸ਼ ਕੀਤੇ ਹਨ। ਉਹਨਾਂ ਅਨੁਸਾਰ 'ਪੰਜਾਬੀ ਭਾਸ਼ਾ ਵਿਚ ਪ੍ਰਚੱਲਿਤ 'ਪਰਵਾਸੀ' ਤੇ 'ਆਵਾਸੀ' ਦੋ ਅਜੇਹੇ ਸ਼ਬਦ ਹਨ, ਜਿਨ੍ਹਾਂ ਦਾ ਪ੍ਰਯੋਗ ਸਮਾਨਾਰਥੀ ਰੂਪ ਵਿਚ ਕੀਤਾ ਜਾ ਰਿਹਾ ਹੈ। ਪੰਜਾਬੀ ਵਿਚ ਪ੍ਰਾਪਤ ਕੋਸ਼ ਤੇ ਸੰਦਰਭ-ਕੋਸ਼ ਅਜੇ ਤੱਕ ਵੀ ਇਸ ਸਬੰਧੀ ਕਿਸੇ ਸਪਸ਼ਟ ਤੇ ਪਰਮਾਣਿਕ ਨਿਰਣੇ 'ਤੇ ਪਹੁੰਚਾਣ ਦੇ ਸਮਰੱਥ ਨਹੀਂ। 'ਪਰਵਾਸੀ' ਸ਼ਬਦ 'ਪਰ' ਤੇ 'ਵਾਸੀ' ਦੋ ਸ਼ਬਦਾਂ ਦਾ ਜੋੜ ਹੈ। 'ਪਰ ਤੋਂ ਭਾਵ ਦੂਸਰਾ ਤੇ ਪਰਾਇਆ ਹੁੰਦਾ ਹੈ। 'ਵਾਸੀ' ਕਿਸੇ ਥਾਂ ਦੇ ਵਸਨੀਕ ਨੂੰ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸ਼ਬਦ 'ਪਰਵਾਸੀ' ਕਿਸੇ ਥਾਂ ਤੇ ਜਾ ਕੇ ਵਸਣ ਵਾਲੇ ਵਿਅਕਤੀ ਨੂੰ ਆਖਿਆ ਜਾ ਸਕਦਾ ਹੈ। ਪਰਵਾਸੀ ਸ਼ਬਦ ਦੇ ਅਰਥ ਦੂਜੀ ਥਾਂ ਜਾ ਕੇ ਵਸਣ ਨਾਲ ਹਨ ਭਾਵ 'ਅਦਰ' ਸਪੇਸ ਵਿਚ ਆਪਣੀ ਥਾਂ ਨਿਸ਼ਚਿਤ ਕਰਨੀ। ਪਰ ਪਰਵਾਸ ਅੰਦਰ ਪਰਵਾਸੀ ਅਨੁਭਵ ਅਤੇ ਚੇਤਨਾ ਹੀ ਪਰਵਾਸੀ ਸਾਹਿਤ ਨੂੰ ਮੌਲਿਕਤਾ ਦਿੰਦੀ ਹੈ।ਜਿਸਦੀ ਪੇਸ਼ਕਾਰੀ ਸਾਹਿਤ ਅਤੇ ਕਲਾ ਨੇ ਕਰਨੀ ਵੀ ਹੁੰਦੀ ਹੈ।ਪਰਵਾਸੀ ਚੇਤਨਾ ਇਕ ਅਜਿਹੀ ਚੇਤਨਾ ਹੈ ਜਿਸਦਾ ਸਬੰਧ ਨਵੇਂ ਚੌਗਿਰਦੇ, ਪਥਾਰਥ ਅਤੇ ਭੌਤਿਕ ਪਰਿਵੇਸ਼ ਨਾਲ ਹੈ ਜਿਸ ਵਿਚੋਂ ਨਵਾਂ ਮਨੁੱਖੀ ਸੁਭਾਅ ਰੂਪਮਾਨ ਹੁੰਦਾ ਹੈ।ਜਿਸ ਦੀਆਂ ਆਪਣੀਆਂ ਲੋੜਾਂ, ਥੁੜਾਂ ਅਤੇ ਸੰਕਟ ਹੁੰਦੇ ਹਨ। ਜਿਵੇਂ 'ਨਵਯੁਗ' ਨਾਵਲ ਦੇ ਬਿਰਤਾਂਤ ਵਿਚੋਂ ਝਲਕਦਾ ਹੈ।

ਰਵਾਸ ਦੌਰਾਨ, ਵਿਭਿੰਨ ਤੇ ਨਵੀਨ ਜੀਵਨ-ਪਰਿਸਥਿਤੀਆਂ ਵਿਚ ਵਿਚਰਦਿਆਂ ਮਨੁੱਖ ਇਕ ਨਵੀਂ ਸੋਚ, ਅਹਿਸਾਸ ਤੇ ਅਨੁਭਵ ਗ੍ਰਹਿਣ ਕਰਦਾ ਹੈ, ਉਹ ਪਰਵਾਸੀ ਚੇਤਨਾ ਹੈ । ਡਾ. ਕਰਨੈਲ ਸਿੰਘ ਅਨੁਸਾਰ 'ਇਸ ਦੀ ਹੋਰ ਵਿਆਖਿਆ ਕਰਦਿਆਂ ਆਖਿਆ ਜਾ ਸਕਦਾ ਹੈ ਕਿ ਆਪਣੇ ਮੁਲਕ, ਸਮਾਜ ਤੇ ਸੰਸਕ੍ਰਿਤੀ ਨੂੰ ਛੱਡ ਕੇ, ਜਦੋਂ ਕਿ ਇਕ ਪਰਵਾਸੀ ਦੂਜੇ ਮੁਲਕ ਵਿਚ

ਜਾ ਕੇ ਵੱਸਣ ਦੇ ਇਰਾਦੇ ਨਾਲ ਪਰਵੇਸ਼ ਕਰਦਾ ਹੈ ਤਾਂ ਉਸ ਨਵੇਂ ਮੁਲਕ ਦੇ ਸਮਾਜਕ, ਆਰਥਿਕ, ਰਾਜਨੀਤਿਕ, ਧਾਰਮਿਕ, ਨੈਤਿਕ ਤੇ ਸਾਂਸਕ੍ਰਿਤਕ ਪਰਬੱਧ ਵਿਚ ਵਖਰੇਵੇਂ ਕਾਰਨ ਹਰ ਧਰਾਤਲ ਤੇ ਉਹ ਕਈ ਭਾਂਤ ਦੀਆਂ ਜਟਿਲ ਸਮੱਸਿਆਵਾਂ ਵਿਚ ਪੈ ਜਾਂਦਾ ਹੈ। ਇਹਨਾਂ ਸਮੱਸਿਆਵਾਂ ਨਾਲ ਜੂਝਦਿਆਂ ਉਸ ਨੂੰ ਆਪਣੀ ਚੇਤਨਾ ਵਿਚੋਂ ਕਈ ਕੁਝ ਮਨਫ਼ੀ ਕਰਨਾ ਪੈਂਦਾ ਹੈ ਤੇ ਕੁਝ ਨਵਾਂ ਵੀ ਗ੍ਰਹਿਣ ਕਰਨਾ ਪੈਂਦਾ ਹੈ। ਚੇਤਨਾ ਦੇ ਇਸ ਪੱਧਰ ਤੇ ਉਹ ਇਕ ਪਰਿਵਤਰਨ ਦੀ ਸਥਿਤੀ ਵਿਚ ਹੁੰਦਾ ਹੈ। ਇਹ ਵਿਰੋਧ ਬਹੁ-ਪਾਸਾਰੀ ਤੇ ਬਹੁ-ਦਿਸ਼ਾਵੀ ਹੋਣ ਕਾਰਨ ਪਰਵਾਸੀ ਦੀ ਚੇਤਨਾ ਨੂੰ ਸੁਮੱਚੇ ਰੂਪ ਵਿਚ ਇਕ ਵਖਰੇਵਾਂ ਪ੍ਰਦਾਨ ਕਰਦੇ ਹਨ। ਇਹਨਾਂ ਵਿਰੋਧਾਂ ਵਿਚੋਂ ਗੁਜ਼ਰਦਿਆਂ ਉਸ ਦੀ ਜਿਹੜੀ ਚੇਤਨਾ ਉਗਮਦੀ ਹੈ, ਉਸ ਨੂੰ 'ਪਰਵਾਸੀ ਚੇਤਨਾ' ਕਿਹਾ ਜਾਂਦਾ ਹੈ। ਅਰਥਾਤ ਅਜਿਹੀ ਚੇਤਨਾ ਜਿਹੜੀ ਪਰਵਾਸ ਦੇ ਹਾਲਾਤ ਨੇ ਉਸ ਨੂੰ ਬਖਸ਼ੀ ਹੈ, 'ਪਰਵਾਸੀ ਚੇਤਨਾ' ਅਖਵਾਉਂਦੀ ਹੈ'। ਇਸ ਕਾਰਣ ਪਰਵਾਸੀ ਚੇਤਨਾ ਦੀ ਉਸਾਰੀ ਬਹੁਪਰਤੀ ਮਸਲਾ ਹੈ। ਇਸ ਵਿਚ ਤਣਾਅ ਅਤੇ ਸੰਕਟ ਵਿਦਮਾਨ ਹਨ।ਇਕ ਵਿਸ਼ੇਸ਼ ਖਿੱਤੇ ਦੀ ਸਭਿਆਚਾਰਕ ਪਛਾਣ ਅਤੇ ਹੋਣੀ, ਅਰਧ ਜਗੀਰੂ ਅਵਚੇਤਨ, ਮਾਨਸਿਕ ਗੁਲਾਮੀ ਦੇ ਅਹਿਸਾਸ ਵਾਲਾ ਮਨੁੱਖ ਨਵੇਂ ਜਗਤ ਵਿਚ ਵਿਕਸਿਤ ਪੂੰਜੀਵਾਦੀ ਮੁਲਕ ਵਿਚ ਜਦੋਂ ਪ੍ਰਵੇਸ਼ ਕਰਦਾ ਹੈ ਤਾਂ ਉਸ ਲਈ ਸਵੈ ਅਤੇ ਸਮੂਹ ਦੀ ਪਛਾਣ ਵੱਡਾ ਸਵਾਲ ਬਣ ਜਾਂਦਾ ਹੈ।ਉਹ ਹਾਸ਼ੀਆਗਤ ਹੋ ਜਾਂਦਾ ਹੈ ਅਤੇ ਉਸ ਅੰਦਰ ਬੇਗਾਨਗੀ ਦਾ ਭਾਵ ਪੈਦਾ ਹੁੰਦਾ ਹੈ। ਉਸ ਅੰਦਰ ਭੂ-ਹੇਰਵਾ ਉੱਭਰਦਾ ਹੈ।ਸਭਿਆਚਾਰਕ ਤਣਾਅ ਅਤੇ ਖਲਾਅ ਭਾਰੂ ਹੋਣ ਲੱਗਦਾ ਹੈ। ਨਸਲੀ ਵਿਤਕਰਾ, ਰੰਗ, ਵੇਸ, ਦੇਸ ਅਤੇ ਵਿਹਾਰ ਦੀਆਂ ਮਨ ਨੂੰ ਲੂਹਣ ਵਾਲੀਆਂ ਪਰਿਸਥਿਤੀਆਂ ਵਿਚੋਂ ਗੁਜ਼ਰਦਾ ਹੈ।ਪਛਾਣ ਦਾ ਸਵਾਲ ਵੱਡਾ ਮਸਲਾ ਬਣਦਾ ਹੈ ਅਤੇ ਅਲਗਾਵ ਦਾ ਭਾਵ-ਬੋਧ ਭਾਰੂ ਹੁੰਦਾ ਹੈ।ਫਿਰ ਉਸ ਮਨੁੱਖ ਅੰਦਰ ਸਭਿਆਚਾਰਕ ਪੱਧਰ 'ਤੇ ਅਨੁਕੂਲੀਕਰਨ(ਅਦਉਪਟਓਟੱਨਿ) ਅਤੇ ਵਿਲੀਨੀਕਰਨ (ਅਸਸਮਿਲਿਓਟੱਨਿ) ਦੀ ਪ੍ਰਕ੍ਰਿਆ ਵਾਪਰਦੀ ਹੈ।ਉਸਦਾ ਭੌਤਿਕ, ਭਾਵੁਕ ਅਤੇ ਮਨੋਵਿਗਿਆਨਕ ਸੰਸਾਰ ਦਵੰਦ ਦਾ ਸ਼ਿਕਾਰ ਹੁੰਦਾ ਹੈ ਅਤੇ ਉਸ ਨੂੰ ਅਤੀਤ ਅਤੇ ਵਰਤਮਾਨ ਦਾ ਵਿਰੋਧ ਝੱਲਣਾ ਪੈਂਦਾ ਹੈ।ਕਲਾ ਅਤੇ ਸਾਹਿਤ ਉਸ ਵਿਰੋਧ ਅਤੇ ਭਾਰ ਨੂੰ ਪੇਸ਼ ਕਰਦਾ ਹੈ। ਲਾ ਅਤੇ ਸਹਿਤ ਨਵੇਂ ਵਿਚਾਰਾਂ ਦੀ ਰੌਸ਼ਨੀ ਵਿਚ ਤਾਰਕਿਕ ਸਥਿਤੀ ਦੀ ਪੁਨਰ ਉਸਾਰੀ ਕਰਦਾ ਹੈ।ਨਵਯੁਗ ਨਾਵਲ ਵਿਚ ਅਮਰੀਕੀ ਪੰਜਾਬੀ ਨਵੀਂ ਪੀੜ੍ਹੀ ਦੇ ਸਮਾਜ ਸ਼ਾਸਤਰ ਅਤੇ ਮਨੋਵਿਗਿਆਨ ਨੂੰ ਤਰਕ ਸਹਿਤ ਪੇਸ਼ ਕੀਤਾ ਗਿਆ ਹੈ।

ਇਹ ਨਾਵਲ ਅਮਰੀਕੀ ਜੀਵਨ ਅਤੇ ਪਰਵਾਸੀ ਪੰਜਾਬੀ ਭਾਈਚਾਰੇ ਦੇ ਆਂਤ੍ਰਿਕ ਤੇ ਬਾਹਰੀ ਜਗਤ ਦੇ ਅੰਤਰ-ਵਿਰੋਧਾਂ ਨੂੰ ਸਾਕਾਰ ਕਰਦਾ ਹੈ ।ਅਮਰੀਕਾ ਇੱਕ ਅਤਿ ਆਧੁਨਿਕ ਵਿਕਸਤ ਪੂੰਜੀਵਾਦੀ ਮੁਲਕ ਹੈ। ਵਿਸ਼ਵ ਸਰਮਾਏਦਾਰੀ ਵਿੱਚ ਉਸ ਦਾ ਦਬਦਬਾ ਵੀ ਹੈ ਅਤੇ ਰਾਜ ਵੀ। ਉਸ ਦਾ ਆਰਥਿਕ ਪੂੰਜੀਵਾਦ ਵਿਸ਼ਵ ਦੇ ਸਭਨਾਂ ਮੁਲਕਾਂ ਨੂੰ ਪ੍ਰਭਾਵਿਤ ਕਰਦਾ ਹੈ । 1990 ਤੋਂ ਬਾਅਦ ਭਾਰਤ ਦੁਆਰਾ ਅਪਣਾਈਆਂ ਗਈਆਂ ਨਵ- ਉਦਾਰਵਾਦੀ ਆਰਥਿਕ ਨੀਤੀਆਂ ਨੇ ਪੱਜਾਬ /ਭਾਰਤ ਦਾ ਮੂੰਹ ਵਿੱਚ ਇਸੇ ਸਰਮਾਏਦਾਰੀ ਲਈ ਖੋਲ੍ਹ ਦਿੱਤਾ ਸੀ। ਵਿਸ਼ਵੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੇ ਸਿਧਾਂਤ ਨੇ ਭਾਰਤ ਦੇ ਪਬਲਿਕ ਸੈਕਟਰ ਅਤੇ ਸੱਭਿਆਚਾਰਕ-ਸਮਾਜਿਕ ਜੀਵਨ ਨੂੰ ਬਦਲ ਦਿੱਤਾ। ਪਰ ਫਿਰ ਵੀ ਅਰਧ-ਜਗੀਰੂ ਸਰੂਪ ਤੁਰਦਾ ਹੀ ਰਿਹਾ। ਨਵੇਂ ਮੱਧਵਰਗ ਦਾ ਉਭਾਰ ਹੋਇਆ ਅਤੇ ਬਹੁਤੀ ਉੱਚ ਸ਼੍ਰੇਣ/ਕਿਸਾਨੀ/ਵਪਾਰੀ



ਜਮਾਤ ਪਰਵਾਸੀ ਬਣ ਕੇ ਵਿਦੇਸ਼ਾਂ 'ਚ ਪੀ.ਆਰ. ਹੋਣ ਲੱਗੀ। ਪਰ ਉਹ ਆਪਣੀ 'ਜੜ੍ਹ' ਨਹੀਂ ਛੱਡ ਸਕੇ।

'ਨਵਯੁਗ' ਨਾਵਲ ਦਾ ਕੇਂਦਰੀ ਥੀਮ ਅਮਰੀਕੀ ਪੰਜਾਬੀ ਨੌਜਵਾਨ ਪੀੜ੍ਹੀ ਦਾ ਸੰਘਰਸ਼, ਸੰਤਾਪ, ਦੁਖਾਂਤ, ਜੁਰਅਤ ਅਤੇ ਸਾਫ਼ਗੋਈ ਬਣਦਾ ਹੈ। ਉਹ ਇੱਕ ਪਾਸੇ ਅਤਿ ਵਿਕਸਤ ਪੂੰਜੀਵਾਦੀ ਮੁਲਕ ਦੇ ਤੇਜ਼-ਤਰਾਰ ਸਮਾਜਿਕ-ਆਰਥਿਕ ਪਰਵੇਸ਼ 'ਚ ਪਲੇ ਅਤੇ ਵੱਡੇ ਹੋਏ ਹਨ ਅਤੇ ਉਨ੍ਹਾਂ ਦੇ ਅਹਿਸਾਸ, ਜਜ਼ਬਾਤ, ਖਿਆਲ ਬਹੁਤ ਉਦਾਰ ਹਨ ਜੋ ਕਿ ਅਮਰੀਕੀ ਆਰਥਿਕ-ਸਮਾਜਿਕ ਜੀਵਨ ਦੀ ਦੇਣ ਹਨ। ਦੂਜੇ ਪਾਸੇ ਉਹ ਉਸ ਪੀੜ੍ਹੀ ਅਤੇ ਪਰਿਵਾਰ 'ਚੋਂ ਵੱਡੇ ਹੋਏ ਹਨ ਜੋ ਸੰਸਕਾਰ ਅਤੇ ਪਰੰਪਰਾਵਾਂ ਵਜੋਂ ਅਰਧ ਜਗੀਰੂ ਅਤੇ ਸਾਮੰਤੀ ਕੀਮਤਾਂ ਢੋਅ ਰਹੇ ਹਨ ।ਇਸ ਕਰ ਕੇ ਉਨ੍ਹਾਂ ਦਾ ਟਕਰਾਅ ਤੇ ਵਿਰੋਧ ਜਿੰਨਾ ਸਥੂਲ ਹੈ ਉਨਾ ਹੀ ਸੂਖ਼ਮ ਹੈ। ਉਹ ਪਰੰਪਰਾ ਤੇ ਸੰਸਕ੍ਰਿਤੀ ਦੇ ਭਾਰ ਨੂੰ ਮਜਬੂਰਨ ਢੋਅ ਰਹੇ ਹਨ। ਇਹ ਭਾਰ ਉਨ੍ਹਾਂ ਦੇ ਅਸਤਿਤਵ ਨੂੰ ਚੈਲੰਜ ਕਰਦਾ ਹੈ। ਉਨ੍ਹਾਂ ਕੋਲ ਆਪਣੇ ਸਮੇਂ ਦੀ ਯੁਗ-ਚੇਤਨਾ ਹੈ। ਉਹ ਆਪਣੇ ਜੀਊਣ ਅਤੇ 'ਹੋਣ' ਨੂੰ ਵੱਡਾ ਮੰਨਦੇ ਹਨ ਉਹ ਆਪਣੇ ਆਪ ਵਰਗੇ ਹੋਣਾ ਲੋਚਦੇ ਹਨ। ਇਤਿਹਾਸ ,ਪਰੰਪਰਾ, ਸੰਸਕ੍ਰਿਤੀ , ਘਰ-ਪਰਿਵਾਰ ਉਨ੍ਹਾਂ ਲਈ ਸਿਰਫ ਮਾਣ ਕਰਨ ਵਾਲੀਆਂ ਸੰਸਥਾਵਾਂ ਹੀ ਨਹੀਂ ਹਨ। ਸਗੋਂ ਉਨ੍ਹਾਂ ਕੋਲ ਵਿਗਿਆਨਕ ਪਹੁੰਚ-ਵਿਧੀ ਹੈ ਅਤੇ ਅਤੇ ਹਰ ਪ੍ਰਕਾਰ ਦੀ ਹੱਦਬੰਦੀ ਉਨ੍ਹਾਂ ਨੂੰ ਕੈਦ ਵਾਂਗ ਚੁੱਭਦੀ ਹੈ । ਇਹ ਨਵੀਂ ਪੀੜ੍ਹੀ ਨਿਰੀ ਚੇਤਨ ਹੀ ਨਹੀਂ ਸਗੋਂ ਸੰਵੇਦਨਸ਼ੀਲ ਵੀ ਹੈ। ਉਹ ਹਰੇਕ ਰਿਸ਼ਤੇ ਦੀ ਅਹਿਮੀਅਤ ਨੂੰ ਸਮਝਦੇ ਹਨ ਅਤੇ ਤਹਿ ਦਿਲੋਂ ਨਿਭਾਉਂਦੇ ਵੀ ਦਿਖਾਈ ਦਿੰਦੇ ਹਨ।

'ਨਵਯੁਗ' ਨਾਵਲ ਦੇ ਬਿਰਤਾਂਤ ਵਿਚ ਕੇਂਦਰੀ ਪਾਤਰ ਪੰਜਾਬ ਤੋਂ ਅਮਰੀਕਾ ਜਾ ਵਸਿਆ ਇੱਕ ਪਰਿਵਾਰ ਹੈ । ਇਸ ਪਰਿਵਾਰ ਦੀਆਂ ਜੜ੍ਹਾਂ ਪੰਜਾਬੀ ਸਮਾਜਿਕ-ਸੱਭਿਆਚਾਰ ਸਰੰਚਨਾ 'ਚ ਲੱਗੀਆਂ ਹੋਈਆਂ ਹਨ। ਪਰ ਇਸ ਪਰਿਵਾਰ ਦੀ ਅਗਲੀ ਪੀੜ੍ਹੀ ਅਮਰੀਕਾ ਵਿੱਚ ਪ੍ਰਵਾਨ ਚੜ੍ਹੀ ਹੈ ।ਉਹ ਉੱਥੋਂ ਦੇ ਭੂਗੋਲਿਕ-ਭਾਸ਼ਾਈ-ਸਮਾਜਿਕ-ਸੱਭਿਆਚਾਰਕ ਜੀਵਨ ਦੇ ਕਦਰ-ਪ੍ਰਬੰਧ ਨੂੰ ਅਪਨਾ ਰਹੀ ਹੈ। ਇਹ ਕਦਰ ਪ੍ਰਬੰਧ ਉਸ ਆਧੁਨਿਕਤਾ ਦੀ ਦੇਣ ਹੈ ਜਿਸ ਨੇ ਲੰਮੇ ਸਮੇਂ ਦੇ ਸਾਮੰਤੀ ਯੁੱਗ ਨੂੰ ਖ਼ਤਮ ਕਰ ਕੇ ਵਿਕਾਸ ਕਰਦਿਆਂ ਪੂੰਜੀਵਾਦੀ ਢਾਂਚੇ ਨੂੰ ਅਪਨਾਇਆ ਸੀ। ਯੂਰਪ ਦੇ ਪੁਨਰ-ਜਾਗਰਣ ਕਾਲ ਤੋਂ ਬਾਅਦ ਇੰਡਸਟ੍ਰੀਅਲ ਕ੍ਰਾਂਤੀ ਨੇ ਨਵੀਂ ਯੁੱਗ ਚੇਤਨਾ ਨੂੰ ਪੈਦਾ ਕੀਤਾ । ਇਹ ਅਰਜਿਤ ਚੇਤਨਾ ਸੀ ਜਿਸ ਨੇ ਯੂਰਪ ਅਤੇ ਹੋਰ ਵਿਕਸਤ ਮੁਲਕਾਂ ਨੂੰ ਨਵਾਂ ਕਦਰ-ਪ੍ਰਬੰਧ ,ਪ੍ਰਤਿਮਾਨ ਅਤੇ ਸੋਝੀ ਦਿੱਤੀ। ਕਿਉਂਕਿ ਇਤਿਹਾਸਕ ਦਵੰਦਵਾਦ ਮੁਤਾਬਿਕ ਪਦਾਰਥਕ ਤਬਦੀਲੀਆਂ ਮਾਨਸਿਕ ਚੇਤਨਾ ਨੂੰ ਬਦਲਦੀਆਂ ਰਹਿੰਦੀਆਂ ਹਨ । ਇਹ ਇਤਿਹਾਸਕ ਵਿਕਾਸ ਰੁਖ ਹੀ ਇਤਿਹਾਸਕ ਚੇਤਨਾ ਦਾ ਨਿਰਮਾਣ ਕਰਦਾ ਹੈ। ਜਿਸ ਦੇ ਦਵੰਦਾਤਮਕ ਰਿਸ਼ਤੇ ਸਮਾਜ, ਮਨੁੱਖ ਅਤੇ ਆਰਥਿਕਤਾ ਨਾਲ ਜੁੜੇ ਹੁੰਦੇ ਹਨ ।ਨਾਵਲ ਵਿਚ ਪੇਸ਼ ਨਵੀਂ ਪੀੜ੍ਹੀ ਉਸ ਵਸਤੂ-ਸਥਿਤੀ ਨੂੰ ਉਭਾਰਦੀ ਹੈ।ਜਿਸ ਦੀ ਉਹ ਪ੍ਰਤੀਨਿਧਤਾ ਕਰਦੀ ਹੈ ਅਤੇ ਉਸ ਨੂੰ ਤਾਰਕਿਕ ਚਿੰਤਨ ਨਾਲ ਲਾਗੂ ਵੀ ਕਰਦੀ ਹੈ।

ਦੂਜੇ ਪਾਸੇ ਇਸ ਵਸਤੂ-ਸਥਿਤੀ ਵਿਚ ਸਾਮੰਤੀ ਰਹਿੰਦ-ਖੂੰਹਦ, ਸੰਸਕ੍ਰਿਤੀ ਅਤੇ ਧਰਮ ਦੇ ਨਾਂ ਤੇ ਸਥਾਪਿਤ ਜੜ ਜੀਵਨ-ਜਾਚ ਉੱਭਰਦੀ ਹੈ। ਜਿਸ ਦੀ ਪ੍ਰਤੀਨਿਧਤਾ ਪਿਛਲੀ ਪੀੜ੍ਹੀ ਦਰਸ਼ਨ, ਉਸਦਾ ਪਰਿਵਾਰ, ਕਿਰਪਾਲ ਅਤੇ ਉਸਦੇ ਭਰਾ ਕਰਦੇ ਹਨ। ਸੰਮਤੀ ਅਤੇ ਜਗੀਰੂ ਧੌਂਸ, ਜਾਤੀ ਮਾਣ, ਸ਼੍ਰੇਣੀਗਤ ਦਵੰਦ, ਧਰਮ ਦੀ ਸੱਤਾ, ਪਿੱਤਰ-ਸੱਤਾ ਆਦਿ ਹੈ। ਇਹਨਾਂ ਦੇ ਵਿਚਾਰ

ਹੈਜਮੋਨਿਕ ਵਿਧੀਆਂ ਬਣ ਕੇ ਇਸ ਪਿਛਲੀ ਪੀੜ੍ਹੀ ਦੀ ਪਛਾਣ ਸਥਾਪਿਤ ਕਰਦੇ ਹਨ। ਇਹ ਪਛਾਣ ਪਿਛਾਂਹ ਖਿੱਚੂ ਅਤੇ ਨਕਾਰਾਤਮਕ ਰਵੱਈਏ ਵਾਲੀ ਸਥਾਪਿਤ ਹੁੱਦੀ ਹੈ।ਪਰ ਇਸ ਪਛਾਣ ਦੇ ਦੁਖਾਂਤਕ ਪਹਿਲੂ ਵੀ ਹਨ। ਇਸ ਪੀੜ੍ਹੀ ਦੀ ਸਥਿਤੀ 'ਤ੍ਰਿਸ਼ੱਕੂ' ਵਰਗੀ ਹੈ।ਉਹ ਦਵੰਦਮਈ ਜ਼ਿੰਦਗੀ ਅਤਿ ਵਿਕਸਤ ਪੂੰਜੀਵਾਦੀ ਸਮਾਜ ਵਿਚ ਅਤਿ ਤੇਜ਼ ਰਫ਼ਤਾਰ ਜੀਵਨ ਜੀਅ ਰਹੇ ਹਨ।ਇਸ ਦੇ ਨਾਲ ਹੀ ਉਹ ਪ੍ਰਤੀਮਾਨਕ ਤੌਰ 'ਤੇ ਅਰਧ-ਫਿਊਡਲੀ ਕਦਰਾਂ-ਕੀਮਤਾਂ ਨਾਲ ਜੁੜੇ ਹੋਏ ਹਨ। ਇਹ ਟਕਰਾਅ ਅਤੇ ਵਿਰੋਧ ਦੀ ਸਥਿਤੀ ਉਨ੍ਹਾਂ ਅੰਦਰ ਵੀ ਚੱਲਦੀ ਹੈ ਅਤੇ ਨਵੀਂ ਪੀੜ੍ਹੀ ਦੇ ਨਾਲ ਵੀ ਟਕਰਾਅ ਬਣਿਆ ਰਹਿੰਦਾ ਹੈ।ਇਸ ਪ੍ਰਸੰਗ ਵਿਚ ਕਰਮੀ ਅਤੇ ਦਰਸ਼ਨ ਦਾ ਸੰਵਾਦ ਦੇਖੋ-

'ਕਿਉਂ ? ਕੌਣ ਐਂ ਤੂੰ ?'

'ਮੈਂ ਤੇਰੇ ਘਰਵਾਲਾ ਆਂ। ਤੂੰ ਕੌਣ ਹੁੱਨੀ ਐਂ ਮੈਨੂੰ ਸੁਆਲ ਕਰਨ ਵਾਲੀ ? ਮੈਂ ਜੋ ਮਰਜ਼ੀ ਨੌਕਰੀ ਕਰਾਂ ? ਤੂੰ ਕੀ ਕੜ੍ਹੀ ਲੈਣੀ ਐਂ ?'

'ਦਰਸ਼ਣ, ਮੈਂ ਸਭ ਸਮਝਦੀ ਆਂ। ਪਰ ਇਕ ਗੱਲ ਸੁਣ ਲੈ ਕੰਨ ਖੋਲ੍ਹ ਕੇ। ਤੇਰਾ ਇੱਥੇ ਰੋਅਬ ਨ੍ਹੀਂ ਚੱਲਣਾ।'

'ਤੂੰ ਵੀ ਕਰਮਿੰਦਰ ਕੌਰੇ ਗੱਲ ਸੁਣ ਲੈ ਕੰਨ ਚੰਗੀ ਤਰ੍ਹਾਂ ਖੋਲ੍ਹ ਕੇ । ਮੇਰਾ ਰੋਅਬ ਚੱਲੂਗਾ ਔਰ ਇੱਥੇ ਹੀ ਚੱਲੂਗਾ।'

'ਕਾਹਦਾ ਰੋਅਬ ? ਰਹਿੱਦਾ ਸੌਹਰਿਆਂ ਦੇ ਘਰ ਐਂ। ਚੱਜ ਦੀ ਜਾਬ ਤੇਰੇ ਕੋਲ ਹੈ ਕੋਈ ਨ੍ਹੀਂ। ਪੜ੍ਹਾਈ ਬਾਰੇ ਪਤਾ ਨੀਂ ਕੀ ਝੂਠ ਤੂਫਾਨ ਬੋਲਿਆ ਸੀ। ਹੁਣ ਜਦੋਂ ਕੁਝ ਪੜ੍ਹਿਆ ਈ ਨ੍ਹੀਂ ਤਾਂ ਸਰਟੀਫੀਕੇਟ ਕਿੱਥੋਂ ਆਉਣੇ ਨੇ।'

'ਮੈਂ ਮਲੋਟ ਦਾ ਜੱਟ ਆਂ। ਵੱਟ 'ਤੇ ਖੜੋ ਕੇ ਜਿੱਥੇ ਤੱਕ ਨਜ਼ਰ ਜਾਂਦੀ ਐ ਨਾ ਸਭ ਮੇਰੀ ਪੈਲੀ ਐ। ਨਾ ਜੱਟ ਨੇ ਕਦੇ ਕੱਮ ਕੀਤਾ ਐ ਤੇ ਨਾ ਕਰੇ।'

'ਤੂੰ ਬਹੁਤੀ ਚਿੱਕ ਚਿੱਕ ਨਾ ਕਰ। ਜੇ ਜੱਟ ਦੀ ਜਾੜ੍ਹ ਹੇਠ ਆ ਗਈ ਨਾ ਚੱਬ ਕੇ ਰੱਖਦੂੰਗਾ।' ਉਸ ਨੇ ਰੋਅਬ ਮਾਰਿਆ ।

..........

'ਭੈਣ ਚ...ਤੂੰ ਸ਼ਰਾਬ ਪੀਨੀ ਐਂ ?'

'ਹਾਂ ਪੀਨੀ ਆਂ। ਤੈਨੂੰ ਕੋਈ ਇਤਰਾਜ਼ ?'

'ਇਸ ਨਾਲੋਂ ਤਾਂ ਕੁਛ ਖਾ ਕੇ ਮਰ ਜਾ। ਮੇਰੀ ਬੇਇਜ਼ਤੀ ਕਰਾ ਕੇ ਰੱਖ ਦਿੱਤੀ। ਤੀਵੀਂ ਹੋ ਕੇ ਸ਼ਰਾਬ ਪੀਨੀ ਐਂ।'

'ਤੀਵੀਂ ਹੋ ਕੇ ਕਮਾਈ ਕਰਦੀ ਆਂ ਉਦੋਂ ਤਾਂ ਤੇਰੀ ਬੇਇਜ਼ਤੀ ਹੁੰਦੀ ਨ੍ਹੀਂ। ਘਰ ਚਲਾਉਨੀ ਆਂ, ਤੇਰੇ ਰਿਸ਼ਤੇਦਾਰਾਂ ਨੂੰ, ਤੇਰੇ ਮਾਂ ਪਿਉ ਨੂੰ ਸਾਂਭਦੀ ਆਂ ਉਦੋਂ ਤੇਰੀ ਬੇਇਜ਼ਤੀ ਨ੍ਹੀਂ ਹੁੰਦੀ।' ਕਰਮੀ ਨੇ ਗੁੱਭ ਗਲੋਟ ਕੱਢਿਆ।

'ਤੂੰ ਘਰੇ ਚੱਲ ਕਰਦਾਂ ਮੈਂ ਤੇਰੇ ਨਾਲ ਗੱਲ। ਤੂੰ ਮੇਰੀ ਬੇਇਜ਼ਤੀ ਕਰਦੀ ਐਂ । ਸਰਦਾਰ ਦਰਸ਼ਣ ਸਿੰਘ ਸੰਧੂ ਜੋ ਕਿ ਪੰਜਾਹ ਕਿੱਲਿਆਂ ਦਾ ਮਾਲਕ ਐ ਤੂੰ ਉਸਦੀ ਬੇਇਜ਼ਤੀ ਕਰਦੀ ਐਂ ?'

ਇਸ ਬਿਰਤਾਂਤਕ ਰਚਨਾ ਵਿਚ ਪਿੱਤਰ-ਸੱਤਾ ਅਤੇ ਮਰਦਾਵੀਂ ਦਾਬੇ ਦੇ ਅੰਸ਼ ਵੀ ਉੱਭਰਦੇ ਹਨ। ਪਰ ਇਹ ਤੱਤ ਕਿਰਪਾਲ ਸਿੱਘ ਵਾਲੀ ਪੀੜ੍ਹੀ ਵਿੱਚ ਜ਼ਿਆਦਾ ਹਨ। ਇਹ ਤੱਤ



ਸੰਸਕਾਰ ਬਣ ਕੇ ਉਨ੍ਹਾਂ 'ਚ ਰਮੇ ਹੋਏ ਹਨ।ਔਰਤਾਂ/ਪਤਨੀ/ਬੇਟੀ ਪ੍ਰਤੀ ਉਨ੍ਹਾਂ ਦਾ ਰਵੱਈਆ, ਉਨ੍ਹਾਂ ਦੇ ਫੈਸਲੇ ਉਪਰ ਆਪਣੇ ਫ਼ੈਸਲੇ ਥੋਪਣਾ, ਪ੍ਰੇਮ/ਖੁੱਲ੍ਹ ਨੂੰ ਵਰਜਿਤ ਮੰਨਣਾ, ਸੱਭਿਆਚਾਰ ਦੇ ਨਾਂ 'ਤੇ ਪਿਤਰਕੀ ਪ੍ਰਵਚਨ ਦਾ ਗਲਬਾ, ਧਰਮ ਦੇ ਨਾਂ 'ਤੇ ਮਰਦਾਵੀਂ ਹਊ ਦੀ ਹੈਂਕੜਬਾਜ਼ੀ ਆਦਿ ਤੱਤ ਇਸ ਗਲਪੀ ਰਚਨਾ ਵਿੱਚ ਉੱਭਰਦੇ ਦਿਖਾਈ ਦਿੱਦੇ ਹਨ। ਇਸ ਪ੍ਰਵਿਰਤੀ ਦਾ ਸਿਖ਼ਰ ਦਰਸ਼ਨ ਪਾਤਰ ਰਾਹੀਂ ਉੱਭਰਦਾ ਹੈ ਜੋ ਕਿ ਕਰਮੀ ਦਾ ਘਰਵਾਲਾ ਹੈ।ਕਰਮੀ ਦਾ ਉਸ ਨਾਲ ਧੱਕੇ ਨਾਲ ਵਿਆਹ ਕੀਤਾ ਗਿਆ।ਉਹ ਨਸ਼ੇੜੀ, ਵੈਲੀ ਅਤੇ ਜਾਤੀ ਹੰਕਾਰ 'ਚ ਗ੍ਰਸਿਆ, ਫਿਊਡਲ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਕਰਮੀ ਦੀ ਜ਼ਿੰਦਗੀ ਉਜਾੜਦਾ ਹੈ। ਫਿਰ ਨਾਵਲ ਦੇ ਅੰਤ 'ਚ ਕਰਮੀ ਦੇ ਪਰਿਵਾਰ, ਉਸ ਦੇ ਹੋਣ ਵਾਲੇ ਪਤੀ ਗਿੰਨੀ ਦਾ ਕਤਲ ਕਰ ਦਿੰਦਾ ਹੈ। ਪਿਤਰਕੀ ਸਰੰਚਨਾ ਅਤੇ ਸੰਸਥਾਵਾਂ ਦੀ ਹਿੰਸਾ ਇਸ ਨਾਵਲ 'ਚ ਉਭਾਰੀ ਗਈ ਹੈ। ਕਰਤਾਰ ਸਿੰਘ ਅਤੇ ਤੇਜ ਕੌਰ ਦਾ ਸੰਵਾਦ ਦੇਖੋ-

'ਅੱਜ ਰਾਤ ਨੂੰ ਦੱਸ ਦਿਆਂਗੇ।'

'ਜੇਕਰ ਉਹ ਸਹਿਮਤ ਨਾ ਹੋਈ ?'

'ਉਸਦੀ ਨੌਬਤ ਈ ਨ੍ਹੀਂ ਆਉਣੀ। ਉਸ ਨੇ ਮੰਨ ਈ ਜਾਣਾ ਐਂ। ਜੇ ਨਾ ਮੰਨੀ ਤਾਂ ਵੀ ਕੋਈ ਨ੍ਹੀਂ। ਊਠ ਤਾਂ ਅੜਾਂਦੇ ਈ ਲੱਦੀ ਦੇ ਨੇ।'

'ਇਹ ਠੀਕ ਨ੍ਹੀਂ। ਬਰਾਬਰ ਦੀ ਧੀ ਐ। ਉਹ ਵੀ ਇਨਸਾਨ ਐਂ। ਤੁਸੀਂ ਉਸ ਤੋਂ ਚੋਰੀਉਂ ਈ ਪਤਾ ਨੀਂ ਕੀ ਕੀ ਕਰੀ ਜਾਨੇ ਓਂ।'

'ਬਾਕੀ ਤਾਂ ਸਭ ਠੀਕ ਐ ਹੁਣ ਕਿਤੇ ਤੈਨੂੰ ਨਾ ਬਰਾਬਰੀ ਦੇਣੀ ਪੈ ਜਾਵੇ। ਮੂੰਹ ਸਿਉਂ ਲੈ। ਜੇਕਰ ਕੋਈ ਗੱਲ ਬਾਹਰ ਕੱਢੀ ਤਾਂ ਮੈਥੋਂ ਬੁਰਾ ਕੋਈ ਨ੍ਹੀਂ। ਮੁਰਗੀ ਵਾਂਗੂੰ ਤੇਰੀ ਧੌਣ ਮਰੋੜ ਦੂੰਗਾ ਜੇ ਜ਼ਰਾ ਵੀ ਚੂੰ ਚਾਂ ਕੀਤੀ ਤਾਂ।'

ਔਰਤ ਪਿਤਰਕੀ ਸੱਤਾ ਵਿਚ ਵਸਤੂ ਤੱਕ ਮਹਿਦੂਦ ਹੋ ਜਾਂਦੀ ਹੈ ਨੈਤਿਕਤਾ, ਸੰਸਕਾਰ, ਧਰਮ ,ਦਰਸ਼ਨ ਅਤੇ ਚਿੰਤਨ ਉਸ ਨੂੰ ਗੁਲਾਮ ਬਣਾਉਣ ਦਾ ਪ੍ਰਵਚਨ ਬਣ ਜਾਂਦਾ ਹੈ। ਪਿਤਰਕੀ ਸੱਦ, ਸਾਧਨ ਤੇ ਸੰਸਥਾ ਦੀ ਸਰੰਚਨਾਤਮਕ ਉਸਾਰੀ ਪਿੱਛੇ ਨਿੱਜੀ ਜਾਇਦਾਦ ਅਤੇ ਸ਼ੁੱਧ ਸੰਤਾਨ ਦੀ ਉਤਪੱਤੀ ਵਾਲਾ ਸਿਧਾਂਤ ਕੰਮ ਕਰਦਾ ਹੈ।ਪਰ ਨਵ-ਪੂੰਜੀਵਾਦ ਦੇ ਦੌਰ ਵਿੱਚ ਮੰਡੀ, ਮੀਡੀਆ ਅਤੇ ਮਰਦਾਵੀਂ ਦਾਬਾ ਨਵਾਂ ਰੂਪ ਧਾਰਨ ਕਰਦਾ ਹੈ। ਇਸ ਵਿਚ ਸੰਮਤੀ ਕੀਮਤਾਂ ਅਤੇ ਸਾਮਰਾਜਵਾਦ ਦੀ ਜੁਗਲਬੰਦੀ ਕਾਰਜ ਕਰਦੀ ਹੈ।ਪਿੱਤਰ ਸੱਤਾ ਅਤੇ ਜਾਤੀ ਵਿਵਸਥਾ ਆਪਣੇ ਆਪ ਵਿੱਚ ਸਾਮਰਾਜਵਾਦੀ ਢਾਂਚੇ ਹਨ। ਇਸ ਨਾਵਲ ਦੀ ਰਚਨਾ-ਵਸਤੂ 'ਚ ਪਿਤਰਕੀ ਤੇ ਸਾਮੰਤੀ ਮੁੱਲ ਵੀ ਕਾਰਜ ਕਰਦੇ ਹਨ। 'ਨਵਯੁਗ' ਨਾਵਲ ਦੇ ਔਰਤ ਪਾਤਰ ਦੋ ਤਰ੍ਹਾਂ ਦੇ ਹਨ। ਇਕ ਉਹ ਜੋ ਭਾਰਤ ਤੋਂ ਆਏ ਹਨ। ਦੂਜੀਆਂ ਉਹ ਜੋ ਅਮਰੀਕਾ 'ਚ ਜੰਮੀਆਂ ਪਲ਼ੀਆਂ ਅਤੇ ਵੱਡੀਆਂ ਹੋਈਆਂ ਹਨ। ਪਹਿਲੀ ਧਿਰ ਕਾਫੀ ਹੱਦ ਤੱਕ ਸੰਮਤੀ ਸਰੰਚਨਾ ਦਾ ਹਿੱਸਾ ਵੀ ਹੈ ਅਤੇ ਸ਼ੋਸ਼ਿਤ ਵੀ ਹੈ। ਜਿਵੇਂ ਪਾਲੀ ਅਤੇ ਤੇਜ ਕੌਰ ਔਰਤ ਪਾਤਰ ਹਨ। ਜੋ ਪਿੱਤਰ ਸੱਤਾ ਦਾ ਸੰਤਾਪ ਵੀ ਹੰਢਾ ਰਹੀਆਂ ਹਨ ਅਤੇ ਸਾਮੰਤੀ ਕੀਮਤਾਂ ਦੀ ਪੁਸ਼ਤਪਨਾਹੀ ਵੀ ਕਰਦੀਆਂ ਹਨ।ਪਰ ਇਹਨਾਂ ਅੰਦਰ ਸੰਵੇਦਨਾ ਹੈ ਅਤੇ ਆਪਣੇ ਬੱਚਿਆਂ ਪ੍ਰਤਿ ਭਾਵੁਕ ਪਹੁੰਚ ਵੀ ਰੱਖਦੀਆਂ ਹਨ।

ਇਹਨਾਂ ਦਾ ਇਕ ਸੰਵਾਦ ਦੇਖੋ-

'ਮੇਰੇ ਭਰਾਵਾਂ ਨੇ ਆਪਦੀ ਭਾਣਜੀ ਦੀ ਜ਼ਿੰਦਗੀ ਬਰਬਾਦ ਕਰਕੇ ਵੀ ਕੁਛ ਨ੍ਹੀਂ ਸਿੱਖਿਆ। ਬਾਕੀ ਜੁਆਕਾਂ ਨੂੰ ਵੀ ਫਾਹੇ ਚਾੜ੍ਹਨ ਲਈ ਤਿਆਰ ਬੈਠੇ ਨੇ।'

'ਇਨ੍ਹਾਂ ਦੀਆਂ ਫੋਕੀਆਂ ਇੱਜ਼ਤਾਂ ਸ਼ੋਹਰਤਾਂ ਨੇ ਬੱਚਿਆਂ ਦੀਆਂ ਜ਼ਿੰਦਗੀਆਂ ਨਰਕ ਬਣਾ ਛੱਡੀਆਂ ਨੇ। ਹਰ ਕੋਈ ਆਪਦੇ ਜੁਆਕ ਪਿੱਛੇ ਪਿਆ ਹੋਇਆ ਐ ਕਿ ਸਭ ਕੁਛ ਛੱਡ ਕੇ ਪਹਿਲਾਂ ਵਿਆਹ ਕਰਵਾ।'

'ਕਰਮੀ ਨੇ ਦੂਸਰੀ ਬੱਚੀ ਨੂੰ ਜਨਮ ਦਿੱਤਾ ਤਾਂ ਸੌਹਰੇ ਫਿਰ ਔਖੇ ਹੋ ਗਏ ਕਿ ਤੂੰ ਧੀਆਂ ਜੰਮਣੋਂ ਈ ਨ੍ਹੀਂ ਹਟਦੀ।'

'ਮੈਂ ਤਾਂ ਕਹਿਨੀ ਆਂ ਬੇੜਾ ਗਰਕ ਹੋਵੇ ਉਨ੍ਹਾਂ ਜ਼ਾਲਮਾਂ ਦਾ।'

ਦੂਜੀ ਧਿਰ ਉਦਾਰ ਵਿਚਾਰਾਂ ਦੀ ਧਾਰਨੀ ਆਜ਼ਾਦ ਅਤੇ ਮੌਲਿਕ ਚਿੰਤਨ ਨਾਲ ਜੁੜੀ ਹੈ।ਜਿਸ ਅੰਦਰ ਆਤਮ-ਨਿਰਭਰਤਾ, ਸਵੈ-ਨਿਰਭਰਤਾ, ਮਨੁੱਖੀ ਹੋਂਦ ਦਾ ਗ਼ੈਰਤਮੰਦ ਅਹਿਸਾਸ, ਦੋਸਤੀ/ਰਿਸ਼ਤਿਆਂ ਪ੍ਰਤੀ ਨਿੱਘ/ਆਪਣਾਪਣ/ਸਹਿ-ਹੋਂਦ,ਔਖੇ ਵੇਲੇ ਨਾਲ ਖੰਡਨ ਦੀ ਸ਼ਿੱਦਤ/ ਸੰਵੇਦਨਸ਼ੀਲਤਾ ਆਦਿ ਗੁਣ ਉੱਭਰਦੇ ਹਨ।ਨਾਵਲੀ ਰਚਨਾ-ਵਸਤੂ ਵਿੱਚ ਬਹੁਤ ਥਾਵਾਂ 'ਤੇ ਦ੍ਰਿਸ਼ ਉੱਭਰਦੇ ਹਨ ਜਿਨ੍ਹਾਂ ਵਿਚ ਵਿਭਿੰਨ ਗਲਪੀ ਘਟਨਾਵਾਂ ਰਾਹੀਂ ਨਵੀਂ ਪੀੜ੍ਹੀ ਦੇ ਉਪਰੋਕਤ ਗੁਣ ਨਾਵਲਕਾਰ ਨੇ ਚਿਤਰੇ ਹਨ। ਨਾਵਲਕਾਰ ਨੇ ਖ਼ਪਤ ਸਭਿਆਚਾਰ ਅਤੇ ਪੂੰਜੀਵਾਦੀ ਸੰਸਕ੍ਰਿਤੀ ਤੋਂ ਇਨ੍ਹਾਂ ਪਾਤਰਾਂ ਨੂੰ ਕਾਫੀ ਦੂਰ ਰੱਖਿਆ ਹੈ। ਇਹ ਕਈ ਥਾਂਵਾਂ ਤੇ ਸੁਭਾਵਿਕ ਨਹੀਂ ਲੱਗਦਾ। ਉਂਝ ਇਹ ਪੀੜ੍ਹੀ ਸੁਚੇਤ ਵੀ ਹੈ ਅਤੇ ਸਜੱਗ ਵੀ। ਇਹਨਾਂ ਅੰਦਰ ਪਾਰਦਰਸ਼ੀ ਪਹੁੰਚ ਹੈ। ਕੋਈ ਦੋਗਲਾਪਨ ਨਹੀਂ, ਕੋਈ ਓਹਲਾ ਨਹੀਂ। ਸਾਫ਼, ਸਪਸ਼ਟ ਅਤੇ ਇਮਾਨਦਾਰ ਜੀਵਨ ਜਿਉਣ ਵਿਚ ਯਕੀਨ ਰੱਖਦੇ ਹਨ। ਅੰਤਰ-ਜਾਤੀ, ਅੰਤਰ-ਧਾਰਮਿਕ, ਅੰਤਰ-ਨਸਲੀ ਵਿਆਹ ਜਾਂ ਸਬੰਧਾਂ ਪ੍ਰਤੀ ਉਦਾਰ ਪਹੁੰਚ ਰੱਖਦੇ ਹਨ।ਕਿਉਂਕਿ ਅਮਰੀਕੀ ਸਮਾਜ ਮਿੱਸੇ-ਸਭਿਆਚਾਰ (ਟਰਾਂ- ਕਲਚਰਲਿਜ਼ਮ) ਅਤੇ ਪਾਰ-ਸਭਿਆਚਾਰ ਦਾ ਕੇਂਦਰ ਬਣ ਚੁੱਕਾ ਹੈ।ਵੱਖ-ਵੱਖ ਨਸਲਾਂ, ਰੰਗ, ਧਰਮ, ਫ਼ਿਰਕੇ, ਮੁਲਕ, ਜਾਤਾਂ ਅਤੇ ਭਾਈਚਾਰਿਆਂ ਦੇ ਲੋਕ ਇੱਥੇ ਵਾਸਾ ਕਰਦੇ ਹਨ। ਕੁਲਦੀਪ, ਧਰਮੀ ,ਦੀਪਾ, ਨਿੰਦੀ, ਬੀਰਾ ਆਦਿ ਨੌਜਵਾਨ ਪਾਤਰ ਸਿਆਣੇ ਅਤੇ ਸਮਝਦਾਰ ਵੀ ਦਿਖਾਏ ਗਏ ਹਨ।ਆਪਣੇ ਸਮੇਂ ਅਤੇ ਕਾਲ ਦੇ ਹਾਣੀ ਜਾਪਦੇ ਹਨ। ਨਾਵਲਕਾਰ ਨੇ ਇਹਨਾਂ ਪਾਤਰਾਂ ਦੇ ਆਪਸੀ ਸੰਵਾਦ ਅਤੇ ਸਹਿਯੋਗ ਨੂੰ ਬਹੁਤ ਪਰਪੱਕਤਾ ਨਾਲ ਉਘਾੜਿਆ ਹੈ। ਉਹ ਵਟਸ-ਐਪ ਗਰੁੱਪ ਜ਼ਰੀਏ ਜੁੜੇ ਹੋਏ ਦਿਖਾਏ ਹਨ। ਅਮਰੀਕਾ ਵਰਗੇ ਮੁਲਕਾਂ ਤੋਂ ਲੈ ਕੇ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਤੱਕ ਇਹ ਆਪਸੀ ਸੰਵਾਦ ਅਤੇ ਤਰਕ ਮਨਫ਼ੀ ਹੁੰਦਾ ਜਾ ਰਿਹਾ ਹੈ। ਉਸ ਦੌਰਾਨ ਗਲਪਕਾਰ ਦੁਆਰਾ ਸਮੂਹਿਕ ਸੰਵਾਦ ਦੇ ਨਿਸ਼ਾਨ ਸਿਰਜਣੇ ਮਹੱਤਵਪੂਰਣ ਹੋ ਜਾਂਦੇ ਹਨ। ਇਸ ਪੀੜ੍ਹੀ ਦੇ ਪਾਤਰਾਂ ਦਾ ਸੰਵਾਦ ਦੇਖੋ-

'ਮੈਂ ਧਰਮੀ ਆਂ, ਕਰਮੀ ਨੀ ਜੋ ਮਾਂ ਪਿਉ ਦਾ ਕਿਹਾ ਪੁਗਾਉਣ ਖਾਤਰ ਕਿਸੇ ਨਾਲ ਨੂੜ ਦਿੱਤੀ ਜਾਊਂਗੀ। ਉਂਝ ਸੁਰਜੀਤ ਤੇਰਾ ਧੰਨਵਾਦ ਜੋ ਪਹਿਲਾਂ ਹੀ ਮੈਨੂੰ ਦੱਸ ਦਿੱਤਾ। ਮੇਰੇ ਮਾਂ ਪਿਉ ਤਾਂ ਕੁੱਤੇ ਦੇ ਵੱਢੇ ਐ। ਕਰਮੀ ਵਾਂਗੂੰ ਮੈਨੂੰ ਵੀ ਨੂੜਨ ਨੂੰ ਫਿਰਦੇ ਹੋਣਗੇ। ਪਰ ਹੁਣ ਨ੍ਹੀਂ। ਉਨ੍ਹਾਂ ਨੇ ਪਹਿਲਾਂ ਈ ਮੇਰੀ ਭੈਣ ਖੂਹ 'ਚ ਸੁੱਟ ਦਿੱਤੀ, ਹੁਣ ਹੋਰ ਨ੍ਹੀਂ।'

'ਉਂਝ ਇਕ ਗੱਲ ਐ।' ਕੁਲਦੀਪ ਗੰਭੀਰ ਅੰਦਾਜ਼ 'ਚ ਬੋਲਿਆ।

'ਉਹ ਕੀ ?'



'ਕਰਮੀ ਆਪਣੇ ਲਈ ਵਿਆਹ ਦੇ ਮਾਮਲੇ 'ਚ ਇਕ ਉਦਾਹਰਣ ਬਣ ਗਈ ਐ। ਉਸ ਦਾ ਵਿਆਹ ਭਾਵੇਂ ਧੱਕੇ ਨਾਲ ਕੀਤਾ ਗਿਆ ਮਤਲਬ ਉਹ ਇਹ ਨ੍ਹੀਂ ਚਾਹੁੰਦੀ ਸੀ। ਪਰ ਬਾਕੀਆਂ ਲਈ ਰਾਹ ਦਸੇਰਾ ਬਣ ਗਈ। ਹੁਣ ਹਰ ਕੋਈ ਇਸ ਗੱਲੋਂ ਸੰਭਲ ਕੇ ਚੱਲੇ ਕਿ ਵਿਆਹ ਆਦਿ ਦੇ ਚੱਕਰ ਵੇਲੇ ਆਪਣੇ ਘਰਵਾਲਿਆਂ ਦੀਆਂ ਸਾਜਿਸ਼ਾਂ ਤੋਂ ਬਚ ਕੇ ਰਹੇ'

ਸਾਰਿਆਂ ਨੇ ਉਸਦੀ ਗੱਲ ਦੀ ਹਾਮੀ ਭਰੀ। ਉਦੋਂ ਹੀ ਦੀਪਾ ਬੋਲਿਆ, 'ਚਲੋ ਆਹ ਤਾਂ ਸੁਰਜੀਤ ਨੇ ਧਰਮੀ ਬਾਰੇ ਚੰਗੀ ਜਾਣਕਾਰੀ ਦੇ ਦਿੱਤੀ ਐ।'

'ਹਾਂ ਇਹ ਗੱਲ ਤਾਂ ਹੋਈ। ਬੜਾ ਚੰਗਾ ਹੋਇਆ ਕਿ ਆਪਾਂ ਨੂੰ ਪਹਿਲਾਂ ਪਤਾ ਲੱਗ ਗਿਆ। ਧਰਮੀ ਵੱਲੋਂ ਮਰਜ਼ੀ ਪੁਗਾਉਣ ਖਾਤਰ ਸਾਰੇ ਕੁਛ ਵੀ ਕਰਾਂਗੇ। ਪਰ ਆਪਾਂ ਗੱਲ ਕਰਮੀ ਦੀ ਕਰ ਰਹੇ ਸੀ ਕਿ ਉਸ ਦਾ ਕੀ ਕਰੀਏ ?'

'ਨਵਯੁਗ' ਨਾਵਲ ਦਾ ਸਿਰਲੇਖ ਨਵੇਂ ਯੁਗ ਦੀ ਚਿਹਨਕਾਰੀ ਕਰਦਾ ਹੈ। ਪਰ ਇਹ ਯੁੱਗ ਕਿਹੜਾ ਹੈ ? ਇਹ ਸਾਮੰਤੀ ਸਮਾਜ ਦੇ ਪਤਨ ਅਤੇ ਆਧੁਨਿਕ ਸਮਾਜ ਦੀ ਤਾਮੀਰ ਦਾ ਯੁੱਗ ਹੈ। ਇਹ ਯੁੱਗ ਨਵੇਂ ਵਿਚਾਰਾਂ ਦਾ ਹੈ। ਜਿਸਦੀ ਤਰਜ਼ਮਾਨੀ ਇਸ ਨਾਵਲ ਵਿਚ ਕੁਲਦੀਪ ਅਤੇ ਉਸਦੇ ਕਜ਼ਨ ਕਰਦੇ ਹਨ। ਨਾਵਲਕਾਰ ਸੁਚੇਤ ਰੂਪ ਵਿਚ ਇਸ ਪੀੜ੍ਹੀ ਦੇ ਹੱਕ ਵਿਚ ਖਲੋਂਦਾ ਹੈ। ਉਹ ਉਹਨਾਂ ਦੇ ਮਨੋਵਿਗਿਆਨ ਨੂੰ ਉਸਾਰਦਾ ਹੀ ਨਹੀਂ ਸਗੋਂ ਸਮਝਦਾ ਵੀ ਹੈ। ਅਮਰੀਕੀ ਤਰਜ਼-ਏ-ਜ਼ਿੰਦਗੀ ਵਿਚ ਪੀੜ੍ਹੀਆਂ ਦੇ ਵਿਚਕਾਰ ਪਾੜਾ ਹੋਰ ਉਗਰ ਰੂਪ ਵਿਚ ਵੱਧਦਾ ਹੈ। ਜਿਸ ਕਾਰਣ ਇਸ ਨਾਵਲ ਵਿਚ ਤਣਾਅ ਦਾ ਮਾਹੌਲ ਬਣਦਾ ਹੈ। ਪਰ ਦਰਸ਼ਨ ਵੀ ਕੁਲਦੀਪ ਦੀ ਪੀੜ੍ਹੀ ਦਾ ਹੈ। ਪਰ ਉਸਦਾ ਚੇਤਨ-ਅਵਚੇਤਨ ਜਗੀਰੂ ਰੁਮਾਂਸ ਦਾ ਸ਼ਿਕਾਰ ਹੈ। ਉਹ ਭਾਰਤ/ਪੰਜਾਬ ਤੋਂ ਕਰਮੀ ਨਾਲ ਵਿਆਹ ਰਾਹੀਂ ਆਇਆ ਹੈ। ਉਸਦੇ ਕਾਰ, ਵਿਹਾਰ ਅਤੇ ਆਚਾਰ ਵਿਚ ਉਹ ਸਾਰੇ ਐਬ ਹਨ ਜੋ ਜਗੀਰੂ ਰੁਚੀਆਂ ਵਾਲੇ ਮਨੁੱਖ ਵਿਚ ਹੁੰਦੇ ਹਨ। ਨਾਵਲ ਦੇ ਅੰਤ ਵਿਚ ਉਹ ਕਰਮੀ ਦੇ ਸਾਰੇ ਪਰਿਵਾਰ ਦੇ ਉਸਦੇ ਹੀ ਵਿਆਹ ਸਮਾਗਮ ਵਿਚ ਸਮੂਹਿਕ ਕਤਲ ਕਾਂਡ ਨੂੰ ਅੰਜਾਮ ਦਿੰਦਾ ਹੈ।ਜਿਸ ਵਿਚ ਉਹ ਆਪ ਵੀ ਪੁਲਿਸ ਦੀ ਗੋਲੀ ਨਾਲ ਮਾਰਿਆ ਜਾਂਦਾ ਹੈ। ਇਸ ਨਾਵਲ ਵਿਚ ਨਾਵਲਕਾਰ ਨੇ ਪੰਜਾਬ ਤੋਂ 'ਅਕਸਪੋਰਟ' ਕੀਤੇ ਪਾਤਰਾਂ/ਰਿਸ਼ਤੇਦਾਰਾਂ ਦੇ ਨੈਗਟਿਵ ਸਰੂਪ ਨੂੰ ਉਭਾਰਿਆ ਹੈ। ਲਗਭਗ ਸਾਰੇ ਹੀ ਪੰਜਾਬੋਂ ਆਏ ਪਾਤਰ ਈਰਖਾ, ਚਾਲਾਕੀ, ਦਵੇਸ਼, ਨਫਰਤ, ਵੈਲਪੁਣਾ, ਲਾਲਚੀ, ਹੰਕਾਰੀ, ਜਾਤੀ ਹਉਮੈ, ਜ਼ਮੀਨ ਦਾ ਰੌਅਬ ਅਤੇ ਮਰਦਾਵੀਂ ਹੈਂਕੜ ਦੇ ਸ਼ਿਕਾਰ ਹਨ। ਦਰਸ਼ਨ, ਦਰਸ਼ਨ ਦੇ ਮਾਂ-ਬਾਪ, ਕਿਰਪਾਲ, ਕਰਤਾਰ ਸਿੰਘ ਆਦਿ ਪਾਤਰ ਇਸ ਪੱਖ ਤੋਂ ਦੇਖੇ ਜਾ ਸਕਦੇ ਹਨ। ਇਹ ਨਾਵਲ ਤ੍ਰਾਸਦਿਕ ਅੰਤ ਨਾਲ ਖ਼ਤਮ ਹੁੰਦਾ ਹੈ। ਉਪਭੋਗਤਾਵਾਦ, ਦੈਹਿਕ ਰੁਚੀਆਂ, ਗੈਂਗ, ਬੰਦੂਕ ਸਭਿਆਚਾਰ, ਨਸ਼ਾ ਆਦਿ ਅਲਾਮਤਾਂ ਵੀ ਇਸ ਨਾਵਲ ਦੀ ਰਚਨਾ ਵਸਤੂ ਦਾ ਉਪ-ਭਾਗ ਬਣ ਕੇ ਉਭਰਦੀਆਂ ਹਨ। ਇਸ ਤਰ੍ਹਾਂ ਇਹ ਨਾਵਲ ਪਰਵਾਸੀ ਪੰਜਾਬੀ ਸਮਾਜ ਦੇ ਗੰਭੀਰ ਸਰੋਕਾਰਾਂ ਨਾਲ ਜੁੜਿਆ ਹੈ। ਇਸ ਨਾਵਲ ਵਿਚ ਪਰਵਾਸੀ ਚੇਤਨਾ ਪ੍ਰਖ਼ਰ ਰੂਪ ਵਿਚ ਉੱਭਰਦੀ ਹੈ।

ਸਹਾਇਕ ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਐਸ.ਬੀ.ਬੀ.ਐਸ. ਯੂਨੀਵਰਸਿਟੀ, ਜਲੰਧਰ
9464315244

# ਨਵਯੁਗ : ਦੋ ਜੀਵਨ-ਜਾਚਾਂ ਦੇ ਆਪਸੀ ਤਣਾਉ ਤੇ ਸੰਘਰਸ਼ ਦਾ ਬਿਰਤਾਂਤ

**-ਡਾ. ਰਜਨੀਸ਼ ਕੌਰ**

ਹਰਮਹਿੰਦਰ ਚਹਿਲ ਪੰਜਾਬੀ ਦਾ ਪ੍ਰਸਿੱਧ ਨਾਵਲਕਾਰ ਤੇ ਕਹਾਣੀਕਾਰ ਹੈ। 'ਨਵਯੁਗ' ਨਾਵਲ ਹਰਮਹਿੰਦਰ ਚਹਿਲ ਦੁਆਰਾ ਲਿਖਿਆ ਗਿਆ ਅਹਿਮ ਨਾਵਲ ਹੈ, ਜੋ ਅਮਰੀਕਾ 'ਚ ਵਸੇ ਪੰਜਾਬੀ ਪਰਵਾਸੀਆਂ ਦੇ ਵਿਭਿੰਨ ਰਿਸ਼ਤਿਆਂ ਦੀਆਂ ਪਰਤਾਂ ਦਾ ਰੂਪਾਂਤਰਨ ਹੈ। 'ਨਵਯੁਗ' ਇਕ ਵੱਡ-ਆਕਾਰੀ ਨਾਵਲ ਹੈ। ਨਾਵਲੀ ਬਿਰਤਾਂਤ ਦੀ ਪੇਸ਼ਕਾਰੀ ਵੀਹ ਕਾਂਡਾਂ ਵਿਚ ਹੋਈ ਹੈ।

'ਨਵਯੁਗ' ਨਾਵਲ ਪਰਵਾਸ ਨਾਲ ਸਬੰਧਿਤ ਹੈ। ਇਸ ਨਾਵਲ ਦਾ ਵਿਸ਼ਾ ਪਰਵਾਸ ਕਰ ਗਏ ਪੰਜਾਬੀ ਵਿਅਕਤੀਆਂ ਦਾ ਆਪਣੇ ਜੜ੍ਹਾਂ ਨਾਲ ਜੁੜੇ ਰਹਿਣ ਦਾ ਮਸਲਾ ਹੈ। ਨਾਵਲੀ ਬਿਰਤਾਂਤ ਵਿਚ ਦੋ ਪੀੜ੍ਹੀਆਂ ਦਾ ਸੰਵਾਦ ਰਚਿਆ ਗਿਆ ਹੈ। ਵਰਤਮਾਨ ਦੌਰ, ਪਰਵਾਸੀ ਭਾਈਚਾਰੇ ਦੀ ਆਪਣੀ ਸੰਤਾਨ ਦਾ ਪੱਛਮੀ ਸੰਸਕ੍ਰਿਤੀ ਦਾ ਹਿੱਸਾ ਬਣਨ ਦੀ ਕੋਸ਼ਿਸ਼ ਅਤੇ ਉਸ ਨਾਲ ਪੈਦਾ ਹੋਈਆਂ ਸਮੱਸਿਆਵਾਂ ਨਾਲ ਸੰਬੰਧਿਤ ਹੈ। 'ਨਵਯੁਗ' ਨਾਵਲੀ ਬਿਰਤਾਂਤ ਵਿਚ ਮੂਲ ਤਣਾਉ, ਧੀਆਂ-ਪੁੱਤਾਂ ਵੱਲੋਂ ਮਨਚਾਹੇ ਸਾਥ ਦੀ ਪ੍ਰਾਪਤੀ ਲਈ ਯਤਨ ਤੇ ਮਾਪਿਆਂ ਵੱਲੋਂ ਪਹਿਲਾਂ ਇਸ ਦੇ ਵਿਰੋਧ ਵਿਚ ਖੜ੍ਹੇ ਹੋਣਾ ਤੇ ਫਿਰ ਸਹਿਮਤੀ ਦੇਣਾ ਹੈ। ਪਰਵਾਸੀ ਪੰਜਾਬੀ ਮਾਪੇ ਪੱਛਮ ਵਿਚ ਜੰਮੇ-ਪਲੇ ਬੱਚਿਆਂ ਲਈ ਪੂਰਬੀ ਸੰਸਕ੍ਰਿਤੀ ਨਾਲ ਲਬਰੇਜ਼ ਮਾਨਸਿਕਤਾ ਵਾਲੇ ਸਾਥੀ ਚੁਣਨ ਨੂੰ ਬਿਹਤਰ ਸਮਝਦੇ ਹਨ। ਕਿਉਂਕਿ ਉਨ੍ਹਾਂ ਅਨੁਸਾਰ ਪੰਜਾਬੋਂ ਲਿਆਂਦੇ ਮੰਗੇਤਰ ਪਹਿਲੀ ਪੀੜ੍ਹੀ ਦੀ ਸੋਚ ਮੁਤਾਬਿਕ ਢਲੇ ਹੁੰਦੇ ਹਨ ਜੋ ਉਨ੍ਹਾਂ ਦੇ ਪੱਛਮੀ ਸੁਭਾਅ ਵਾਲੇ ਬੱਚਿਆਂ ਨੂੰ ਸੁਧਾਰਨ ਲਈ ਉਨ੍ਹਾਂ ਦੇ ਸਹਾਈ ਹੋ ਸਕਦੇ ਹਨ।

ਨਾਵਲ ਸਿੱਧੇ ਰੂਪ ਵਿਚ ਪਰਵਾਸ, ਸੱਭਿਆਚਾਰਕ ਮੁੱਲ-ਵਿਧਾਨ, ਨੈਤਿਕ ਕਦਰਾਂ-ਕੀਮਤਾਂ, ਵਿਆਹ ਸੰਸਥਾ ਅਤੇ ਇਸ ਤੋਂ ਉਪਜੇ ਨਤੀਜਿਆਂ ਨਾਲ ਸੰਬੰਧਿਤ ਹੈ। ਮਾੜੀ ਆਰਥਿਕਤਾ ਤੇ ਡਾਵਾਂਡੋਲ ਜੀਵਨ ਨੂੰ ਸੁਧਾਰਨ ਦੀ ਤਾਂਘ ਮਨੁੱਖ ਨੂੰ ਚੰਗੇ ਤੇ ਭਰਪੂਰ ਜੀਵਨ ਹਾਲਤਾਂ ਵਾਲੇ ਪਾਸੇ ਪਰਵਾਸ ਕਰਨ ਲਈ ਮਜ਼ਬੂਰ ਕਰਦੀ ਹੈ। ਪਰਵਾਸੀ ਮਨੁੱਖ ਦੇ ਮਗਰ, ਉਸਦੇ ਪਰਿਵਾਰ ਦਾ ਪਰਵਾਸ ਵੀ ਏਸੇ ਮਜ਼ਬੂਰੀ ਦੀ ਇਕ ਕੜੀ ਹੈ। 'ਨਵਯੁਗ' ਨਾਵਲੀ ਬਿਰਤਾਂਤ ਵਿਚ ਵੀ ਸਭ ਤੋਂ ਪਹਿਲਾਂ ਕਿਰਪਾਲ ਆਪਣੇ ਘਰ ਦੀ ਆਰਥਿਕਤਾ ਨੂੰ ਸੁਧਾਰਨ ਲਈ ਪਰਵਾਸ ਧਾਰਨ ਕਰਦਾ ਹੈ। ਕਿਰਪਾਲ ਵਿਦੇਸ਼ ਪਹੁੰਚ ਕੇ ਆਪਣੇ ਪਿੱਛੇ ਸਾਰੇ ਪਰਿਵਾਰ ਨੂੰ ਵੀ ਬਾਹਰ ਲੈ ਜਾਂਦਾ ਹੈ। ਕਿਰਪਾਲ ਆਪਣੇ ਪਿਉ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਦਾ ਹੈ ਤੇ ਆਪਣੇ ਭਰਾਵਾਂ ਨੂੰ ਵੀ ਅਮਰੀਕਾ ਪਹੁੰਚਾ ਦਿੰਦਾ ਹੈ। ਕਿਰਪਾਲ ਦੇ ਘਰ ਦੇ ਮਾੜੇ ਹਾਲਾਤ ਹੋਣ ਦੇ ਬਾਵਜੂਦ ਉਹ ਪੜ੍ਹਾਈ ਵਿਚ ਹੁਸ਼ਿਆਰ ਸੀ ਤੇ ਡਾਕਟਰ ਬਣਨਾ ਚਾਹੁੰਦਾ ਸੀ। ਅਮਰੀਕਨ ਸਰਕਾਰ ਦੀਆਂ ਡਾਕਟਰੀ ਵੀਜ਼ਾ ਸ਼ਰਤਾਂ ਪੂਰੀਆਂ ਕਰਨ ਉਪਰੰਤ ਕਿਰਪਾਲ ਵੀਜ਼ਾ ਲੱਗਿਆ ਪਾਸਪੋਰਟ ਲੈ ਕੇ ਦਿੱਲੀ ਤੋਂ ਵਾਪਸ ਆਇਆ ਤਾਂ ਬਾਪੂ ਉਸ ਨੂੰ ਉੱਖੜ ਕੇ ਪਿਆ,

"ਉਏ ਭਾਈ ਕਾਕਾ, ਬਾਕੀ ਜੀਆਂ ਦੇ ਵੀ ਢਿੱਡ ਲੱਗਿਆ ਐ।
ਤੇਰੀ 'ਕੱਲੇ ਦੀ ਡਾਕਟਰੀ ਪਿੱਛੇ ਅਸੀਂ ਹੁਣ ਸਾਰਾ ਟੱਬਰ ਫਾਹੇ ਚੜ੍ਹ ਜਾਈਏ ?"[1]

ਕਿਰਪਾਲ ਨੇ ਬੜੇ ਧੀਰਜ ਨਾਲ ਆਪਣੇ ਬਾਪੂ ਨੂੰ ਸਮਝਾਇਆ, "ਬਾਪੂ ਜੇ ਮੈਂ ਇੱਥੇ ਰਿਹਾ ਤਾਂ ਕੀ ਹੋਊ ? ਵੱਧ ਤੋਂ ਵੱਧ ਚਾਰ ਪੈਸੇ ਘਰੇ ਆਉਣ ਲੱਗ ਜਾਣਗੇ। ਪਰ ਮੈਨੂੰ ਪਤਾ ਐ ਕਿ



ਇੱਡੇ ਵੱਡੇ ਟੱਬਰ ਦਾ ਇਸ ਨਾਲ ਸਰਨਾ ਨ੍ਹੀਂ। ਮੁੜ ਕੇ ਫਿਰ ਉਹੀ ਬਹਾਂ ਤੇ ਉਹੀ ਕੁਹਾੜੀ ਰਹੂ। ਪਰ ਜੇਕਰ ਕੇਰਾਂ ਮੈਂ ਅਮਰੀਕਾ ਚਲਿਆ ਗਿਆ ਤਾਂ ਸਭ ਧੋਣੇ ਧੋਤੇ ਜਾਣਗੇ। ਸ਼ੁਰੂ 'ਚ ਜ਼ਰੂਰ ਕੁਝ ਔਖ ਹੋਊਗੀ। ਪਰ ਫਿਰ ਮੈਥੋਂ ਛੋਟੇ ਮੇਰੇ ਪਿੱਛੇ ਆ ਜਾਣਗੇ ਤਾਂ ਤੈਨੂੰ ਸਭ ਮੁਸ਼ਕਲਾਂ ਭੁੱਲ ਜਾਣਗੀਆਂ।"[2]

ਨਾਵਲ ਵਿਚਲੀ ਮੂਲ ਕਥਾ ਪੰਜ ਭੈਣ ਭਰਾਵਾਂ ਦੇ ਪਰਿਵਾਰਾਂ ਦੇ ਬਿਰਤਾਂਤ ਨਾਲ ਜੁੜਦੀ ਹੈ। ਕਿਰਪਾਲ, ਕਰਤਾਰ, ਬਲਕਾਰ ਤੇ ਜਗਤਾਰ ਭਰਾ ਹਨ ਤੇ ਪਾਲੀ ਉਨ੍ਹਾਂ ਦੀ ਭੈਣ ਹੈ। ਨਿਰਭੈ, ਪਾਲੀ ਦੇ ਘਰਵਾਲਾ ਹੈ। ਇਹ ਸਭ ਆਰਥਿਕ ਖੁਸ਼ਹਾਲੀ ਕਰਕੇ ਅਮਰੀਕਾ ਪਰਵਾਸ ਕਰ ਜਾਂਦੇ ਹਨ। ਕਰਤਾਰ ਦੀ ਪਤਨੀ ਤੇਜ ਕੌਰ ਤੇ ਬੇਟੀ ਨਿੰਦੀ ਹੈ। ਕਰਮੀ ਅਤੇ ਧਰਮੀ ਨਿਰਭੈ ਅਤੇ ਪਾਲੀ ਦੀਆਂ ਕੁੜੀਆਂ ਹਨ। ਕਿਰਪਾਲ ਅਤੇ ਹਰਨਾਮ ਉਰਫ ਨਾਮੋ ਦੇ ਦੋ ਬੱਚੇ ਮਨੀ ਅਤੇ ਬੀਰਾ ਹਨ। ਇਵੇਂ ਦੀਪਾ ਤੇ ਸੁਰਜੀਤ, ਜਗਤਾਰ ਦੇ ਮੁੰਡੇ ਹਨ। ਕੁਲਦੀਪ ਨਾਮੀ ਪਾਤਰ ਜੋ ਕਿ ਬਲਕਾਰ ਦਾ ਪੁੱਤਰ ਹੈ, ਨਾਵਲੀ ਬਿਰਤਾਂਤ ਵਿਚ ਅਹਿਮ ਭੂਮਿਕਾ ਅਦਾ ਕਰਦਾ ਹੈ। ਉਹ ਸਾਰੇ ਰਿਸ਼ਤੇਦਾਰਾਂ ਦੇ ਬੱਚਿਆਂ ਦਾ ਹਮ-ਉਮਰ ਤੇ ਰਿਸ਼ਤੇਦਾਰ ਹੋਣ ਕਰਕੇ ਸਾਰਿਆਂ ਦੀ ਅਗਵਾਈ ਕਰਦਾ ਹੈ। ਜਦ ਵੀ ਕਿਸੇ ਨੂੰ ਕੋਈ ਮੁਸ਼ਕਲ ਆਉਂਦੀ ਤਾਂ ਉਸ ਦਾ ਸਮਾਧਾਨ ਕੁਲਦੀਪ ਹੁੰਦਾ ਹੈ। ਇਸ ਤਰ੍ਹਾਂ ਸਾਰੇ ਨਾਵਲੀ ਬਿਰਤਾਂਤ ਦਾ ਧੁਰਾ ਇੰਨਾਂ ਪਰਿਵਾਰਾਂ ਦੇ ਦੁਆਲੇ ਹੀ ਘੁੰਮਦਾ ਹੈ। ਉਹਨਾਂ ਦੇ ਬੱਚਿਆਂ ਦੇ ਵਿਆਹ ਨਾਵਲ ਦੀ ਕੇਂਦਰੀ ਸਮੱਸਿਆ ਜਾਂ ਤਣਾਉ ਹੈ, ਜਿਸ ਦੇ ਦੁਆਲੇ ਬਿਰਤਾਂਤ ਨੂੰ ਉਸਾਰਿਆ ਗਿਆ ਹੈ। ਨਾਵਲੀ ਬਿਰਤਾਂਤ ਵਿਚ ਦੋ ਜੀਵਨ-ਜਾਚਾਂ ਦੇ ਆਪਸੀ ਤਣਾਉ ਤੇ ਸੰਘਰਸ਼ ਨੂੰ ਬੁਣਿਆ ਗਿਆ ਹੈ। ਪੱਛਮੀ ਸਮਾਜ ਵਿਚ ਵਿਆਹ ਸੰਸਥਾ ਟੁੱਟ ਰਹੀ ਹੈ ਅਤੇ ਪੰਜਾਬੀ ਪਰਵਾਸੀ ਸਮਾਜ ਵੀ ਇਸ ਤੋਂ ਅਭਿੱਜ ਨਹੀਂ ਹੈ। 'ਨਵਯੁਗ' ਨਾਵਲ ਵਿਚ ਵੀ ਅਸੀਂ ਦੇਖਦੇ ਹਾਂ ਕਿ ਕਰਮੀ ਦਾ ਇੰਡੀਆ ਤੋਂ ਵਿਆਹ ਕੇ ਲਿਆਂਦਾ ਘਰਵਾਲਾ ਦਰਸ਼ਣ, ਕਰਮੀ ਨੂੰ ਆਪਣੀ ਭਾਰਤੀ ਪਰੰਪਰਕ ਜਾਗੀਰਦਾਰੀ ਮੁੱਲਾਂ ਅਨੁਸਾਰ ਦਬਾ ਕੇ ਰੱਖਣਾ ਚਾਹੁੰਦਾ ਹੈ।

ਨਾਵਲਕਾਰ ਨੇ ਨਾਵਲ ਵਿਚ ਪੱਛਮੀ ਸਮਾਜ-ਸੱਭਿਆਚਾਰ ਵਿਚ ਪਰਿਵਾਰਕ ਇਕਾਈ ਦੀ ਤ੍ਰਾਸਦੀ ਨੂੰ ਬਿਆਨ ਕਰਦਿਆਂ ਰਿਸ਼ਤਿਆਂ ਦਾ ਮਕਾਨਕੀਪਨ ਪੇਸ਼ ਕੀਤਾ ਹੈ। ਨਾਵਲੀ ਬਿਰਤਾਂਤ ਵਿਚ ਕੁਝ ਬੱਚੇ ਵਿਆਹ ਪ੍ਰਬੰਧ ਤੋਂ ਨਾਖੁਸ਼ ਤੇ ਕੁਝ ਖੁਸ਼ ਨਜ਼ਰ ਆਉਂਦੇ ਹਨ। ਕਰਮੀ ਤੇ ਬੀਰਾ ਜੋ ਕਿ ਵਿਦੇਸ਼ ਦੇ ਜੰਮਪਲ ਸਨ, ਜਦ ਮਾਪਿਆਂ ਦੁਆਰਾ ਜ਼ਬਰਦਸਤੀ ਇੰਡੀਆ ਵਿਆਹ ਦਿੱਤੇ ਜਾਂਦੇ ਹਨ ਤਾਂ, ਨਾ ਚਾਹੁੰਦਿਆਂ ਹੋਇਆ ਵੀ ਇਹ ਵਿਆਹ ਅਸਫ਼ਲ ਹੋ ਜਾਂਦੇ ਹਨ। ਦੂਸਰੇ ਪਾਸੇ ਨਾਵਲ ਵਿਚ ਨਿੰਦੀ, ਕੁਲਦੀਪ, ਧਰਮੀ ਅਜਿਹੇ ਪਾਤਰ ਹਨ ਜਿਨ੍ਹਾਂ ਆਪਣੀ ਮਰਜ਼ੀ ਅਨੁਸਾਰ ਆਪਣਾ ਪਾਰਟਨਰ ਚੁਣਿਆ, ਉਹ ਖੁਸ਼ ਸਨ। ਲਿਵ-ਇਨ-ਰਿਲੇਸ਼ਨਸ਼ਿਪ ਦਾ ਸੰਕਲਪ ਵੀ ਭਾਰਤੀ ਪੰਜਾਬੀਆਂ ਵਿਚ ਵੱਧ ਰਿਹਾ ਹੈ।

ਪਰਵਾਸੀ ਮਾਪਿਆਂ ਨੇ ਆਪਣੀ ਅਗਲੇਰੀ ਪੀੜ੍ਹੀ ਨੂੰ ਸੁਧਾਰਨ ਲਈ ਪੰਜਾਬ ਤੋਂ ਰਿਸ਼ਤੇ ਮੰਗਵਾਉਣ ਦੀ ਵੀ ਇਕ ਸੋਚੀ ਸਮਝੀ ਰੁਚੀ ਵਿਖਾਈ ਹੈ। ਜਿਵੇਂ ਨਾਵਲੀ ਬਿਰਤਾਂਤ ਵਿਚ ਕਰਮੀ ਦੇ ਪਿਉ ਨਿਰਭੈ ਨੇ ਆਪਣੀ ਕੁੜੀ ਦਾ ਰਿਸ਼ਤਾ ਪੰਜਾਬ ਕੀਤਾ। ਦੂਸਰੇ ਪਾਸੇ ਬੀਰੇ ਦੇ ਪਿਉ ਕਿਰਪਾਲ ਨੇ ਅੜੀ ਨਾਲ ਬੀਰੇ ਦਾ ਰਿਸ਼ਤਾ ਚੰਡੀਗੜ੍ਹ ਰਹਿੰਦੇ ਆਪਣੇ ਦੋਸਤ ਦੀ ਕੁੜੀ ਨਾਲ ਕੀਤਾ। ਭਾਵੇਂ ਕਿ ਇਹ ਦੋਵੇਂ ਵਿਆਹ ਹੀ ਸਫ਼ਲ ਨਹੀਂ ਹੁੰਦੇ। ਆਪਣੇ ਧੀਆਂ-ਪੁੱਤਾਂ ਲਈ

ਪੰਜਾਬ ਤੋਂ ਰਿਸ਼ਤਾ ਲਿਜਾਣ ਦਾ ਮਤਲਬ ਪੰਜਾਬੀ ਸੰਸਕਾਰਾਂ ਵਾਲੇ ਨੂੰਹ ਜਾਂ ਜਵਾਈ ਦੀ ਆਮਦ ਤੋਂ ਹੈ। ਨਾਵਲਕਾਰ ਨੇ ਇਸ ਬਿਰਤਾਂਤ ਦੀ ਉਸਾਰੀ ਪਰਵਾਸੀ ਵਿਆਹ ਸੰਸਥਾ ਵਿਚ ਜੋ ਕੁਝ ਵਾਪਰ ਰਿਹਾ ਹੈ, ਉਸ ਦੇ ਮੱਦੇਨਜ਼ਰ ਰੱਖ ਕੇ ਹੀ ਕੀਤੀ ਹੈ। ਅਕਸਰ ਪੰਜਾਬੀਆਂ ਦੁਆਰਾ ਬਾਹਰਲੇ ਰਿਸ਼ਤਿਆਂ ਲਈ ਬਹੁਤ ਕੁਝ ਗਲਤ ਦੱਸ ਕੇ ਵਿਆਹ ਕਰਵਾ ਦਿੱਤਾ ਜਾਂਦਾ ਹੈ। ਪਰਵਾਸ ਧਾਰਨ ਕਰ ਗਏ ਮਾਪੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਆਪਣੇ ਬੱਚਿਆਂ ਦੀ ਮਰਜ਼ੀ ਦੇ ਖਿਲਾਫ਼ ਜਾ ਕੇ ਵਿਆਹ ਕਰਵਾ ਦਿੰਦੇ ਹਨ, ਅਕਸਰ ਜਿਸ ਦੇ ਨਤੀਜੇ ਉਹਨਾਂ ਦੇ ਬੱਚਿਆਂ ਨੂੰ ਭੁਗਤਣੇ ਪੈਂਦੇ ਹਨ। ਜਿਵੇਂ ਕਿ 'ਨਵਯੁਗ' ਨਾਵਲ ਵਿਚ ਕਰਮੀ ਇੰਡੀਅਨ ਦਰਸ਼ਣ ਨਾਲ ਵਿਆਹ ਕਰਵਾਉਣ ਉਪਰੰਤ ਭੋਗਦੀ ਹੈ।

ਧੀਆਂ ਅਜੇ ਵੀ 'ਨਰੜ' ਦਾ ਸੰਤਾਪ ਭੋਗਦੀਆਂ ਹਨ। ਕਰਮੀ ਨੂੰ ਜ਼ਬਰਦਸਤੀ ਦਰਸ਼ਣ ਨਾਲ ਨਰੜ ਦਿੱਤਾ ਜਾਂਦਾ ਹੈ। ਨਾਵਲੀ ਬਿਰਤਾਂਤ ਵਿਚ ਸਭ ਤੋਂ ਵੱਧ ਦੁਖਾਂਤ ਕਰਮੀ ਭੋਗਦੀ ਹੈ। ਕਰਮੀ ਦੇ ਪਿਤਾ ਨਿਰਭੈ ਨੇ ਉਸ ਦਾ ਰਿਸ਼ਤਾ ਇੰਡੀਆ ਕੀਤਾ ਤਾਂ ਜੋ ਉਹਨਾਂ ਦੇ ਬੱਚੇ ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿਣ। ਕਰਮੀ ਦੇ ਮਨ੍ਹਾ ਕਰਨ ਦੇ ਬਾਵਜੂਦ ਉਸ ਨੂੰ ਇੰਡੀਆ ਦਰਸ਼ਣ ਨਾਲ ਵਿਆਹ ਦਿੱਤਾ ਜਾਂਦਾ ਹੈ। ਕਰਮੀ ਜੋ ਕਿ ਪੜ੍ਹੀ-ਲਿਖੀ ਤੇ ਚੰਗੀ ਨੌਕਰੀ ਤੇ ਸੀ ਜਦ ਕਿ ਦਰਸ਼ਣ ਬਹੁਤਾ ਪੜ੍ਹਿਆ ਲਿਖਿਆ ਵੀ ਨਹੀਂ ਸੀ, ਉਹ ਅਮਰੀਕਾ ਪਹੁੰਚਣ ਤੇ ਨੌਕਰੀ ਕਰਨ ਤੇ ਵੀ ਕਰਮੀ ਨੂੰ ਨਾਂਹ-ਨੁੱਕਰ ਕਰਦਾ ਹੈ। ਕਰਮੀ ਨੂੰ ਉਸ ਦੇ ਵਿਹਾਰ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਮੁੰਡੇ ਬਾਰੇ ਗਲਤ ਜਾਣਕਾਰੀ ਦੇ ਕੇ ਇਹ ਵਿਆਹ ਕੀਤਾ ਗਿਆ ਹੈ, "ਉਸ ਦੇ ਵਰਤਾਅ ਤੋਂ ਮੈਨੂੰ ਅੰਦਾਜ਼ਾ ਹੋ ਰਿਹਾ ਐ ਕਿ ਇਹ ਕੋਈ ਵਿਹਲੜ ਰਿਹਾ ਮੁੰਡਾ ਐ। ਨਾ ਇਹ ਕੋਈ ਆਈ. ਟੈੱਕ. ਐ ਨਾ ਕਿਧਰੇ ਇਸ ਨੇ ਕੋਈ ਚੰਗੀ ਜਾਬ ਕੀਤੀ ਲੱਗਦੀ ਐ।"[3]

ਕਰਮੀ ਇਕ ਵਧੀਆ ਕਿਰਦਾਰ ਵਾਲੀ ਕੁੜੀ ਹੈ, ਜੋ ਆਪਣੇ ਮਾਪਿਆਂ ਤਹਿਤ ਦਰਸ਼ਣ ਨਾਲ ਵਿਆਹ ਕਰਵਾ ਕੇ ਅਡਜੈੱਸਟ ਕਰਦੀ ਹੈ। ਪਰ ਦਰਸ਼ਣ ਬਿਲਕੁਲ ਵੀ ਕਰਮੀ ਨੂੰ ਸਮਝ ਨਹੀਂ ਪਾਉਂਦਾ। ਦਰਸ਼ਣ ਦਾ ਕਿਰਦਾਰ ਅਣਪੜ੍ਹ, ਈਰਖਾ, ਸਾੜਾ, ਸ਼ੱਕੀ, ਬਦਤਮੀਜ਼ੀ ਕਰਨ ਵਾਲਾ ਹੈ। ਉਸ ਨੂੰ ਕਿਸੇ ਦੀ ਵੀ ਪਰਵਾਹ ਨਹੀਂ। ਨਾਵਲ ਵਿਚ ਦਰਸ਼ਣ ਹੀ ਅਜਿਹਾ ਪਾਤਰ ਹੈ, ਜੋ ਨਾਵਲੀ ਬਿਰਤਾਂਤ ਨੂੰ ਅਖ਼ੀਰ ਵਿਚ ਦੁਖਾਂਤ ਵਿਚ ਬਦਲ ਦਿੰਦਾ ਹੈ। ਉਹ ਆਪਣੇ ਸਹੁਰਿਆਂ, ਚਾਚੇ, ਤਾਏ ਸਹੁਰਿਆਂ ਦੇ ਪਰਿਵਾਰਾਂ ਦੀਆਂ ਖੁਸ਼ੀਆਂ ਨੂੰ ਗ੍ਰਹਿਣ ਲਾ ਦਿੰਦਾ ਹੈ। ਨਾਵਲਕਾਰ, ਪਾਤਰ ਦਰਸ਼ਣ ਅਤੇ ਕਰਮੀ ਰਾਹੀਂ ਦੋ ਸੱਭਿਅਤਾਂ ਦੇ ਸੁਮੇਲ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਨੂੰ ਬਾਖ਼ੂਬੀ ਢੰਗ ਨਾਲ ਉਲੀਕਦਾ ਹੈ।

ਨਾਵਲੀ ਬਿਰਤਾਂਤ ਵਿਚ ਕਰਮੀ ਜਿੰਨਾ ਤਸ਼ੱਦਦ ਆਪਣੇ ਪਤੀ ਦਰਸ਼ਣ ਅਤੇ ਸਹੁਰਿਆਂ ਦਾ ਬਰਦਾਸ਼ਤ ਕਰਦੀ ਹੈ, ਉਹ ਨਾ ਮੰਨਣਯੋਗ ਹੈ। ਉਹ ਵਿਦੇਸ਼ ਵਿਚ ਰਹਿ ਕੇ ਵੀ ਭਾਰਤੀ ਪਰੰਪਰਾ ਅਨੁਸਾਰ ਵਿਆਹ ਨੂੰ ਨਿਭਾਉਣ ਦੀ ਲਗਾਤਾਰ ਕੋਸ਼ਿਸ਼ ਕਰਦੀ ਹੈ। ਉਹ ਆਪਣੇ ਪਤੀ ਅਤੇ ਸਹੁਰਿਆਂ ਦੀਆਂ ਵਧੀਕੀਆਂ ਬਰਦਾਸ਼ਤ ਕਰਦੀ ਹੈ। ਘਰ, ਪਰਿਵਾਰ, ਮਾਸੀ ਸੱਸ ਅਤੇ ਮਾਸੜ ਆਦਿ ਸਭ ਦਾ ਖ਼ਰਚਾ ਕਰਮੀ ਇਕੱਲੀ ਹੀ ਕਰਦੀ ਹੈ। ਜਦ ਕਿ ਵਿਦੇਸ਼ਾਂ ਵਿਚ ਅਜਿਹੀ ਪਿਰਤ ਬਹੁਤ ਘੱਟ ਨਜ਼ਰ ਆਉਂਦੀ ਹੈ ਕਿ ਸਿਰਫ਼ ਔਰਤ ਹੀ ਕੰਮ ਕਰੇ ਤੇ ਬਾਕੀ ਸਭ ਬੈਠ ਕੇ ਖਾਣ। ਕਰਮੀ ਅਣਸੁਖਾਵੇਂ ਵਿਆਹ ਕਰਕੇ ਲਗਾਤਾਰ ਤ੍ਰਾਸਦੀ ਭੋਗਦੀ ਹੈ।



ਨਾਵਲ ਵਿਚ ਅੰਤਰਜਾਤੀ ਵਿਆਹ ਰਾਹੀਂ ਨਾਵਲਕਾਰ ਨੇ ਪਰਵਾਸੀ ਸਮਾਜ ਵਿਚ ਪੈਦਾ ਹੋ ਰਹੀ ਨਵੀਂ ਤਬਦੀਲੀ ਨੂੰ ਪੇਸ਼ ਕੀਤਾ ਹੈ। ਭਾਵੇਂ ਨਾਵਲਕਾਰ ਨੇ ਨਾਵਲੀ ਬਿਰਤਾਂਤ ਵਿਚ ਅੰਤਰਜਾਤੀ ਵਿਆਹ ਨੂੰ ਮਾਨਤਾ ਦਿਖਾਈ ਹੈ, ਪਰ ਇਸ ਸਭ ਦੇ ਬਾਵਜੂਦ ਅਜੇ ਵੀ ਪੰਜਾਬੀ ਪਰਵਾਸੀਆਂ ਦੀ ਮਾਨਸਿਕਤਾ ਵਿਚੋਂ ਜਾਤ-ਪਾਤੀ ਅਭਿਮਾਨ ਦੂਰ ਨਹੀਂ ਹੋਇਆ। ਨਾਵਲ ਵਿਚ ਨਿੰਦੀ ਤੇ ਧਰਮੀ ਦਾ ਗੈਰ-ਸਿੱਖ ਮੁੰਡਿਆਂ ਨੂੰ ਵਿਆਹ ਲਈ ਚੁਣਨਾ ਉਹਨਾਂ ਦੇ ਮਾਪਿਆਂ ਨੂੰ ਬਿਲਕੁਲ ਵੀ ਗਵਾਰਾ ਨਹੀਂ ਹੁੰਦਾ। ਨਾਵਲ ਵਿਚ ਧਰਮੀ ਦਾ ਕਾਲੇ ਮੁੰਡੇ ਨਾਲ ਵਿਆਹ ਜੋ ਕਿ ਮੁਸਲਿਮ ਹੈ (ਹੈਦਰ ਅਸਲਮ) ਨਿੰਦੀ ਦਾ ਬੁਆਏ ਫ੍ਰੈਂਡ ਜੈਸਨ ਹੈ, ਕੁਲਦੀਪ ਜੋ ਕਿ ਵਿਧਵਾ ਅੰਤਰਜਾਤੀ ਕੁੜੀ ਨਾਲ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿੰਦਾ ਹੈ ਆਦਿ ਨਵੀਂ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਮਰਦ-ਔਰਤ ਪਾਤਰ ਹਨ ਜੋ ਪਰੰਪਰਕ ਪਰਵਾਸੀ ਸਮਾਜ ਦੇ ਜਾਤਪਾਤੀ ਸੰਕਲਪਾਂ ਨੂੰ ਆਪਣੀ ਮਾਨਸਿਕਤਾ ਦਾ ਹਿੱਸਾ ਨਹੀਂ ਬਣਾਉਂਦੇ। ਉਹ ਜਾਤਪਾਤੀ ਹਉਂ ਤੋਂ ਰਹਿਤ ਹੋ ਪਰਵਾਸੀ ਪੰਜਾਬੀ ਸਮਾਜ ਵਿਚ ਨਵਾਂ ਰਿਸ਼ਤਾ ਸਿਰਜਣ ਦਾ ਨਿਵੇਕਲਾ ਯਤਨ ਕਰਦੇ ਹਨ, ਜਦ ਕਿ ਉਹਨਾਂ ਦੇ ਮਾਪੇ ਪੰਜਾਬੀ ਪਰੰਪਰਾ ਨਾਲ ਜੁੜੇ ਹੋਣ ਕਰਕੇ ਇਸ ਸਭ ਕੁਝ ਨੂੰ ਚੰਗਾ ਨਹੀਂ ਸਮਝਦੇ।

ਪਰਵਾਸੀਆਂ ਦੀ ਨਵੀਂ ਪੀੜ੍ਹੀ ਦੇ ਬੱਚੇ ਆਪਣੀ ਪਹਿਲੀ ਪੀੜ੍ਹੀ ਦੇ ਮੁਕਾਬਲੇ ਪਰੰਪਰਾਵਾਦੀ ਨਹੀਂ, ਕਿਉਂਕਿ ਉਹ ਪੱਛਮੀ ਸਮਾਜ-ਸਭਿਆਚਾਰ ਨੂੰ ਆਪਣਾ ਨਿੱਜੀ ਸਭਿਆਚਾਰ ਮੰਨਦੇ ਹਨ। ਇਸ ਲਈ ਉਨ੍ਹਾਂ ਨੂੰ ਪਰੰਪਰਕ ਪ੍ਰਤੀਮਾਨਾਂ ਦੀ ਕੈਦ ਭੁਗਤਦੀ ਪਹਿਲੀ ਪੀੜ੍ਹੀ, ਜ਼ਬਰਦਸਤੀ ਉਨ੍ਹਾਂ ਉੱਪਰ ਠੋਸੇ ਜਾਂਦੇ ਵਿਰਸੇ ਦੇ ਮਾਪਦੰਡ ਤੇ ਮਾਪਿਆਂ ਵੱਲੋਂ ਪੰਜਾਬੋਂ ਲਿਆਂਦੇ ਰਿਸ਼ਤੇ (ਮੰਗੇਤਰ, ਲਾੜਾ-ਲਾੜੀ) ਕਤਈ ਪਸੰਦ ਨਹੀਂ ਆਉਂਦੇ ਕਿਉਂਕਿ ਨਵੀਂ ਪੀੜ੍ਹੀ ਪੰਜਾਬ ਦੇ ਪਰੰਪਰਕ ਖ਼ਿਆਲਾਂ ਵਾਲੇ ਮਰਦ-ਔਰਤ ਪਾਤਰਾਂ ਨੂੰ ਆਪਣੇ ਹਾਣ ਦਾ ਤਸੱਵੁਰ ਨਹੀਂ ਕਰਦੀ। ਇਸ ਲਈ ਅਜਿਹੇ ਵਿਆਹਾਂ ਦੇ ਦੂਰ-ਰਸੀ ਸਿੱਟੇ ਬਹੁਤੇ ਵਧੀਆ ਨਹੀਂ ਨਿਕਲਦੇ। ਨਾਵਲੀ ਬਿਰਤਾਂਤ ਵਿਚ ਇਕ ਤਾਂ ਕਰਮੀ ਇੰਡੀਆ ਵਿਆਹੀ ਜਾਂਦੀ ਹੈ, ਜਿਸ ਦੇ ਸਿੱਟੇ ਵਧੀਆਂ ਨਹੀਂ ਨਿਕਲਦੇ। ਦੂਸਰੇ ਪਾਸੇ ਕਿਰਪਾਲ ਆਪਣੀ ਜ਼ਿੱਦ ਨਾਲ ਬੀਰੇ ਦਾ ਵਿਆਹ ਇੰਡੀਆ ਕਰਦਾ ਹੈ, ਉਸ ਦੇ ਸਿੱਟੇ ਵੀ ਵਧੀਆ ਨਹੀਂ ਨਿਕਲਦੇ। ਧਰਮੀ ਅਤੇ ਨਿੰਦੀ ਜੋ ਕਿ ਕਰਮੀ ਦੀ ਭੈਣ ਤੇ ਨਿੰਦੀ ਕਜ਼ਨ ਹਨ, ਉਹ ਇੰਡੀਆ ਵਿਆਹ ਕਰਵਾਉਣ ਤੋਂ ਬਿਲਕੁਲ ਇਨਕਾਰੀ ਹੋ ਕੇ ਆਪਣੀ ਜ਼ਿੰਦਗੀ ਬਰਬਾਦ ਹੋਣ ਤੋਂ ਬਚਾ ਲੈਂਦੀਆਂ ਹਨ। ਨਿੰਦੀ ਤੇ ਧਰਮੀ ਦੋਵੇਂ ਹੀ ਅੰਤਰਜਾਤੀ ਵਿਆਹ ਕਰਵਾਉਣ ਤੋਂ ਸੰਕੋਚ ਨਹੀਂ ਕਰਦੀਆਂ।

ਹਰਮਹਿੰਦਰ ਚਹਿਲ ਦੇ ਨਾਵਲ 'ਨਵਯੁਗ' ਦੇ ਪਾਤਰ ਕਰਮੀ ਤੇ ਬੀਰਾ ਮਾਪਿਆਂ ਵੱਲੋਂ ਪੰਜਾਬੋਂ ਲਿਆਂਦੇ ਰਿਸ਼ਤੇ ਨਾਲ ਵਿਆਹ ਤਾਂ ਕਰਵਾ ਲੈਂਦੇ ਹਨ, ਪਰ ਜਗੀਰੂ ਮਾਨਸਿਕਤਾ ਵਾਲੇ ਦਰਸ਼ਣ (ਕਰਮੀ ਦਾ ਪਤੀ) ਤੇ ਪੱਛਮ ਦੀ ਜੰਮਪਲ ਕਰਮੀ ਵਿਚਕਾਰ ਕਦਰਾਂ-ਕੀਮਤਾਂ ਦੀ ਵਿੱਥ ਬਣੀ ਰਹਿੰਦੀ ਹੈ। ਏਸੇ ਤਰ੍ਹਾਂ ਬੀਰੇ ਦੀ ਪਤਨੀ ਰੱਤੀ ਜੋ ਕਿ ਚੰਡੀਗੜ੍ਹ ਦੇ ਕਿਸੇ ਵੱਡ ਅਫ਼ਸਰ ਦੀ ਧੀ ਸੀ, ਉਸਨੂੰ ਵੀ ਆਪਣੇ ਪਿਤਾ ਦੀ ਅਫ਼ਸਰੀ ਵਿਦੇਸ਼ ਵਿਚ ਜਾ ਕੇ ਵੀ ਸਿਰ ਨੂੰ ਚੜ੍ਹੀ ਰਹਿੰਦੀ ਹੈ। ਰੱਤੀ ਵੀ ਆਪਣੇ ਪਤੀ ਤੋਂ ਬਾਹਰੀ ਹੈ। ਉਹ ਬੀਰੇ ਨੂੰ ਕੁਝ ਨਹੀਂ ਸਮਝਦੀ। ਕਰਮੀ ਤੇ ਦਰਸ਼ਣ ਵਿਚਕਾਰ ਝਗੜੇ ਦਾ ਮੂਲ ਕਾਰਨ ਸੱਭਿਆਚਾਰਕ ਪਾੜਾ ਹੈ। ਕਰਮੀ ਦੀ ਪਰਵਰਿਸ਼ ਪੱਛਮੀ

ਸਭਿਆਚਾਰ ਵਿਚ ਹੋਣ ਦੇ ਬਾਵਜੂਦ ਉਹ ਦਰਸ਼ਣ ਨਾਲ ਹਰ ਤਰ੍ਹਾਂ ਨਾਲ ਅਡਜੱਸਟ ਕਰਦੀ ਹੈ। ਦਰਸ਼ਣ ਪੰਜਾਬੀ ਸਭਿਆਚਾਰ ਦਾ ਅਨੁਸਾਰੀ ਹੈ। ਕਰਮੀ ਦਾ ਪਾਰਟੀ ਵਿਚੋਂ ਵਾਪਿਸ ਘਰ ਆਉਣ ਸਮੇਂ ਕਿਸੇ ਮੁੰਡੇ ਨਾਲ ਕਾਰ ਤੇ ਚੜ੍ਹ ਕੇ ਆਉਣਾ ਵੀ ਦਰਸ਼ਣ ਨੂੰ ਆਵਾਜ਼ਾਰ ਕਰਦਾ ਹੈ। ਉਪਰੋਕਤ ਦੇ ਸੰਦਰਭ ਵਿਚ ਦਰਸ਼ਣ ਦਾ ਪ੍ਰਤਿਕਰਮ ਧਿਆਨ ਦੀ ਮੰਗ ਕਰਦਾ ਹੈ:

"ਕਿਉਂ ਆ ਗਈ ਯਾਰ ਹੰਢਾ ਕੇ ?"

"ਕੀ ਮਤਲਬ ਤੇਰਾ ? ਤੈਨੂੰ ਅਜਿਹੀ ਗੱਲ ਕਹਿਣ ਤੋਂ ਪਹਿਲਾਂ ਕੁਛ ਸੋਚਣਾ ਚਾਹੀਦਾ ਐ।"

"ਯਾਰਾਂ ਨਾਲ ਤੂੰ ਘੁੰਮੇ ਤੇ ਸੋਚਾਂ ਮੈਂ ?"

"ਬਹਾਨੇ ਬਣਾਉਣੇ ਤਾਂ ਇਸ ਮੇਮ ਸਾਹਬ ਤੋਂ ਸਿੱਖੇ ਕੋਈ।"[4]

ਉਪਰੋਕਤ ਹਵਾਲੇ ਤੋਂ ਦਰਸ਼ਣ ਦੀ ਮਾਨਸਿਕਤਾ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਥੇ ਤਣਾਉ ਦੋ ਦਿਸ਼ਾਵਾਂ ਗ੍ਰਹਿਣ ਕਰਦਾ ਹੈ। ਇਕ ਪੀੜ੍ਹੀ-ਪਾੜੇ ਦਾ ਤੇ ਦੂਸਰਾ ਸਭਿਆਚਾਰਕ ਪਾੜੇ ਦਾ। ਦਰਸ਼ਣ, ਕਰਮੀ ਦੇ ਹਾਣ ਦਾ ਹੋਣ ਦੇ ਬਾਵਜੂਦ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੀ ਮਾਨਸਿਕਤਾ ਦੀ ਪ੍ਰਤੀਨਿਧਤਾ ਕਰਦਾ ਪਾਤਰ ਹੈ। ਦੂਸਰਾ ਉਹ ਜਗੀਰੂ ਸਭਿਆਚਾਰ ਦਾ ਧਾਰਨੀ ਹੈ, ਜਿਸ ਵਿਚ ਔਰਤ ਮਰਦ ਲਈ ਕਠਪੁਤਲੀ ਹੈ। ਦਰਸ਼ਣ ਦੁਆਰਾ ਕਰਮੀ ਦੇ ਚਪੇੜ ਮਾਰਣ ਕਰਕੇ ਕਰਮੀ ਅਲੱਗ ਹੋਣ ਦਾ ਫ਼ੈਸਲਾ ਕਰਦੀ ਹੈ, ਪਰ ਇਸ ਦੇ ਬਾਵਜੂਦ ਉਹ ਕੋਈ ਪੁਲਿਸ ਕਾਰਵਾਈ ਨਹੀਂ ਕਰਵਾਉਂਦੀ ਤੇ ਨਾ ਹੀ ਦਰਸ਼ਣ ਨੂੰ ਵਾਪਸ ਇੰਡੀਆ ਭਿਜਵਾਉਂਦੀ ਹੈ। ਬੇਸ਼ੱਕ ਕਰਮੀ ਇਹ ਸਭ ਕੁਝ ਕਰਵਾ ਸਕਦੀ ਸੀ, ਪਰ ਉਹ ਅਜਿਹਾ ਨਹੀਂ ਕਰਦੀ।

ਪੂੰਜੀਵਾਦੀ ਸਮਾਜ ਵਿਚ ਰਿਸ਼ਤੇ ਕਿਸੇ ਪ੍ਰੇਮ ਪਿਆਰ ਜਾਂ ਸਦਭਾਵਨਾ ਦੀ ਸਾਂਝ ਪੈਦਾ ਕਰਨ ਦੀ ਬਜਾਏ ਮਕਸਦ ਪ੍ਰਾਪਤੀ ਦਾ ਮਾਧਿਅਮ ਬਣ ਜਾਂਦੇ ਹਨ। ਜਿਵੇਂ ਨਾਵਲੀ ਬਿਰਤਾਂਤ ਵਿਚ ਬੀਰੇ ਦੀ ਪਤਨੀ ਰੱਤੀ ਜੋ ਬੀਰੇ ਨਾਲ ਵਿਆਹ ਕਰਵਾਉਣ ਉਪਰੰਤ ਇੰਡੀਆ ਤੋਂ ਆਪਣੇ ਬੁਆਏ ਫ੍ਰੈਂਡ ਨਾਲ ਰਿਲੇਸ਼ਨ ਰੱਖਦੀ ਹੈ ਤੇ ਪ੍ਰੈੱਗਨੈਂਟ ਹੋ ਜਾਂਦੀ ਹੈ। ਉਹ ਬੀਰੇ ਦੇ ਪਿਤਾ ਕਿਰਪਾਲ ਦੇ ਕਲੀਨਿਕ ਨੂੰ ਹੜੱਪਣਾ ਚਾਹੁੰਦੀ ਹੈ। ਇਹ ਸਭ ਕੁਝ ਉਸ ਦੇ ਮਾਪਿਆਂ ਦੇ ਕਹੇ ਅਨੁਸਾਰ ਹੀ ਹੁੰਦਾ ਹੈ। ਅਜਿਹੇ ਰਿਸ਼ਤੇ ਮਨੁੱਖ ਨੂੰ ਸਰਬ-ਸਾਂਝ ਨਾਲੋਂ ਤੋੜ ਕੇ ਵਿਅਕਤੀਵਾਦ ਦਾ ਸ਼ਿਕਾਰ ਬਣਾ ਦਿੰਦੇ ਹਨ ਜੋ ਅੱਗੋਂ ਮਾਨਵੀ ਅਸਤਿਤਵ ਲਈ ਹੋਰ ਸੰਕਟ ਪੈਦਾ ਕਰਦੇ ਹਨ।

ਪਰਵਾਸੀਆਂ ਦੀ ਦੂਜੀ-ਤੀਜੀ ਪੀੜ੍ਹੀ ਜੋ ਵਿਦੇਸ਼ਾਂ ਵਿਚ ਹੀ ਜੰਮੇ-ਪਲੇ, ਪਰੰਪਰਾ ਤੋਂ ਕੋਹਾਂ ਦੂਰ ਹਨ। ਪੱਛਮੀ ਪ੍ਰਭਾਵ ਅਧੀਨ ਉਨ੍ਹਾਂ ਨੇ ਵਿਆਹ-ਸੰਸਥਾ ਨੂੰ ਵੀ ਨਕਾਰਣਾ ਸ਼ੁਰੂ ਕਰ ਦਿੱਤਾ ਹੈ। ਜਿਨਸੀ-ਲੋੜਾਂ ਦੀ ਪੂਰਤੀ ਲਈ ਪਾਰਟਨਰ ਰੱਖਣ ਦਾ ਰੁਝਾਨ ਵੀ ਪੈਦਾ ਹੋ ਰਿਹਾ ਹੈ। ਜਿਵੇਂ ਨਾਵਲੀ ਬਿਰਤਾਂਤ ਵਿਚ ਕੁਲਦੀਪ ਨੇ ਘਰਦਿਆਂ ਤੋਂ ਬਾਹਰ ਇਕ ਕੁੜੀ ਰੱਖੀ ਹੋਈ ਹੈ। ਜਿਸ ਤੋਂ ਉਸ ਦੇ ਦੋ ਬੱਚੇ ਵੀ ਹਨ, ਪਰ ਉਨ੍ਹਾਂ ਵਿਆਹ ਨਹੀਂ ਕਰਵਾਇਆ। ਇਸ ਸੰਦਰਭ ਵਿਚ ਕੁਲਦੀਪ ਜਦ ਆਪਣੀ ਮਾਂ ਨੂੰ ਦੱਸਦਾ ਹੈ ਤਾਂ ਕਹਿੰਦਾ ਹੈ:

"ਹੁਣ ਵਾਲੀ ਕੁੜੀ ਜਿਸ ਦਾ ਮੇਰੇ ਨਾਲ ਸੰਬੰਧ ਐ ਉਹ ਪਿਛਲੇ ਚਾਰ ਸਾਲ ਤੋਂ ਮੇਰੇ ਨਾਲ ਰਹਿ ਰਹੀ ਐ। ਸਾਨੂੰ ਦੋਨਾਂ ਨੂੰ ਜਾਪਦਾ ਐ ਕਿ ਅਸੀਂ 'ਕੱਠੇ ਰਹਿ ਸਕਦੇ ਆਂ। ਤੁਹਾਡੀ ਖ਼ੁਸ਼ੀ ਲਈ ਦੱਸ



ਦਿਆਂ ਕਿ ਸਾਡੇ ਦੋ ਬੱਚੇ ਵੀ ਨੇ। ਅਸੀਂ ਸਾਰੀ ਉਮਰ ਕੱਠੇ ਰਹੀ ਜਾਵਾਂਗੇ ਪਰ ਵਿਆਹ ਵਾਲਾ ਫੰਦਾ ਨ੍ਹੀਂ ਪਾਉਣਾ। ਜੇਕਰ ਨਿਭਣੀ ਹੋਈ ਤਾਂ ਇਉਂ ਈ ਨਿਭੀ ਚੱਲੂਗੀ ਜੇਕਰ ਨਾ ਨਿਭੀ ਤਾਂ ਵਿਆਹ ਕਰਕੇ ਵੀ ਨ੍ਹੀਂ ਨਿਭਣੀ।"[5]

ਨਾਵਲੀ ਬਿਰਤਾਂਤ ਵਿਚ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿਣ ਦੀ ਦੂਸਰੀ ਉਦਾਹਰਣ ਸੁਰਜੀਤ ਹੈ, ਜੋ ਕੁਲਦੀਪ ਦੇ ਚਾਚੇ ਜਗਤਾਰ ਦਾ ਮੁੰਡਾ ਹੈ। ਜਗਤਾਰ ਦੇ ਦੋ ਮੁੰਡੇ ਹਨ ਦੀਪਾ ਤੇ ਸੁਰਜੀਤ। ਦੀਪਾ ਜੋ ਕਿ ਗੇਅ ਹੈ ਅਤੇ ਵਿਆਹ ਨਹੀਂ ਕਰਵਾਉਣਾ ਚਾਹੁੰਦਾ। ਉਸ ਦੇ ਮਾਪਿਆਂ ਨੂੰ ਇਹੀ ਫ਼ਿਕਰ ਰਹਿੰਦਾ ਹੈ ਕਿ ਉਹਨਾਂ ਦਾ ਵੰਸ਼ ਅੱਗੇ ਕਿਸ ਤਰ੍ਹਾਂ ਚੱਲੇਗਾ ਕਿਉਂਕਿ ਸੁਰਜੀਤ ਵੀ ਦੀਪੇ ਵਾਂਗ ਵਿਆਹ ਨਹੀਂ ਕਰਵਾਉਣਾ ਚਾਹੁੰਦਾ। ਪਰ ਸੁਰਜੀਤ ਵੀ ਕੁਲਦੀਪ ਵਾਂਗ ਪਹਿਲਾਂ ਲਿਵ-ਇਨ-ਰਿਲੇਸ਼ਨਸ਼ਿਪ ਵਿਚ ਰਹਿ ਚੁੱਕਾ ਸੀ ਤੇ ਫਿਰ ਕੁੜੀ ਨਾਲੋਂ ਅਲੱਗ ਹੋ ਗਿਆ ਸੀ। ਉਹਨਾਂ ਦੋਹਾਂ ਦਾ ਇਕ ਮੁੰਡਾ ਸੀ। "ਵੇਖੋ, ਕਾਫੀ ਪਹਿਲਾਂ ਜਦੋਂ ਸੁਰਜੀਤ ਇੱਥੇ ਹੁੰਦਾ ਸੀ ਤਾਂ ਇਕ ਜੇਮੀ ਨਾਂ ਦੀ ਗੋਰੀ ਕੁੜੀ ਉਸਦੀ ਗਰਲਫਰੈਂਡ ਹੁੰਦੀ ਸੀ। ਇਨ੍ਹਾਂ ਦੋਨਾਂ ਦਾ ਇਕ ਮੁੰਡਾ ਹੈ ਜੋ ਕਿ ਇਸ ਵੇਲੇ ਪੰਜ ਕੁ ਸਾਲ ਦਾ ਹੋਵੇਗਾ। ਉਸ ਪਿਛੋਂ ਇਨ੍ਹਾਂ ਦਾ ਬਰੇਕਅੱਪ ਹੋ ਗਿਆ ਤੇ ਉਹ ਮੁੰਡਾ ਹੁਣ ਜੇਮੀ ਕੋਲ ਐ। ਪਰ ਉਨ੍ਹਾਂ ਦੋਨਾਂ ਦੀ ਤਾਂ ਸਗੋਂ ਮੁੰਡੇ ਨੂੰ ਲੈ ਕੇ ਲੜਾਈ ਹੁੰਦੀ ਰਹਿੰਦੀ ਐ। ਜੇਮੀ ਮੁੰਡੇ ਦਾ ਖਰਚਾ ਮੰਗਦੀ ਐ ਤੇ ਕਹਿੰਦੀ, ਜਾਂ ਆਪਣੇ ਮੁੰਡੇ ਨੂੰ ਲੈ ਜਾ। ਮੇਰਾ ਖਿਆਲ ਐ ਕਿ ਉਹ ਮੁੰਡੇ ਦੀ ਹਵਾਲਗੀ ਤੁਹਾਨੂੰ ਖ਼ੁਸ਼ੀ ਖ਼ੁਸ਼ੀ ਦੇ ਦੇਵੇਗੀ।"[6]

ਭਾਰਤ ਵਿਚ ਵੀ ਮਰਦ-ਔਰਤ ਦਾ ਵਿਆਹ ਤੋਂ ਬਗ਼ੈਰ ਇਕੱਠੇ ਰਹਿਣਾ ਕਾਨੂੰਨੀ ਤੌਰ 'ਤੇ ਜਾਇਜ਼ ਹੈ ਪਰ ਸਮਾਜਕ ਨੇਮ ਇਸ ਦੀ ਇਜਾਜ਼ਤ ਨਹੀਂ ਦਿੰਦੇ। ਭਾਰਤ ਵਿਚ ਵਿਆਹ ਤੋਂ ਬਿਨਾਂ ਇਕੱਠੇ ਰਹਿਣ ਵਾਲੇ ਮਰਦ-ਔਰਤ ਨੂੰ ਸਮਾਜਕ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦ ਕਿ ਵਿਦੇਸ਼ਾਂ ਵਿਚ ਵਿਆਹ ਤੋਂ ਬਗ਼ੈਰ ਇਕੱਠੇ ਰਹਿਣ ਦਾ ਪ੍ਰਚਲਨ ਆਮ ਹੈ ਤੇ ਇਸ ਉੱਪਰ ਕੋਈ ਵੀ ਕਿੰਤੂ-ਪ੍ਰੰਤੂ ਨਹੀਂ ਕਰਦਾ। ਭਾਵੇਂ ਕਿ ਇਧਰੋਂ ਗਏ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਇਸ ਤਰ੍ਹਾਂ ਰਹਿਣਾ ਕਬੂਲ ਨਹੀਂ, ਪਰ ਉਹ ਖੁੱਲ੍ਹ ਕੇ ਉਸ ਦੀ ਵਿਰੋਧਤਾ ਵੀ ਨਹੀਂ ਕਰ ਪਾਉਂਦੇ। 'ਨਵਯੁਗ' ਨਾਵਲ ਵਿਚ ਵੀ ਕੁਲਦੀਪ ਦੇ ਮਾਤਾ-ਪਿਤਾ ਬਾਹਰੀ ਵਿਆਹ ਪ੍ਰਬੰਧ ਤੋਂ ਪੈਦਾ ਹੋਏ ਉਸਦੇ ਬੱਚਿਆਂ ਨੂੰ ਅਪਣਾ ਲੈਂਦੇ ਹਨ, ਉਸੇ ਤਰ੍ਹਾਂ ਸੁਰਜੀਤ ਦੇ ਮਾਤਾ-ਪਿਤਾ ਵੀ ਸੁਰਜੀਤ ਦੇ ਪੰਜ-ਸਾਲਾ ਮੁੰਡੇ ਨੂੰ ਸੁਰਜੀਤ ਦੀ ਗਰਲਫ੍ਰੈਂਡ ਤੋਂ ਲੈ ਲੈਂਦੇ ਹਨ। ਨਾਵਲਕਾਰ ਇਨ੍ਹਾਂ ਬਿਰਤਾਂਤਕ ਹਵਾਲਿਆਂ ਨਾਲ ਇਹ ਦਰਸਾਉਣ ਦਾ ਯਤਨ ਕਰਦਾ ਹੈ ਪਰਵਾਸੀਆਂ ਦੀ ਨਵੀਂ ਪੀੜ੍ਹੀ ਕਿਸ ਤਰ੍ਹਾਂ ਵਿਦੇਸ਼ਾਂ ਵਿਚ ਰਹਿ ਕੇ ਉੱਥੋਂ ਦੇ ਕਲਚਰ ਨੂੰ ਅਪਣਾ ਰਹੀ ਹੈ। ਦੁਬਿਧਾ ਨਵੀਂ ਪੀੜ੍ਹੀ ਲਈ ਨਹੀਂ ਬਲਕਿ ਪੁਰਾਣੀ ਪੀੜ੍ਹੀ ਦੀ ਹੈ, ਜਿਨ੍ਹਾਂ ਨੇ ਪਰਵਾਸ ਕੀਤਾ। ਨਵੀਂ ਪੀੜ੍ਹੀ ਲਈ ਤਾਂ ਇਹ ਸਭ ਗੱਲਾਂ ਆਮ ਹਨ।

ਪੂੰਜੀਵਾਦੀ ਯੁੱਗ ਦੀ ਆਮਦ ਨਾਲ ਔਰਤ-ਮਰਦ ਦੇ ਰਿਸ਼ਤੇ ਵਿਚ ਮਹੱਤਵਪੂਰਨ ਤਬਦੀਲੀਆਂ ਵਾਪਰੀਆਂ ਹਨ। ਇਸਦਾ ਪ੍ਰਮੁੱਖ ਕਾਰਨ ਔਰਤ ਦਾ ਪੈਸਾ ਕਮਾਉਣ ਲਈ ਆਰਥਿਕ ਖੇਤਰ ਵਿਚ ਪ੍ਰਵੇਸ਼ ਤੇ ਮਰਦ ਦੀ ਅਧੀਨਗੀ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੈ। ਪੂੰਜੀਵਾਦ ਨੇ ਸਦੀਆਂ ਤੋਂ ਗ਼ੁਲਾਮੀ ਭੋਗਦੀ ਔਰਤ ਨੂੰ ਆਜ਼ਾਦੀ ਦਾ ਨਿੱਘ ਮਾਣਨ ਦੇ ਮੌਕੇ ਪ੍ਰਦਾਨ ਕੀਤੇ। 'ਨਵਯੁਗ' ਨਾਵਲ ਵਿਚ ਪਾਤਰ ਕਿਰਪਾਲ ਦੀ ਪਤਨੀ 'ਨਾਮੋ' ਦਾ ਡਾਕਟਰੀ ਪੇਸ਼ੇ ਵਿਚ ਆਪਣੇ

ਪਤੀ ਨਾਲ ਕੰਮ ਕਰਾਉਣਾ। ਉਨ੍ਹਾਂ ਦੋਹਾਂ ਦੀ ਕੁੜੀ ਮਨੀ ਦਾ ਡਾਕਟਰ ਬਣ ਕੇ ਕਲੀਨਿਕ ਵਿਚ ਨੌਕਰੀ ਕਰਨਾ, ਕਰਮੀ ਤੇ ਧਰਮੀ ਜਿਨ੍ਹਾਂ ਦੇ ਮਾਂ-ਪਿਉ ਨਿਰਭੈ ਤੇ ਪਾਲੀ ਹਨ, ਉਹ ਵੀ ਵਧੀਆ ਪੜ੍ਹ-ਲਿਖ ਕੇ ਚੰਗੀ ਨੌਕਰੀ ਤੇ ਲੱਗੀਆਂ ਹੋਈਆਂ ਹਨ। ਨਿੰਦੀ ਵੀ ਵਧੀਆ ਨੌਕਰੀ ਕਰਦੀ ਹੈ। ਇਹ ਸਭ ਬਿਰਤਾਂਤਕ ਹਵਾਲੇ ਵਿਦੇਸ਼ਾਂ ਵਿਚ ਔਰਤ ਦੀ ਆਰਥਿਕ ਆਜ਼ਾਦੀ ਦੇ ਹਵਾਲੇ ਹਨ।

ਨਾਵਲਕਾਰ ਹਰਮਹਿੰਦਰ ਚਹਿਲ ਨੇ ਨਾਵਲ 'ਨਵਯੁਗ' ਵਿਚ ਬਹੁਤ ਸਾਰੇ ਮੁੱਦਿਆਂ, ਨਵੀਨ ਵਿਸ਼ਿਆਂ, ਨਵੀਆਂ ਪਿਰਤਾਂ, ਅਜੋਕੇ ਦੌਰ ਵਿਚ ਪਰਵਾਸੀਆਂ ਦੇ ਦ੍ਰਿਸ਼ਟੀਕੋਣ ਆਦਿ ਨੂੰ ਬਾਖ਼ੂਬੀ ਢੰਗ ਨਾਲ ਨਾਵਲੀ ਬਿਰਤਾਂਤ ਦਾ ਹਿੱਸਾ ਬਣਾਇਆ ਗਿਆ ਹੈ। ਪੱਛਮ ਵਿਚ ਭਾਰਤੀ ਔਰਤਾਂ ਪਹਿਲਾਂ ਪਹਿਲ ਸ਼ਰਾਬ ਦੀ ਵਰਤੋਂ ਘੱਟ ਕਰਦੀਆਂ ਸਨ ਪਰੰਤੂ ਅੱਜ ਕਾਫੀ ਔਰਤਾਂ ਪੀਣ ਲੱਗ ਪਈਆਂ ਹਨ। ਨਾਵਲੀ ਬਿਰਤਾਂਤ ਵਿਚ ਕਜ਼ਨ ਗਰੁੱਪ (ਭੈਣ, ਭਰਾਵਾਂ ਦਾ) ਜਦ ਵੀ ਇਕੱਠਾ ਹੁੰਦਾ ਹੈ, ਉੱਥੇ ਕੁੜੀਆਂ ਵੀ ਸ਼ਰਾਬ ਪੀਂਦੀਆਂ ਹਨ। ਪੱਛਮੀ ਰਹਿਤਲੀ-ਮੁੱਲਾਂ ਦਾ ਪੰਜਾਬੀ ਮਰਦਾਂ-ਔਰਤਾਂ ਉੱਪਰ ਨਿਰੰਤਰ ਪ੍ਰਭਾਵ ਪੈ ਰਿਹਾ ਹੈ ਅਤੇ ਉਹਨਾਂ ਦੀ ਮਾਨਸਿਕਤਾ ਅਤੇ ਸੁਭਾਅ ਵਿਚ ਵੀ ਤਬਦੀਲੀ ਆ ਰਹੀ ਹੈ। ਦਰਸ਼ਣ ਜੋ ਕਿ ਕਰਮੀ ਦਾ ਪਤੀ ਹੈ, ਜਦ ਕਿਧਰੇ ਕਰਮੀ ਕਿਸੇ ਪਾਰਟੀ ਵਿਚ ਗਈ ਥੋੜ੍ਹੀ ਸ਼ਰਾਬ ਪੀ ਕੇ ਘਰ ਆਉਂਦੀ ਤਾਂ ਦਰਸ਼ਣ ਉਸ ਨੂੰ ਬਹੁਤ ਗਾਲ੍ਹਾਂ ਕੱਢਦਾ।

ਵਿਦੇਸ਼ਾਂ ਵਿਚ ਬੱਚਿਆਂ ਦੇ ਰਾਹੇ-ਕੁਰਾਹੇ ਪੈਣ ਦਾ ਬਿਰਤਾਂਤ ਵੀ ਨਾਵਲ ਵਿਚ ਸਿਰਜਿਆ ਗਿਆ ਹੈ। ਪਾਤਰ ਬੀਰਾ ਦੇ ਜ਼ਰੀਏ ਨਾਵਲਕਾਰ ਨੇ ਇਸ ਦੀ ਪੇਸ਼ਕਾਰੀ ਕੀਤੀ ਹੈ। ਕਿਰਪਾਲ ਦਾ ਮੁੰਡਾ ਬੀਰਾ, ਕਈ ਮੁਸ਼ਕਲਾਂ ਜਾਂ ਫਿਰ ਰਾਹੇ-ਕੁਰਾਹੇ ਪੈਣ ਦੇ ਬਾਵਜੂਦ ਆਪਣੇ-ਆਪ ਨੂੰ ਉਸ ਸਥਿਤੀ ਵਿਚੋਂ ਬਾਹਰ ਕੱਢ ਕੇ ਲੈ ਆਉਂਦਾ ਹੈ। ਬੀਰਾ ਸਭ ਤੋਂ ਪਹਿਲਾਂ ਤਾਂ ਸਕੂਲ ਵਿੱਚ ਪੜ੍ਹਦੇ ਸਮੇਂ ਆਪਣੇ ਮੁਸਲਿਮ ਦੋਸਤ ਦੇ ਕਹਿਣ ਤੇ ਆਪਣਾ ਸਿੱਖ ਧਰਮ ਛੱਡ ਕੇ ਇਸਲਾਮ ਧਰਮ ਨੂੰ ਕਬੂਲਣਾ ਚਾਹੁੰਦਾ ਹੈ। ਬੀਰੇ ਦੇ ਮਨ ਵਿਚ ਆਪਣੇ ਧਰਮ ਨੂੰ ਲੈ ਕੇ ਕਈ ਪ੍ਰਸ਼ਨ ਸਨ, ਜੋ ਉਹ ਆਪਣੀ ਮਾਂ ਨੂੰ ਪ੍ਰਸ਼ਨ ਕਰਦਾ ਹੈ।

"ਗੁਰਦਵਾਰੇ ਜਾਣ, ਸੇਵਾ ਕਰਨ ਜਾਂ ਬਾਣੀ ਸੁਣਨ ਨਾਲ ਧਰਮ ਦਾ ਕੀ ਸਬੰਧ ?"

"ਜੇਕਰ ਬਾਣੀ ਸੁਣੇਗਾ ਤਾਂ ਕੁਝ ਪੱਲੇ ਪਊਗਾ।"

"ਵੇਖ ਮਾਮ, ਤੈਨੂੰ ਸਾਰੀ ਉਮਰ ਹੋ ਗਈ ਗੁਰਦਵਾਰੇ ਜਾਂਦੀ ਨੂੰ। ਤੂੰ ਮੈਨੂੰ ਇੰਨਾ ਹੀ ਦੱਸ ਦੇਹ ਕਿ ਜੋ ਉਹ ਗਾਈ ਜਾਂਦੇ ਹੁੰਦੇ ਨੇ ਉਹ ਕੀ ਗਾਉਂਦੇ ਨੇ। ਕੋਈ ਵੀ ਲਾਈਨ ਬੋਲ ਕੇ ਦੱਸ ਜੋ ਉਹ ਗਾਉਂਦੇ ਨੇ।"[6]

ਧਰਮ ਦੇ ਕੀ ਮਾਇਨੇ ਹਨ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਬੀਰਾ ਆਪਣੀ ਮਾਂ ਤੋਂ ਜਾਨਣਾ ਚਾਹੁੰਦਾ ਹੈ। ਵਿਦੇਸ਼ਾਂ ਵਿਚ ਜੰਮੇ ਬੱਚਿਆਂ ਲਈ ਉਹਨਾਂ ਦੇ ਮਾਪੇ ਜੋ ਧਰਮ ਦੇ ਅਰਥ ਦੱਸਦੇ ਹਨ, ਉਹਨਾਂ ਨੂੰ ਉਹ ਚੁੱਪ-ਚਾਪ ਨਹੀਂ ਮੰਨਦੇ, ਸਗੋਂ ਡੂੰਘੀ ਸੋਚ ਰੱਖਣ ਕਰਕੇ ਪ੍ਰਸ਼ਨ-ਚਿੰਨ੍ਹ ਵੀ ਲਾਉਂਦੇ ਹਨ। ਧਾਰਮਿਕ ਕਦਰਾਂ-ਕੀਮਤਾਂ ਦਾ ਉਨ੍ਹਾਂ ਨੂੰ ਅਹਿਸਾਸ ਨਹੀਂ। ਧਾਰਮਿਕ ਥਾਵਾਂ 'ਤੇ ਜੋ ਕੁਝ ਪ੍ਰਚਾਰਿਆ ਜਾਂਦਾ ਹੈ, ਉਨ੍ਹਾਂ ਦੇ ਪੱਲੇ ਨਹੀਂ ਪੈਂਦਾ। ਗੁਰਦੁਆਰਿਆਂ, ਮੰਦਰਾਂ ਤੇ ਮਸਜਿਦਾਂ ਦੇ ਝਗੜੇ ਉਨ੍ਹਾਂ ਨੂੰ ਧਾਰਮਿਕ ਥਾਵਾਂ ਤੋਂ ਹੋਰ ਪਰੇ ਧਕੇਲਦੇ ਹਨ। ਬੱਚੇ ਮਾਂ-ਬਾਪ ਦੇ ਬੰਧਨਾਂ ਵਿਚ ਬੰਨੇ ਜਾਣ ਤੋਂ ਇਨਕਾਰੀ ਹਨ। ਸਿਰਫ਼ ਧਰਮ ਹੀ ਨਹੀਂ ਬਲਕਿ ਵਿਆਹ/ਸ਼ਾਦੀਆਂ ਦੇ ਮਾਮਲੇ ਵਿਚ



ਪੁਰਾਣੇ ਵਿਧੀ-ਵਿਧਾਨ ਪ੍ਰਵਾਨ ਨਹੀਂ। ਇਹ ਸਭ ਕੁਝ ਪਹਿਲੀ ਪੀੜ੍ਹੀ ਲਈ ਮਾਨਸਿਕ ਸੰਤਾਪ ਦਾ ਕਾਰਨ ਬਣਦੇ ਹਨ। ਪਰਵਾਸੀ ਮਾਪਿਆਂ ਨੇ ਆਪਣੇ ਪੁੱਤਾਂ ਤੇ ਧੀਆਂ ਲਈ ਪੰਜਾਬ ਵਾਂਗ ਹੀ ਵੱਖਰੇ-ਵੱਖਰੇ ਮਾਪਦੰਡ ਕਾਇਮ ਰੱਖੇ ਹਨ।

ਨਾਵਲੀ ਬਿਰਤਾਂਤ ਦੇ ਅਖੀਰ ਵਿਚ ਦਰਸ਼ਣ ਜੋ ਕਿ ਕਰਮੀ ਦਾ ਪਤੀ ਹੈ, ਖਲਨਾਇਕ ਦੀ ਭੂਮਿਕਾ ਨਿਭਾਉਂਦਾ ਹੈ। ਦਰਸ਼ਣ ਨੂੰ ਨਾ ਤਾਂ ਆਪਣੀ ਪਤਨੀ ਚੰਗੀ ਲੱਗਦੀ ਸੀ ਤੇ ਨਾ ਹੀ ਉਸ ਦੇ ਪਰਿਵਾਰਿਕ ਮੈਂਬਰ। ਕਰਮੀ ਦੀ ਭੈਣ ਧਰਮੀ ਤਾਂ ਉਸ ਨੂੰ ਬਿਲਕੁਲ ਚੰਗੀ ਨਹੀਂ ਸੀ ਲੱਗਦੀ, ਕਿਉਂਕਿ ਧਰਮੀ ਦਾ ਰਿਸ਼ਤਾ ਉਹ ਇੰਡੀਆ ਰਹਿੰਦੇ ਆਪਣੇ ਛੋਟੇ ਭਰਾ ਨਾਲ ਕਰਾਉਣਾ ਚਾਹੁੰਦਾ ਸੀ। ਜਦ ਕਰਮੀ ਦਰਸ਼ਣ ਤੋਂ ਵੱਖ ਰਹਿਣਾ ਸ਼ੁਰੂ ਕਰ ਦਿੰਦੀ ਹੈ ਤਾਂ ਗਿੰਨੀ ਨਾਂ ਦਾ ਮੁੰਡਾ ਉਸ ਦੀ ਜ਼ਿੰਦਗੀ ਵਿਚ ਆਉਂਦਾ ਹੈ। ਆਪਸੀ ਰਜ਼ਾਮੰਦੀ ਨਾਲ ਉਹ ਵਿਆਹ ਕਰਵਾ ਲੈਂਦੇ ਹਨ। ਪਰ ਦਰਸ਼ਣ ਕਰਮੀ ਨੂੰ ਕਦੇ ਵੀ ਸੁੱਖੀ ਨਹੀਂ ਦੇਖ ਸਕਦਾ ਸੀ। ਕਰਮੀ ਤੇ ਗਿੰਨੀ ਦੇ ਵਿਆਹ ਵਾਲੇ ਦਿਨ ਹੀ ਉਹ ਹਾਲ ਵਿਚ ਪਹੁੰਚ ਜਾਂਦਾ ਹੈ ਤੇ ਧੜਾਧੜ ਗੋਲੀਆਂ ਚਲਾਉਣਾ ਸ਼ੁਰੂ ਕਰ ਦਿੰਦਾ ਹੈ। ਸਭ ਤੋਂ ਪਹਿਲਾਂ ਉਹ ਧਰਮੀ ਦੇ ਪਤੀ ਨੂੰ ਮਾਰਦਾ ਹੈ, ਫਿਰ ਕਰਮੀ ਦੇ ਦੂਜੇ ਪਤੀ ਗਿੰਨੀ, ਫਿਰ ਨਿੰਦੀ ਦੇ ਬੁਆਏ ਫ੍ਰੈਂਡ ਏਕਾਂਤ ਤੇ ਫਿਰ ਨਿੰਦੀ ਦਾ ਪਿਉ ਕਰਤਾਰ ਵੀ ਦਰਸ਼ਣ ਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ ਹੈ। ਅਸਲ ਵਿਚ ਦਰਸ਼ਣ ਪਰੰਪਰਾਵਾਦੀ ਸੋਚ ਦਾ ਹੋਣ ਕਰਕੇ ਸਮਾਜ ਵਿਚ ਆ ਰਹੀ ਤਬਦੀਲੀ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰ ਪਾਉਂਦਾ। ਉਸ ਲਈ ਇਹ ਸਭ ਕੁਝ ਉਸ ਦੀ ਸਮਝ ਤੋਂ ਬਾਹਰ ਸੀ। ਉਹ ਆਪਣੇ ਅਨੁਸਾਰ ਹੀ ਸਭ ਨੂੰ ਚਲਾਉਣਾ ਚਾਹੁੰਦਾ ਸੀ ਤੇ ਜਦ ਹੱਥ ਕੁਝ ਨਹੀਂ ਆਉਂਦਾ ਤਾਂ ਉਹ ਮਾਰ-ਮਰਾਈ ਤੇ ਪਹੁੰਚ ਜਾਂਦਾ ਹੈ।

ਜਗੀਰਦਾਰੀ ਤੇ ਪੂੰਜੀਵਾਦੀ ਕਦਰਾਂ ਦੇ ਟਕਰਾਉ ਤੇ ਤਣਾਉ ਨਾਲ ਪਰਵਾਸੀ ਪੰਜਾਬੀਆਂ ਦੀ ਜੀਵਨ ਸੰਰਚਨਾ ਗੁੰਝਲਦਾਰ ਹੋਈ ਹੈ। ਦੁਵੱਲੀ ਭਾਂਤ ਦੀਆਂ ਕਦਰਾਂ-ਕੀਮਤਾਂ ਨੇ ਇਕ ਵਿਸ਼ੇਸ਼ ਕਿਸਮ ਦੀ ਦੂੰਦਮਈ ਮਨੋਬਿਰਤੀ ਨੂੰ ਜਨਮ ਦਿੱਤਾ ਹੈ।

**ਹਵਾਲੇ ਤੇ ਟਿੱਪਣੀਆਂ**


1. ਹਰਮਹਿੰਦਰ ਚਹਿਲ, **ਨਵਯੁਗ**, ਪੰਨਾ 13.
2. ਉਹੀ
3. ਹਰਮਹਿੰਦਰ ਚਹਿਲ, **ਨਵਯੁਗ**, ਪੰਨਾ 27.
4. ਉਹੀ, ਪੰਨਾ 95.
5. ਉਹੀ, ਪੰਨਾ 198.
6. ਉਹੀ, ਪੰਨਾ 44



ਅਸਿਸਟੈਂਟ ਪ੍ਰੋਫ਼ੈਸਰ
ਖ਼ਾਲਸਾ ਕਾਲਜ
ਅੰਮ੍ਰਿਤਸਰ।
9878781032

# ਨਵਯੁਗ : ਪੁਰਾਤਨ ਤੇ ਨਵੀਨ ਪੀੜ੍ਹੀ ਦੇ ਸੰਘਰਸ਼ ਅਤੇ ਤਣਾਉ ਦੀ ਗਾਥਾ

**–ਅੰਮ੍ਰਿਤਪਾਲ ਕੌਰ**

ਹਰਮਹਿੰਦਰ ਚਹਿਲ ਪੰਜਾਬੀ ਸਾਹਿਤ ਜਗਤ ਦਾ ਚਰਚਿਤ ਸਾਹਿਤਕਾਰ ਹੈ। **ਨਵਯੁਗ** ਉਸ ਦਾ 2021 ਵਿਚ ਪ੍ਰਕਾਸ਼ਿਤ ਹੋਇਆ ਨਵਾਂ ਨਾਵਲ ਹੈ। ਇਸ ਤੋਂ ਪਹਿਲਾਂ ਉਹ ਆਪਣੇ ਨਾਵਲ ***ਬਲੀ, ਹੋਣੀ, ਆਫੀਆਂ ਸਦੀਕੀ ਦਾ ਜੇਹਾਦ, ਭੰਵਰ*** ਅਤੇ ***ਕਿਆਮਤ*** ਨਾਲ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਪਹਿਚਾਣ ਬਣਾ ਚੁੱਕਾ ਹੈ। ***ਅੰਨ੍ਹੀ ਗਲੀ ਦੇ ਬਾਸ਼ਿੰਦੇ, ਪਲ ਪਲ ਪਰਵਾਸ, ਆਪਣੀ ਮਿੱਟੀ ਦਾ ਮੋਹ, ਰਿਸ਼ਤਿਆਂ ਦੀ ਜਗ-ਬੁਝ, ਜ਼ਿੰਦਗੀ ਦੇ ਰੰਗ ਤਰੰਗ*** ਅਤੇ ***ਖੋਜ*** ਉਸਦੇ ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ ਹਨ।

ਨਾਵਲ ਦਾ ਸਿਰਲੇਖ ਆਪਣੇ ਆਪ ਵਿਚ ਮਹੱਤਵਪੂਰਨ ਅਰਥਾਂ ਦਾ ਧਾਰਨੀ ਹੈ। **ਨਵਯੁਗ** ਸ਼ਬਦ ਦੋ ਅਰਥਾਂ ਦੇ ਸੁਮੇਲ ਤੋਂ ਬਣਿਆ ਹੈ। ਨਵ ਤੋਂ ਭਾਵ ਹੈ ਨਵਾਂ, ਨਵੀਨ, ਜੋ ਪੁਰਾਣਾ ਤੇ ਜਰਜਰਾ ਨਾ ਹੋਵੇ। ਯੁਗ ਸਮੇਂ ਦੀ ਇਕ ਵਿਸ਼ੇਸ਼ ਇਕਾਈ ਹੈ। ਪੁਰਾਣਕਾਰਾਂ ਅਤੇ ਭਾਰਤੀ ਚਿੰਤਕਾਂ ਨੇ ਸਾਰੀ ਸ੍ਰਿਸ਼ਟੀ ਦੇ ਵਿਕਾਸ-ਕ੍ਰਮ ਨੂੰ ਚਾਰ ਯੁਗਾਂ ਵਿਚ ਵੰਡਿਆ ਹੈ। ਮਹਾਂਭਾਰਤ ਵਿਚ ਚਹੁੰ ਜੁਗਾਂ ਦੇ ਸੁਭਾਵ ਤੇ ਕਰਮ ਦਾ ਪੂਰੀ ਤਰ੍ਹਾਂ ਵਰਨਣ ਮਿਲਦਾ ਹੈ। ਚਾਰ ਯੁਗਾਂ ਦੇ ਨਾਂ ਸਤਿਯੁਗ, ਤ੍ਰੇਤਾ ਯੁਗ, ਦਵਾਪਰ ਯੁਗ, ਕਲਿਯੁਗ। ਹਰ ਯੁਗ ਦੇ ਖ਼ਾਤਮੇ ਉੱਤੇ ਨੈਤਿਕਤਾ ਤੇ ਸੁਹਜ ਦੀਆਂ ਕਦਰਾਂ-ਕੀਮਤਾਂ ਘਟਦੀਆਂ ਜਾਂਦੀਆਂ ਹਨ।[1] ਨਾਵਲਕਾਰ ਚਾਰ ਯੁਗਾਂ ਦੇ ਸਮਾਨੰਤਰ ਇਕ ਨਵੇਂ ਯੁਗ ਦਾ ਆਗਾਜ਼ ਕਰਦਾ ਪ੍ਰਤੀਤ ਹੁੰਦਾ ਹੈ। ਨਾਵਲ ਦਾ ਨਾਮ ਨਵੇਂ ਸਮਾਜ ਦੀ ਸਿਰਜਣਾ ਦਾ ਚਿਹਨ ਹੈ।

ਨਾਵਲ ਦਾ ਬਿਰਤਾਂਤ ਪਰਵਾਸ ਦੇ ਸੰਦਰਭ ਨਾਲ ਜੁੜਿਆ ਹੈ। ਪੰਜਾਬੀ ਆਵਾਮ ਦੁਆਰਾ ਪਰਵਾਸ ਮੂਲ ਰੂਪ ਵਿਚ ਆਪਣੇ ਜੀਵਨ ਪੱਧਰ ਨੂੰ ਉਪਰ ਉਠਾਉਣ ਖਾਤਰ ਕੀਤਾ ਜਾ ਰਿਹਾ ਹੈ। ਨਾਵਲ ਦੇ ਪੁਰਾਣੀ ਪੀੜ੍ਹੀ ਨਾਲ ਸੰਬੰਧਿਤ ਪਾਤਰਾਂ ਦੇ ਪਰਵਾਸ ਦਾ ਕਾਰਨ ਵੀ ਉਪਰੋਕਤ ਵਿਚਾਰਧਾਰਾ ਵਿਚ ਨਿਹਿਤ ਹੈ। ਆਧੁਨਿਕ ਸਮੇਂ ਵਿਚ ਪਰਵਾਸੀ ਸੰਵੇਦਨਾ ਪੁਰਾਣੇ ਵਿਚਾਰਾਂ, ਵਿਹਾਰਾਂ, ਸਰੋਕਾਰਾਂ ਦੇ ਦਾਇਰਿਆਂ ਵਿਚੋਂ ਨਿਕਲ ਕੇ ਅਜੋਕੇ ਅੰਤਰਰਾਸ਼ਟਰੀ ਚਿੰਤਨ ਨਾਲ ਜੁੜ ਰਹੀ ਹੈ। ਇਸ ਤਰ੍ਹਾਂ ਪੰਜਾਬੀ ਚਿੰਤਨ, ਵਿਸ਼ਵ ਚਿੰਤਨ ਨਾਲ ਜੁੜਨ ਲਈ ਕਾਰਜਸ਼ੀਲ ਹੈ।

ਮਰਦ ਪ੍ਰਧਾਨ ਸਮਾਜ ਦੇ ਪਰਿਵਾਰਾਂ ਵਿਚ ਪਿਤਾ ਦੀ ਭੂਮਿਕਾ ਸਰਵਉਚ ਸੀ। 21ਵੀਂ ਸਦੀ ਤੱਕ ਪਹੁੰਚਦਿਆਂ ਭਾਵੇਂ ਅਸੀਂ ਵਿਸ਼ਵ ਚਿੰਤਨ ਨਾਲ ਰੂਬਰੂ ਹੁੰਦੇ ਹਾਂ, ਪਰ ਫਿਰ ਵੀ ਅਤੀਤ ਦੀਆਂ ਪਰਸਥਿਤੀਆਂ ਹੀ ਮਨੁੱਖ ਦੇ ਵਰਤਮਾਨ ਨੂੰ ਨਿਰਧਾਰਿਤ ਕਰਦੀਆਂ ਹਨ। ਆਧੁਨਿਕ ਸਮੇਂ ਵਿਚ ਵੀ ਪਰਿਵਾਰਾਂ ਵਿਚ ਪਿਤਾ ਹੀ ਸਰਵਉਚ ਸੱਤਾ ’ਤੇ ਕਾਬਜ਼ ਹੈ। ਸਮਾਜ ਸਭਿਆਚਾਰਕ ਅਤੇ ਮਨੋਵਿਗਿਆਨਕ ਪੱਖ ਤੋਂ ਪਿਤਾ ਦੀ ਉੱਚਤਮ ਸਥਿਤੀ ਕੇਂਦਰ ਵਿਚ ਹੈ। ਨਾਵਲ ਦਾ ਪਾਤਰ ਕਿਰਪਾਲ ਵੀ ਪਿਤਾ ਦੇ ਉਪਰੋਕਤ ਚਰਿੱਤਰ ਦਾ ਪ੍ਰਤਿਨਿਧ ਪਾਤਰ ਬਣਦਾ ਨਜ਼ਰ ਆਉਂਦਾ ਹੈ। ਕਿਰਪਾਲ ਦੇ ਪਰਵਾਸ ਦਾ ਕਾਰਨ, ਜ਼ਿੰਦਗੀ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਡਾਕਟਰ ਬਣਨ ਦੇ ਸੁਪਨੇ ਨੂੰ ਪੂਰਾ ਕਰਨ ਵਿਚ ਪਿਆ ਹੈ। ਆਪਣੇ ਸੁਪਨਿਆਂ ਦੀ ਪੂਰਤੀ ਹਿੱਤ, ਆਪਣੀਆਂ ਮਜ਼ਬੂਰੀਆਂ ਨੂੰ ਤੱਜਦਾ, ਅਮਰੀਕਾ ਪਹੁੰਚ ਜਾਂਦਾ ਹੈ। ਸਖ਼ਤ ਮਿਹਨਤ ਤੇ ਸਿਰੜ ਕਾਰਨ ਉਹ



ਸਫ਼ਲ ਡਾਕਟਰ ਬਣਨ ਵਿਚ ਕਾਮਯਾਬ ਹੋ ਜਾਂਦਾ ਹੈ। ਨਾਵਲ ਦੇ ਅੱਧੇ ਤੋਂ ਜ਼ਿਆਦਾ ਬਿਰਤਾਂਤ ਵਿਚ ਉਹ ਆਪਣੀ ਮਰਦ ਹਉਂ ਅਤੇ ਸੁਪੀਰੀਅਰ ਕੰਪਲੈਕਸ ਦਾ ਸ਼ਿਕਾਰ ਰਹਿੰਦਾ ਹੈ। ਉਸ ਦੇ ਅੰਤਰਗਤ ਹੀ ਉਹ ਆਪਣੇ ਬੇਟੇ ਬੀਰੇ ਦੇ ਜਵਾਨੀ ਦੇ ਸੁਹਾਵਣੇ ਸਮੇਂ ਨੂੰ ਬਰਬਾਦ ਕਰ ਦਿੰਦਾ ਹੈ।

ਨਾਵਲ ਦਾ ਮੂਲ ਸਰੋਕਾਰ ਪਰਵਾਸੀ ਪੰਜਾਬੀ ਸਾਹਿਤ ਦੇ ਮੁੱਢਲੇ ਸਰੋਕਾਰਾਂ ਵਿਚਲਾ ਪੀੜ੍ਹੀ-ਪਾੜ੍ਹਾ ਬਣਦਾ ਹੀ ਨਜ਼ਰ ਆਉਂਦਾ ਹੈ। ਨਾਵਲਕਾਰ ਦੀ ਪ੍ਰਾਪਤੀ, ਅਜੋਕੀ ਪਰਵਾਸੀ ਪੰਜਾਬੀ ਪੀੜ੍ਹੀ ਦੀ ਦ੍ਰਿਸ਼ਟੀ ਤੋਂ ਬਿਰਤਾਂਤ ਸਿਰਜਣ ਵਿਚ ਹੈ। ਨਾਵਲ ਦੇ ਕੇਂਦਰ ਵਿਚ ਅਮਰੀਕਾ ਵਿਚ ਜਵਾਨ ਹੋਈ ਨਵੀਂ ਪੀੜ੍ਹੀ ਹੈ। ਇਸ ਪੀੜ੍ਹੀ ਵਿਚ ਕਿਰਪਾਲ ਅਤੇ ਉਸਦੇ ਭੈਣ-ਭਰਾਵਾਂ ਦੇ ਬੱਚੇ ਸ਼ਾਮਿਲ ਹਨ। ਕਿਰਪਾਲ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਉਪਰੰਤ ਆਪਣੇ ਭੈਣ-ਭਰਾਵਾਂ ਨੂੰ ਵੀ ਅਮਰੀਕਾ ਬੁਲਾ ਲੈਂਦਾ ਹੈ। ਆਪਣੇ ਬਲਬੂਤੇ ਤੇ ਡਾਕਟਰ ਬਣਨ ਕਰਕੇ ਅਤੇ ਪਰਿਵਾਰ ਨੂੰ ਸੈੱਟ ਕਰਨ ਕਰਕੇ, ਉਹ ਆਪਣੇ ਆਪ ਨੂੰ ਉੱਤਮ ਸਮਝਦਾ ਹੈ ਅਤੇ ਭੈਣ-ਭਰਾਵਾਂ ਨੂੰ ਆਪਣੇ ਤੋਂ ਹੀਣ ਸਮਝਦਾ ਹੈ। ਬਾਕੀ ਭੈਣ-ਭਰਾ ਆਪਸੀ ਸਾਂਝ ਨੂੰ ਕਾਇਮ ਰੱਖਦੇ ਇਕ-ਦੂਸਰੇ ਦੇ ਦੁੱਖ-ਸੁੱਖ ਵਿਚ ਸਹਾਈ ਹੁੰਦੇ ਹਨ। ਉਹਨਾਂ ਦੇ ਬੱਚਿਆਂ ਵਿਚ ਵੀ ਆਪਸੀ ਪਿਆਰ ਤੇ ਮਿਲਵਰਤਨ ਦਾ ਰਿਸ਼ਤਾ ਕਾਇਮ ਹੁੰਦਾ ਹੈ।

ਪਰ ਕਿਰਪਾਲ ਸਿੰਘ ਦਾ ਹੰਕਾਰੀ ਸੁਭਾਅ, ਉਸਨੂੰ ਆਪਣੇ ਖ਼ੂਨ ਦੇ ਰਿਸ਼ਤਿਆਂ ਤੋਂ ਦੂਰ ਕਰਦਾ ਹੈ। ਪਰਵਾਸ ਧਾਰਨ ਕਰਨ ਤੋਂ ਪਹਿਲਾਂ ਦੀ ਹੰਢਾਈ ਗ਼ਰੀਬੀ ਉਸਦੇ ਮਨ ਵਿਚ ਇੰਨਾ ਘਰ ਕਰ ਗਈ ਸੀ ਕਿ ਵਰਤਮਾਨ ਜ਼ਿੰਦਗੀ ਵਿਚ ਸੰਪੰਨ ਸਾਧਨ ਹੋਣ ਦੇ ਬਾਵਜੂਦ ਸੰਤੁਸ਼ਟ ਨਹੀਂ ਸੀ। ਉਸਦੀ ਪਤਨੀ ਉਸਦੇ ਨਾਲ ਹੀ ਕਲੀਨਿਕ ਸੰਭਾਲਦੀ ਸੀ। ਦੋ ਬੱਚੇ, ਲੜਕੀ ਮਨੀ ਤੇ ਲੜਕਾ ਬੀਰਾ ਸੀ। ਪਰ ਫਿਰ ਵੀ ਉਸ ਅੰਦਰ ਹਮੇਸ਼ਾ ਹੀ ਆਪਣੇ ਕਾਰੋਬਾਰ ਨੂੰ ਵਧਾਉਣ ਦੀ ਹੋੜ੍ਹ ਲੱਗੀ ਰਹੀ। ਉਸ ਦੀ ਜ਼ਿੱਦ ਦਾ ਖ਼ਾਮਿਆਜ਼ਾ ਉਸਦੇ ਪੁੱਤਰ ਬੀਰੇ ਨੂੰ ਝੱਲਣਾ ਪੈਂਦਾ ਹੈ। ਬੀਰੇ ਦੇ ਬਚਪਨ ਦੇ ਆਰੰਭਲੇ ਸਾਲਾਂ ਤੋਂ ਹੀ ਪਿਤਾ ਪੁੱਤਰ ਦਾ ਰਿਸ਼ਤਾ ਅਣਸੁਖਾਵਾਂ ਰਿਹਾ ਸੀ।

ਪੈਸੇ ਕਮਾਉਣ ਦੀ ਧੁਨ ਵਿਚ ਉਸ ਨੇ ਆਪਣੇ ਪੁੱਤਰ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਉਸਨੇ ਆਪਣੇ ਆਪ ਨੂੰ ਪੈਸੇ ਕਮਾਉਣ ਦੀ ਮਸ਼ੀਨ ਬਣਾ ਲਿਆ ਸੀ। ਪਿਤਾ ਦੇ ਫ਼ਰਜ਼ ਨੂੰ ਅਣਗੌਲਿਆਂ ਕਰਕੇ ਉਹ ਕਦੇ ਵੀ ਉਸਦੇ ਸਕੂਲ ਵਿਚ ਪੇਰੈਂਟਸ ਮੀਟਿੰਗ ’ਤੇ ਨਹੀਂ ਜਾਂਦਾ ਸੀ। ਇਸ ਕਾਰਨ ਬੀਰੇ ਦੇ ਮਾਨਸਿਕਤਾ ਉੱਪਰ ਅਜੀਬ ਕਿਸਮ ਦਾ ਪ੍ਰਭਾਵ ਪਿਆ ਸੀ ਜੋ ਬੀਰੇ ਦੇ ਬੋਲਾਂ ਤੋਂ ਸਪੱਸ਼ਟ ਰੂਪ ਵਿਚ ਜ਼ਾਹਿਰ ਹੁੰਦਾ ਹੈ:

“ਕਹਿੰਦਾ ਕਿ ਮਾਮ ਨੂੰ ਸ਼ੋਅਰ ਐਂ ਬਈ ਇਹੋ ਸਾਡਾ ਪਾਪਾ ਐ, ਕਿਤੇ ਤੂੰ ਝੂਠ ਤਾਂ ਨ੍ਹੀ ਬੋਲਦੀ।”[2]

ਆਪਣੇ ਪਿਤਾ ਬਾਰੇ, ਬੱਚੇ ਦੇ ਮੂੰਹੋਂ ਹੋਈ ਅਜਿਹੀ ਬਿਆਨਬਾਜ਼ੀ ਬੱਚੇ ਦੇ ਮਨ ਵਿਚ ਪਏ ਗੁੱਸੇ, ਇਕੱਲਤਾ ਦੇ ਭਾਵਾਂ ਦਾ ਸ਼ਿਖ਼ਰ ਹੈ। ਕਿਰਪਾਲ ਦੇ ਮੁਕਾਬਲੇ ’ਤੇ ਉਸ ਦੀ ਪਤਨੀ ਨੂੰ ਜਵਾਨ ਹੋ ਰਹੇ ਬੱਚੇ ਦੇ ਮਨ ’ਤੇ ਪੈ ਰਹੇ ਦੁਸ਼ਪ੍ਰਭਾਵਾਂ ਦਾ ਅੰਦਾਜ਼ਾ ਹੈ:

“ਕਿਰਪਾਲ ਤੁਸੀਂ ਕੁਛ ਸਮਝਦੇ ਕਿਉਂ ਨ੍ਹੀ, ਜਿਸ ਉਮਰ ’ਚ ਬੀਰਾ ਐ, ਇਸ ਉਮਰ ਵਿਚ ਜੁਆਕਾਂ ’ਚ ਤਬਦੀਲੀ ਆਉਂਦੀ ਹੈ। ਉਹ ਮਾਪਿਆਂ ਦੀ ਨੇੜਤਾ ਭਾਲਦੇ ਨੇ। ਜਦੋਂ ਉਨ੍ਹਾਂ ਨੂੰ ਮਾਪੇ ਅੱਖੋਂ ਪਰੋਖਾ ਕਰਨ ਤਾਂ ਉਹ ਪਰੇਸ਼ਾਨ ਹੋ ਕੇ ਆਹ ਕੁਝ ਕਰਦੇ ਨੇ ਜੋ ਬੀਰੇ ਨੇ ਕੀਤਾ ਐ।”[3] ਪਰ ਕਿਰਪਾਲ ਕਿਸੇ ਵੀ ਗੱਲ ਨੂੰ ਮੰਨਣ ਲਈ ਤਿਆਰ ਨਹੀਂ।

“ਉਹ ਕੰਮ ਤੇਰਾ ਐ। ਜੁਆਕਾਂ ਨੂੰ ਤੂੰ ਸੰਭਾਲਣਾ ਐ। ਉਨ੍ਹਾਂ ਦਾ ਫ਼ਿਕਰ ਤੂੰ ਕਰ। ਹਾਂ ਪੈਸਾ ਜਿੰਨਾ ਮਰਜ਼ੀ ਲੱਗਦਾ ਐ ਲਾਈ ਜਾਹ।”[4]

ਨਾਵਲ ਦਾ ਉਪਰੋਕਤ ਵਾਕ, ਪਿਤਾ ਦੀ ਲੋੜ ਤੇ ਸਵਾਲੀਆ ਚਿੰਨ੍ਹ ਲਗਾਉਂਦਾ ਪ੍ਰਤੀਤ ਹੁੰਦਾ ਹੈ। ਉਹ ਆਪਣੇ ਬੱਚਿਆਂ ਨੂੰ ਪੈਸਾ ਤਾਂ ਦੇ ਸਕਦਾ ਹੈ, ਪਰ ਉਨ੍ਹਾਂ ਦੀਆਂ ਭਾਵਨਾਤਮਕ ਲੋੜਾਂ ਵੱਲ ਤਵੱਜੋ ਨਹੀਂ ਦਿੰਦਾ। ਅਸਲ ਵਿਚ ਕਿਰਪਾਲ ਆਪਣੀਆਂ ਅਥਾਹ ਲਾਲਸਾਵਾਂ ਦੇ ਕਾਰਨ ਅਸੰਤੁਸ਼ਟਤਾ ਦਾ ਸ਼ਿਕਾਰ ਹੈ। ਪੈਸੇ ਦੀ ਪ੍ਰਾਪਤੀ ਵੀ ਉਸ ਨੂੰ ਸੰਤੁਸ਼ਟ ਨਹੀਂ ਸਕੀ। ਉਸ ਦੀ ਇਸ ਕਮਜ਼ੋਰੀ ਕਾਰਨ ਬੀਰਾ ਵਾਰ-ਵਾਰ ਸਮੱਸਿਆਵਾਂ ਨਾਲ ਵਾਬਸਤਾ ਹੁੰਦਾ ਹੈ। ਸਭ ਤੋਂ ਪਹਿਲਾਂ ਕਿਸੇ ਬੱਚੇ ਨੂੰ ਸਕੂਲ ਵਿਚ ਧੱਕਾ ਮਾਰਨਾ, ਪੰਜਾਬ ਆ ਕੇ ਪਹਿਲੀ ਵਾਰ ਵਿਆਹ ’ਤੇ ਬੀਅਰ ਪੀਣਾ, ਸਕੂਲ ਦੇ ਬਾਥਰੂਮ ਵਿਚ ਕਿਸੇ ਕੁੜੀ ਨਾਲ ਫੜ੍ਹਿਆ ਜਾਣਾ ਆਦਿ ਸਮੱਸਿਆਵਾਂ ਉਸ ਦੇ ਇਕੱਲਤਾ ਦੇ ਭਾਵ ਵਿਚੋਂ ਉਪਜਦੀਆਂ ਹਨ। ਉਪਰੋਕਤ ਹਰਕਤਾਂ ਤੋਂ ਬਾਅਦ, ਸਕੂਲ ਵਿਚੋਂ ਕੱਢੇ ਜਾਣ ਉਪਰੰਤ, ਉਸ ਨੂੰ ਕਾਉਂਟੀ ਦੇ ਕਿਸੇ ਅਜਿਹੇ ਪਬਲਿਕ ਸਕੂਲ ਵਿਚ ਦਾਖ਼ਲਾ ਮਿਲਦਾ ਹੈ, ਜੋ ਬਿਗੜੇ ਵਿਦਿਆਰਥੀਆਂ ਦੀ ਠਾਹਰ ਹੈ। ਉਥੋਂ ਇਕ ਨਵੀਂ ਕਿਸਮ ਦੀ ਸਮੱਸਿਆ ਦਾ ਆਗਾਜ਼ ਹੁੰਦਾ ਹੈ। ਬੀਰੇ ਦਾ ਦੋਸਤ ਇਕ ਨਾਸਿਰ ਨਾਮ ਦਾ ਮੁਸਲਮਾਨ ਮੁੰਡਾ ਬਣਦਾ ਹੈ। ਨਾਸਿਰ ਦੇ ਪਿਤਾ ਤੇ ਉਸਦੇ ਘਰ ਵਿਚ ਆਉਂਦੇ ਮੁਲਾਂਣਿਆਂ ਦੇ ਪ੍ਰਭਾਵ ਅਧੀਨ ਆ ਕੇ ਬੀਰਾ ਆਪਣਾ ਧਰਮ ਪਰਿਵਰਤਨ ਕਰਕੇ, ਮੁਸਲਮਾਨ ਬਣਨਾ ਲੋਚਦਾ ਹੈ। ਬਾਹਰਲੇ ਮੁਲਕਾਂ ਵਿਚ ਮੁਸਲਮਾਨਾਂ ਦੁਆਰਾ ‘ਜੇਹਾਦ’ ਦੀ ਆੜ ਹੇਠ ਅਜੋਕੀ ਨੌਜਵਾਨ ਪੀੜ੍ਹੀ ਨੂੰ ਗੁੰਮਰਾਹ ਕਰਨ ਸੰਬੰਧੀ ਰੁਝਾਨ ਦਾ ਜ਼ਿਕਰ ਹੈ। ਧਰਮ ਦੇ ਨਾਮ ’ਤੇ ਮੁਸਲਮਾਨਾਂ ਦੇ ਕੁਝ ਫ਼ਿਰਕੇ ਕਿਸ ਤਰ੍ਹਾਂ ਅੱਤਵਾਦ ਨੂੰ ਵਧਾਵਾ ਦਿੰਦੇ ਹਨ। ਪਰ ਇਸ ਵਿਚ ਪੰਜਾਬ ਤੋਂ ਪਰਵਾਸ ਧਾਰਨ ਕੀਤੀ ਪੁਰਾਣੀ ਪੀੜ੍ਹੀ ਦਾ ਨੁਕਸ ਵੀ ਹੈ। ਪੁਰਾਣੀ ਪੀੜ੍ਹੀ ਭਾਵੇਂ ਸਿੱਖ/ਹਿੰਦੂ ਫਿਰਕੇ ਨਾਲ ਸੰਬੰਧਿਤ ਹੋਵੇ, ਉਨ੍ਹਾਂ ਨੂੰ ਆਪਣੇ ਧਰਮ ਦਾ ਗਿਆਨ ਨਹੀਂ। ਪੰਜਾਬੀਆਂ ਨੇ ਗੁਰੂ ਨਾਨਕ ਦੀ ਫਿਲਾਸਫ਼ੀ ‘ਸਚਹੁ ਓਰੈ ਸਭੁ ਕੋ, ਉਪਰਿ ਸਚ ਆਚਾਰ’ ਨੂੰ ਛੱਡ ਕੇ ਸਿਰਫ਼ ਕਰਮਕਾਂਡਾਂ ਨੂੰ ਅਪਣਾ ਲਿਆ ਹੈ। ਇਹੀ ਕਾਰਨ ਹੈ ਕਿ ਨੌਜਵਾਨ ਪੀੜ੍ਹੀ ਨੂੰ ਧਾਰਮਿਕ ਮੁਲਾਣੇ ਆਪਣੇ ਧਰਮ ਵੱਲ ਸੌਖੇ ਹੀ ਪ੍ਰੇਰਿਤ ਕਰ ਸਕਦੇ ਹਨ। ਬੀਰੇ ਦੇ ਮਨ ਵਿਚ ਧਰਮ ਨਾਲ ਸੰਬੰਧਿਤ ਸਵਾਲਾਂ ਦੇ ਜਵਾਬ ਦੇਣ ਤੋਂ ਉਸਦੀ ਮਾਂ ਅਸਮਰੱਥ ਨਜ਼ਰ ਆਉਂਦੀ ਹੈ :

“ਵੇਖ ਮਾਮ, ਤੈਨੂੰ ਸਾਰੀ ਉਮਰ ਹੋ ਗਈ ਗੁਰਦੁਵਾਰੇ ਜਾਂਦੀ ਨੂੰ, ਤੂੰ ਮੈਨੂੰ ਇੰਨਾ ਈ ਦੱਸ ਦੇਹ ਕਿ ਜੋ ਉਹ ਗਾਈ ਜਾਂਦੇ ਹੁੰਦੇ ਨੇ ਉਹ ਕੀ ਗਾਉਂਦੇ ਨੇ। ਕੋਈ ਵੀ ਲਾਈਨ ਬੋਲ ਕੇ ਦੱਸ ਜੋ ਉਹ ਗਾਉਂਦੇ ਨੇ।”[5]

ਉਹ ਆਪਣੀ ਮਾਂ ਨੂੰ ਇਸਲਾਮ ਅਤੇ ਸਿੱਖ ਧਰਮ ਦੇ ਫ਼ਰਕ ਬਾਰੇ ਵੀ ਪੁੱਛਦਾ ਹੈ। ਪਰ ਨਾਮੋ ਕੋਲ ਉਸ ਦੀ ਕਿਸੇ ਗੱਲ ਦਾ ਸੰਤੁਸ਼ਟੀ ਭਰਿਆ ਜਵਾਬ ਨਹੀਂ ਸੀ। ਧਾਰਮਿਕ ਸਿੱਖਿਆ ਉਪਰ ਵੀ ਬੀਰਾ ਜ਼ੋਰਦਾਰ ਕਟਾਕਸ਼ ਕਰਦਾ ਹੈ:

“ਉਹ ਅੰਗਰੇਜ਼ੀ ’ਚ ਕੁਛ ਦੱਸਦੇ ਨ੍ਹੀ। ਸਾਨੂੰ ਕੀ ਸਮਝ ਆਉਣੀ ਐਂ।”[6]

ਭਾਸ਼ਾ ਮਨੁੱਖ ਦੇ ਸੰਚਾਰ ਦਾ ਸਾਧਨ ਹੈ। ਬਾਹਰਲੇ ਮੁਲਕਾਂ ਵਿਚ ਪਲ ਰਹੀ ਪੀੜ੍ਹੀ ਲਈ ਇਹ ਇਕ ਅਹਿਮ ਮਸਲਾ ਹੈ। ਪੁਰਾਣੀ ਪੀੜ੍ਹੀ ਘਰਾਂ ਵਿਚ ਪੰਜਾਬੀ ਬੋਲਦੀ ਹੈ ਅਤੇ ਘਰਾਂ ਤੋਂ ਬਾਹਰ ਅੰਗਰੇਜ਼ੀ ਭਾਸ਼ਾ ਦਾ ਪਾਸਾਰਾ ਹੋਣ ਕਰਕੇ, ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਦੀ ਘਾਟ ਹੈ। ਉਸਦੇ



ਮੁਕਾਬਲਤਨ ਪੁਰਾਣੀ ਪੀੜ੍ਹੀ ਕੋਲ ਅੰਗਰੇਜ਼ੀ ਭਾਸ਼ਾ ਦੀ ਸ਼ਬਦਾਵਲੀ ਦੀ ਘਾਟ ਹੈ। ਦੂਸਰਾ ਪੁਰਾਣੀ ਪੀੜ੍ਹੀ ਨੂੰ ਧਰਮ/ਦਰਸ਼ਨ ਦੀ ਸੋਝੀ ਨਹੀਂ, ਜਿਸ ਕਾਰਨ ਮੁਸਲਮਾਨਾਂ ਦੁਆਰਾ ਨੌਜਵਾਨਾਂ ਨੂੰ ਵਰਗਲਾਉਣਾ ਸੌਖੀ ਪ੍ਰਕਿਰਿਆ ਬਣ ਜਾਂਦਾ ਹੈ। ਬੀਰੇ ਨੂੰ ਇਸ ਸਥਿਤੀ ਵਿਚੋਂ ਉਸਦੇ ਚਾਚੇ ਦਾ ਪੁੱਤਰ ਕੁਲਦੀਪ ਕੱਢਦਾ ਹੈ। ਕੁਲਦੀਪ ਸਮੁੱਚੇ ਨਾਵਲ ਵਿਚ ਆਪਣੇ ਨਾਮ ਦੇ ਅਰਥਾਂ ਵਾਂਗ ਕੁਲ ਦਾ ਦੀਪਕ ਬਣਦਾ ਨਜ਼ਰ ਆਉਂਦਾ ਹੈ। ਉਸ ਨੂੰ ਇਸ ਸਾਰੇ ਮਸਲੇ ਬਾਰੇ ਪੂਰੀ ਸਮਝ ਹੈ, “ਉਂਝ ਤੁਹਾਨੂੰ ਦੱਸ ਦਿਆਂ ਕਿ ਇਹ ਬਹੁਤ ਸੀਰੀਅਸ ਮਸਲਾ ਐ। ਇਹ ਕੋਈ ਧਰਮ ਬਦਲਣ ਵਾਲੀ ਗੱਲ ਨ੍ਹੀਂ ਐ। ਬਲਕਿ ਨਾਸਿਰ ਵਰਗਿਆਂ ਦੇ ਆਸਰੇ ਅੱਤਵਾਦੀਆਂ ਦੇ ਲੀਡਰ ਦੂਸਰੀਆਂ ਕਮਿਊਨਿਟੀਆਂ ਦੇ ਬੱਚਿਆਂ ਨੂੰ ਇਵੇਂ ਭੜਕਾਉਂਦੇ ਨੇ। ਫਿਰ ਇਕ ਵਾਰ ਅਗਲਾ ‘ਯਮਨ’ ਚਲਾ ਗਿਆ ਤਾਂ ਸਮਝੋ ਅੱਤਵਾਦੀ ਬਣ ਗਿਆ। ਉੱਥੇ ਇਸਲਾਮ ਦੀ ਸਿੱਖਿਆ ਨ੍ਹੀਂ ਬਲਕਿ ਅੱਤਵਾਦ ਦੀ ਸਿੱਖਿਆ ਦਿੰਦੇ ਨੇ।”[7] ਉਹ ਬਾਹਰਲੇ ਦੇਸ਼ਾਂ ਵਿਚ ਧਰਮ ਪਰਿਵਰਤਨ ਦੇ ਵਰਤਾਰੇ ਦੀ ਸਹੀ ਦਸ਼ਾ ਨੂੰ ਪਛਾਣਦਾ ਹੈ। ਕੁਲਦੀਪ ਦਾ ਪਾਤਰ, ਨੌਜਵਾਨ ਪੀੜ੍ਹੀ ਦਾ ਪ੍ਰਤਿਨਿਧ ਪਾਤਰ ਹੈ। ਨਾਵਲਕਾਰ ਨੇ ਉਸਨੂੰ ਗਿਆਨਵਾਨ ਪਾਤਰ ਦੇ ਰੂਪ ਵਿਚ ਚਿਤਰਿਆ ਹੈ। ਉਹ ਸਿੱਖ ਧਰਮ, ਇਸਲਾਮ ਧਰਮ ਦੇ ਮੂਲ ਅਸੂਲਾਂ ਤੋਂ ਜਾਣੂ ਹੈ ਅਤੇ ਜੇਹਾਦ ਵਰਗੇ ਸੰਵੇਦਨਸ਼ੀਲ ਮਸਲੇ ਤੇ ਉਪਜਾਏ ਭਰਮਾਂ ਨੂੰ ਤੋੜਦਾ ਨਜ਼ਰ ਆਉਂਦਾ ਹੈ। ਪਰ ਉਸਦੇ ਉੱਚੇ ਆਦਰਸ਼ਕ ਗੁਣਾਂ ਦੇ ਪਿਛੋਕੜ ਵਿਚ ਪਏ ਕਾਰਨਾਂ ਦਾ ਜ਼ਿਕਰ ਨਹੀਂ ਹੈ। ਉਹ ਆਪਣੀ ਸੂਝ-ਬੂਝ ਤੇ ਦਲੀਲਾਂ ਨਾਲ ਬੀਰੇ ਨੂੰ ਇਸਲਾਮ ਧਰਮ ਦੀ ਸਹੀ ਵਿਆਖਿਆ ਕਰਕੇ, ਉਸਨੂੰ ਯਮਨ ਜਾ ਕੇ ਧਰਮ ਪਰਿਵਰਤਨ ਕਰਨ ਤੋਂ ਬਚਾ ਲੈਂਦਾ ਹੈ। ਬੀਰੇ ਨੂੰ ਸਮਝਾਉਂਦਾ ਉਹ ਦੱਸਦਾ ਹੈ :

“ਸਾਡੇ ਗੁਰੂਆਂ ਨੇ ਸਾਫ਼ ਤੇ ਸਿੱਧੀ ਪੱਧਰੀ ਜ਼ਿੰਦਗੀ ਜਿਉਣ ਦੀ ਸਿੱਖਿਆ ਦਿੱਤੀ ਹੈ। ਸਾਡੇ ਧਰਮ ’ਚ ਨਾ ਕੋਈ ਮਿਰੇਕਲ ਹੁੰਦਾ ਐਂ ਨਾ ਹੀ ਮਰਨ ਪਿੱਛੋਂ ਕਿਧਰੇ ਹੂਰਾਂ ਮਿਲਦੀਆਂ ਨੇ। ਸਿੱਖ ਧਰਮ ਕਹਿੰਦਾ ਐ ਕਿ ਜੋ ਕੁਝ ਵੀ ਐ ਇਸੇ ਜ਼ਿੰਦਗੀ ’ਚ ਐ। ਇਸ ਨੂੰ ਰੱਜ ਕੇ ਮਾਣੋ, ਆਪਣੀ ਨੇਕ ਨੀਅਤੀ ਦੀ ਕਮਾਈ ਕਰੋ, ਵਿੱਤ ਮੁਤਾਬਕ ਲੋੜਵੰਦ ਦੀ ਮੱਦਦ ਕਰੋ ਅਤੇ ਸਹਿਜ ਜ਼ਿੰਦਗੀ ਜਿਉਂਦੇ ਸ਼ਾਂਤੀ ਮਾਣੋ, ਖ਼ੁਸ਼ ਰਹੋ।[8]

ਪਾਲੀ, ਕਿਰਪਾਲ ਦੀ ਭੈਣ ਹੈ। ਨਿਰਭੈ ਤੇ ਉਸ ਦੀਆਂ ਦੋ ਧੀਆਂ ਕਰਮੀ ਤੇ ਧਰਮੀ ਹਨ। ਕਰਮੀ ਭਾਵੇਂ ਅਮਰੀਕਾ ਵਰਗੇ ਖੁੱਲ੍ਹੇ ਮਾਹੌਲ ਵਿਚ ਜਵਾਨ ਹੁੰਦੀ ਹੈ, ਪਰ ਆਪਣੇ ਮਾਂ ਬਾਪ ਦੀਆਂ ਇੱਛਾਵਾਂ/ਸੱਧਰਾਂ ਦੀ ਪੂਰਤੀ ਹਿੱਤ, ਪੰਜਾਬੀ ਲੜਕੇ ਦਰਸ਼ਣ ਨਾਲ ਵਿਆਹ ਕਰਵਾਉਂਦੀ ਹੈ। ਨਾਵਲ ਦੇ ਪਹਿਲੇ ਕਾਂਡ ਵਿਚ ਦਰਸ਼ਣ ਦੇ ਜੂਆ ਖੇਡਣ, ਸ਼ਿਕਾਰ ਕਰਨ ਅਤੇ ਹੋਰ ਅੱਯਾਸ਼ੀਆਂ ਦਾ ਜ਼ਿਕਰ ਹੈ। ਨਾਵਲ ਦਾ ਆਗਾਜ਼ ਦਰਸ਼ਣ ਦੀਆਂ ਅੱਯਾਸ਼ੀਆਂ ਤੋਂ ਸ਼ੁਰੂ ਹੁੰਦਾ ਹੈ ਅਤੇ ਅੰਤ ਵੀ ਉਸ ਫੋਕੀ ਟੌਅਰ ਤੇ ਹੰਕਾਰ ਵਿਚੋਂ ਉਪਜੀ ਬੀਮਾਰ ਮਾਨਸਿਕਤਾ ਦੇ ਕੋਝੇ ਸਰੂਪ ਨਾਲ ਹੁੰਦਾ ਹੈ।

ਕਰਮੀ ਤੇ ਬੀਰਾ ਅਮਰੀਕਾ ਵਰਗੇ ਮੁਲਕ ਵਿਚ ਜਵਾਨ ਹੋਈ ਨੌਜਵਾਨ ਪੀੜ੍ਹੀ ਦੀ ਪ੍ਰਤਿਨਿਧਤਾ ਕਰਦੇ ਪਾਤਰ ਹਨ, ਜੋ ਆਪਣੇ ਮਾਂ-ਬਾਪ ਦੀਆਂ ਸੱਧਰਾਂ/ਅਕਾਂਖਿਆਵਾਂ ਨੂੰ ਪੂਰਾ ਕਰਦੇ ਦੁਖਾਂਤਕ ਹੋਣੀ ਦਾ ਸ਼ਿਕਾਰ ਹੁੰਦੇ ਹਨ। ਕਰਮੀ ਆਪਣੇ ਪਤੀ ਦਰਸ਼ਣ ਤੇ ਬੀਰਾ ਆਪਣੀ ਪਤਨੀ ਰੱਤੀ, ਕਾਰਨ ਨਰਕ ਵਰਗੀ ਜ਼ਿੰਦਗੀ ਨੂੰ ਭੋਗਦੇ ਹਨ। ਦਰਸ਼ਣ ਦਾ ਪੰਜਾਬ ਵਿਚਲੇ 50

ਕਿਲ੍ਹਿਆਂ ਦੇ ਮਾਲਕ ਹੋਣ ਦਾ ਹੰਕਾਰ ਅਤੇ ਰੱਤੀ ਦਾ ਆਪਣੇ ਅਫ਼ਸਰ ਪਿਤਾ ਦੀ ਐਸ਼ਪ੍ਰਸਤ, ਬਿਗੜੀ ਤੇ ਕੰਮਚੋਰ ਮਾਨਸਿਕਤਾ ਦਾ ਖਾਮਿਆਜ਼ਾ ਕਰਮੀ ਤੇ ਬੀਰਾ ਕ੍ਰਮਵਾਰ ਭੁਗਤਦੇ ਹਨ। ਦਰਸ਼ਣ ਤੇ ਰੱਤੀ ਪੰਜਾਬ ਦੀ ਬਿਗੜੀ ਨੌਜਵਾਨ ਪੀੜ੍ਹੀ ਦੀ ਪ੍ਰਤੀਨਿਧਤਾ ਕਰਨ ਵਾਲੇ ਪਾਤਰ ਹਨ, ਜਿਹਨਾਂ ਲਈ ਬਾਹਰਲੇ ਦੇਸ਼ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਵਾਲੇ ਦੇਸ਼ ਹਨ। ਉਹ ਜ਼ਮੀਨੀ ਪੱਧਰ 'ਤੇ ਜਾ ਕੇ ਹਕੀਕਤ ਨਾਲ ਵਾਬਸਤਾ ਨਹੀਂ ਹੁੰਦੇ। ਇਹਨਾਂ ਚਾਰ ਪਾਤਰਾਂ ਰਾਹੀਂ ਨਾਵਲਕਾਰ ਨੇ ਦੋਨਾਂ ਮੁਲਕਾਂ ਦੀਆਂ ਨੌਜਵਾਨ ਪੀੜ੍ਹੀਆਂ ਦਾ ਤੁਲਨਾਤਮਕ ਚਿੱਤਰ ਪੇਸ਼ ਕੀਤਾ ਹੈ। ਅਮਰੀਕਾ ਦੀ ਨੌਜਵਾਨ ਪੀੜ੍ਹੀ ਭਾਵੇਂ ਸ਼ਰਾਬ ਪੀਂਦੀ, ਲਿਵ-ਇਨ-ਰਿਲੈਸ਼ਨਸ਼ਿਪ ਵਿਚ ਰਹਿੰਦੀ ਹੈ, ਪਰ ਜ਼ਿੰਦਗੀ ਦੀ ਸੱਚਾਈ ਦੇ ਆਦਰਸ਼ ਨੂੰ ਪਾਲਦੀ ਨਜ਼ਰ ਆਉਂਦੀ ਹੈ। ਦੂਸਰੇ ਪਾਸੇ ਪੰਜਾਬ, ਜਿਸ ਨੂੰ ਪ੍ਰੋ. ਪੂਰਨ ਸਿੰਘ 'ਪੰਜਾਬ ਜਿਊਂਦਾ ਗੁਰਾਂ ਦੇ ਨਾਂ 'ਤੇ' ਦੀ ਨੌਜਵਾਨ ਪੀੜ੍ਹੀ ਫੋਕੇ ਅਹੰਮ ਦਾ ਸ਼ਿਕਾਰ, ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਕਰਦੀ ਨਜ਼ਰ ਆਉਂਦੀ ਹੈ। ਦਰਸ਼ਣ ਦੀਆਂ ਡਿਗਰੀਆਂ ਜਾਅਲੀ ਹਨ, ਆਪਣੀ ਪਤਨੀ ਦੀ ਨੌਕਰੀ ਦੇ ਸਿਰ 'ਤੇ ਐਸ਼ ਕਰਨ, ਦੋ ਧੀਆਂ ਹੋਣ ਦੇ ਬਾਵਜੂਦ, ਜੂਆ ਖੇਡਣ ਤੇ ਬੇਗ਼ਾਨੀਆਂ ਔਰਤਾਂ ਨਾਲ ਸੰਬੰਧ ਸਥਾਪਿਤ ਕਰਨਾ, ਮਰਦਾਨਗੀ ਸਮਝਦਾ ਹੈ। ਦੂਸਰੇ ਪਾਸੇ ਰੱਤੀ ਪੰਜਾਬ ਦੇ ਉਸ ਵਰਗ ਨੂੰ ਪ੍ਰਤਿਬਿੰਬਤ ਕਰਦੀ ਹੈ, ਜੋ ਬੀਰੇ ਨਾਲ ਵਿਆਹ ਸਿਰਫ਼ ਇਸ ਲਈ ਕਰਵਾਉਣਾ ਚਾਹੁੰਦੀ ਹੈ ਤਾਂ ਕਿ ਉਹ ਆਪਣੇ ਦੋਸਤ ਕੁਲਵੰਤ ਨਾਲ ਵਿਆਹ ਕਰਵਾ ਕੇ ਸੋਹਣੀ ਜ਼ਿੰਦਗੀ ਬਿਤਾ ਸਕੇ। ਇਸ ਸੰਦਰਭ ਵਿਚ ਦਰਸ਼ਣ ਤੇ ਰੱਤੀ ਦੋਨੋਂ ਹੀ ਕੋਝੀਆਂ ਚਾਲਾਂ ਚੱਲਦੇ ਨਜ਼ਰ ਆਉਂਦੇ ਹਨ। ਸਿਰਫ਼ ਨਵੀਂ ਪੀੜ੍ਹੀ ਹੀ ਨਹੀਂ ਸਗੋਂ ਪੁਰਾਣੀ ਪੀੜ੍ਹੀ ਦਰਸ਼ਣ ਦੇ ਮਾਂ-ਬਾਪ ਤੇ ਰੱਤੀ ਦੀ ਮਾਂ ਵੀ ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਤੇ ਟੰਗਦੇ ਨਜ਼ਰ ਆਉਂਦੇ ਹਨ।

ਬੀਰੇ ਦੀ ਮਾਨਸਿਕਤਾ ਵਿਚ ਅਣਚਾਹੇ ਬੱਚੇ ਹੋਣ ਦਾ ਪਿਆ ਭਾਵ, ਸਾਰੀ ਉਮਰ ਉਸ ਤੋਂ ਗ਼ਲਤੀਆਂ ਕਰਵਾਉਂਦਾ ਹੈ। ਉਸ ਦਾ ਪਿਤਾ ਕਿਰਪਾਲ ਪੁਰਾਤਨ ਪੀੜ੍ਹੀ ਨਾਲ ਸੰਬੰਧਿਤ ਉਹ ਪਾਤਰ ਹੈ, ਜੋ ਆਪਣੇ ਸੁਪਨਿਆਂ ਦੀ ਪੂਰਤੀ ਕਰਨ ਹਿੱਤ, ਬੱਚਿਆਂ ਦੀਆਂ ਭਾਵਨਾਵਾਂ ਨੂੰ ਤਵੱਜ਼ੋ ਨਹੀਂ ਦਿੰਦੇ। ਬੀਰੇ ਦੀ ਮਰਜ਼ੀ ਦੇ ਮੁਤਾਬਕ ਉਸ ਨੂੰ ਆਪਣਾ ਕੈਰੀਅਰ ਚੁਣਨ ਦੀ ਆਜ਼ਾਦੀ ਵੀ ਨਹੀਂ ਦਿੰਦਾ। ਕਿਰਪਾਲ ਦੀ ਅਜਿਹੀ ਸੋਚ ਕਾਰਨ, ਬੀਰਾ ਇਕ ਵਾਰ ਫਿਰ ਤੋਂ ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਹਾਈ ਸੋਸਾਇਟੀ ਦੇ ਦੋਸਤ ਮਲਿਊ ਦੇ ਧੋਖੇ ਦਾ ਸ਼ਿਕਾਰ ਹੁੰਦਾ ਹੈ। ਮਲਿਊ ਨਾਲ ਕਲੱਬ ਵਿਚ ਜਾ ਕੇ ਐਆਸ਼ੀ ਦੀਆਂ ਸਾਰੀਆਂ ਹੱਦਾਂ ਪਾਰ ਕਰਦਾ ਹੈ। ਮਲਿਊ ਉਸਨੂੰ ਧੋਖੇ ਨਾਲ ਨਸ਼ੇ ਦੀ ਸਮੱਗਲਿੰਗ ਵਿਚ ਫ਼ਸਾ ਦਿੰਦਾ ਹੈ। ਮਲਿਊ ਤੇ ਬੀਰੇ ਦੇ ਆਪਸੀ ਵਾਰਤਾਲਾਪ ਤੋਂ ਨਸ਼ੇ ਦੇ ਉਸ ਰੈਕਟ ਵੱਲ ਇਸ਼ਾਰਾ ਕੀਤਾ ਗਿਆ ਹੈ, ਜਿਸਦੀ ਦਲਦਲ 'ਚੋਂ ਨਿਕਲਣਾ ਮੁਸ਼ਕਿਲ ਹੈ।

ਪਰਵਾਸੀ ਪੰਜਾਬੀਆਂ ਦੇ ਧਾਰਮਿਕ, ਸਮਾਜਿਕ ਤੇ ਸੱਭਿਆਚਾਰ ਪ੍ਰਬੰਧ 'ਤੇ ਨਾਵਲਕਾਰ ਥਾਂ ਪੁਰ ਥਾਂ ਕਟਾਖ਼ਸ਼ ਕਰਦਾ ਹੈ। ਧਾਰਮਿਕ ਸਿੱਖਿਆ ਉਪਰ ਕੁਲਦੀਪ ਦਾ ਕਥਨ ਜ਼ੋਰਦਾਰ ਕਟਾਖ਼ਸ਼ ਦੇ ਰੂਪ ਵਿਚ ਉਭਰਦਾ ਹੈ ਜਦੋਂ ਉਹ ਇਕ ਗ੍ਰੰਥੀ ਨਾਲ ਆਪਣੀ ਕਜ਼ਨ ਦੇ ਪਾਏ ਕੱਪੜਿਆਂ 'ਤੇ ਟਿੱਪਣੀ ਕਰਨ ਤੋਂ ਬਾਅਦ ਜਵਾਬ ਦਿੰਦਾ ਹੈ:

"ਮੈਨੂੰ ਇਹ ਸਮਝ ਨ੍ਹੀ ਆਉਂਦੀ ਕਿ ਤੁਹਾਡੇ ਵਰਗੇ ਅਨਪੜ੍ਹ ਗਰੰਥੀਆਂ ਤੋਂ ਕੌਮ ਨੂੰ ਕੀ ਸੇਧ ਮਿਲ ਸਕਦੀ ਐ। ਇਨ੍ਹਾਂ ਬੱਚਿਆਂ ਨੂੰ ਕੁਝ ਵੀ ਸਮਝ ਨ੍ਹੀਂ ਆਉਂਦਾ ਪਰ ਘਰ ਦੇ ਧੱਕੇ ਨਾਲ ਲੈ



ਆਉਂਦੇ ਨੇ। ਉਪਰੋਂ ਤੁਸੀਂ ਕੱਪੜਿਆਂ ਦੀ ਨਿਰਖ ਪਰਖ ਕਰਨ ਲੱਗ ਪੈਂਦੇ ਓ। ਫਿਰ ਉਲਾਂਭੇ ਦਿੰਦੇ ਓ ਕਿ ਨਵੀਂ ਪੀੜ੍ਹੀ ਸਿੱਖੀ ਨਾਲ ਨ੍ਹੀਂ ਜੁੜਦੀ। ਅਸੀਂ ਜੁੜਨ ਨੂੰ ਤਿਆਰ ਆਂ ਪਰ ਪਹਿਲਾਂ ਸਾਡੇ ਲੈਵਲ ਦੇ ਗਰੰਥੀ ਲੈ ਕੇ ਆਉ ਜਿਨ੍ਹਾਂ ਨਾਲ ਅਸੀਂ ਸਿੱਧਾ ਸੰਵਾਦ ਰਚਾ ਸਕੀਏ। ਤੁਹਾਡੇ ਵਰਗੇ ਅਨਪੜ੍ਹਾਂ ਤੋਂ ਅਸੀਂ ਕੀ ਸਿੱਖ ਸਕਦੇ ਆਂ ?"[9]

ਉਪਰੋਕਤ ਵੇਰਵਾ ਸਮਾਜ ਦੀ ਧਾਰਮਿਕ ਵਿਵਸਥਾ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕਰਦਾ ਹੈ।

ਕਿਰਪਾਲ ਦਾ ਭਰਾ ਕਰਤਾਰ, ਬੁੱਢੇ, ਹਉਮੇਂਗ੍ਰਸਤ, ਫੌਕੀ ਟੌਅਰ, ਕਮੀਨੀ ਸੋਚ ਰੱਖਣ ਵਾਲਾ ਕਿਰਦਾਰ ਹੈ। ਉਹ ਆਪਣੀ ਬੇਟੀ ਨਿੰਦੀ ਦਾ ਵਿਆਹ ਧੋਖੇ ਨਾਲ ਪੰਜਾਬੀ ਮੁੰਡੇ ਨਾਲ ਕਰਨਾ ਚਾਹੁੰਦਾ ਹੈ। ਭਾਵੇਂ ਕਿ ਨਿੰਦੀ ਦੀ ਮਾਂ ਤੇਜੋ ਆਪਣੀ ਬੇਟੀ ਦੀਆਂ ਸੱਧਰਾਂ ਨੂੰ ਜਾਣਦੀ, ਉਸਨੂੰ ਮਰਜ਼ੀ ਨਾਲ ਜ਼ਿੰਦਗੀ ਜਿਊਣ ਦੇਣ ਦੀ ਇਛੁੱਕ ਹੈ। ਕਰਤਾਰ ਭਾਵੇਂ ਨਿੰਦੀ ਨੂੰ ਧੋਖੇ ਨਾਲ ਪੰਜਾਬ ਲੈ ਜਾਂਦਾ ਹੈ। ਪਰ ਉਸਦਾ ਕਜ਼ਨ ਕੁਲਦੀਪ ਉਸ ਲਈ ਰਾਹ ਦਸੇਰਾ ਬਣਦਾ ਹੈ। ਉਹ ਆਪਣੇ ਬਾਪ ਦੁਆਰਾ ਚੱਲੀ ਝੂਠੀ ਚਾਲ ਨੂੰ ਪਛਾਣ ਕੇ ਉਸ ਵਿਚੋਂ ਨਿਕਲ ਆਉਂਦੀ ਹੈ। ਇਸ ਵਿਚ ਉਸਦੀ ਮਾਂ ਦੀ ਭੂਮਿਕਾ ਵੀ ਹਾਂ-ਮੁਖੀ ਹੈ। ਨਿੰਦੀ ਦੀ ਮਾਂ ਦਾ ਕਿਰਦਾਰ, ਪੰਜਾਬੀ ਸੱਭਿਆਚਾਰ ਵਿਚ ਮਾਂ ਧੀ ਦੇ ਰਿਸ਼ਤੇ ਦੇ ਪਿਆਰ, ਸਾਂਝ ਤੇ ਰਾਜ਼ਦਾਰ ਹੋਣ ਦੀ ਗਵਾਹੀ ਭਰਦਾ ਨਜ਼ਰ ਆਉਂਦਾ ਹੈ।

ਪਰਵਾਸ ਕੀਤੀ ਪੁਰਾਣੀ ਪੀੜ੍ਹੀ ਲਈ ਵਿਆਹ ਸਭ ਤੋਂ ਮਹੱਤਵਪੂਰਨ ਹੈ, ਜਿਸ ਨੂੰ ਉਹ ਵੰਸ਼ ਨੂੰ ਅੱਗੇ ਵਧਾਉਣ ਦਾ ਸਾਧਨ ਮੰਨਦੀ ਹੈ। ਪਰ ਕਿਰਪਾਲ ਦੇ ਭਰਾ ਜਗਤਾਰ ਦਾ ਪੁੱਤਰ ਦੀਪਾ ਇਕ ਗੇਅ ਪਾਤਰ ਹੈ। ਜਗਤਾਰ ਉਸਨੂੰ ਨਾਮਰਦ ਸਮਝਦਾ, ਆਪਣੇ ਆਪ ਵਿਚ ਨਮੋਸ਼ ਹੁੰਦਾ ਹੈ। ਨਾਵਲਕਾਰ ਨੇ ਕੁਲਦੀਪ ਦੇ ਪਾਤਰ ਰਾਹੀਂ ਗੇਅ ਤੇ ਲੈਜ਼ਬੀਅਨ ਨੂੰ ਸਹੀ ਰੂਪ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ:

"ਹਰ ਮਰਦ ਅੰਦਰ ਕੁਝ ਅੰਸ਼ ਔਰਤ ਦੇ ਹੁੰਦੇ ਨੇ ਤੇ ਇਵੇਂ ਈਂ ਔਰਤ ਅੰਦਰ ਕੁਝ ਅੰਸ਼ ਮਰਦ ਦੇ ਹੁੰਦੇ ਨੇ। ਪਰ ਕਈ ਵਾਰੀ ਕਿਸੇ ਮਰਦ ਅੰਦਰ ਔਰਤ ਵਾਲੇ ਅੰਸ਼ ਹੱਦੋਂ ਵਧ ਜਾਂਦੇ ਨੇ, ਬਾਹਰੋਂ ਉਹ ਪੂਰਾ ਮਰਦ ਦਿਸਦਾ ਹੈ ਪਰ ਅੰਦਰੋਂ ਉਹ ਔਰਤ ਦੀ ਤਰ੍ਹਾਂ ਮਹਿਸੂਸ ਕਰਦਾ ਐ। ਇਨ੍ਹਾਂ ਨੂੰ ਗੇਅ ਕਹਿੰਦੇ ਨੇ। ਦੂਜੀ ਕਿਸਮ ਦੇ ਉਹ ਵੀ ਹੁੰਦੇ ਨੇ ਜੋ ਹੁੰਦੇ ਤਾਂ ਪੂਰੇ ਮਰਦ ਨੇ ਪਰ ਉਹਨਾਂ ਨੂੰ ਗੇਅ ਨਾਲ ਰਹਿਣਾ ਚੰਗਾ ਲੱਗਦਾ ਹੈ। ਉਨ੍ਹਾਂ ਨੂੰ ਔਰਤਾਂ ਨਾਲ ਰਹਿਣਾ ਖਿੱਚ ਨ੍ਹੀਂ ਪਾਉਂਦਾ। ਇਵੇਂ ਈ ਇਹੀ ਵਰਤਾਰਾ ਔਰਤਾਂ 'ਚ ਵੀ ਹੁੰਦਾ ਐ। ਅਜਿਹੀਆਂ ਔਰਤਾਂ ਨੂੰ ਗੇਅ ਨ੍ਹੀਂ ਬਲਕਿ ਲੈਜ਼ਬੀਅਨ ਕਹਿੰਦੇ ਨੇ।[10]

ਵਿਆਹ ਸੰਸਥਾ, ਜਿਸ ਨੂੰ ਪੁਰਾਣੀ ਪੀੜ੍ਹੀ ਸਿਰਮੌਰ ਮੰਨਦੀ ਹੈ, ਨਵੀਂ/ਅਜੋਕੀ ਪੀੜ੍ਹੀ ਲਈ ਉਹੀ ਵਿਆਹ ਬੰਧਨ ਹੈ। ਉਹ ਕਿਸੇ ਵੀ ਬੰਧਨ ਵਾਲੇ ਰਿਸ਼ਤੇ ਵਿਚ ਬੱਝਣ ਤੋਂ ਇਨਕਾਰੀ ਹਨ। ਵਿਆਹ ਦੀ ਸੰਸਥਾ ਉਪਰ ਉਹ ਪ੍ਰਸ਼ਨਚਿੰਨ੍ਹ ਲਗਾਉਂਦੇ ਹਨ। ਇਕੱਠੇ ਰਹਿਣ ਦਾ ਅਰਥ, ਵਿਆਹ ਨੂੰ ਨਹੀਂ ਮੰਨਦੇ। ਵਿਆਹ ਦੇ ਬਿਨਾਂ ਵੀ ਇਕੱਠੇ ਰਿਹਾ ਜਾ ਸਕਦਾ ਹੈ। ਸਮੱਸਿਆਵਾਂ ਦਾ ਸਮਾਧਾਨ ਕਰਨ ਵਾਲਾ ਪਾਤਰ ਕੁਲਦੀਪ, ਸ੍ਰੀਲੰਕਾ ਦੀ ਇਕ ਵਿਧਵਾ ਔਰਤ ਨਾਲ ਰਹਿੰਦਾ ਹੈ। ਉਸ ਦੇ ਦੋ ਬੱਚੇ ਵੀ ਹਨ। ਪਰ ਉਹ ਵਿਆਹ ਕਰਵਾਉਣ ਦੇ ਹੱਕ ਵਿਚ ਨਹੀਂ ਹੈ। ਉਸਦੇ ਮਾਤਾ-ਪਿਤਾ ਵੀ ਪੋਤੇ-ਪੋਤੀ ਦੇ ਮੋਹ ਵਿਚ ਉਸ ਦੀ ਵਿਧਵਾ ਪਤਨੀ ਨੂੰ ਸਵੀਕ੍ਰਿਤੀ ਦਿੰਦੇ ਹਨ। ਕੁਲਦੀਪ ਮਾਨਵਤਾ ਦੇ ਪੱਖੋਂ ਉਚੇ ਖ਼ਿਆਲਾਂ ਦਾ ਧਾਰਨੀ ਪਾਤਰ ਹੈ।

ਨਾਵਲ ਦਾ ਅੰਤ ਫ਼ਿਲਮੀ ਕਿਸਮ ਦਾ ਹੈ। ਨਾਵਲ ਦੇ ਪਾਤਰਾਂ ਵਿਚ ਪਹਿਲਾਂ ਸਮੱਸਿਆਵਾਂ ਆਉਂਦੀਆਂ ਹਨ। ਸਮੱਸਿਆਵਾਂ ਦਾ ਕਾਰਨ ਪੁਰਾਤਨ ਪੀੜ੍ਹੀ ਦੀ ਸੌੜੀ ਤੇ ਖ਼ੁਦਮੁਖ਼ਤਾਰੀ ਵਾਲੀ ਸੋਚ ਹੈ।ਆਧੁਨਿਕ ਪੀੜ੍ਹੀ ਆਪਣੀ ਸੂਝ ਮੁਤਾਬਕ ਮੁਸ਼ਕਲਾਂ ਦਾ ਹੱਲ ਲੱਭ ਲੈਂਦੀ ਹੈ। ਕੁਲਦੀਪ ਸਾਰੇ ਨਾਵਲ ਵਿਚ ਸਮੱਸਿਆਵਾਂ ਦਾ ਸਮਾਧਾਨ ਕਰਨ ਵਾਲਾ ਨਾਇਕ ਪਾਤਰ ਬਣ ਕੇ ਉਘੜਦਾ ਹੈ।ਕਰਮੀ ਦਾ ਤਲਾਕ ਹੋ ਕੇ ਮਨਮਰਜ਼ੀ ਦੇ ਵਰ ਗਿੰਨੀ ਨਾਲ ਵਿਆਹ, ਧਰਮੀ ਦਾ ਹੈਦਰ ਅਸਲਮ ਨਾਲ ਵਿਆਹ, ਨਿੰਦੀ ਦਾ ਏਕਾਂਤ ਬਾਸੂ ਨਾਲ ਵਿਆਹ, ਕੁਲਦੀਪ ਦੀ ਗਰਲਫਰੈਂਡ ਵੰਦਨਾ ਨੂੰ ਮਾਪਿਆਂ ਦੀ ਮੰਨਜੂਰੀ, ਬੀਰੇ ਦੀ ਨਵੀਂ ਗਰਲਫਰੈਂਡ ਸਿੰਮੀ ਦਾ ਆਗਾਜ਼ ਨਾਵਲ ਦੇ ਸੁਖਾਂਤਕ ਅੰਤ ਵੱਲ ਇਸ਼ਾਰਾ ਕਰਦੇ ਵੇਰਵੇ ਹਨ। ਪਰ ਅਚਾਨਕ ਹੀ ਨਾਵਲ ਵਿਚ ਨਾਟਕੀ ਢੰਗ ਨਾਲ ਗਿੰਨੀ ਤੇ ਕਰਮੀ ਦੀ ਰਿਸੈਪਸ਼ਨ ਵਿਚ ਦਰਸ਼ਣ ਆਉਂਦਾ ਹੈ। ਉਸ ਦੀਆਂ ਗੋਲੀਆਂ ਨਾਲ ਕਰਤਾਰ, ਗਿੰਨੀ, ਹੈਦਰ ਅਸਲਮ ਤੇ ਪਾਰਟੀ ਦੋ ਹੋਰ ਲੋਕਾਂ ਦੀ ਮੌਤ ਹੁੰਦੀ ਹੈ। ਦਰਸ਼ਣ ਦੀ ਬੀਮਾਰ ਮਾਨਸਿਕਤਾ ਤੇ ਮਰਦ ਹਉਂ ਦੇ ਕਾਰਨ ਕਰਮੀ ਤੇ ਧਰਮੀ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ।

ਨਾਵਲ ਵਿਚ ਪੀੜ੍ਹੀ-ਪਾੜ੍ਹਾ, ਵਿਆਹ ਸੰਸਥਾ, ਲਿਵ-ਇਨ-ਰਿਲੈਸ਼ਨਸ਼ਿਪ, ਨਸ਼ੇ, ਪੈਸਾ ਕਮਾਉਣ ਦੀ ਹੋੜ੍ਹ, ਪੰਜਾਬੀਆਂ ਦੀ ਫੌਕੀ ਟੌਅਰ ਦੀ ਮਾਨਸਿਕਤਾ, ਧਰਮ ਤੇ ਦਰਸ਼ਨ ਤੋਂ ਵਿਰਵੀਂ ਪੀੜ੍ਹੀ, ਗੇਅ, ਜੇਹਾਦ ਵਰਗੇ ਮਸਲਿਆਂ ਨੂੰ ਕਲਾਵੇ ਵਿਚ ਲਿਆ ਗਿਆ ਹੈ। ਨਾਵਲ ਦੀ ਪ੍ਰਾਪਤੀ ਹੈ ਕਿ ਲੇਖਕ ਨੇ ਅਜੋਕੀ ਪੀੜ੍ਹੀ ਦੇ ਦ੍ਰਿਸ਼ਟੀਕੋਣ ਤੋਂ ਨਾਵਲ ਦੀ ਰਚਨਾ ਕੀਤੀ ਹੈ। ਪੁਰਾਣੀ-ਪੀੜ੍ਹੀ ਦੀ ਆਪਣੇ ਆਪ ਨੂੰ ਸਿਰਮੌਰ ਸਮਝਣ ਦੀ ਬਿਰਤੀ ਦਾ ਖੰਡਨ ਅਤੇ ਅਜੋਕੀ ਪੀੜ੍ਹੀ ਦੀ ਸੱਜਰੀ ਸੋਚ ਨੂੰ ਨਵੇਂ ਪਰਿਪੇਖ ਵਿਚ ਪੇਸ਼ ਕੀਤਾ ਹੈ।

ਹਵਾਲੇ ਅਤੇ ਟਿੱਪਣੀਆਂ


1. ਵਣਜਾਰਾ ਬੇਦੀ, **ਪੰਜਾਬੀ ਲੋਕਧਾਰਾ ਵਿਸ਼ਵਕੋਸ਼,** ਜਿਲਦ-8, ਪੰਨੇ 1961-1962.
2. ਹਰਮਹਿੰਦਰ ਚਹਿਲ, **ਨਵਯੁਗ,** ਪੰਨਾ 18.
3. **ਉਹੀ** ।
4. **ਉਹੀ,** ਪੰਨਾ 17.
5. **ਉਹੀ,** ਪੰਨਾ 44.
6. **ਉਹੀ,** ਪੰਨਾ 45.
7. **ਉਹੀ,** ਪੰਨਾ 47.
8. **ਉਹੀ,** ਪੰਨਾ 49.
9. **ਉਹੀ,** ਪੰਨਾ 74.
10. **ਉਹੀ,** ਪੰਨਾ 114.



ਅਸਿਸਟੈਂਟ ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਖ਼ਾਲਸਾ ਕਾਲਜ, ਅੰਮ੍ਰਿਤਸਰ
ਮੋਬਾਇਲ ਨੰ: 9780049828




# ਹਰਮਹਿੰਦਰ ਚਹਿਲ ਦਾ 'ਨਵਯੁਗ' : ਸਭਿਆਚਾਰਕ ਰੂਪਾਂਤਰਣ

**-ਦੇਵਿੰਦਰ ਕੌਰ ( ਯੂ ਕੇ )**

ਸਾਹਿਤ ਅਤੇ ਸਭਿਆਚਾਰ ਦਾ ਆਪਸ ਵਿਚ ਬੜਾ ਗਹਿਰਾ ਸੰਬੰਧ ਹੈ। ਸਾਹਿਤ ਸਭਿਆਚਾਰ ਦਾ ਅਹਿਮ ਹਿੱਸਾ ਹੈ । ਇਸ ਵਿਚ ਸਭਿਆਚਾਰ ਦਾ ਅਵਚੇਤਨ ਸਮਾਇਆ ਹੁੰਦਾ ਹੈ। ਜਦੋਂ ਵੀ ਕਿਸੇ ਸਭਿਆਚਾਰ ਵਿਚ ਤਬਦੀਲੀ ਵਾਪਰਦੀ ਹੈ, ਉਸਦਾ ਅਸਰ ਸਾਹਿਤਕ ਸੰਰਚਨਾਵਾਂ ਉਪਰ ਵੀ ਪੈਂਦਾ ਹੈ। ਸਭਿਆਚਾਰਕ ਧਰਾਤਲਾਂ ਦੇ ਬਦਲਣ ਨਾਲ ਸਾਹਿਤ ਵਿਚ ਤੋੜ ਪੈਦਾ ਹੁੰਦੇ ਹਨ ਅਤੇ ਇਹ ਤੋੜ ਹੀ ਨਵੇਂ ਆਯਾਮ ਸਿਰਜਣ ਵਿਚ ਸਹਾਈ ਹੁੰਦੇ ਹਨ। ਇਹ ਇਕ ਪ੍ਰਮਾਣਿਤ ਤੱਥ ਹੈ ਕਿ ਸਾਹਿਤ ਸਭਿਆਚਾਰਕ ਤਬਦੀਲੀਆਂ ਦੀ ਸ਼ਨਾਖਤ ਲਈ ਅਹਿਮ ਰੋਲ ਅਦਾ ਕਰਦਾ ਹੈ। ਜਦੋਂ ਕੋਈ ਸਭਿਆਚਾਰ ਦੂਸਰੇ ਸਭਿਆਚਾਰਾਂ ਵਿਚ ਪ੍ਰਵੇਸ਼ ਕਰਦਾ ਹੈ ਤਾਂ ਸਭਿਆਚਾਰਾਂ ਵਿਚ ਵਿਸ਼ੇਸ ਪ੍ਰਕਾਰ ਦੀ ਗਤੀਸ਼ੀਲਤਾ ਪੈਦਾ ਹੁੰਦੀ ਹੈ। ਇਹ ਗਤੀਸ਼ੀਲਤਾ ਸਾਹਿਤ ਸਿਰਜਣ ਵਿਚ ਵਿਸ਼ੇਸ਼ ਸਹਾਈ ਹੁੰਦੀ ਹੈ। ਇਸੇ ਸਿਰਜਣਾ ਵਿਚ ਸਾਹਿਤਿਕ ਵਿਕਾਸ ਦੀਆਂ ਸੰਭਾਵਨਾਵਾਂ ਪਈਆਂ ਹੁੰਦੀਆਂ ਹਨ। ਇਸ ਵਿਕਾਸ ਦੀ ਦਿਸ਼ਾ ਬੜੀ ਜਟਿਲ ਪ੍ਰਕਿਰਿਆ ਵਿਚੋਂ ਗੁਜ਼ਰਦੀ ਹੈ, ਜਿਸ ਵਿਚੋਂ ਅਨੇਕਾਂ ਸਵਾਲ ਪੈਦਾ ਹੁੰਦੇ ਹਨ, ਅਨੇਕਾਂ ਵੰਗਾਰਾਂ ਜਨਮ ਲੈਂਦੀਆਂ ਹਨ ਤੇ ਇਹ ਵੰਗਾਰਾਂ ਨਵੇਂ ਯੁਗ ਦਾ ਨਿਰਮਾਣ ਕਰਦੀਆਂ ਹਨ । ਸਾਹਿਤ ਦੇ ਸੰਚਾਰ ਦੇ ਸੰਦਰਭ ਵਿਚ ਯਕਦੈਰੀਦਾ ਨੇ ਕਿਹਾ ਸੀ :-

"ਇਟ ਇਜ਼ ਪਾਸੀਬਲ ਟੂ ਸੇ ਐਵਰੀਥਿੰਗ ਇਨਐਵਰੀਵੇਅ" ਐਂਡ ਦਸ ਟੂਟਰਾਂਸ ਗਰੈੱਸ ਦਾ ਪਰੈਜ਼ਿਊਮਡ ਲਿਮਿਟਸ ਆਫ "ਏ ਕਲਚਰ ?"

(ਯਕਸਦੈਰੀਦਾ, "ਦਿਸਸਟਰੇਂਜ ਇਨਸਟੀਟਿਊਸ਼ਨ ਕਾਲਡ ਲਿਟਰੇਚਰ।ਐਨ ਇੰਟਰਵਿਊ ਵਿਦ ਯਕਸ ਦੈਰੀਦਾ, "ਐਕਟਸ ਆਫ ਲਿਟਰੇਚਰ, ਐਡ. ਡੈਰਿਕਐਟਰਿਜ ( ਨਿਊਯਾਰਕ-ਲੰਡਨ, ਰੂਟਲੈਜ, 1992), 33-75, 36 ਐਮਫੇਸਿਜ਼ ਉਰਿਜਨਲ)

ਕਿਸ ਹੱਦ ਤਕ ਤੇ ਕਿਹੜੀਆਂ ਵਿਧੀਆਂ ਰਾਹੀਂ ਕੋਈ ਸਾਹਿਤ ਸਭਿਆਚਾਰਕ ਤਬਦੀਲੀ ਜਾਂ ਰੂਪਾਂਤਰਣ ਦਾ ਵਾਹਕ ਬਣ ਸਕਦਾ ਹੈ ਇਹ ਵੇਖਣ ਲਈ ਅਸਾਂ ਹਰਮਹਿੰਦਰ ਚਹਿਲ ਦਾ ਨਾਵਲ, 'ਨਵਯੁਗ' ਚੁਣਿਆ ਹੈ ਕਿਉਂਕਿ ਇਹ ਨਾਵਲ ਜਿਸ ਸਭਿਆਚਾਰਕ ਧਰਾਤਲ ਵਿਚੋਂ ਜਨਮ ਲੈਂਦਾ ਹੈ, ਉਸ ਵਿਚ ਰੂਪਾਂਤਰਣ ਦੀਆਂ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ ।

ਇਸ ਨਾਵਲ ਦੀ ਮੁੱਖ ਧਰਾਤਲ ਅਮਰੀਕਾ ਦੀ ਧਰਤੀ ਹੈ ਜਿਸ ਵਿਚ ਰਹਿਣ ਵਾਲੇ ਪਰਿਵਾਰ ਭਾਰਤੀ ਅਤੇ ਅਮਰੀਕੀ ਸਭਿਆਚਾਰ ਵਿਚੋਂ ਦੀ ਹੋ ਕੇ ਗੁਜ਼ਰਦੇ ਹਨ ਜਿਸ ਨਾਲ ਸਭਿਆਚਾਰਾਂ ਵਿਚ ਕਿਧਰੇ ਤਣਾਉ ਅਤੇ ਕਿਧਰੇ ਟਕਰਾਉ ਵਾਪਰਦਾ ਹੈ ਜਿਸ ਵਿਚੋਂ ਭਿੰਨ ਭਿੰਨ ਪ੍ਰਕਾਰ ਦੀਆਂ ਸਮੱਸਿਆਵਾਂ ਜਨਮ ਲੈਂਦੀਆਂ ਹਨ। ਪਰਵਾਸ ਧਾਰਨ ਕਰਨ ਵਾਲਿਆਂ ਦੀ ਜ਼ਿੰਦਗੀ ਵਿਚ ਵਾਪਰਣ ਵਾਲਾ ਇਹ ਲਾਜ਼ਮੀ ਤੱਤ ਹੈ ਜਿਸ ਤੋਂ ਬਚ ਸਕਣਾ ਲਗਭਗ ਅਸੰਭਵ ਹੈ । ਇਸ ਨਾਵਲ ਵਿਚ ਨਾਵਲਕਾਰ ਨੇ ਸਭਿਆਚਾਰਾਂ ਦੇ ਮਿਸ਼ਰਣ ਵਿਚੋਂ ਪੈਦਾ ਹੋਈਆਂ ਜਿਨ੍ਹਾਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ ਉਹ ਅਸਲੋਂ ਨਵਾਂ ਵਿਸ਼ਾ ਨਹੀਂ ਹੈ । ਇਸ ਤੋਂ ਪਹਿਲਾਂ ਇੰਗਲੈਂਡ ਦੀ ਧਰਤੀ ਤੇ ਪਰਵਾਸ ਕਰਨ ਵਾਲੀ ਏਸ਼ੀਅਨ ਪੀੜੀ ਵਿਚ ਬਹੁਤ ਪਹਿਲਾਂ ਸੱਠਵਿਆਂ ਵਿਚ ਵਾਪਰ

ਚੁੱਕਾ ਸੀ ਜਿਸ ਵਿਚੋਂ ਕਈ ਕਹਾਣੀਆਂ ਅਤੇ ਨਾਵਲਾਂ ਨੇ ਜਨਮ ਲਿਆ। ਹਰਮਹਿੰਦਰ ਚਹਿਲ ਨੇ ਵੀ ਕੁਝ ਉਸੇ ਤਰ੍ਹਾਂ ਦੇ ਹਾਲਾਤ ਦੀ ਪੇਸ਼ਕਾਰੀ ਕੀਤੀ ਹੈ। ਫਰਕ ਇਹ ਹੈ ਕਿ ਇਸ ਨਾਵਲ ਵਿਚ ਲੇਖਕ ਦਾ ਦ੍ਰਿਸ਼ਟੀ ਬਿੰਦੂ ਵੱਖਰਾ ਹੈ। ਜਿਥੇ ਬਰਤਾਨਵੀ ਪੰਜਾਬੀ ਨਾਵਲ ਵਿਚ ਬੱਚਿਆਂ ਦੇ ਹਾਲਾਤ ਦਾ ਜ਼ਿੰਮੇਵਾਰ ਬਰਤਾਨਵੀ ਮਾਹੌਲ ਬਣਦਾ ਹੈ ਉਥੇ ਇਸ ਨਾਵਲ ਵਿਚ ਮਾਪਿਆਂ ਅਤੇ ਬੱਚਿਆਂ ਵਿਚਕਾਰ ਤਣਾਉ ਅਤੇ ਟਕਰਾਉ ਪੈਦਾ ਹੋਣ ਦਾ ਕਾਰਨ ਭਾਰਤ ਤੋਂ ਆਏ ਮਾਪਿਆਂ ਦੀ ਦਮਨਕਾਰੀ ਸੋਚ ਹੈ ਜਿਸ ਅਧੀਨ ਉਹ ਬੱਚਿਆਂ ਦੀ ਜ਼ਿੰਦਗੀ ਦੇ ਫੈਸਲੇ ਆਪਣੀ ਸੋਚ ਅਨੁਸਾਰ ਕਰਨਾ ਚਾਹੁੰਦੇ ਹਨ ਜਦ ਕਿ ਬੱਚੇ ਜਿਸ ਵਾਤਾਵਰਣ ਵਿਚ ਰਹਿ ਰਹੇ ਹਨ ਉਥੇ ਮਾਪਿਆਂ ਦੀ ਜ਼ੋਰ ਜ਼ਬਰਦਸਤੀ ਵਧੇਰੇ ਜਟਿਲ ਸਮੱਸਿਆਵਾਂ ਪੈਦਾ ਕਰਸ ਕਦੀ ਹੈ। ਇਹੀ ਕਾਰਨ ਹੈ ਕਿ ਇਸ ਨਾਵਲ ਵਿਚਲਾ ਅਹਿਮ ਕਿਰਦਾਰ ਕਿਰਪਾਲ ਇੱਕ ਤਾਂ ਆਪਣੇ ਪੁੱਤਰ ਬੀਰੇ ਦੀ ਜ਼ਿੰਦਗੀ ਵਿਚ ਬਹੁਤੀ ਜ਼ਿੰਮੇਦਾਰੀ ਦਾ ਸਬੂਤ ਨਹੀਂ ਦੇਂਦਾ। ਉਸਦਾ ਸਾਰਾ ਧਿਆਨ ਆਪਣੇ ਡਾਕਟਰੀ ਕਿੱਤੇ ਵਿਚੋਂ ਵੱਧ ਤੋਂ ਵੱਧ ਪੈਸਾ ਕਮਾਉਣਾ ਹੈ। ਇਸੇ ਕਰਕੇ ਉਹ ਬੀਰੇ ਦੇ ਸਕੂਲ ਕਦੇ ਨਹੀਂ ਜਾਂਦਾ, ਸਾਰੀ ਜ਼ਿੰਮੇਵਾਰੀ ਪਤਨੀ ਹਰਨਾਮ ਕੌਰ ਉਰਫ ਨਾਮੋ ਨੂੰ ਸੌਂਪ ਦੇਂਦਾ ਹੈ ਅਤੇ ਖਾਹਿਸ਼ ਇਹ ਰਖਦਾ ਹੈ ਕਿ ਉਸਦਾ ਪੁੱਤਰ ਵੀ ਡਾਕਟਰ ਬਣੇ ਜਦ ਕਿ ਉਸਦੀ ਦਿਲਚਸਪੀ ਕੰਪਿਊਟਰ ਸਾਇੰਸ ਵਿਚ ਹੈ। ਇਸ ਸਭ ਕਾਸੇ ਦਾ ਸਿੱਟਾ ਇਹ ਨਿਕਲਦਾ ਹੈ ਕਿ ਬੀਰਾ ਆਪਣੇ ਆਪ ਨੂੰ ਅਣਗਹਿਲੀ ਦਾ ਸ਼ਿਕਾਰ ਤਸੱਵਰ ਕਰਦਿਆਂ ਸਕੂਲ ਵਿਚ ਅਮਰੀਕਨ ਮੁੰਡਿਆਂ ਦਾ ਸਤਾਇਆ ਚਾਕੂ ਲੈ ਕੇ ਚਲਾ ਜਾਂਦਾ ਹੈ ਤੇ ਅਚਾਨਕ ਚਾਕੂ ਉਸਦੀ ਜੇਬ ਵਿਚੋਂ ਗਿਰ ਜਾਂਦਾ ਹੈ ਤੇ ਸਿੱਟੇ ਵਜੋਂ ਪੁਲਿਸ ਬੁਲਾਈ ਜਾਂਦੀ ਹੈ ਜੋ ਉਸਨੂੰ ਹਿਰਾਸਤ ਵਿਚ ਲੈ ਲੈਂਦੀ ਹੈ ਤੇ ਉਸਦਾ ਕੇਸ ਅਦਾਲਤ ਵਿਚ ਪਹੁੰਚ ਜਾਂਦਾ ਹੈ। ਇਥੇ ਲੇਖਕ ਇਸ ਸਾਰੀ ਘਟਨਾ ਦਾ ਕਾਰਨ ਮਾਪਿਆਂ ਦੀ ਬੱਚਿਆਂ ਪ੍ਰਤੀ ਅਣਗਹਿਲੀ ਮੰਨਦਾ ਹੈ। ਇਥੇ ਕਿਹਾ ਜਾ ਸਕਦਾ ਹੈ ਕਿ ਲੇਖਕ ਬੱਚਿਆਂ ਨੂੰ ਕਸੂਰਵਾਰ ਠਹਿਰਾਉਣ ਦੀ ਥਾਂ ਮਾਪਿਆਂ ਨੂੰ ਜ਼ਿੰਮੇਦਾਰ ਠਹਿਰਾਉਂਦਾ ਹੈ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਦੀ ਘਟਨਾ ਭਾਰਤ ਵਿਚ ਵੀ ਵਾਪਰ ਸਕਦੀ ਹੈ। ਲੇਕਿਨ ਇਸ ਨਾਵਲ ਵਿਚ ਫਰਕ ਇਹ ਹੈ ਕਿ ਇਹ ਸਾਰਾ ਕੁਝ ਅਮਰੀਕਾ ਦੀ ਧਰਤੀ ਤੇ ਵਾਪਰਦਾ ਹੈ ਜਿਥੇ ਅਮਰੀਕਨ ਸਭਿਆਚਾਰ ਅਤੇ ਭਾਰਤੀ ਸਭਿਆਚਾਰ ਦੇ ਮੇਲ ਜਾਂ ਟਕਰਾਉ ਵਿਚੋਂ ਵੱਖਰੀ ਤਰ੍ਹਾਂ ਦਾ ਅਮਰੀਕਨ ਪੰਜਾਬੀ ਸਭਿਆਚਾਰ ਪੈਦਾ ਹੋ ਰਿਹਾ ਹੈ ਜਿਸਨੂੰ ਸਭਿਆਚਾਰਕ ਰੂਪਾਂਤਰਣ ਦੀ ਪੱਧਰ ਤੇ ਵੱਖਰੇ ਢੰਗ ਨਾਲ ਸਮਝਿਆ ਜਾ ਸਕਦਾ ਹੈ। ਭਾਵੇਂ ਬਰਤਾਨੀਆ ਵਿਚ ਵੀ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਬਹੁਤ ਪਹਿਲਾਂ ਹੋਂਦ ਵਿਚ ਆਈਆਂ ਲੇਕਿਨ ਅਮਰੀਕਾ ਦੀ ਧਰਤੀ 'ਤੇ ਇਹ ਸਭ ਕੁਝ ਬਹੁਤ ਬਾਅਦ ਵਿਚ ਵਾਪਰਿਆ। ਇਸ ਲਈ ਉਥੇ ਇਸ ਤਰ੍ਹਾਂ ਦਾ ਸਾਹਿਤ ਇੱਕੀਵੀਂ ਸਦੀ ਵਿਚ ਪੈਦਾ ਹੋ ਰਿਹਾ ਹੈ। ਦੁਨੀਆ ਦੇ ਗਲੋਬਲ ਪਿੰਡ ਬਣ ਜਾਣ ਨਾਲ ਇਹ ਸਮੱਸਿਆਵਾਂ ਦੁਨੀਆ ਦੇ ਹਰ ਉਹਨਾਂ ਦੇਸ਼ਾਂ ਵਿਚ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧਰਹੀਆਂ ਹਨ, ਜਿਥੇ ਜਿਥੇ ਪੰਜਾਬੀ ਪਰਵਾਸ ਧਾਰਨ ਕਰ ਰਹੇ ਹਨ।

ਇਸ ਨਾਵਲ ਵਿਚ ਨਾਵਲਕਾਰ ਨੇ ਚਾਰ ਪੰਜ ਪਰਿਵਾਰਾਂ ਦੇ ਪਰਵਾਸੀ ਜੀਵਨ-ਹਾਲਾਤ ਦੀ ਪੇਸ਼ਕਾਰੀ ਰਾਹੀਂ ਭਾਰਤੀ ਅਤੇ ਅਮਰੀਕੀ ਸਭਿਆਚਾਰ ਦੇ ਮਿਸ਼ਰਣ ਵਿਚੋਂ ਪੈਦਾ ਹੋਣ ਵਾਲੇ ਵੱਖਰੀ ਤਰ੍ਹਾਂ ਦੇ ਸਭਿਆਚਾਰ ਦੀ ਪੇਸ਼ਕਾਰੀ ਕਰਨ ਦਾ ਯਤਨ ਕੀਤਾ ਹੈ ਜਿਸ ਵਿਚੋਂ ਸਭਿਆਚਾਰਕ ਰੂਪਾਂਤਰਣ ਦੇ ਅੰਸ਼ ਵੇਖੇ ਜਾ ਸਕਦੇ ਹਨ। ਇਸ ਨਾਵਲ ਵਿਚ ਲੇਖਕ ਇਸਲਾਮਿਕ ਜੇਹਾਦ ਦੀ ਸਮੱਸਿਆ ਦੀ ਪੇਸ਼ਕਾਰੀ ਵੀ ਕਰਦਾ ਹੈ ਜਿਸਦਾ ਵਿਸ਼ੇਸ਼ ਸੰਬੰਧ ਅਮਰੀਕਾ ਦੀ ਧਰਤੀ ਨਾਲ ਹੈ। 11



ਸਿਤੰਬਰ ਦੀ ਘਟਨਾ ਅਤੇ ਯਮਨ ਦੀਆਂ ਘਟਨਾਵਾਂ ਨੇ ਅਮਰੀਕਾ ਵਿਚ ਇਕ ਖਾਸ ਤਰ੍ਹਾਂ ਦਾ ਮਾਹੌਲ ਪੈਦਾ ਕਰ ਦਿੱਤਾ ਜਿਸ ਵਿਚੋਂ ਇਸਲਾਮਿਕ ਜੇਹਾਦ ਦੀ ਸਿਰਜਣਾ ਹੋਈ। ਇਸ ਸਾਰੀ ਸਥਿਤੀਦਾ ਸਿੱਟਾ ਇਹ ਨਿਕਲਿਆ ਕਿ ਦੂਸਰੇ ਧਰਮਾਂ ਦੇ ਉਹਨਾਂ ਬੱਚਿਆਂ ਨੂੰ ਜਿਨ੍ਹਾਂ ਦੇ ਮਾਪੇ ਉਹਨਾਂ ਵਲ ਵਿਸ਼ੇਸ਼ ਤਵੱਜੋਂ ਨਹੀਂ ਦੇਂਦੇ, ਇਸਲਾਮ ਧਰਮ ਵਿਚ ਸ਼ਾਮਿਲ ਕਰਨ ਦੇ ਯਤਨ ਆਰੰਭੇ ਗਏ ਜਿਸਦਾ ਸ਼ਿਕਾਰ ਬੀਰਾ ਵੀ ਹੋ ਜਾਂਦਾ ਹੈ। ਲੇਕਿਨ ਕਿਰਪਾਲ ਦੇ ਰਿਸ਼ਤੇਦਾਰਾਂ ਵਿਚੋਂ ਕੁਲਦੀਪ ਨਾਂ ਦਾ ਕਿਰਦਾਰ ਉਸਨੂੰ ਇਸ ਸਥਿਤੀ ਵਿਚੋਂ ਬਾਹਰ ਕੱਢਣ ਦੀ ਮੱਦਦ ਕਰਦਾ ਹੈ। ਇਥੇ ਨਾਵਲਕਾਰ ਇਸਲਾਮਿਕ ਜੇਹਾਦ ਦੇ ਬਹਾਨੇ ਸਿੱਖ ਧਰਮ ਦੇ ਮਹੱਤਵ ਨੂੰ ਵੀ ਦਰਸਾ ਦੇਂਦਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਇੰਗਲੈਂਡ ਵਿਚ ਵੀ ਵੇਖਣ ਨੂੰ ਮਿਲਦੀਆਂ ਹਨ ਜਿੱਥੇ ਇਹੋ ਜਿਹੇ ਜੇਹਾਦੀਆਂ ਰਾਹੀਂ ਸਿੱਖ ਅਤੇ ਹਿੰਦੂ ਕੁੜੀਆਂ ਨੂੰ ਵਰਗਲਾ ਕੇ ਦੇਸ਼ਤੋਂ ਬਾਹਰ ਭੇਜ ਦਿੱਤਾ ਜਾਂਦਾ ਹੈ ਲੇਕਿਨ ਇਸ ਸਮੱਸਿਆ ਬਾਰੇ ਕਿਸੇ ਲੇਖਕ ਨੇ ਕੋਈ ਸਿਰਜਣਾ ਨਹੀਂ ਕੀਤੀ। ਇਹ ਸਮੱਸਿਆ ਏਨੀ ਗਹਿਰੀ ਹੈ ਕਿ ਉਸ ਵਿਚ ਜਿਹੜਾ ਇਕ ਵਾਰੀ ਫਸ ਜਾਏ, ਉਸਦਾ ਬਾਹਰ ਆਉਣਾ ਲਗਭਗ ਨਾ ਮੁਮਕਿਨ ਹੋ ਜਾਂਦਾ ਹੈ। ਹਰਮਹਿੰਦਰ ਚਹਿਲ ਨੇ ਇਸ ਸਮੱਸਿਆ ਨੂੰ ਬੀਰੇ ਦੇ ਕਿਰਦਾਰ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ ਲੇਕਿਨ ਛੇਤੀ ਹੀ ਉਸ ਸਮੱਸਿਆ ਵਿਚੋਂ ਪਾਤਰ ਨੂੰ ਬਾਹਰ ਕੱਢ ਲਿਆ ਜਾਂਦਾ ਹੈ ਤੇ ਬਾਹਰ ਕੱਢਣ ਲਈ ਉਹ ਸੰਵਾਦ ਦੀ ਵਿਧੀ ਦੀ ਵਰਤੋਂ ਕਰਦਾ ਹੈ। ਸੰਵਾਦ ਰਾਹੀਂ ਕਈ ਮਸਲੇ ਹੱਲ ਕੀਤੇ ਜਾ ਸਕਦੇ ਹਨ। ਇਥੇ ਇਸ ਗੱਲ ਵਲ ਵੀ ਸੰਕੇਤ ਮਿਲਦਾ ਹੈ ਕਿ ਜੇਕਰ ਗੁਰੂਦਵਾਰਿਆਂ ਵਿਚ ਸਿੱਖ ਧਰਮਦੀ ਸਿਖਿਆ ਦੇਣ ਵਾਲੇ ਗ੍ਰੰਥੀ ਸਿੱਖ ਧਰਮਦਾ ਸਹੀ ਗਿਆਨ ਰੱਖਦੇ ਹੋਣ ਤੇ ਉਹ ਵਿਚਾਰ ਬੱਚਿਆਂ ਨੂੰ ਅੰਗਰੇਜ਼ੀ ਵਿਚ ਸਮਝਾ ਸਕਦੇ ਹੋਣ ਤਾਂ ਇਹੋ ਜਿਹੀਆਂ ਘਟਨਾਵਾਂ ਤੋਂ ਬੱਚਿਆਂ ਨੂੰ ਬਚਾਇਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਸ ਨਾਵਲ ਵਿਚ ਲੇਖਕ ਕਿਰਪਾਲ ਦੀ ਭੈਣ ਹਰਪਾਲ ਦੀ ਧੀ ਕਰਮੀ ਦੀ ਜ਼ਿੰਦਗੀ ਰਾਹੀਂ ਇਹ ਦਰਸਾਉਣਾ ਚਾਹੁੰਦਾ ਹੈ ਕਿ ਜਿਹੜੇ ਮਾਪੇ ਆਪਣੇ ਬੱਚਿਆਂ ਦੀ ਮਰਜ਼ੀ ਬਗੈਰ ਉਹਨਾਂ ਦਾ ਵਿਆਹ ਭਾਰਤ ਦੇ ਕੁੜੀਆਂ ਮੁੰਡਿਆਂ ਨਾਲ ਕਰ ਦੇਂਦੇ ਹਨ ਤਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਹਰਪਾਲ ਆਪਣੀ ਧੀ ਦਾ ਵਿਆਹ ਇੰਡੀਆ ਜਾ ਕੇ ਦਰਸ਼ਣ ਨਾਲ ਕਰ ਦੇਂਦੀ ਹੈ ਜਿਸ ਨਾਲ ਉਸ ਦੀ ਜ਼ਿੰਦਗੀ ਵਿਚ ਅਸੰਤੁਲਨ ਪੈਦਾ ਹੋ ਜਾਂਦਾ ਹੈ। ਦਰਸ਼ਣ ਝੂਠ ਦੇ ਆਸਰੇ ਜ਼ਿੰਦਗੀ ਕੱਟਣ ਵਾਲਾ ਇਨਸਾਨ ਹੈ ਅਤੇ ਜਾਗੀਰਦਾਰੀ ਰੁੱਚੀਆਂ ਵਾਲੀ ਸੋਚ ਦਾ ਮਾਲਕ ਹੈ। ਇਕ ਤਾਂ ਉਹ ਝੂਠ ਬੋਲਣ ਵਾਲਾ ਇਨਸਾਨ ਹੈ ਦੂਜਾ ਉਸਦੇ ਇਹ ਵਿਚਾਰ ਉਸਦੀ ਫਿਊਡਲ ਸੋਚ ਨੂੰ ਹੀ ਦਰਸਾਉਂਦੇ ਹਨः-

'ਮੈਂ ਮਲੋਟ ਦਾ ਜੱਟ ਆਂ। ਵੱਟ 'ਤੇ ਖੜ੍ਹੋ ਕੇ ਜਿੱਥੇ ਤੱਕ ਨਜ਼ਰਜਾਂਦੀ ਐ ਨਾ ਸਭ ਮੇਰੀ ਪੈਲ਼ੀ ਐ। ਨਾ ਜੱਟ ਨੇ ਕਦੇ ਕੰਮ ਕੀਤਾ ਐ ਤੇ ਨਾ ਕਰੇ।'

(ਹਰਮਹਿੰਦਰ ਚਹਿਲ, ਨਵਯੁਗ, ਪੰਨਾ, 29 )

ਇਸੇ ਤਰ੍ਹਾਂ ਕਿਰਪਾਲ ਸਿੰਘ ਤੇ ਨਾਮੋ ਬੀਰੇ ਦਾ ਵਿਆਹ ਇੰਡੀਆ ਦੀ ਕੁੜੀ ਰੱਤੀ ਨਾਲ ਕਰ ਦੇਂਦੇ ਹਨ ਜਿਸ ਨਾਲ ਇਸ ਜੋੜੇ ਦੀ ਜ਼ਿੰਦਗੀ ਵਿਚ ਵੀ ਅਸੰਤੁਲਨ ਪੈਦਾ ਹੋ ਜਾਂਦਾ ਹੈ। ਇਥੇ ਕਿਹਾ ਜਾ ਸਕਦਾ ਹੈ ਕਿ ਕਿਰਪਾਲ ਸਿੰਘ ਅਤੇ ਉਸਦੀ ਭੈਣ ਹਰਪਾਲ ਕੌਰ ਆਪਣੇ ਬੱਚਿਆਂ ਦੀ ਜ਼ਿੰਦਗੀ ਵਿਚ ਵਾਪਰਣ ਵਾਲੀਆਂ ਘਟਨਾਵਾਂ ਦੇ ਜ਼ਿੰਮੇਵਾਰ ਬਣਦੇ ਹਨ। ਪਰ ਨਾਲ ਹੀ ਨਾਲ ਸਮੱਸਿਆਵਾਂ ਨੂੰ ਸੁਲਝਾਉਣ ਵਾਸਤੇ ਨਾਵਲਕਾਰ ਨੇ ਵਟਸਐਪ ਤੇ ਬਣਾਏ ਗਏ

ਕਜ਼ਨ ਗਰੁੱਪ ਨੂੰ ਜੁਗਤ ਵਾਂਗ ਵਰਤਲਿਆ ਹੈ । ਇਥੇ ਤਕਨਾਲੋਜੀ ਦੀ ਵਰਤੋਂ ਨਾਲ ਲੇਖਕ ਨਾਵਲੀ ਬਿਰਤਾਂਤ ਨੂੰ ਅੱਗੇ ਤੋਰਦਾ ਹੈ । ਜਦੋਂ ਵੀ ਕਿਸੇ ਨਾਲ ਕੁਝ ਗਲਤ ਵਾਪਰਦਾ ਹੈ, ਕਜ਼ਨ ਗਰੁੱਪ ਵਿਚ ਸ਼ਾਮਿਲ ਉਹਨਾਂ ਕਿਰਦਾਰਾਂ ਬਾਰੇ ਦੂਜੇ ਮੈਂਬਰਾਂ ਨੂੰ ਵੀ ਪਤਾ ਲਗ ਜਾਂਦਾ ਹੈ ਤੇ ਸਮੱਸਿਆਵਾਂ ਨੂੰ ਸੁਲਝਾਉਣ ਲਈ ਬਾਕੀ ਦੇ ਮੈਂਬਰ ਸਹਾਇਤਾ ਵਜੋਂ ਕਾਰਜ ਕਰਦੇ ਹਨ । ਤਕਨਾਲੋਜੀ ਦੀ ਵਰਤੋਂ ਨੇ ਮਨੁੱਖੀ ਜ਼ਿੰਦਗੀ ਵਿਚ ਕਈ ਤਬਦੀਲੀਆਂ ਲਿਆਂਦੀਆਂ ਹਨ ਤੇ ਪਰਵਾਸੀ ਪੰਜਾਬੀ ਸਮਾਜ ਵਿਚ ਵਾਪਰਣ ਵਾਲੀਆਂ ਇਹਨਾਂ ਸਮੱਸਿਆਵਾਂ ਦੇ ਹੱਲ ਨੌਜਵਾਨ ਪੀੜ੍ਹੀ ਆਪ ਤਲਾਸ਼ ਕਰਦੀ ਹੈ । ਇਹ ਕਦਮ ਸਭਿਆਚਾਰਕ ਰੂਪਾਂਤਰਣ ਦੀ ਦਿਸ਼ਾ ਵਲ ਹੀ ਸੰਕੇਤ ਕਰਦੇ ਹਨ ।

ਇਸ ਨਾਵਲ ਵਿਚ ਨੌਜਵਾਨ ਪੀੜੀ ਨਾਲ ਸੰਬੰਧਿਤ ਪਾਤਰ ਦੋ ਤਰ੍ਹਾਂ ਦੀਆਂ ਪ੍ਰਸਥਿਤੀਆਂ ਵਿਚੋਂ ਦੀ ਗੁਜ਼ਰਦੇ ਹਨ । ਕੁਝ ਉਹ ਜੋ ਮਾਪਿਆਂ ਦੀ ਜ਼ਬਰਦਸਤੀ ਦਾ ਸ਼ਿਕਾਰ ਹੋ ਜਾਂਦੇ ਹਨ ਜਿਵੇਂ ਹਰਪਾਲ ਕੌਰ ਦੀ ਧੀ ਕਰਮੀ ਅਤੇ ਕਿਰਪਾਲ ਸਿੰਘ ਦਾ ਪੁੱਤਰ ਬੀਰਾ । ਕੁਝ ਉਹ ਜੋ ਆਪਣੇ ਆਪ ਨੂੰ ਇਸ ਜ਼ੋਰ ਜਬਰਦਸਤੀ ਦਾ ਸ਼ਿਕਾਰ ਨਹੀਂ ਹੋਣ ਦੇਂਦੇ ਅਤੇ ਬੜੀ ਸਮਝਦਾਰੀ ਨਾਲ ਉਸ ਸਥਿਤੀਂ ਵਚੋਂ ਆਪਣੇ ਆਪਨੂੰ ਕੱਢ ਲੈਂਦੇ ਹਨ ਜਿਵੇਂ ਕਰਤਾਰ ਸਿੰਘ ਦੀ ਧੀ ਨਿੰਦੀ ਅਤੇ ਹਰਪਾਲ ਕੌਰ ਦੀ ਛੋਟੀ ਧੀ ਧਰਮੀ । ਨਿੰਦੀ, ਏਕਾਂਤ ਬਾਸੂ ਨਾਲ ਅਤੇ ਧਰਮੀ, ਹੈਦਰਅਸਲਮ ਨਾਲ ਵਿਆਹ ਕਰਵਾਉਂਦੇ ਹਨ । ਇਹਨਾਂ ਦੇ ਮਾਪੇ ਪਹਿਲਾਂ ਤਾਂ ਹੀਲ ਹੁਜਤ ਕਰਦੇ ਹਨ ਲੇਕਿਨ ਆਪਣੇ ਬੱਚਿਆਂ ਦੀ ਪਸੰਦ ਸਾਹਵੇਂ ਆਖਿਰ ਹਾਰ ਜਾਂਦੇ ਹਨ ਅਤੇ ਬੱਚਿਆਂ ਦੀ ਚੋਣ ਸਵੀਕਾਰ ਕਰ ਲੈਂਦੇ ਹਨ । ਏਥੇ ਆ ਕੇ ਹਰਮਹਿੰਦਰ ਚਹਿਲ ਦਾ ਨਾਵਲ ਬਰਤਾਨਵੀ ਪੰਜਾਬੀ ਨਾਵਲ ਤੋਂ ਭਿੰਨ ਹੋ ਜਾਂਦਾ ਹੈ । ਜਿੱਥੇ ਬਰਤਾਨਵੀਂ ਪੰਜਾਬੀ ਨਾਵਲ ਵਿਚ ਪੰਜਾਬੀ ਸੱਭਿਆਚਾਰ ਨੂੰ ਹਾਸ਼ੀਏ ਤੇ ਖੜ੍ਹਾ ਸੱਭਿਆਚਾਰ ਮੰਨਿਆ ਗਿਆ ਹੈ ਅਤੇ ਕੱਖ-ਕਾਣ ਵਾਂਗ ਰੁੜਦਾ ਦਿਖਾਇਆ ਹੈ ਉਥੇ ਹਰਮਹਿੰਦਰ ਚਹਿਲ ਨੇ ਮਾਪਿਆਂ ਦੀ ਸੋਚ ਵਿਚ ਰੂਪਾਂਤਰਣ ਦਿਖਾ ਕੇ ਨਵੀਂ ਕਿਸਮ ਦੇ ਮਿਸ਼ਰਿਤ ਸੱਭਿਆਚਾਰ ਦੇ ਪੈਦਾ ਹੋਣ ਵਲ ਸੰਕੇਤ ਕੀਤੇ ਹਨ । ਨਿੰਦੀ ਦਾ ਏਕਾਂਤ ਨਾਲ ਅਤੇ ਧਰਮੀ ਦਾ ਹੈਦਰ ਨਾਲ ਵਿਆਹ ਦਰਸਾ ਕੇ ਨਾਵਲਕਾਰ ਇਕ ਤਾਂ ਅੰਤਰਜਾਤੀ ਅਤੇ ਅੰਤਰਰਾਸ਼ਟਰੀ ਵਿਆਹ ਦਰਸਾ ਕੇ ਨਾਵਲਕਾਰ ਅਮਰੀਕਾ ਵਿਚ ਪੈਦਾ ਹੋ ਰਹੇ ਸਭਿਆਚਾਰਕ ਰੂਪਾਂਤਰਣ ਵਲ ਹੀ ਸੰਕੇਤ ਕਰਦਾ ਹੈ । ਇਥੇ ਹੀ ਬਸ ਨਹੀਂ ਲੇਖਕ ਕਿਰਪਾਲ ਦੇ ਕਿਰਦਾਰ ਰਾਹੀਂ ਆਪਣੇ ਵਲੋਂ ਇਹ ਵਿਚਾਰ ਪੇਸ਼ ਕਰਦਾ ਹੈ :-

'ਵੈਸੇ ਤਾਂ ਆਪਾਂ ਵੇਖ ਹੀ ਰਹੇ ਹਾਂ ਕਿ ਪੁਰਾਣਾ ਸਿਸਟਮ ਖਤਮ ਹੋ ਚੁੱਕਿਆ ਐ । ਆਪਣੀ ਕਰਮੀ ਤੇ ਬੀਰੇ ਨੇ ਉਸ ਦਾ ਬੜਾ ਕਸ਼ਟ ਭੋਗਿਆ ਐ । ਪਰ ਮੈਨੂੰ ਕਰਤਾਰ ਦਾ ਹਮੇਸ਼ਾ ਫਿਕਰ ਰਹਿੰਦਾ ਸੀ ਕਿ ਇਸ ਨੇ ਨਿੰਦੀ ਦੀ ਚੋਣ ਨੂੰ ਮੰਨਣਾ ਨ੍ਹੀਂ ਤੇ ਕੋਈ ਪੰਗਾ ਵੀ ਨਾ ਪੈ ਜਾਵੇ । ਪਰ ਕਰਤਾਰ ਮੈਨੂੰ ਤੇਰੇ ਤੇ ਮਾਣ ਐ ਕਿ ਤੂੰ ਵੀ ਸਮੇਂ ਦੇ ਨਾਲ ਤੁਰਨ ਦਾ ਤਹੱਈਆ ਕਰਲਿਆ ।'

( ਉਹੀ, ਪੰਨਾ, 215 )

ਇਸ ਨਾਵਲ ਵਿਚ ਲੇਖਕ ਨੇ ਇਹ ਦਰਸਾਇਆ ਹੈ ਕਿ ਭਾਰਤ ਤੋਂ ਆਉਣ ਵਾਲੇ ਮੁੰਡੇ ਕੁੜੀਆਂ ਅਮਰੀਕਾ ਵਿਚ ਪੈਦਾ ਹੋਏ ਮੁੰਡੇ ਕੁੜੀਆਂ ਨਾਲੋਂ ਵੱਧ ਚਲਾਕ ਅਤੇ ਧੋਖੇਬਾਜ਼ ਹਨ । ਜਿਵੇਂ ਬੀਰੇ ਦੀ ਪਤਨੀ ਰੱਤੀ ਆਪ ਕੰਮ ਨਹੀਂ ਕਰਦੀ ਅਤੇ ਆਪਣੇ ਮਾਪਿਆਂ ਨੂੰ ਬੁਲਾ ਕੇ ਬੀਰੇ ਨਾਲ ਹੋਏ ਵਿਆਹ ਦੇ ਸਹਾਰੇ ਗ੍ਰੀਨ ਕਾਰਡ ਪ੍ਰਾਪਤ ਕਰਕੇ ਆਪਣੇ ਦੋਸਤ ਨਾਲ ਵਿਆਹ



ਕਰਾਉਣਾ ਚਾਹੁੰਦੀ ਹੈ । ਇਵੇਂ ਦਰਸ਼ਣ ਕਰਮੀ ਨਾਲ ਵਿਆਹ ਕਰ ਕੇ ਆਪਣੇ ਬਾਕੀ ਪਰਿਵਾਰ ਨੂੰ ਵੀ ਅਮਰੀਕਾ ਸੈਟਲ ਕਰਨਾ ਚਾਹੁੰਦਾ ਹੈ ਤੇ ਨਾਲ ਹੀ ਕਰਮੀ ਦੇ ਸਿਰ ਤੇ ਐਸ਼ ਵੀ ਕਰਨਾ ਚਾਹੁੰਦਾ ਹੈ ਅਤੇ ਉਸ ਤੇ ਰੋਅਬ ਵੀ ਰੱਖਣਾ ਚਾਹੁੰਦਾ ਹੈ । ਜਦੋਂ ਇਸ ਤਰ੍ਹਾਂ ਨਹੀਂ ਹੁੰਦਾ, ਕਰਮੀ ਵੀ ਦਰਸ਼ਣ ਤੋਂ ਛੁਟਕਾਰਾ ਪਾ ਗਿੰਨੀ ਨਾਲ ਆਪਣੀ ਜ਼ਿੰਦਗੀ ਬਸਰ ਕਰਨੀ ਚਾਹੁੰਦੀ ਹੈ ਤਾਂ ਦਰਸ਼ਣ ਦਾ ਜੱਟਵਾਦ ਸਿਰ ਚੜ੍ਹ ਬੋਲਦਾ ਹੈ ਤੇ ਉਹ ਹਿੰਸਾ ਦਾ ਰਾਹ ਅਖਤਿਆਰ ਕਰ ਲੈਂਦਾ ਹੈ। ਕਰਮੀ ਦੇ ਇਸ ਫੈਸਲੇ ਨੂੰ ਨਾ ਸਹਾਰਦਾ ਹੋਇਆ ਕਹਿੰਦਾ ਹੈ:-

'ਮੈਂ ਮਲੋਟ ਦਾ ਜੱਟ ਆਂ । ਜੋ ਤੂੰ ਮੇਰੇ ਨਾਲ ਕੀਤੀ ਐ ਇਹ ਚੰਗੀ ਨੀਂ ਕੀਤੀ । ਹੁਣ ਤੂੰ ਜੱਟ ਦੇ ਕਾਰਨਾਮੇ ਵੇਖਣ ਨੂੰ ਤਿਆਰ ਰਹੀਂ ।' ( ਉਹੀ, ਪੰਨਾ, 215 )

ਤੇ ਅਖੀਰ ਉਹ ਹਿੰਸਾ ਦਾ ਰਾਹ ਅਖਤਿਆਰ ਕਰਦਾ ਹੋਇਆ ਗੋਲੀਆਂ ਚਲਾ ਦੇਂਦਾ ਹੈ ਜਿਸ ਵਿਚ ਕਈ ਮੌਤਾਂ ਹੋ ਜਾਂਦੀਆਂ ਹਨ । ਆਖਿਰ ਪੁਲਿਸ ਬੁਲਾਈ ਜਾਂਦੀ ਹੈ ਜਿਸ ਦੀ ਗੋਲੀ ਨਾਲ ਦਰਸ਼ਣ ਵੀ ਮਾਰਿਆ ਜਾਂਦਾ ਹੈ । ਇਥੇ ਇਸ ਨਾਵਲ ਵਿਚ ਜੋ ਇਹ ਘਟਨਾ ਪੇਸ਼ ਕੀਤੀ ਗਈ ਹੈ ਉਹ ਸੱਚੀ ਘਟਨਾ ਤੇ ਆਧਾਰਿਤ ਹੈ, ਲੇਕਿਨ ਇਸ ਘਟਨਾ ਨੂੰ ਨਾਵਲ ਵਿਚ ਵਰਤ ਕੇ ਇਹ ਦਰਸਾਉਣ ਦਾ ਯਤਨ ਕਰਨਾ ਕਿ ਇੰਡੀਆ ਤੋਂ ਆਉਣ ਵਾਲੇ ਸਾਰੇ ਮੁੰਡੇ ਕੁੜੀਆਂ ਇਹੋ ਜਿਹੇ ਹੁੰਦੇ ਹਨ। ਇਹ ਘਟਨਾ ਨਾਵਲ ਵਿਚ ਨਾਟਕੀ ਅੰਸ਼ ਭਾਵੇਂ ਭਰ ਦੇਵੇ ਲੇਕਿਨ ਇਹ ਜ਼ਿੰਦਗੀ ਦਾ ਯਥਾਰਥ ਨਹੀਂ ਹੋ ਸਕਦਾ । ਭਾਰਤੀ ਡਾਇਸਪੋਰਾ ਵਿਚ ਕਈ ਏਹੋ ਜਿਹੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ ਜਿੱਥੇ ਭਾਰਤ ਤੋਂ ਆਏ ਮੁੰਡੇ ਕੁੜੀਆਂ ਦੇ ਆਪਸੀ ਵਿਆਹ ਸਫਲ ਵੀ ਰਹੇ ਹਨ ਤੇ ਅਮਰੀਕਾ ਵਿਚ ਜੰਮੇ ਪਲੇ ਮੁੰਡੇ ਕੁੜੀਆਂ ਦੇ ਆਪਸੀ ਵਿਆਹ ਟੁੱਟੇ ਵੀ ਹਨ । ਸਗੋਂ ਕਈ ਵਾਰੀ ਵੇਖਣ ਨੂੰ ਆਇਆ ਹੈ ਕਿ ਇਹਨਾਂ ਮੁੰਡੇ ਕੁੜੀਆਂ ਦੇ ਵਿਆਹ ਵਧੇਰੇ ਤਲਾਕ ਦਾ ਸ਼ਿਕਾਰ ਹੋਏ ਹਨ । ਕਹਿਣ ਤੋਂ ਭਾਵ ਹੈ ਕਿ ਕਿਸੇ ਵੀ ਸਮਾਜ ਦੀਆਂ ਸਮੱਸਿਆਵਾਂ ਨੂੰ ਅਸੀਂ ਕਾਲੇ ਚਿੱਟੇ ਰੰਗਾਂ ਵਿਚ ਨਹੀਂ ਵੇਖ ਸਕਦੇ । ਸਮਾਜ ਮਿੱਸੇ ਭੂਰੇ ਸਲੇਟੀ ਰੰਗਾਂ ਦਾ ਬਣਿਆ ਹੁੰਦਾ ਹੈ ਅਤੇ ਇਹ ਹੀ ਇਸ ਦੀ ਸਚਾਈ ਵੀ ਹੈ । ਜਦੋਂ ਅਸੀਂ ਸਭਿਆਚਾਰਕ ਰੂਪਾਂਤਰਣ ਦੀ ਗੱਲ ਵੀ ਕਰਦੇ ਹਾਂ ਤਾਂ ਇਸ ਰੂਪਾਂਤਰਣ ਦੀਆਂ ਵੀ ਕਈ ਪਰਤਾਂ ਹੁੰਦੀਆਂ ਹਨ । ਸੋ ਇਸ ਨਾਵਲ ਵਿਚਨਾਵਲਕਾਰ ਨੇ ਪਾਤਰਾਂ ਦੀਆਂ ਸਮੱਸਿਆਵਾਂ ਨੂੰ ਕਾਲੇ ਚਿੱਟੇ ਰੰਗਾਂ ਵਿਚ ਪੇਸ਼ ਕਰਕੇ ਨਾਵਲ ਨੂੰ ਆਦਰਸ਼ਵਾਦੀ ਨੁਹਾਰ ਬਖਸ਼ੀ ਹੈ । ਇਸ ਤਰ੍ਹਾਂ ਕਰਨ ਨਾਲ ਨਾਵਲ ਦੇ ਪਾਤਰ ਸੁਭਾਵਿਕ ਘੱਟ ਅਤੇ ਲੇਖਕ ਦੇ ਹੱਥਾਂ ਦੀਆਂ ਕਠਪੁਤਲੀਆਂ ਵਧੇਰੇ ਜਾਪਦੇ ਹਨ । ਬੀਰੇ ਵਰਗੇ ਪਾਤਰਾਂ ਨੂੰ ਲੇਖਕ ਆਪਣੀ ਮਰਜ਼ੀ ਮੁਤਾਬਿਕ ਤੋਰਦਾ ਹੋਇਆ ਪ੍ਰਤੀਤ ਹੁੰਦਾ ਹੈ । ਉਹ ਝੱਟ ਹੀ ਇਸਲਾਮਿਕ ਅਸਰ ਹੇਠ ਆਉਂਦਾ ਦਿਖਾਇਆ ਹੈ ਅਤੇ ਝੱਟ ਹੀ ਉਸ ਅਸਰ ਵਿਚੋਂ ਨਿਕਲਦਾ ਦਿਖਾਇਆ ਹੈ ।

ਜੇਕਰ ਇਸ ਨਾਵਲ ਦੇ ਸਿਰਲੇਖ ਨੂੰ ਦੇਖਿਆ ਜਾਏ ਤਾਂ ਇਹ ਪੱਛਮੀ ਦੇਸ਼ਾਂ ਅਤੇ ਅਮਰੀਕਾ ਕੈਨੇਡਾ ਵਰਗੇ ਦੇਸ਼ਾਂ ਵਿਚ ਡਾਇਸਪੋਰਾ ਦੀ ਨਵੀਂ ਪੈਦਾ ਹੋ ਰਹੀ ਨੁਹਾਰ ਵਲ ਸੰਕੇਤ ਕਰਦਾ ਹੈ। ਅਜ ਕੱਲ੍ਹ ਜਿਸ ਤੇਜ਼ੀ ਨਾਲ ਭਾਰਤ ਤੇ ਖਾਸ ਕਰ ਕੇ ਪੰਜਾਬ ਤੋਂ ਮੁੰਡੇ ਕੁੜੀਆਂ ਬਾਹਰਲੇ ਦੇਸ਼ਾਂ ਵਲ ਆਪਣਾ ਰੁਖ ਕਰ ਰਹੇ ਹਨ । ਉਸ ਨਾਲ ਜਿਸ ਸਭਿਆਚਾਰ ਦੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਵੱਧ ਰਹੀਆਂ ਹਨ ਦੀ ਨੁਹਾਰ ਨਿਸ਼ਚਿਤ ਕਰਨੀ ਮੁਸ਼ਕਿਲ ਹੈ । ਗਲੋਬਲੀਕਰਨ ਨੇ ਬਹੁਤ ਹੱਦ ਤਕ ਦੁਨੀਆ ਦੇ ਮਸਲਿਆਂ ਨੂੰ ਨਵੀਂ ਦਿਸ਼ਾ ਦਿੱਤੀ ਹੈ । ਜਿਹੜੀ ਜ਼ਿੰਦਗੀ ਜਾਂ ਨਵੇਂ ਯੁਗ ਨੂੰ ਇਸ ਨਾਵਲ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਉਸਦੀ ਨੁਹਾਰ ਵਿਚ ਹਿੰਸਾ ਨੂੰ

ਅਗਰਭੂਮੀ 'ਤੇ ਰੱਖਿਆ ਗਿਆ ਹੈ। ਮੈਂ ਇਸ ਨੂੰ ਅਗਰਭੂਮੀ 'ਤੇ ਇਸ ਲਈ ਕਹਿ ਰਹੀ ਹਾਂ ਕਿਉਂਕਿ ਜਿਸ ਮੋੜ ਤੇ ਨਾਵਲ ਦਾ ਅੰਤ ਦਿਖਾਇਆ ਗਿਆ ਹੈ ਉਸ ਮੋੜ ਤੇ ਖ਼ੂਨ ਹੀ ਖ਼ੂਨ ਹੈ। ਇਹ ਯਥਾਰਥ ਵਿਚ ਇਕ ਸੱਚੀ ਘਟਨਾ ਹੋ ਸਕਦੀ ਹੈ ਲੇਕਿਨ ਸਾਹਿਤਕਾਰ ਦਾ ਕੰਮ ਸੱਚੀ ਘਟਨਾ ਨੂੰ ਸਤਹੀ ਪੱਧਰ ਤੇ ਪੇਸ਼ ਕਰਨਾ ਹੀ ਨਹੀਂ ਹੁੰਦਾ ਸਗੋਂ ਉਸ ਨੂੰ ਗਾਲਪਿਕਨਿਆਂਇ ਦੀ ਦ੍ਰਿਸ਼ਟੀ ਤੋਂ ਪੇਸ਼ ਕਰਨਾ ਵੀ ਹੁੰਦਾ ਹੈ। ਵੈਸੇ ਵੀ ਵਾਸਤਵਿਕਤਾ ਵਿਚ ਵਾਪਰੀ ਇੱਕਾ ਦੁੱਕਾ ਘਟਨਾ ਨੂੰ ਕਿਸੇ ਸਮਾਜ ਦਾ ਸਮੁੱਚਾ ਜਾਂ ਪ੍ਰਤੀਨਿਧ ਵਿਹਾਰ ਨਹੀਂ ਮੰਨਿਆ ਜਾ ਸਕਦਾ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਇਸ ਨਾਵਲ ਵਿਚ ਪੇਸ਼ ਭਾਰਤੀ ਡਾਇਸਪੋਰਾ ਦੀ ਜੋ ਤਸਵੀਰ ਪੇਸ਼ ਕੀਤੀ ਗਈ ਹੈ ਉਸ ਵਿਚ ਸਾਹਿਤਕਾਰ ਦੀ ਕਾਲਪਨਿਕ ਸੂਝ ਅਤੇ ਵਾਸਤਵਿਕਤਾ ਦੋਵੇਂ ਸ਼ਾਮਿਲ ਹਨ। ਜਿਥੇ ਕਾਲਪਨਿਕ ਸੂਝ ਵਰਤੀ ਗਈ ਹੈ ਉਥੇ ਸਮਾਜ ਕਾਲੇ ਚਿੱਟੇ ਰੰਗਾਂ ਵਿਚ ਵੰਡਿਆ ਪ੍ਰਤੀਤ ਹੁੰਦਾ ਹੈ ਅਤੇ ਜਿਥੇ ਵਾਸਤਵਿਕ ਘਟਨਾ ਦੀ ਪੇਸ਼ਕਾਰੀ ਕੀਤੀ ਗਈ ਹੈ ਉਥੇ ਸਭਿਆਚਾਰਕ ਰੂਪਾਂਤਰਣ ਦੀ ਥਾਂ ਹਿੰਸਕ ਬਿਰਤੀ ਵਾਲਾ ਸਮਾਜ ਪੇਸ਼ ਹੋਇਆ ਪ੍ਰਤੀਤ ਹੁੰਦਾ ਹੈ ਜੋ ਭਾਰਤੀ ਅਮਰੀਕੀ ਸਮਾਜ ਦਾ ਆਂਸ਼ਿਕ ਸੱਚ ਹੋ ਸਕਦਾ ਹੈ।

---

**ਪੰਨਾ ਨੰ. ਬਾਕੀ ਦਾ 109**

## ਹਵਾਲੇ ਅਤੇ ਟਿੱਪਣੀਆਂ


ਖੋਜ ਪਤ੍ਰਿਕਾ, ਪਰਵਾਸੀ ਪੰਜਾਬੀ ਸਾਹਤ ਵਿਸ਼ੇਸ਼ ਅੰਕ, ਪਰਵਾਸੀ ਪੰਜਾਬੀ ਸਾਹਿਤ ਦਾ ਸੰਕਲਪ, ਪ੍ਰੋ.ਦਵਿੰਦਰ ਸਿੰਘ, ਸੰਪਾਦਕ, ਡਾ ਰਜਿੰਦਰ ਸਿੰਘ ਲਾਂਬਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 2

ਹਰਮਹਿੰਦਰ ਚਹਿਲ, ਨਵਯੁਗ, ਸੰਗਮ ਪਬਲੀਕੇਸ਼ਨ, ਸਮਾਣਾ, 2021, ਪੰਨਾ 13

ਉਹੀ, ਪੰਨਾ 49

ਉਹੀ, ਪੰਨਾ 50

ਉਹੀ, ਪੰਨਾ 79

ਉਹੀ, ਪੰਨਾ 80

ਉਹੀ, ਪੰਨਾ 199

ਉਹੀ, ਪੰਨਾ 29

ਉਹੀ, ਪੰਨਾ 57

ਉਹੀ, ਪੰਨਾ 59

ਉਹੀ, ਪੰਨਾ 40

ਉਹੀ, ਪੰਨਾ 192



ਐਸੋਸੀਏਟ ਪ੍ਰੋਫ਼ੈਸਰ
ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ,
ਦਿੱਲੀ ਯੂਨੀਵਰਸਿਟੀ, ਦਿੱਲੀ-ਫੋਨ ਨੰ.: 9871648494




# ਪਰਵਾਸ ਦਾ ਨਾਵਲੀ ਬਿਰਤਾਂਤ : 'ਨਵਯੁਗ'

**-ਡਾ. ਮਿਨਾਕਸ਼ੀ ਰਾਠੌਰ**

'ਨਵਯੁਗ' ਪਰਵਾਸੀ ਪੰਜਾਬੀ ਗਲਪਕਾਰ ਹਰਮਹਿੰਦਰ ਚਹਿਲ ਦਾ ਲਿਖਿਆ ਨਾਵਲੀ ਵਰਤਾਰਾ ਹੈ। ਪਰਵਾਸ ਦੇ ਅਰਥ ਪਰਾਈ ਧਰਤੀ ਤੇ ਜਾ ਕੇ ਵੱਸਣ ਨਾਲ ਜੁੜੇ ਹੋਏ ਹਨ। ਪਰੰਤੂ ਇਸ ਦਾ ਅਰਥ ਸਥਾਈ ਵਾਸ ਨਹੀਂ ਹੁੰਦਾ। ਉਹ ਲੋਕ ਜਦੋਂ ਪਰਾਈ ਧਰਤੀ ਤੇ ਜਾ ਕੇ ਵੱਸਦੇ ਹਨ ਤਾਂ ਕਿਤੇ ਨਾ ਕਿਤੇ ਆਪਣੇ ਪਿਛੋਕੜ ਨਾਲ ਜ਼ਰੂਰ ਜੁੜੇ ਰਹਿੰਦੇ ਹਨ ਅਤੇ ਉਹਨਾਂ ਦੇ ਵਾਪਸ ਆਉਣ ਦੀ ਸੰਭਾਵਨਾ ਹਮੇਸ਼ਾਂ ਹੀ ਬਣੀ ਰਹਿੰਦੀ ਹੈ। ਇਹ ਪਰਵਾਸ ਹੌਲੀ ਹੌਲੀ ਆਬਾਦਕਾਰੀ ਵਿਚ ਬਦਲ ਜਾਂਦਾ ਹੈ। ਫ਼ਿਰ ਇਹ ਆਬਾਦਕਾਰ ਕਾਨੂੰਨੀ ਤੌਰ ਤੇ ਉਸ ਥਾਂ ਦੇ ਪੱਕੇ ਬਸ਼ਿੰਦੇ ਬਣ ਜਾਂਦੇ ਹਨ। ਇਸੇ ਤਰ੍ਹਾਂ ਦਾ ਇਕ ਸੰਦਰਭ ਪੰਜਾਬੀ ਲੇਖਕਾਂ ਨਾਲ ਸੰਬੰਧਤ ਹੈ ਜੋ ਰੋਜ਼ੀ-ਰੋਟੀ ਦੀ ਭਾਲ ਵਿਚ ਬਾਹਰਲੇ ਮੁਲਕਾਂ ਵਿਚ ਗਏ ਤੇ ਕੁਝ ਸਮਾਂ ਉਥੇ ਰਹਿਣ ਤੋਂ ਬਾਅਦ ਉੱਥੋਂ ਦੇ ਪੱਕੇ ਬਸ਼ਿੰਦੇ ਬਣ ਗਏ। ਉਥੇ ਜਾ ਕੇ ਉਹਨਾਂ ਨੂੰ ਸਮਾਜਿਕ, ਆਰਥਿਕ ਤੇ ਸਭਿਆਚਾਰਕ ਤੌਰ ਤੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਜਿਸ ਵਿਚ ਨਸਲਵਾਦ, ਭੂ-ਹੇਰਵਾ, ਪੀੜ੍ਹੀ-ਪਾੜਾ,ਬਦਲਦੇ ਪਰਿਵਾਰਕ ਸਮੀਕਰਣ ਅਤੇ ਔਰਤ ਮਰਦ ਸੰਬੰਧਾਂ ਨਾਲ ਸੰਬੰਧਿਤ ਬਹੁਤ ਸਾਰੇ ਮਸਲੇ ਹਨ। ਇਹਨਾਂ ਮਸਲਿਆਂ ਬਾਰੇ ਬਹੁਤ ਸਾਰੇ ਲੇਖਕਾਂ ਨੇ ਆਪਣੀ ਕਲਮ ਅਜ਼ਮਾਈ ਕੀਤੀ ਹੈ। ਜਿਹਨਾਂ ਵਿਚ ਹਰਮਹਿੰਦਰ ਚਹਿਲ ਪ੍ਰਮੁੱਖ ਰੂਪ ਵਿਚ ਆਉਂਦਾਹੈ। ਉਹ ਪਰਵਾਸੀ ਪੰਜਾਬੀ ਗਲਪ ਖੇਤਰ ਵਿਚ ਇਕ ਚੇਤੰਨ ਤੇ ਵਿਲੱਖਣ ਸਖ਼ਸ਼ੀਅਤ ਵਾਲਾ ਲੇਖਕ ਹੈ, ਜੋ ਪਰਵਾਸੀ ਗਲਪ ਵਿਧਾ ਰਾਹੀਂ ਪੰਜਾਬੀ ਸਾਹਿਤ ਜਗਤ ਨਾਲ ਕਈ ਦਹਾਕਿਆਂ ਤੋਂ ਜੁੜਿਆ ਹੋਇਆ ਹੈ। ਉਸਨੂੰ ਪੰਜਾਬੀ ਗਲਪ ਸਾਹਿਤ ਵਿਚ ਸਨਮਾਨ ਯੋਗ ਸਥਾਨ ਪ੍ਰਾਪਤ ਹੈ। ਉਸਨੇ ਆਪਣੀ ਹਰ ਰਚਨਾ ਵਿਚ ਗਲਪ ਸ਼ਾਸਤਰ ਦੇਨਵੇਂ ਪਾ ਸਾਰਾਂ ਪੇਸ਼ ਕੀਤਾ ਹੈ। ਜਿਹਨਾਂ ਵਿਚ ਉਸਨੇ ਪੰਜਾਬੀ ਜਨ-ਜੀਵਨ ਨੂੰ ਬਹੁਤ ਹੀ ਡੂੰਘਾਈ ਨਾਲ ਦੇਖਿਆ ਪਰਖਿਆ ਹੈ। ਉਸਨੇ ਹੁਣ ਤੱਕ ਕੁਲ ਛੇ ਕਹਾਣੀ ਸੰਗ੍ਰਹਿ 'ਅੰਨ੍ਹੀ ਗਲੀ ਦੇ ਬਾਸ਼ਿੰਦੇ', 'ਪਲ ਪਲ ਪਰਵਾਸ','ਆਪਣੀ ਮਿੱਟੀ ਦਾ ਮੋਹ',ਰਿਸ਼ਤਿਆਂ ਦੀ ਜਗ-ਬੁਝ' ,'ਜ਼ਿੰਦਗੀ ਦੇ ਰੰਗ ਤਰੰਗ', 'ਖੋਜ' ਤੇ ਇਸ ਤੋਂ ਇਲਾਵਾ ਛੇ ਨਾਵਲ 'ਬਲੀ', 'ਹੋਣੀ', 'ਆਫੀਆ ਸਦੀਕੀ ਦਾ ਜੇਹਾਦ', 'ਭੰਵਰ',' ਕਿਆਮਤ' ਲਿਖੇ ਹਨ। 'ਨਵਯੁਗ' ਉਸਦਾ 2021 ਵਿਚ ਛਪਿਆ ਨਵਾਂ ਨਾਵਲ ਹੈ। ਜਿਸ ਵਿਚ ਉਸਨੇ ਪਰਵਾਸੀ ਜੀਵਨ ਦੇ ਨਵੀਨ ਪਾਸਾਰਾਂ ਨੂੰ ਆਧਾਰ ਬਣਾਇਆ ਹੈ। ਜਿਸਦਾ ਕੈਨਵਸ ਪੰਜਾਬ ਦੀ ਧਰਤੀ ਤੋਂ ਲੈ ਕੇ ਅਮਰੀਕਾ ਤੱਕ ਫ਼ੈਲਿਆ ਹੋਇਆ ਹੈ। ਸਮੁੱਚਾ ਨਾਵਲੀ ਵਰਤਾਰਾ ਪਰਵਾਸ ਦੇ ਅਨੇਕਾਂ ਜੀਵਨ ਅਨੁਭਵਾਂ ਦੀ ਪੇਸ਼ਕਾਰੀ ਬੜੀ ਹੀ ਸ਼ਿੱਦਤ ਨਾਲ ਕਰਦਾ ਹੋਇਆ ਪਰ ਵਾਸਦੀਆਂ ਵਿਭਿੰਨ ਪਰਤਾਂ ਨੂੰ ਯਥਾਰਥਕ ਪੱਧਰ ਤੇ ਪੇਸ਼ ਕਰਨ ਦਾ ਸਫ਼ਲ ਯਤਨ ਕਰਦਾਹੈ। ਉਹ ਆਪਣੇ ਗਲਪੀ ਵਰਤਾਰਿਆਂ ਵਿਚ ਪਰਵਾਸੀ ਪੰਜਾਬੀ ਲੋਕਾਂ ਨੂੰ ਬਹੁਤ ਹੀ ਸ਼ਿੱਦਤ ਨਾਲ ਪੇਸ਼ ਕਰਦਾ ਹੋਇਆ ਨਾ ਤਾਂ ਉਹਨਾਂ ਦੀਆਂ ਕਮਜ਼ੋਰੀਆਂ ਨੂੰ ਛੁਪਾਉਂਦਾ ਹੈ ਤੇ ਨਾ ਹੀ ਉਹਨਾਂ ਨੂੰ ਤਰਸ ਦੇ ਪਾਤਰ ਬਣਾਉਂਦਾ ਹੈ।

ਉਹ ਉਹਨਾਂ ਨੂੰ ਪ੍ਰਸਥਿਤੀਆਂ ਨਾਲ ਜੂਝਦਿਆਂ ਪੇਸ਼ ਕ੍ਰਿਤਕਰ ਸੱਚਾਈ ਦ ਰੂਬਰੂ ਕਰਵਾਉਂਦਾ ਹੈ। ਉਹ ਆਪਣੇ ਨਵੇਂ ਨਾਵਲ 'ਨਵਯੁਗ' ਵਿਚ ਵੀ ਵੱਖਰੀ ਹੋਂਦ ਸਥਾਪਤ ਕਰ ਪੱਛਮੀ ਤੇ ਪੂਰਬੀ

ਸਭਿਆਚਾਰਾਂ ਦਾ ਟਕਰਾਓ ਪੇਸ਼ ਕਰ ਦੋਨਾਂ ਹੀ ਸਭਿਆਚਾਰਾਂ ਵਿਚਲੇ ਅਮਾਨਵੀ ਵਰਤਾਰਿਆਂ ਤੇ ਵੇਲਾ-ਵਿਹਾ ਚੁੱਕੀਆਂ ਕਦਰਾਂ-ਕੀਮਤਾਂ ਦਾ ਖੰਡਨ ਕਰਦਾ ਹੈ। ਜਿਸਦਾ ਮੁੱਖ ਧੁਰਾ ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਵਿਚਲਾ ਅੰਤਰ ਵਿਰੋਧ ਬਣਦਾ ਹੈ। ਜਿਸਨੂੰ ਬਿਰਤਾਂਤਕਾਰ ਨੇ ਬਹੁਤ ਹੀ ਬਾਰੀਕਬੀਨੀ ਨਾਲ ਚਿਤਰਿਆ ਹੈ। ਬਿਰਤਾਂਤਕਾਰ ਇਸਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਪ੍ਰਯਤਨ ਕਰਦਾ ਪਰਵਾਸ ਦੇ ਜੀਵਨ ਦੇ ਵਿਲੱਖਣ ਪਾਸਾਰ ਪ੍ਰਸਤੁਤ ਕਰਦਾ ਹੈ। ਜਿਸਦਾ ਆਧਾਰ ਭਾਰਤੀ ਵਿਆਹ ਸੰਸਥਾ ਦਾ ਸਮਾਜਿਕ ਤੇ ਸਭਿਆਚਾਰਕ ਪਰਿਪੇਖ ਵੀ ਬਣਦਾ ਹੈ। ਅਮਰੀਕਾ ਵਿਚ ਜੰਮੀ ਪਲੀ ਨਵੀਂ ਪੀੜ੍ਹੀ ਪੁਰਾਣੀ ਭਾਰਤੀ ਵਿਆਹ ਸੰਸਥਾ ਵਿਚ ਮਾਪਿਆਂ ਦੀ ਮਰਜ਼ੀ ਨਾਲ ਵਿਆਹ ਕਰਵਾਉਣ ਨੂੰ ਨੀਗੇਟ ਕਰਦੀ ਪੱਛਮੀਂ ਸੱਭਿਅਤਾ ਤੇ ਸੱਭਿਆਚਾਰ ਦੇ ਪ੍ਰਭਾਵ ਅਧੀਨ ਮਨਮਰਜ਼ੀ ਦੇ ਵਿਆਹ ਨੂੰ ਤਰਜ਼ੀਹ ਦਿੰਦੀ ਹੈ। ਬਿਰਤਾਂਤਕੀ-ਪਾਠ ਵਿਚ 'ਵੱਟਸ-ਐਪ 'ਤੇ ਬਣਿਆ 'ਕਜ਼ਨਜ਼ ਗਰੁੱਪ' ਇਸ ਦੀ ਪੂਰੀ ਤਨਦੇਹੀ ਨਾਲ ਤਰਫ਼ਦਾਰੀ ਕਰਦਾ ਹੈ। ਜਿਸਦੀ ਅਗਵਾਈ ਬਲਕਾਰ ਸਿੰਘ ਦਾ ਪੁੱਤਰ ਕੁਲਦੀਪ ਕਰਦਾ ਹੈ। ਉਹ ਨਾਵਲੀ ਵਰਤਾਰੇ ਦਾ ਕੇਂਦਰੀ ਪਾਤਰ ਵੀ ਬਣਦਾ ਹੈ। ਕੁਲਦੀਪ ਉਮਰ ਵਿਚ ਆਪਣੇ ਸਾਰੇ ਚਾਚੇ ਤਾਇਆ ਤੇ ਭੂਆ ਮਾਸੀਆਂ ਦੇ ਧੀਆਂ ਪੁੱਤਰਾਂ ਨਾਲੋਂ ਵੱਡਾ ਵੀ ਹੈ ਤੇ ਸਿਆਣਾ ਵੀ ਹੈ। ਇਸ ਲਈ ਜਦੋਂ ਵੀ ਕਿਸੇ ਨੂੰ ਕੋਈ ਮੁਸ਼ਕਿਲ ਆਉਂਦੀ ਹੈ, ਉਹ ਝੱਟ ਕੁਲਦੀਪ ਨੂੰ ਆਪਣੀ ਸਮੱਸਿਆ ਦਾ ਹੱਲ ਲੱਭਣ ਲਈ ਫ਼ੋਨ ਕਰ ਦਿੰਦੇ ਹਨ। ਅੱਗੋਂ ਕੁਲਦੀਪ ਵੀ ਇੰਨਾ ਸਿਆਣਾ ਹੈ ਕਿ ਉਸ ਕੋਲ ਹਰ ਇੱਕ ਦੀ ਸਮੱਸਿਆ ਦਾ ਇਲਾਜ ਵੀ ਹੁੰਦਾ ਹੈ ਤੇ ਉਹ ਹਰ ਇਕ ਦੀ ਮੱਦਦ ਲਈ ਤਿਆਰ ਬਰਤਿਆਰ ਵੀ ਰਹਿੰਦਾ ਹੈ। ਕੁਲਦੀਪ ਆਪ ਵੀ ਮਾਨਵੀ ਮੁੱਲਾਂ ਦਾ ਧਾਰਨੀ ਤੇ ਹਰਪੱਖੋਂ ਉੱਚੇਖਿਆਲਾਂਵਾਲਾਹੈ। ਉਸਨੇ ਸ਼੍ਰੀਲੰਕਾ ਦੀ ਕੁੜੀ ਵੰਦਨਾ, ਜਿਸਦੇ ਮਾਂ ਪਿਉ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ ਤੇ ਉਸਦੇ ਪਤੀ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਜਾਂਦੀ ਹੈ, ਨਾਲ ਵਿਆਹ ਕਰਵਾਇਆ ਹੋਇਆ ਹੈ। ਪਤੀ ਦੀ ਮੌਤ ਤੋਂ ਬਾਅਦ ਵੰਦਨਾ ਦੀ ਕੁਲਦੀਪ ਨਾਲ ਦੋਸਤੀ ਹੋ ਜਾਂਦੀ ਹੈ ਤੇ ਬਾਅਦ ਵਿਚ ਦੋਨੋਂ ਵਿਆਹ ਕਰਵਾ ਲੈਂਦੇ ਹਨ। ਉਹਨਾਂ ਦੇ ਦੋ ਬੱਚੇ ਵੀ ਹਨ। ਜਿਸਦਾ ਪਤਾ ਕੁਲਦੀਪ ਦੇ ਮਾਪਿਆਂ ਨੂੰ ਬਿਰਤਾਂਤ ਕੀ-ਪਾਠ ਦੇ ਅੰਤ ਵਿਚ ਲੱਗਦਾ ਹੈ। ਪਹਿਲਾਂ ਪਹਿਲ ਸਭ ਨੂੰ ਲੱਗਦਾ ਹੈ ਕਿ ਕੁਲਦੀਪ ਨੇ ਖ਼ੁਦ ਵੀ ਵਿਆਹ ਨਹੀਂ ਕਰਵਾਇਆਂ ਤੇ 'ਕਜ਼ਨਜ਼ਗਰੁੱਪ' ਦੇ ਦੂਜੇ ਬੱਚਿਆਂ ਨੂੰ ਵੀ ਪੁੱਠੀਆਂ ਮੱਤਾਂ ਦੇ ਰਿਹਾ ਹੈ। ਇਸ ਲਈ ਘਰ ਦੇ ਬਜ਼ੁਰਗ ਉਸ ਨਾਲ ਨਫ਼ਰਤ ਕਰਨ ਲੱਗਦੇ ਹਨ। ਪਰ ਪਾਠ ਦੇ ਅੰਤ ਵਿਚ ਜਦੋਂ ਉਹਨਾਂ ਨੂੰ ਕੁਲਦੀਪ ਦੇ ਇਹਨਾਂ ਮਾਨਵਤਾ ਪੱਖੀ ਉੱਚ ਵਿਚਾਰਾਂ ਦਾ ਪਤਾ ਲੱਗਦਾ ਹੈ ਤਾਂ ਉਹ ਸਾਰਿਆਂ ਦੀਆਂ ਨਜ਼ਰਾਂ ਵਿਚ ਫ਼ਰਿਸ਼ਤਾ ਬਣ ਜਾਂਦਾ ਹੈ ਤੇ ਪਰਿਵਾਰ ਦੇ ਦੂਸਰੇ ਲੋਕਾਂ ਦੀ ਸੋਚ ਨੂੰ ਵੀ ਤਬਦੀਲ ਕਰਨ ਵਿਚ ਸਫ਼ਲ ਰਹਿੰਦਾ ਹੈ

ਜੋ ਕਦੇ ਉਸਦਾ ਵਿਰੋਧ ਕਰਦੇ ਸਨ। ਇਸ ਗੱਲ ਦੀ ਨਿਸ਼ਾਨ ਦੇਹੀ ਪਾਠ ਦੇ ਅੰਤ ਵਿਚ ਕੁਲਦੀਪ ਦੀ ਮਾਂ ਦੁਆਰਾ ਕਹੇ ਸ਼ਬਦਾਂ ਤੋਂ ਭਲੀ-ਭਾਂਤ ਹੋ ਜਾਂਦੀ ਹੈ:

"ਚੱਲ ਸੱਦ ਪੁੱਤ ਉਨ੍ਹਾਂ ਨੂੰ। ਸਾਨੂੰ ਸਭ ਮਨਜ਼ੂਰ ਐ। ਸੁੱਖ ਨਾਲ ਪੁੱਤ ਦੀ ਅੰਸ਼ ਐ। ਮੇਰੇ ਪਰਿਵਾਰ ਦਾ ਭਵਿੱਖ ਐ। ਸ਼੍ਰੀ ਲੰਕਾ ਦੀ ਐ ਤਾਂ ਫੇਰ ਕੀ ਐ, ਉਹ ਕਿਹੜਾ ਇਨਸਾਨ ਨ੍ਹੀ ਹੁੰਦੇ। ਵੇਖ, ਉਹ ਕੌਣ ਐਂ, ਧਰਮ ਕੀ ਐ, ਜਾਤ ਕੀ ਐ ਇਹ ਗੱਲਾਂ ਨਾਲ ਸਾਨੂੰ ਕੋਈ ਮਤਲਬ ਨ੍ਹੀਂ ਪਰ ਤੂੰ ਇਕ ਵਾਰ ਸਾਨੂੰ, ਉਨ੍ਹਾਂ ਨਾਲ ਮਿਲਾਦੇ"। (ਨਵਯੁਗ,ਪੰਨਾ,199)



ਬਿਰਤਾਂਤਕੀ-ਪਾਠ ਵਿਚ ਇਸੇ ਤਰ੍ਹਾਂ ਦੀ ਸਵੀਕ੍ਰਿਤੀ ਕਰਤਾਰ ਸਿੰਘ ਤੇ ਤੇਜ ਕੌਰ ਨੂੰ ਆਪਣੀ ਧੀ ਨਿੰਦੀ ਤੇ ਏਕਾਂਤ ਦੇ ਵਿਆਹ ਨੂੰ ਦੇਣੀ ਪੈਂਦੀ ਹੈ। ਕਰਤਾਰ ਸਿੰਘ ਚਾਹੁੰਦਾ ਹੈ ਕਿ ਨਿੰਦੀ ਦਾ ਵਿਆਹ ਇੰਡੀਆ ਰਹਿੰਦੇਆਪਣੇਸਾਂਢੂਦੇਭਤੀਜੇਨਾਲਹੋਵੇ।ਉਹਨਿੰਦੀ ਨੂੰ ਇਸ ਕੰਮ ਲਈ ਜ਼ਬਰਦਸਤੀ ਇੰਡੀਆ ਵੀ ਲੈ ਜਾਂਦੇ ਹਨ।ਪਰ ਨਿੰਦੀ ਇੰਡੀਆ ਪਹੁੰਚਣ ਤੋਂ ਬਾਅਦ ਆਪਣੇ ਪਿਉ ਦੇ ਕਹਿਣ ਤੇ ਚੁੱਪ-ਚਾਪ ਮੰਗਣੀ ਤਾਂ ਕਰਵਾ ਲੈਂਦੀ ਹੈ ਪਰ ਬਾਅਦ ਵਿਚ ਪੇਪਰਾਂ ਦਾ ਝੂਠਾ ਬਹਾਨਾ ਕਰ ਬੜੀ ਚੁਸਤੀ ਨਾਲ ਉਹਨਾਂ ਦੇ ਚੰਗਲ ਵਿਚੋਂ ਨਿਕਲ ਵਾਪਸ ਅਮਰੀਕਾ ਆ ਜਾਂਦੀ ਹੈ ਤੇ ਅੰਤ ਆਪਣੇ ਮਾਪਿਆਂ ਨੂੰ ਇੰਡੀਆ ਵਿਆਹ ਨਾ ਕਰਵਾਉਣ ਲਈ ਰਜ਼ਾ ਮੰਦ ਕਰਨ ਲਈ ਪੂਰਾ ਜ਼ੋਰ ਲਗਾ ਦਿੰਦੀ ਹੈ। ਜਿਸ ਦੇ ਲਈ ਉਸਦੀ ਮਾਂ ਤੇਜ਼ ਕੌਰ ਤਾਂ ਮੰਨ ਜਾਂਦੀ ਹੈ ਪਰ ਪਿਉ ਕਰਤਾਰ ਸਿੰਘ ਆਪਣੀ ਰੂੜ੍ਹੀ ਵਾਦੀ ਸੋਚ ਅਧੀਨ ਆਪਣੀ ਗੱਲ ਤੇ ਪੂਰੀ ਤਰ੍ਹਾਂ ਨਾਲ ਅੜਿਆ ਰਹਿੰਦਾ ਹੈ। ਪਾਠ ਦੇ ਅੰਤ ਵਿਚ ਵੀ ਉਹ ਆਪਣੀ ਇਸ ਜ਼ਿੱਦ ਤੇ ਅੜਿਆ ਨਿੰਦੀ ਨੂੰ ਉਸਦੀ ਮਨਮਰਜ਼ੀ ਅਨੁਸਾਰ ਏਕਾਂਤ ਨਾਮ ਦੇ ਮੁੰਡੇ ਨਾਲ ਵਿਆਹ ਕਰਵਾਉਣ ਦੀ ਇਜਾਜ਼ਤ ਤਾਂ ਦੇ ਦਿੰਦਾ ਹੈ ਤੇ ਨੌਜਵਾਨ ਏਕਾਂਤ ਨੂੰ ਵੇਖਕੇ ਖ਼ੁਸ਼ ਵੀ ਹੁੰਦਾ ਹੈ ਪਰ ਮਨ ਵਿਚ ਹਮੇਸ਼ਾਂ ਇਹੀ ਰੰਜਸ਼ ਰਹਿੰਦੀ ਹੈ ਕਿ ਨਿੰਦੀ ਨੇ ਉਸਦੀ ਗੱਲ ਨਹੀ ਮੰਨੀ:

"ਕਰਤਾਰ ਸਿਰਫ਼ ਏਕਾਂਤ ਨੂੰ ਵੇਖ ਰਿਹਾ ਸੀ। ਛੇ ਫੁੱਟਾ ਜਵਾਨ ਵੇਖ ਕੇ ਉਸਦੀ ਰੂਹ ਖ਼ੁਸ਼ ਹੋ ਗਈ ਪਰ ਨਾਲ ਖਿਆਲ ਆਇਆ ਕਿ ਕਾਸ਼ ਇਹ ਕਿਤੇ ਸਿੱਖ ਹੁੰਦਾ"।(ਨਵਯੁਗ,ਪੰਨਾ,222)

ਵਾਸਤਵ ਵਿਚ ਬਿਰਤਾਂਤਕਾਰ ਇਥੇ ਪੁਰਾਣੀ ਪੀੜ੍ਹੀ ਦੀ ਰੂੜ੍ਹੀਵਾਦੀ ਸੋਚ ਨੂੰ ਨਕਾਰ ਨਵੀਂ ਪੀੜ੍ਹੀ ਦੀ ਨਵੀਂ ਸੋਚ ਤੇ ਪਹਿਰਾ ਦਿੰਦਾ ਪ੍ਰਤੀਤ ਹੁੰਦਾ ਹੈ। ਇਥੇ ਉਹ ਨਵੀਂ ਸੋਚ ਲਈ ਹਾਂ-ਮੁਖੀ ਹੋ ਭਵਿੱਖ ਮੁਖੀ ਸੰਭਾਵਨਾਵਾਂ ਵੀ ਜਗਾਉਂਦਾ ਹੈ। ਜਿਸ ਵਿਚ ਉਥੋਂ ਦੀ ਜੰਮੀ ਪਲੀ ਨਵੀਂ ਪੀੜ੍ਹੀ ਪੱਛਮੀਂ ਸਭਿਆਚਾਰ ਨੂੰ ਅਪਣਾ ਵੀ ਰਹੀ ਹੈ ਅਤੇ ਨਵੀਨ ਸਭਿਆਚਾਰ ਦੀ ਉਸਾਰੀ ਕਰ ਨਵੀਨ ਦਿਸਹੱਦੇ ਵੀ ਸਿਰਜ ਰਹੀ ਹੈ। ਵਾਸਤਵਿਕਤਾ ਇਹ ਵੀ ਹੈ ਕਿ ਪਰਵਾਸੀ ਭਾਰਤੀਆਂ ਦੇ ਬੱਚਿਆਂ ਦੇ ਮਨ ਮਰਜ਼ੀ ਨਾਲ ਵਿਆਹ ਕਰਵਾਉਣ ਦੀ ਰਵਾਇਤ ਆਮ ਹੀ ਜਿਸ ਦੀ ਇਕ ਝਲਕ ਬਿਰਤਾਂਤਕੀ ਵਰਤਾਰੇ ਵਿਚ ਵੀ ਬੜੇ ਸਪਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ। ਬਜ਼ੁਰਗਾਂ ਦੀ ਇੱਛਾ ਦੇ ਵਿਰੁੱਧ ਇਹ ਸਾਰੇ ਵਿਆਹ ਭਾਵੇਂ ਮਨਮਰਜ਼ੀ ਦੇ ਤੇ ਦੂਸਰੇ ਧਰਮਾਂ ਵਿਚ ਕਰਵਾਏ ਜਾ ਰਹੇ ਹਨ ਪਰ ਨਵੀਂ ਪੀੜ੍ਹੀ ਦੀ ਸੰਤਸ਼ੁਟਤੀ ਇਸ ਵਿਚੋਂ ਹੀ ਦਿਖਾਈ ਦਿੰਦੀ ਹੈ। ਇਸੇ ਲਈ ਪਾਠ ਦੇ ਅੰਤ ਵਿਚ ਸਾਰਾ 'ਕਜ਼ਨਜ਼ ਗਰੁੱਪ' ਆਪੋ-ਆਪਣੇ ਜੀਵਨ ਸਾਥੀਆਂ ਨੂੰ ਲੈ ਕੇ ਘੁੰਮਣ ਦਾ ਪ੍ਰੋਗਰਾਮ ਬਣਾਉਂਦੇ ਹਨ ਤਾਂ ਜੋ ਉਹ ਇਕੱਠੇ ਹੋ ਜ਼ਿੰਦਗੀ ਨੂੰ ਸੁਚੱਜੇ ਢੰਗ ਨਾਲ ਜਿਉਂ ਸਕਣ। ਬਿਰਤਾਂਤਕੀ-ਪਾਠ ਵਿਚ ਬਿਰਤਾਂਤਕਾਰ ਨੇ ਬਹੁਤੇ ਇਤਰਾਜ਼ ਤੇ ਝਗੜੇ ਉਹਨਾਂ ਜੋੜਿਆਂ ਵਿਚ ਦਿਖਾਏ ਹਨ, ਜਿਹਨਾਂ ਦੇ ਵਿਆਹ ਉਹਨਾਂ ਦੇ ਮਾਪਿਆਂ ਦੁਆਰਾ ਉਹਨਾਂ ਦੀ ਮਰਜ਼ੀ ਦੇ ਖ਼ਿਲਾਫ਼ ਇੰਡੀਆ ਵਿਚ ਕਰਵਾ ਦਿੱਤੇ ਜਾਂਦੇ ਹਨ। ਜਿਹਨਾਂ ਵਿਚ ਨਿਰਭੈ ਸਿੰਘ ਦੀ ਧੀ ਕਰਮੀ ਉਰਫ਼ ਕਰਮਿੰਦਰ ਤੇ ਕਿਰਪਾਲ ਦੇ ਪੁੱਤਰ ਬੀਰੇ ਦਾ ਬਿਰਤਾਂਤ ਮੁੱਖ ਰੂਪ ਵਿਚ ਉੱਭਰਦਾ ਹੈ। ਕਰਮੀ ਦੇ ਮਾਪੇ ਆਪਣੀ ਮਰਜ਼ੀ ਨਾਲ ਕਰਮੀ ਦਾ ਵਿਆਹ ਪੰਜਾਬ ਰਹਿੰਦੇ ਦਰਸ਼ਣ ਨਾਲ ਕਰ ਦਿੰਦੇ ਹਨ। ਦਰਸ਼ਣ ਜੋ ਕਿ ਇਕ ਵਿਹਲੜ ਤੇ ਨਸ਼ੇੜੀ ਕਿਸਮ ਦਾ ਮੁੰਡਾ ਹੈ, ਅਮਰੀਕਾ ਆ ਕੇ ਵੀ ਕੋਈ ਕੰਮ-ਧੰਦਾ ਨਹੀਂ ਕਰਦਾ। ਉਸ ਦੇ ਪਿੱਛੇ ਉਸ ਦੇ ਮਾਂ-

ਪਿਉ ਵੀ ਆ ਜਾਂਦੇ ਹਨ, ਜਿਸ ਨਾਲ ਕਰਮੀ ਤੇ ਹੋਰ ਵੀ ਜ਼ਿਆਦਤੀਆਂ ਹੋਣ ਲੱਗਦੀਆਂ ਹਨ। ਕਰਮੀ ਆਪਣੇ ਇਕੱਠੇ ਕੀਤੇ ਪੈਸਿਆਂ ਨਾਲ ਜੋ ਘਰ ਖ਼ਰੀਦਦੀ ਹੈ, ਉਸ ਨੂੰ ਵੀ ਦਰਸ਼ਣ ਦੇ ਮਾਂ ਪਿਉ ਇਹ ਕਹਿ ਕੇ ਆਪਣੇ ਨਾਂ ਲਗਵਾ ਲੈਂਦੇ ਹਨ ਕਿ ਉਹਨਾਂ ਨੇ ਪੰਜਾਬ ਰਹਿੰਦੇ ਆਪਣੇ ਦੂਜੇ ਮੁੰਡੇ ਨੂੰ ਅਮਰੀਕਾ ਸਪਾਂਸਰ ਕਰਨਾ ਹੈ। ਪਰ ਇਸ ਦੇ ਬਾਵਜੂਦ ਵੀ ਦਰਸ਼ਣ ਤੇ ਉਸ ਦੇ ਮਾਪਿਆਂ ਦੁਆਰਾ ਕਰਮੀ ਦੀ ਕੁੱਟ-ਮਾਰ ਤੇ ਤਸ਼ੱਦਦ ਨਹੀਂ ਘੱਟਦਾ ਕਿਉਂਕਿ ਦਰਸ਼ਣ ਦੇ ਮਾਪੇ ਪਹਿਲਾਂ ਪਹਿਲ ਚਾਹੁੰਦੇ ਹਨ ਕਿ ਉਹ ਜ਼ੋਰ ਜ਼ਬਰਦਸਤੀ ਕਰਕੇ ਆਪਣੇ ਛੋਟੇ ਮੁੰਡੇ ਦਾ ਵਿਆਹ ਕਰਮੀ ਦੀ ਛੋਟੀ ਭੈਣ ਧਰਮੀ ਨਾਲ ਕਰ ਦੇਣ ਤਾਂ ਜੋ ਉਹ ਵੀ ਅਮਰੀਕਾ ਆ ਸਕੇ। ਪਰ ਧਰਮੀ ਇਸ ਗੱਲ ਲਈ ਬਿਲਕੁਲ ਰਜ਼ਾਮੰਦ ਨਹੀਂ ਹੁੰਦੀ। ਜਦੋਂ ਧਰਮੀ ਆਪਣੀ ਭੈਣ ਕਰਮੀ ਰਾਹੀਂ ਆਪਣੇ ਮਾਪਿਆਂ ਨੂੰ ਆਪਣੇ ਮਨਪਸੰਦ ਦੇ ਮੁੰਡੇ ਹੈਦਰ ਅਸਲਮ ਨਾਲ ਵਿਆਹ ਕਰਵਾਉਣ ਲਈ ਮਨਾ ਲੈਂਦੀ ਹੈ ਤੇ ਉਸ ਦੇ ਮਾਪੇ ਵੀ ਅਸਲਮ ਨਾਲ ਵਿਆਹ ਦੀ ਸਵੀਕ੍ਰਿਤੀ ਦੇ ਦਿੰਦੇ ਹਨ ਤਾਂ ਕਰਮੀ ਉੱਤੇ ਉਸ ਦੇ ਸਹੁਰਿਆਂ ਦਾ ਤਸ਼ੱਦਦ ਹੋਰ ਜ਼ਿਆਦਾ ਵੱਧ ਜਾਂਦਾ ਹੈ। ਕਰਮੀ ਦੇ ਸਹੁਰੇ ਜਾਂਦੇ ਹੋਏ ਘਰ ਵੀ ਦਰਸ਼ਣ ਦੇ ਨਾਮ ਕਰ ਜਾਂਦੇ ਹਨ। ਇਸ ਤਰ੍ਹਾਂ ਕਰਮੀ ਦੇ ਜੋੜੇ ਹੋਏ ਪੈਸਿਆਂ ਨਾਲ ਖ਼ਰੀਦਿਆ ਘਰ ਵੀ ਧੋਖੇ ਨਾਲ ਹਥਿਆ ਲਿਆ ਜਾਂਦਾ ਹੈ।

ਦੂਜੇ ਪਾਸੇ ਧਰਮੀ ਜਿਸ ਮੁੰਡੇ ਨੂੰ ਪਸੰਦ ਕਰਦੀ ਹੈ,ਉਹ ਮੁਸਲਿਮ ਹੈ, ਉਸਦੇ ਮਾਪੇ ਜਮੇਕਾ ਤੋਂ ਆਏ ਸਨ।

ਪਰ ਉਹਨਾਂ ਦਾ ਅਮਰੀਕਾ ਵਿਚ ਵੱਡਾ ਕਹੈ। ਅਸਲਮ ਤੇ ਧਰਮੀ ਇਕੋ ਯੂਨੀਵਰਸਿਟੀ ਵਿਚ ਪੜ੍ਹਦੇ ਰਹੇ ਸਨ। ਦੋਨਾਂ ਨੇ ਇਕੱਠਿਆਂ ਕੰਪਿਊਟਰ ਟੈਕਨਾਲੋਜੀ ਸਾਇਬਰ ਸਕਿਊਰਿਟੀ ਦਾ ਕੋਰਸ ਕੀਤਾ ਹੋਇਆ ਹੈ। ਪਹਿਲਾਂ ਪਹਿਲ ਧਰਮੀ ਦੇ ਮਾਂ-ਪਿਉ ਇਸ ਰਿਸ਼ਤੇ ਲਈ ਨਹੀਂ ਮੰਨਦੇ ਪਰ ਵੱਡੀ ਧੀ ਕਰਮੀ ਦੇ ਕਹਿਣ ਤੇ ਮੰਨ ਜਾਂਦੇ ਹਨ। ਧਰਮੀ ਤੇ ਅਸਲਮ ਦਾ ਵਿਆਹ ਸਿੱਖ ਰਸਮਾਂ-ਰਿਵਾਜਾਂ ਨਾਲ ਬੜੀ ਧੂਮ-ਧਾਮ ਨਾਲ ਹੁੰਦਾ ਹੈ। ਧਰਮੀ ਦਾ ਸਹੁਰਾ, ਕੁੜੀ ਵਾਲਿਆਂ ਤੋਂ ਦਹੇਜ਼ ਲੈਣ ਦੇ ਉਲਟ ਧਰਮੀ ਨੂੰ ਵਿਆਹ ਵਿਚ ਬੀ.ਐਮ.ਡਬਲਿਊ ਕਾਰ ਗਿਫ਼ਟ ਵਿਚ ਦਿੰਦਾ ਹੈ। ਇਸ ਵਿਆਹ ਦੀ ਸ਼ਾਨੌ-ਸ਼ੌਕਤ ਵੇਖ ਧਰਮੀ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ। ਮੁੰਡੇ ਵਾਲਿਆਂ ਵੱਲੋਂ ਬੜੀ ਹੀ ਸ਼ਾਨੋ-ਸ਼ੌਕਤ ਤੇ ਠਾਠ-ਬਾਠ ਨਾਲ ਕੀਤੇ ਗਏ ਵਿਆਹ ਤੇ ਵਿਆਹ ਤੋਂ ਬਾਅਦ ਹੋਈਆਂ ਪਾਰਟੀਆਂ ਨੂੰ ਵੇਖ ਕੇ ਸਾਰੇ ਇਹ ਭੁੱਲ ਹੀ ਜਾਂਦੇ ਹਨ ਕਿ ਮੁੰਡਾ ਮੁਸਲਿਮ ਤੇ ਕਾਲਾ ਹੈ:

"ਪੰਜਾਬੀ ਲੋਕਾਂ ਲਈ ਇਸ ਤਰ੍ਹਾਂ ਦੀਆਂ ਪਾਰਟੀਆਂ 'ਚ ਸ਼ਾਮਲ ਹੋਣ ਦਾ ਪਹਿਲਾ ਮੌਕਾਸੀ। ਹਫ਼ਤਾ ਭਰ ਚੱਲੇ ਪਾਰਟੀਆਂ ਦੇ ਪ੍ਰੋਗਰਾਮਾਂ ਨੇ ਲੋਕਾਂ ਨੂੰ ਭੁਲਾ ਹੀ ਦਿੱਤਾ ਕਿ ਮੁੰਡਾ ਕਾਲਾ ਹੈ ਜਾਂ ਮੁਸਲਮਾਨ ਹੈ। ਹਫ਼ਤੇ ਬਾਦ ਹੈਦਰ, ਧਰਮੀ ਨੂੰ ਲੈ ਕੇ ਸਵਿਟਰਜ਼ਰ ਲੈਂਡ ਹਨੀਮੂਨ ਤੇ ਚਲਾ ਗਿਆ। ਇਸ ਬਾਰੇ ਪਾਲੀ ਹੋਰਾਂ ਨੇ ਸਭ ਨੂੰ ਹੁੱਭ ਹੁੱਭ ਕੇ ਦੱਸਿਆ "।(ਨਵਯੁਗ,ਪੰਨਾ,138)

ਪਰ ਇਸ ਕੁਝ ਤੋਂ ਕਰਮੀ ਦਾ ਪਤੀ ਦਰਸ਼ਣ ਬਹੁਤ ਪਰੇਸ਼ਾਨ ਹੋ ਗਿਆ। ਉਸਦੀਆਂ ਆਦਤਾਂ ਹੋਰ ਵਿਗੜ ਜਾਂਦੀਆਂ ਹਨ। ਉਹ ਸਾਰਾ ਦਿਨ ਸ਼ਰਾਬ ਪੀਣ ਦੇ ਨਾਲ ਜੂਆ ਵੀ ਖੇਡਣ ਲੱਗ ਪਿਆ। ਉਸਦੀਆਂ ਆਦਤਾਂ ਇੰਨੀਆਂ ਖ਼ਰਾਬ ਹੋ ਜਾਂਦੀ ਆਂ ਹਨ ਕਿ ਉਹ ਨਿੱਤ ਦਿਹਾੜੀ ਕਰਮੀ ਨਾਲ ਕੁੱਟ-ਮਾਰ ਕਰਨ ਲੱਗਦਾ ਹੈ। ਹਰ ਰੋਜ਼ ਦੇ ਕਲੇਸ਼ ਕਾਰਨ ਪਤੀ-ਪਤਨੀ ਦਾ ਰਿਸ਼ਤਾ



ਹੀ ਖ਼ਤਮ ਹੋ ਜਾਂਦਾ ਹੈ। ਦੋਨਾਂ ਵਿਚਕਾਰ ਲੜਾਈ ਝਗੜੇ ਇੰਨੇ ਵੱਧ ਜਾਂਦੇ ਹਨ ਕਿ ਆਖ਼ਰ ਕਰਮੀ ਆਪਣੇ ਪਤੀ ਦਰਸ਼ਣ ਤੋਂ ਤਲਾਕ ਲੈਣ ਦਾ ਤਲਖ਼ ਫ਼ੈਸਲਾ ਕਰ ਅਦਾਲਤ ਵਿਚ ਕੇਸ ਦਾਇਰ ਕਰ ਦਿੰਦੀ ਹੈ। ਬਿਰਤਾਂਤਕੀ-ਪਾਠ ਵਿਚ ਦੂਜੇ ਪਾਸੇ ਕਿਰਪਾਲ ਦੇ ਪੁੱਤਰ ਬੀਰੇ ਦਾ ਬਿਰਤਾਂਤ ਹੈ। ਕਿਰਪਾਲ ਅਮਰੀਕਾ ਵਿਚ ਮੰਨਿਆਂ ਪਰ ਮੰਨਿਆਂ ਡਾਕਟਰ ਹੈ। ਜੋ ਵੱਡੀਆਂ ਵੱਡੀਆਂ ਸਰਜਰੀਆਂ ਕਰਨ ਵਿਚ ਵੀ ਮਾਹਰਹੈ। ਉਹ ਇਕ ਵੱਡੇ ਹਸਪਤਾਲ ਦਾ ਮਾਲਕ ਹੈ। ਉਹ ਆਪਣੇ ਪੁੱਤਰ ਬਲਵੀਰ ਉਰਫ਼ ਬੀਰੇ ਦੀ ਮਰਜ਼ੀ ਦੇ ਖ਼ਿਲਾਫ਼ ਉਸਦਾ ਵਿਆਹ ਚੰਡੀਗੜ੍ਹ ਰਹਿੰਦੇ ਆਪਣੇ ਮਿੱਤਰ ਦੀ ਧੀ ਰਤਨਵੀਰ ਉਰਫ਼ ਰੱਤੀ ਨਾਲ ਕਰਨਾ ਚਾਹੁੰਦਾ ਹੈ। ਕਿਰਪਾਲ ਬਹੁਤ ਹੀ ਅੜੀਅਲ ਸੁਭਾਅ ਦਾ ਹੈ। ਬੀਰਾ ਸ਼ੁਰੂ ਸ਼ੁਰੂ ਵਿਚਆਪਣੇ ਪਿਉ ਦੀ ਗੱਲ ਨਹੀਂ ਮੰਨਦਾ ਤੇ ਉਸਦਾ ਪੂਰਾ ਵਿਰੋਧ ਕਰਦਾ ਹੈ। ਪਰ ਅਚਾਨਕ ਇਕ ਦਿਨ ਡਾ. ਕਿਰਪਾਲ ਨੂੰ ਹਾਰਟ ਅਟੈਕ ਆ ਜਾਂਦਾ ਹੈ ਤੇ ਉਹ ਉਸ ਵੇਲੇ ਮੌਕੇ ਦਾ ਪੂਰਾ ਫ਼ਾਇਦਾ ਉਠਾ ਬੀਰੇ ਨੂੰ ਬਲੈਕਮੇਲ ਕਰਨ ਲੱਗਦਾ ਹੈ ਕਿ ਉਹ ਉਸ ਵੇਲੇ ਤੱਕ ਓਪਨ ਹਾਰਟ ਸਰਜ਼ਰੀ ਨਹੀਂ ਕਰਵਾਏਗਾ,ਜਦੋਂਤੱਕ ਬੀਰਾ ਉਸਦੇ ਦੋਸਤ ਦੀ ਧੀ ਰੱਤੀ ਨਾਲ ਵਿਆਹ ਕਰਵਾਉਣਾ ਨਹੀਂ ਮੰਨ ਜਾਂਦਾ। ਅੰਤ ਕਿਰਪਾਲ ਆਪਣੇ ਪੁੱਤਰ ਦਾ ਵਿਆਹ ਰੱਤੀ ਨਾਲ ਕਰਵਾਉਣ ਵਿਚ ਤਾਂ ਸਫ਼ਲ ਹੋ ਜਾਂਦਾ ਹੈ। ਪਰ ਬਾਅਦ ਵਿਚ ਬੀਰਾ ਜੋ ਸੰਤਾਪ ਹੰਢਾਉਂਦਾ ਹੈ, ਉਸਦੇ ਲਈ ਕਿਰਪਾਲ ਨੂੰ ਅਫ਼ਸੋਸ ਵੀ ਹੁੰਦਾ ਹੈ ਕਿ ਉਸਨੇ ਆਪਣੀ ਮਿੱਤਰਤਾ ਦੇ ਲਈ ਬੀਰੇ ਦੀ ਜ਼ਿੰਦਗੀ ਹੀ ਨਰਕ ਬਣਾ ਦਿੱਤੀ ਹੈ।

'ਬੀਰੇ ਦੀ ਪਤਨੀ ਰੱਤੀ ਦੇ ਬੁਆਏ ਫ਼ਰੈਂਡ ਦਾ ਅਮਰੀਕਾ ਟੂਰਿਸਟ ਵੀਜ਼ੇ ਤੇ ਆਉਣਾ', 'ਰੱਤੀ ਦਾ ਛਿਪ ਛਿਪ ਕੇ ਉਸਨੂੰ ਮਿਲਣਾ', 'ਰੱਤੀ ਦਾ ਆਪਣੇ ਬੁਆਏ ਫ਼ਰੈਂਡ ਤੋਂ ਪ੍ਰੈਗਨੈਟ ਹੋ ਜਾਣਾ', 'ਰੱਤੀ ਦੀ ਮਾਂ ਦੁਆਰਾ ਉਸਦੇ ਸਹੁਰਿਆਂ ਤੋਂ ਚੋਰੀ ਰੱਤੀ ਦਾ ਅਬਾਰਸ਼ਨ ਕਰਵਾ ਦੇਣਾ', 'ਰੱਤੀ ਦੇ ਪਿਉ ਦਾ ਆਪਣੇ ਅਸਰ ਰਸੂਖ਼ ਨਾਲ ਬਦਲੇ ਦੀ ਭਾਵਨਾ ਅਧੀਨ ਇੰਡੀਆ ਆਏ ਡਾ. ਕਿਰਪਾਲ ਨੂੰ ਬਿਨਾ ਵਜ੍ਹਾ ਗ੍ਰਿਫ਼ਤਾਰ ਕਰਵਾ ਦੇਣਾ', 'ਦੂਜੇ ਪਾਸੇ ਬੀਰੇ ਦਾ ਆਪਣੀ ਪਤਨੀ ਰੱਤੀ ਦਾ ਪਾਜ਼ ਉਘਾੜਨ ਲਈ ਪ੍ਰਾਈਵੇਟ ਡਿਟੈਕਟਿਵ ਦੀ ਸਹਾਇਤਾ ਰਾਹੀਂ ਸਾਰੀ ਜਾਣਕਾਰੀ ਪ੍ਰਾਪਤ ਕਰ ਸਬੂਤ ਇਕੱਠੇ ਕਰ ਜੱਗ ਜ਼ਾਹਰ ਕਰਨਾ ਤੇ ਅੰਤ ਤਲ਼ਾਕ ਲੈ ਆਪਣੀ ਮਨਮਰਜ਼ੀ ਦੀ ਪੰਜਾਬੀ ਕੁੜੀ ਸਿੰਮੀ ਸੰਧੂ ਨਾਲ ਵਿਆਹ ਕਰਵਾਉਣ',ਆਦਿ ਦੇ ਚਿਹਨਕੀ-ਜੁੱਟ ਵਿਆਹ ਤੋਂ ਬਾਅਦ ਬੀਰੇ ਦੀ ਨਰਕਮਈ ਜ਼ਿੰਦਗੀ ਦਾ ਪ੍ਰਗਟਾਵਾ ਕਰ ਦੇ ਪੀੜ੍ਹੀ-ਪਾੜੇ ਕਾਰਨ ਹੋ ਰਹੀਆਂ ਦੁਸ਼ਵਾਰੀਆਂ ਨੂੰ ਪੇਸ਼ ਕਰਦੇ ਹਨ। ਬਿਰਤਾਂਤਕੀ-ਪਾਠ ਵਿਚ ਨਾਵਲੀ ਵਰਤਾਰੇ ਦਾ ਸਿਰਲੇਖ 'ਨਵਯਗ' ਵੀ ਪਾਠਕ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਸਿਰਲੇਖ ਕਿਸੇ ਵੀ ਸਾਹਿਤਕ ਵਿਧਾ ਦਾ ਝਰੋਖਾ ਹੁੰਦਾ ਹੈ। ਜਿਸਦੇ ਰਾਹੀਂ ਸਮੁੱਚੇ ਵਰਤਾਰੇ ਦੀ ਇਕ ਝਲਕ ਸਪਸ਼ਟ ਰੂਪ ਵਿਚ ਨਜ਼ਰ ਆ ਜਾਂਦੀ ਹੈ। ਇਸੇ ਤਰ੍ਹਾਂ ਹੀ ਪਾਠ ਦੇ ਆਰੰਭ ਵਿਚ 'ਨਵਯੁਗ' ਦਾ ਬਿਰਤਾਂਤ ਕੀ ਸੰਦਰਭ ਪ੍ਰਤੀ ਕਾਤਮਕ ਰੂਪ ਵਿਚ ਨਾਵਲੀ ਪਾਤਰਾਂ ਦੇ ਜੀਵਨ ਵੇਰਵਿਆਂ ਨੂੰ ਉਘਾੜਦਾ ਦੇਸ-ਪਰ ਦੇਸ ਦੇ ਵਿਕੋਲਿਤਰੇ ਸਰੋਕਾਰਾਂ, ਸਥਿਤੀਆਂ ਤੇ ਘਟਨਾਵਾਂ ਦੀ ਪੇਸ਼ਕਾਰੀ ਕਰਦਾ ਹੈ। 'ਨਵਯੁਗ' ਦਾ ਚਿਹਨ ਕੀ ਪਰਿਪੇਖ ਇਕਮੋਟਿਫ਼ ਵਾਂਗ ਸਮੁੱਚੇ ਸਿਰਜਤ ਪ੍ਰਵਚਨ ਵਿਚ ਫ਼ੈਲਿਆ ਹੋਇਆ ਪ੍ਰਤੀਤ ਹੁੰਦਾਹੈ। ਜਿਸ ਵਿਚ ਨਾਵਲੀ ਵਰਤਾਰੇ ਦੇ ਸਾਰੇ ਹੀ ਪਾਤਰ ਪੀੜ੍ਹੀ ਅੰਤਰ ਦਾ ਸੰਤਾਪ ਹੰਢਾਉਂਦੇ ਆਪੋ-ਆਪਣੀ ਮ੍ਰਿਗ ਤ੍ਰਿਸ਼ਨਾ ਅਧੀਨ ਭਟਕਣ ਵਿਚ ਫ਼ਸੇ ਛਟਪਟਾਉਂਦੇ

ਨਜ਼ਰ ਆਉਂਦੇ ਹਨ। ਜਿਸ ਵਿਚੋਂ ਚਾਹੁੰਦਿਆਂ ਹੋਇਆਂ ਵੀ ਬਾਹਰ ਨਿਕਲਣਾ ਮੁਸ਼ਕਿਲ ਜਾਪਦਾ ਹੈ। ਹਰਮਹਿੰਦਰ ਚਹਿਲ ਦਾ ਇਹ ਨਾਵਲ ਪੀੜ੍ਹੀ ਅੰਤਰ ਦੇ ਨਾਲ ਪੰਜਾਬੀ ਪਰਿਵਾਰਾਂ ਦੇ ਬਣਦੇ, ਵਿਗੜਦੇ ਅਤੇ ਤਿੜਕ ਦੇ ਰਿਸ਼ਤਿਆਂ ਦਾ ਬਿਰਤਾਂਤ ਵੀ ਉਸਾਰਦਾ ਹੈ। ਪੰਜਾਬੀ ਪਰਵਾਸੀਆਂ ਦੇ ਸਭਿਆਚਾਰਕਤਣਾਉ,ਵਿਸੰਗਤੀਆਂ,ਪੀੜ੍ਹੀ-ਪਾੜੇ,ਭੂ-ਹੇਰਵੇ, ਔਰਤ ਦੀ ਅਜ਼ਾਦੀ ਦਾ ਮਸਲਾ, ਸਮਲਿੰਗੀ ਮਸਲੇ ਤੇ ਮਨੁੱਖੀ ਸੰਬੰਧਾਂ ਦੇ ਅਮਾਨਵੀਕਰਣ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਚਿਤਰਿਆ ਹੈ। ਇਹਨਾਂ ਮਸਲਿਆਂ ਨੂੰ ਚਿਤਰਨ ਲਈ ਬਿਰਤਾਂਤਕਾਰ ਨੇ ਕਿਰਪਾਲ ਸਿੰਘ ਤੇ ਉਸ ਦੇ ਦੂਸਰੇ ਭਰਾਵਾਂ ਤੇ ਰਿਸ਼ਤੇਦਾਰਾਂ ਨੂੰ ਕੇਂਦਰ ਵਿਚ ਰਖਿਆ ਹੈ। ਇਹ ਨਾਵਲੀ ਵਰਤਾਰਾ ਮੁੱਖ ਰੂਪ ਵਿਚ ਪਰਵਾਸੀ ਪੰਜਾਬੀ ਪਰਿਵਾਰਾਂ ਦੇ ਬਣਦੇ, ਵਿਗੜਦੇ ਅਤੇ ਤਿੜਕਦੇ ਰਿਸ਼ਤਿਆਂ ਦਾ ਬਿਰਤਾਂਤ ਹੀ ਨਹੀਂ ਉਸਾਰਦਾ ਸਗੋਂ ਪੂਰਨ ਰੂਪ ਵਿਚ ਉਹਨਾਂ ਦੀ ਪੈਰਵੀ ਵੀ ਕਰਦਾਹੈ। ਇਹਨਾਂ ਮਸਲਿਆਂ ਨੂੰ ਚਿਤਰਨ ਲਈ ਬਿਰਤਾਂਤਕਾਰ ਨੇ ਸਮਾਜਿਕ ਤੇ ਸਭਿਆਚਾਰਕ ਪ੍ਰਸਿਥਿਤੀਆਂ ਨੂੰ ਕੇਂਦਰ ਵਿਚ ਰੱਖ ਕੇ ਪਾਤਰਾਂ ਦੇ ਸੁਭਾਅ, ਗੁਣ ਤੇ ਔਗੁਣ ਵੀ ਸਪਸ਼ਟ ਰੂਪ ਵਿਚ ਉਘਾੜੇ ਹਨ।

ਬਿਰਤਾਂਤਕਾਰ ਇਥੇ ਇਹ ਗੱਲ ਵੀ ਉਭਾਰਦਾ ਹੈ ਕਿ ਪੁਰਾਣੀ ਪੀੜ੍ਹੀ ਦੇ ਲੋਕ ਭਾਵੇਂ ਲੰਮੇ ਸਮੇਂ ਤੋਂ ਪੱਕੇ ਤੌਰ ਤੇ ਅਮਰੀਕਾ ਦੇ ਵਸਨੀਕ ਬਣ ਜਾਂਦੇ ਹਨ ਪਰ ਚੇਤ-ਅਚੇਤੀ ਪਰਵਾਸੀ ਜੀਵਨ ਅਨੁਭਵ ਦੇ ਕੌੜੇ ਸੱਚ ਦਾ ਸਾਹਮਣਾ ਕਰਦੇ ਚਿੰਤਾਤੁਰ ਰਹਿੰਦੇਹਨ। ਜਵਾਨਹੁੰਦੇ ਧੀਆਂ ਪੁੱਤਰਾਂ ਨਾਲ ਵਿਚਾਰਧਾਰਕ ਟਕਰਾਅ ਪੀੜ੍ਹੀ-ਪਾੜੇ ਤੇ ਸਭਿਆਚਾਰਕ ਸੰਕਟ ਵਰਗੇ ਸਰੋਕਾਰਾਂ ਨੂੰ ਉਭਾਰ ਦਾ ਇਸ ਸੰਤਾਪ ਨੂੰ ਹੋਰ ਗਹਿਰਾ ਕਰਦਾਹੈ। ਪਹਿਲੀ ਪੀੜ੍ਹੀ ਦੀ ਵਿਡੰਬਨਾ ਇਹ ਹੈ ਕਿ ਉਹ ਪਰੰਪਰਾ ਨਾਲੋਂ ਟੁੱਟ ਕੇ ਪੱਛਮੀਂ ਸੱਭਿਅਤਾ ਨਾਲ ਪੂਰੀ ਤਰ੍ਹਾਂ ਨਾਲ ਜੁੜ ਨਹੀਂ ਸਕਦੀ ਤੇ ਨਵੀ ਪੀੜ੍ਹੀ ਕਿਸੇ ਤਰ੍ਹਾਂ ਵੀ ਦਕਿਆਨੂਸੀ ਸੋਚ ਨੂੰ ਅਪਣਾਉਣ ਲਈ ਤਿਆਰ ਨਹੀਂ। ਇਸੇ ਲਈ ਨਾਵਲੀ ਪਾਤਰ ਆਪੋ-ਆਪਣੀ ਮਨੋਸਥਿਤੀ ਵਿਚ ਉਲਝੇ ਇਕ ਦੂਸਰੇ ਨਾਲ ਮੋਹ-ਪਿਆਰ, ਘਿਰਣਾ, ਕਾਮਨਾ, ਲਾਲਸਾ, ਬੇਰੁਖੀ ਤੇ ਅਲਗਾਵਦੀਆਂ ਸਮੱਸਿਆਵਾਂ ਦੇ ਮੱਕੜੀ ਜਾਲ਼ ਵਿਚੋਂ ਨਿਕਲਣ ਲਈ ਤਰਲੋ ਮੱਛੀ ਤਾਂ ਹੁੰਦੇ ਹਨ ਪਰ ਪੂਰੀ ਤਰ੍ਹਾਂ ਮੁਕਤ ਹੋਣ ਤੋਂ ਅਸਮਰੱਥ ਰਹਿੰਦੇ ਹਨ। ਇਸ ਤਰ੍ਹਾਂ ਸਭਿਆਚਾਰਕ ਕਦਰਾਂ ਕੀਮਤਾਂ ਅਧੀਨ ਪਹਿਲੀ ਅਤੇ ਦੂਜੀ ਪੀੜ੍ਹੀ ਕਿਸੇ ਨਾ ਕਿਸੇ ਰੂਪ ਵਿਚ ਸੰਤਾਪ ਭੋਗਦੀਆਂ ਹਨ। ਬਾਹਰੀ ਰੂਪ ਵਿਚ ਦੋਹਾਂ ਦਾ ਆਪੋ-ਆਪਣਾ ਸੱਚ ਹੈ। ਪਰ ਇਸ ਤਣਾਓ ਲਈ ਵਧੇਰੇ ਜ਼ਿੰਮੇਵਾਰ ਪਹਿਲੀ ਪੀੜ੍ਹੀ ਨੂੰ ਕਿਹਾ ਜਾ ਸਕਦਾ ਹੈ ਜੋ ਇਸ ਸੱਚ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਕਿ ਪੱਛਮੀਂ ਸਭਿਆਚਾਰ ਵਿਚ ਜੰਮੀ ਪਲੀ ਨਵੀਂ ਪੀੜ੍ਹੀ ਦਾ ਉਥੋਂ ਦੇ ਸਭਿਆਚਾਰ ਤੋਂ ਅਣਭਿੱਜ ਰਹਿਣਾ ਨਾਮੁਮਕਿਨ ਹੈ। ਪਰ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਇਸ ਸਮੱਸਿਆ ਨੂੰ ਬਿਰਤਾਂਤ ਕੀ-ਪਾਠ ਵਿਚ ਸਹਿਜ ਰੂਪ ਵਿਚ ਵਾਪਰਦਿਆਂ ਦਿਖਾਇਆ ਹੈ। ਬਿਰਤਾਂਤ ਕੀ-ਪਾਠ ਵਿਚ ਮਾਨਵੀ ਸਭਿਆਚਾਰਕ ਸਰੋਕਾਰਾਂ ਤੇ ਮਾਨਵੀ ਰਿਸ਼ਤਿਆਂ ਨੂੰ ਧਾਰਮਿਕ ਪੱਖ ਤੋਂ ਵੇਖਣ ਦਾ ਵੀ ਉਪਰਾਲਾ ਕੀਤਾ ਗਿਆ ਹੈ। ਜਿਸ ਵਿਚ ਆਵਾਸ ਤੇ ਪਰਵਾਸ ਦਾ ਬਹੁ-ਸਭਿਆਚਾਰਕ ਤਾਣਾ-ਬਾਣਾ ਵੀ ਤਣਾਉ ਦਾ ਕੇਂਦਰ ਬਣਦਾ ਹੈ। ਇਹ ਤਣਾਉ ਪਰਵਾਸੀ ਪੰਜਾਬੀ ਚੇਤਨਾ ਦਾ ਅਹਿਮ ਬਿੰਦੂ ਵੀ ਬਣਦਾ ਹੈ। ਪੱਛਮੀਂ ਰਹਿਤਲ ਵਿਚ ਜੰਮੇ ਪਲੇ ਤੇ ਵੱਡੇ ਹੋਏ ਬੱਚੇ ਉਸੇ ਸਭਿਆਚਾਰ ਵਿਚ ਜ਼ਿੰਦਗੀ ਜਿਉਣ ਦੇ ਇੱਛੁਕ ਹਨ, ਜਿਥੋਂ ਦੇ ਉਹ ਜੰਮਪਲ ਹਨ। ਇਸ ਦੇ ਉਲਟ ਪਰਵਾਸੀ ਪੰਜਾਬੀ ਮਾਪੇ ਆਪਣੀ ਹਉਮੈਂ ਅਧੀਨ



ਸਮਝੌਤੇ ਕਰਨ ਤੋਂ ਕੰਨੀ ਕਤਰਾਉਂਦੇ ਨਜ਼ਰ ਆਉਂਦੇ ਹਨ। ਇਸੇ ਸਥਿਤੀ ਵਿਚੋਂ ਤਣਾਓ ਪੈਦਾ ਹੁੰਦਾ ਹੈ। ਡਾ.ਲਾਭ ਸਿੰਘ ਖੀਵਾ ਅਨੁਸਾਰ:

"ਕੋਈ ਵੀ ਕੌਮ ਆਪਣੇ ਦੇਸ਼ ਦੀਆਂ ਆਰਥਿਕ ਪ੍ਰਸਥਿਤੀਆਂ ਵਿਚੋਂ ਉਪਜੇ ਸਭਿਆਚਾਰਕ ਤਣਾਉ ਤੋਂ ਕਦੇ ਵੀ ਮੁਕਤ ਨਹੀਂ ਹੋਈ। ਮਨੁੱਖ ਜੇਕਰ ਸਮਾਜਕ ਜੀਵ ਹੈ ਤਾਂ ਉਸਨੇ ਆਪਣੇ ਜੀਵਨ ਦੇ ਬਾਕੀ ਸਰੋਕਾਰਾਂ ਵਾਂਗ ਸਭਿਆਚਾਰਕ ਤਣਾਉ ਵੀ ਭੋਗਣਾ ਹੀ ਹੈ। ਫ਼ਰਕ ਸਿਰਫ਼ ਇੰਨਾ ਕੁ ਹੁੰਦਾ ਹੈ ਕਿ ਆਪਣੇ ਦੇਸ਼ ਵਿਚਲੇ ਸਭਿਆਚਾਰਕ ਤਣਾਉ ਦਾ ਸਰੂਪ ਤੇ ਸੁਭਾ ਵਿਦੇਸ਼ੀ ਸਭਿਆਚਾਰਕ ਤਣਾਉ ਨਾਲੋਂ ਭਿੰਨ ਹੁੰਦਾ ਹੈ। ਇਹ ਸੁਭਾਵਕ ਹੀ ਹੈ ਕਿਉਂਕਿ ਪਰਵਾਸ ਦੇ ਭੂਗੋਲਿਕ, ਆਰਥਿਕ, ਸਮਾਜਕ, ਰਾਜਨੀਤਕ ਆਦਿ ਤਕਾਜ਼ਿਆਂ ਦੀ ਨੁਹਾਰ ਤੇ ਸਾਰ ਵਿਚੋਂ ਹੀ ਸਭਿਆਚਾਰ ਕ ਸੰਕਟ ਤੇ ਤਣਾਉ ਪੈਦਾ ਹੁੰਦੇ ਹਨ। ਜਦੋਂ ਕੋਈ ਮਨੁੱਖ ਆਪਣੇ ਸਭਿਆਚਾਰਕ ਸੰਦਰਭ ਤੋਂ ਅਲੱਗ ਹੋ ਕੇ ਕਿਸੇ ਪਰਾਏ ਸਭਿਆਚਾਰਕ ਸੰਦਰਭ ਵਿਚ ਦਾਖ਼ਲ ਹੁੰਦਾ ਹੈ, ਤਾਂ ਸਹਿਜੇ ਹੀ ਉਸਦੀ ਚੇਤਨਾ, ਸੰਵੇਦਨਾ ਤੇ ਗ੍ਰਹਿਣ ਸ਼ਕਤੀ ਪ੍ਰਭਾਵਿਤ ਹੁੰਦੀ ਹੈ। ਨਵੇਂ ਸਭਿਆਚਾਰਕ ਸੰਦਰਭ ਨਵੇਂ ਅਨੁਭਵ ਸੰਦਰਭ ਦੇ ਦਰੀਚੇ ਖੋਲਦੇ ਹਨ। ਸੋਚ ਨੂੰ ਨਵੇਂ ਪਾਸਾਰ ਮਿਲਦੇ ਹਨ। ਸਿੱਟੇ ੇਵਜੋਂ ਪਰਵਾਸੀ ਮਾਨਵ ਦੇ ਸਭਿਆਚਾਰਕ ਸੌਰ ਮੰਡਲ ਵਿਚ ਜਦੋਂ ਤਬਦੀਲੀ ਦਾ ਅਮਲਜਾਰੀ ਹੁੰਦਾ ਹੈ, ਉਸ ਸਮੇਂ ਕਈ ਤਨਾਉ/ਦਵੰਦ ਪੈਦਾ ਹੁੰਦੇ ਹਨ। (ਖੋਜ-ਪਤ੍ਰਿਕਾਅੰਕ-40,ਪੰਨਾ,75)

ਡਾ. ਵਨੀਤਾ ਇਸ ਸਮਾਜਕ ਤੇ ਸਭਿਆਚਾਰਕ ਤਣਾਓ ਬਾਰੇ ਆਪਣੇ ਵਿਚਾਰ ਪੇਸ਼ ਕਰਦੀ ਲਿਖਦੀ ਹੈ:

"ਸਭ ਤੋਂ ਵੱਡਾ ਤਨਾਓ ਉਥੋਂ ਦਾ ਸਮਾਜਕ ਅਤੇ ਸਭਿਆਚਾਰਕ ਤਨਾਓ ਹੈ। ਉਹ ਹੈ ਆਪਣੇ ਧੀਆਂ-ਪੁੱਤਰਾਂ ਨਾਲ ਤਨਾਓ ਜੋ ਉਥੋਂ ਦੀਆਂ ਪੱਛਮੀ ਕੀਮਤਾਂ ਤੇ ਸਭਿਆਚਾਰ ਵਿਚ ਖੁਲ੍ਹ-ਡੁਲ੍ਹ ਮਹਿਸੂਸ ਕਰਦੇ ਹਨ। ਉਹ ਪਰੰਪਰਕ ਤੇ ਫ਼ਿਊਡਲ ਸਮਾਜ ਦੇ ਮਾਹੌਲ ਵਿਚ ਪਲੇ ਮਾਪਿਆਂ ਦੇ ਗੁਲਾਮ ਬਨਣ ਲਈ ਤਿਆਰ ਨਹੀਂ ਤੇ ਇਸ ਤਨਾਓ ਵਿਚੋਂ ਧੀਆਂ ਅਤੇ ਔਰਤਾਂ ਦੇ ਕਤਲ ਹੁੰਦੇ ਹਨ, ਇਉਂ ਸਭ ਤੋਂ ਵੱਡਾ ਤਨਾਓ ਪੈਦਾ ਹੁੰਦਾ ਹੈ। (ਵਨੀਤਾ, ਹਰਜੀਤ ਅਟਵਾਲ ਦਾ ਨਾਵਲ ਸੰਸਾਰ, ਪੰਨਾ, 23) ਪੂਰਬੀ ਅਤੇ ਪੱਛਮੀਂ ਸਭਿਆਚਾਰਾਂ ਦੀ ਆਪਸੀ ਟੱਕਰ ਦੀ ਪ੍ਰਵਿਰਤੀ ਬਾਰੇ ਡਾ.ਅਮਰਜੀਤ ਖੋਖਰ ਲਿਖਦਾ ਹੈ:

ਜਦੋਂ ਕੋਈ ਵਿਅਕਤੀ ਆਪਣੇ ਮੂਲ ਦੇਸ਼ ਤੋਂ ਬਾਹਰ ਜਾ ਕੇ ਭਿੰਨ ਸਭਿਆਚਾਰ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਉਸਨੂੰ ਇਕ ਤਰ੍ਹਾਂ ਦੇ ਸਭਿਆਚਾਰਕ ਆਘਾਤ ਵਿਚੋਂ ਗੁਜ਼ਰਨਾ ਪੈਂਦਾ ਹੈ। ਪਰਵਾਸੀ ਲਈ ਅਸਤਿਤੱਵ ਕਾਇਮ ਰੱਖਣ ਦੇ ਸੰਘਰਸ਼ ਤੋਂ ਬਾਅਦ ਸਭ ਤੋਂ ਵੱਡੀ ਸਮੱਸਿਆ ਸਭਿਆਚਾਰਕ ਸੰਤੁਲਨ ਸਥਾਪਿਤ ਕਰਨ ਦੀ ਅਤੇ ਆਪਣੀ ਸ਼ਨਾਖਤ ਨੂੰ ਵਿਖੰਡਿਤ ਹੋਣ ਤੋਂ ਬਚਾਉਣ ਦੀ ਹੁੰਦੀ ਹੈ"। (ਖੋਜ-ਪਤ੍ਰਿਕਾ ਅੰਕ-40,46) **ਪਾਠ** ਵਿਚ ਬਹੁ-ਸਭਿਆਚਾਰਕ ਸਮਾਜਕ ਬਣਤਰ,ਉਤਰ ਪੂੰਜੀਵਾਦੀ ਅਰਥ ਵਿਵਸਥਾ ਤੇ ਵਿਸ਼ਵੀਕਰਣ ਦੇ ਪ੍ਰਭਾਵ ਅਧੀਨ ਬਦਲਰ

ਹੇ ਮਾਨਵੀ ਸਰੋਕਾਰਾਂ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਜਿਸ ਵਿਚ ਬਿਰਤਾਂਤਕਾਰ ਨੇ ਜਗਤਾਰ ਦੇ ਪੁੱਤਰ ਦੀ ਪੇ ਰਾਹੀਂ ਪੱਛਮੀਂ ਸਮਾਜ ਵਿਚ ਫ਼ੈਲੇ ਗੇਅ ਸੰਬੰਧਾਂ ਨੂੰ ਵੀ ਬਿਰਤਾਂਤ ਵਿਚ ਫ਼ੈਲਾਇਆ ਹੈ। ਦੀਪੇ ਨੂੰ ਕਿਸੇ ਔਰਤ ਨਾਲ ਰਹਿਣਾ ਚੰਗਾ ਨਹੀ ਲੱਗਦਾ। ਪਾਠ ਦੇ ਵਿਚ ਇਸ ਗੱਲ ਦਾ ਸਪਸ਼ਟੀਕਰਨ ਕੁਲਦੀਪ ਦੀ ਦੀਪੇ ਦੇ ਮਾਪਿਆਂ ਨਾਲ ਹੋਈ ਗੱਲ-ਬਾਤ ਵਿਚੋਂ

ਹੁੰਦਾ ਹੈ। ਜਿਸ ਉਤੇ ਮੋਹਰ ਦੀਪਾ ਆਪ ਵੀ ਲਗਾਉਂਦਾ ਹੈ। ਪਾਠ ਵਿਚ ਇਸਦੀ ਨਿਸ਼ਾਨ ਦੇਹੀ ਕੁਲਦੀਪ ਦੇ ਰਾਹੀਂ

ਕੁਝ ਇਸ ਤਰ੍ਹਾਂ ਕੀਤੀ ਜਾਂਦੀ ਹੈ:

"ਚਾਚਾ ਜੀ,ਇਸ 'ਚ ਸਜ਼ਾ ਵਾਲੀ ਕਿਹੜੀ ਗੱਲ ਐ। ਨਾਲੇ ਜੋ ਗੇਅ ਨੇ ਜਾਂ

ਲੈਜ਼ਬੀਅਨ ਕੁੜੀਆਂ ਨੇ, ਉਹ ਕਿਹੜਾ ਆਪੇ ਬਣੀਆਂ ਨੇ। ਕੁਦਰਤ ਨੇਂ ਜਿਵੇਂ ਉਹਨਾਂ ਨੂੰ ਬਣਾ ਦਿੱਤਾ ਬਣ ਗਏ।(ਨਵਯੁਗ,ਪੰਨਾ,116)

ਬਿਰਤਾਂਤਕਾਰ ਨੇ ਦੀਪੇ ਦੇ ਪਾਤਰ ਰਾਹੀਂ 'ਗੇਅ' ਦੀ ਸਮੱਸਿਆ ਨੂੰ ਵੀ ਬੜੇ ਸਹਿਜ ਰੂਪ ਵਿਚ ਪੇਸ਼ ਕੀਤਾ ਹੈ। ਦੀਪੇ ਦੇ ਮਾਪਿਆ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਦਾ ਹੈ ਤਾਂ ਉਹ ਵੀ ਉਸ ਦਾ ਕੋਈ ਬਹੁਤਾ ਵਿਰੋਧ ਨਹੀਂ ਕਰਦੇ ਸਗੋਂ ਸਭ ਕੁਝ ਨੂੰ ਸਵੀਕ੍ਰਿਤ ਕਰ ਆਪਣੇ ਦੂਸਰੇ ਬੇਟੇ ਸੁਰਜੀਤ ਦੀ ਗੋਰੀ ਗਰਲ ਫ਼ਰੈਂਡ ਦੇ ਬੱਚੇ ਨੂੰ ਵੀ ਪ੍ਰਵਾਨ ਕਰਨ ਲਈ ਤਿਆਰ ਹੋ ਜਾਂਦੇ ਹਨ।

"ਕੁਲਦੀਪ, ਜੇ ਕਰ ਤੂੰ ਸਾਨੂੰ ਸਾਡਾ ਪੋਤਰਾ ਦਿਲਾ ਦੇਵੇਂ ਤਾਂ ਅਸੀਂ ਇਨ੍ਹਾਂ ਨੂੰ ਮੁੜਕੇ ਵਿਆਹ ਨੂੰ ਨ੍ਹੀਂ ਕਹਿੰਦੇ। ਜੋ ਮਰਜ਼ੀ ਕਰਨ ਜਿੱਥੇ ਮਰਜ਼ੀ ਤੁਰੇ ਫਿਰਨ"।(ਨਵਯੁਗ,ਪੰਨਾ,117)

ਪਾਠ ਵਿਚ ਵਿਚਰਦਿਆਂ ਇਕ ਪੱਖ ਨਸ਼ਿਆਂ ਤੇ ਗੈਂਗਵਾਰਾਂ ਦਾਵੀ ਉੱਭਰ ਕੇ ਸਾਹਮਣੇ ਆਉਂਦਾ ਹੈ। ਬਿਰਤਾਂਤਕੀ-ਪਾਠ ਵਿਚ ਇਸਦਾ ਸ਼ਿਕਾਰ ਬੀਰਾ ਤੇ ਦਰਸ਼ਣ ਦੋਨੋਂ ਹੀ ਹੁੰਦੇ ਹਨ। ਵਾਸਤਵ ਵਿਚ ਜਦੋਂ ਮਾਪੇ ਆਪਣੇ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਤੋਂ ਅਵੇਸਲੇ ਹੋ ਜਾਂਦੇ ਹਨ ਤਾਂ ਅਜਿਹਾ ਵਾਪਰਨਾ ਲਾਜ਼ਮੀ ਹੈ। ਡਾ.ਕਿਰਪਾਲ ਅਮਰੀਕਾ ਆ ਡਾਕਟਰੀ ਪੇਸ਼ੇ ਵਿਚ ਡਾਲਰ ਕਮਾਉਣ ਦੀ ਧੁਨ ਵਿਚ ਇੰਨਾ ਗ਼ਲਤਾਨ ਹੋ ਜਾਂਦਾ ਹੈ ਕਿ ਉਹ ਭੁੱਲ ਹੀ ਜਾਂਦਾ ਹੈ ਕਿ ਬੱਚਿਆਂ ਪ੍ਰਤੀ ਵੀ ਉਸਦੇ ਕੋਈ ਫ਼ਰਜ਼ ਬਣਦੇ ਹਨ। ਦਿਨ ਰਾਤ ਪੈਸਾ ਕਮਾਉਣ ਵਿਚ ਲੱਗੇ ਕਿਰਪਾਲ ਨੂੰ ਪੈਸੇ ਦਾ ਇੰਨਾ ਗ਼ਰੂਰ ਹੋ ਜਾਂਦਾ ਹੈ ਕਿ ਉਹ ਆਪ ਤਾਂ ਇਕ ਪਾਸੇ, ਸਗੋਂ ਆਪਣੇ ਬੱਚਿਆਂ ਨੂੰ ਵੀ ਆਪਣੇ ਪਰਿਵਾਰ ਕ ਮੈਂਬਰਾਂ ਨਾਲ ਮਿਲਣ ਵਰਤਣ ਨਹੀਂ ਦਿੰਦਾ। ਉਹ ਇਸ ਗੱਲ ਨੂੰ ਵੀ ਚੰਗਾ ਨਹੀ ਸਮਝਦਾ ਕਿ ਕੋਈ ਉਸਦੇ ਘਰ ਉਸਨੂੰ ਤੇ ਬੱਚਿਆਂ ਨੂੰ ਮਿਲਣ ਲਈ ਆਵੇ। ਉਹ ਹਾਈਜੈਂਟਰੀ ਲੋਕਾਂ ਵਿਚ ਉੱਠਣਾ ਬੈਠਣਾ ਵਧੇਰੇ ਚੰਗਾ ਸਮਝਦਾ ਹੈ। ਇਥੋਂ ਤੱਕ ਕਿ ਬੱਚਿਆਂ ਦੇ ਸਕੂਲ ਵਿਚ ਕੋਈ ਮੀਟਿੰਗ ਤੱਕ ਅਟੈਂਡ ਕਰਨ ਲਈ ਨਹੀਂ ਜਾਂਦਾ। ਪੈਸਾ ਕਮਾਉਣ ਦੀ ਦੌੜ ਵਿਚ ਬੱਚਿਆਂ ਦੀ ਵੀ ਸਾਰੀ ਜ਼ਿੰਮੇਵਾਰੀ ਆਪਣੀ ਪਤਨੀ ਤੇ ਸੁੱਟ ਆਪ ਸੁਰਖ਼ਰੂ ਹੋ ਜਾਂਦਾ ਹੈ:

"ਨਾਮੋ, ਜੁਆਕਾਂ ਨੂੰ ਤੂੰ ਸੰਭਾਲਦੀ ਐ। ਇਹ ਤੇਰਾ ਮਸਲਾ ਐ।

ਤੂੰ ਕਲੀਨਿਕ ਖੋਲ੍ਹ ਕੇ ਸਕੂਲ ਜਾ ਆਈਂ"।

"ਕਿਰਪਾਲ ਤੁਸੀਂ ਕੁਛ ਸਮਝਦੇ ਕਿਉਂ ਨ੍ਹੀਂ। ਜਿਸ ਉਮਰ 'ਚ ਬੀਰਾ ਐ ਇਸ ਉਮਰ ਵਿਚ ਜੁਆਕਾਂ 'ਚ ਤਬਦੀਲੀ ਆਉਂਦੀ ਐ। ਉਹ ਮਾਪਿਆਂ ਦੀ ਨੇੜਤਾ ਭਾਲਦੇ ਨੇ। ਜਦੋਂ ਮਾਪੇ ਉਨ੍ਹਾਂ ਨੂੰ ਅੱਖੋਂ ਪਰੋਖਾ ਕਰਨ ਤਾਂ ਉਹ ਪਰੇਸ਼ਾਨ

ਹੋ ਕੇ ਆਹ ਕੁਝ ਕਰਦੇ ਨੇ ਜੋ ਬੀਰੇ ਨੇ ਕੀਤਾ ਐ"।

"ਓਏ ਤੂੰ ਮੈਨੂੰ ਜਾਣ ਦੇਹ। ਇਹ ਇੱਡੀ ਕੋਈ ਖਾਸ ਵੱਡੀ ਗੱਲ ਨ੍ਹੀ।

ਜੁਆਕ ਲੜ ਈ ਪੈਂਦੇ ਨੇ"।(ਨਵਯੁਗ,ਪੰਨਾ,18)

ਇਸੇ ਲਈ ਦੋਵੇਂ ਪਿਉ-ਪੁੱਤਰ ਵਿਚ ਵਿਚਾਰਧਾਰਕ ਅੰਤਰਾਲ ਵੀ ਰਹਿੰਦਾ ਹੈ। ਬਾਅਦ ਵਿਚ ਇਹ ਅੰਤਰਾਲ ਇੰਨਾ ਵੱਧ ਜਾਂਦਾ ਹੈ ਕਿ ਦੀਪਾ ਤੋਂ ਕਿਰਪਾਲ ਆਪਸ ਵਿਚ ਹੀ ਝਗੜਨ



ਲੱਗਦੇ ਹਨ:

"ਡੈਡ ਸੁਣ ਮੇਰੀ ਗੱਲ। ਮੈਂ ਥੋਨੂੰ ਨ੍ਹੀ ਸੀ ਕਿਹਾ ਕਿ ਮੈਨੂੰ ਜੰਮੋ। ਜਦੋਂ ਮੇਰਾ ਜਨਮ ਹੋ ਹੀ ਗਿਆ ਸੀ ਤਾਂ ਤੂੰ ਨਾ ਪਾਲਦਾ ਹੋਰ ਫਿਰ ਮੈਨੂੰ ਗੁਆਂਢੀ ਪਾਲ਼ਦੇ ? ਬਾਕੀ ਰਹੀ ਮੁਸ਼ਕਲਾਂ ਦੀ ਗੱਲ, ਉਹ ਵੀ ਤੂੰ ਆਪ, ਮੇਰਾ ਮਤਲਬ ਮੇਰੇ ਬਿਨਾਂ ਕਿਹਾ ਸਭ ਕੀਤਾ। ਉਂਝ ਉਸ ਸਭ ਦਾ ਮੈਂ ਅਹਿਸਾਨ ਮੰਦ ਆਂ। ਪਰ ਹਰ ਕੋਈ ਆਪਣੀ ਉਲਾਦ ਲਈ ਕਰਦਾ ਐ। ਤੂੰ ਕੋਈ ਨਵੀਂ ਗੱਲ ਤਾਂ ਨੀ ਕੀਤੀ"।(ਨਵਯੁਗ,ਪੰਨਾ,64)

ਇਸਦਾ ਨਤੀਜਾ ਇਹ ਨਿਕਲਦਾ ਹੈ ਕਿ ਬੀਰੇ ਦੀਆਂ ਸਕੂਲ ਤੋਂ ਸ਼ਿਕਾਇਤਾਂ ਵੱਧਣ ਲੱਗਦੀਆਂ ਹਨ। ਇਥੋਂ ਤੱਕ ਕਿ ਉਹ ਸਕੂਲ ਵਿਚ ਮਾਰ-ਕੁੱਟ ਵੀ ਕਰਨ ਲੱਗਦਾ ਹੈ। 'ਬੀਰੇ ਦਾ ਸਕੂਲ ਵਿਚੋਂ ਕੱਢਿਆ ਜਾਣਾ','ਬੀਰੇ ਦਾ ਵੱਟਸਐਪ ਦੇ ਕਜ਼ਨਗਰੁੱਪ ਵਿਚ ਸ਼ਾਮਲ ਹੋਣਾ', 'ਨਸ਼ਿਆਂ ਦਾ ਸ਼ਿਕਾਰ ਹੋ ਡਰੱਗ ਮਾਫ਼ੀਏ ਵਿਚ ਫ਼ਸ ਜਾਣਾ', 'ਪੁਲਸ ਦੁਆਰਾ ਪਕੜੇ ਜਾਣ 'ਤੇ ਜੇਲ੍ਹ ਹੋ ਜਾਣਾ', 'ਆਪਣੇ ਪਿਤਾ ਕਿਰਪਾਲ ਦੇ ਕਹਿਣ 'ਤੇ ਮੈਡੀਕਲ ਦੀ ਪੜ੍ਹਾਈ ਨਾਕਰ ਕੇ ਕੰਪਿਊਟਰ ਕਰਨਾ',ਆਦਿ ਦੇ ਚਿਹਨ ਕੀ-ਜੁੱਟ ਬੀਰੇ ਦੇ ਭਟਕਣ ਦਾ ਸ਼ਿਕਾਰ ਹੋ ਗ਼ਲਤ ਅਲਾਮਤਾਂ ਵਿਚ ਫ਼ਸ ਜਾਣ ਦੀ ਹੀ ਨਿਸ਼ਾਨ ਦੇਹੀ ਕਰਦੇ ਹਨ। ਜਿਸ ਤੋਂਛੁਟਕਾਰਾ ਪਾਉਣ ਵਿਚ ਉਸਦੀ ਭੈਣ ਮਨੀ ਜੋ ਡਾਕਟਰੀ ਦੀ ਪੜ੍ਹਾਈ ਕਰ ਆਪਣੇ ਪਿਤਾ ਕਿਰਪਾਲ ਦਾ ਹਸਪਤਾਲ ਸੰਭਾਲਦੀ ਹੈ, ਆਪਣੇ ਕਜ਼ਨ ਕੁਲਦੀਪ ਦੀ ਮੱਦਦ ਨਾਲ ਬੀਰੇ ਨੂੰ ਜੇਲ੍ਹ ਵਿਚੋਂ ਵੀ ਛੁਡਵਾਉਂਦੀ ਹੈ ਤੇ ਨਸ਼ਿਆਂ ਦੀ ਦਲਦਲ ਵਿਚੋਂ ਵੀ ਬਾਹਰ ਕੱਢਦੀ ਹੈ:

"ਪਾਪਾ, ਮੈਂ ਉਸਨੂੰ ਬਹੁਤ ਚੰਗੀ ਤਰ੍ਹਾਂ ਜਾਣਦੀ ਆਂ। ਉਹ ਮੱਛੀ ਵੱਲੋਂ ਪੱਥਰ ਚੱਟ ਕੇ ਮੁੜਨ ਵਾਲੇ ਸੁਭਾਅ ਦਾ ਮੁੰਡਾ ਐ। ਹੁਣ ਮੈਂ ਤੁਹਾਨੂੰ ਯਕੀਨ ਦੁਆਉਂਦੀ ਆਂ ਕਿ ਉਸਨੂੰ ਇਕ ਵਾਰ ਬਚਾਅ ਲਵੋ ਤਾਂ ਅੱਗੇ ਉਹ ਮੁੜਕੇ ਗ਼ਲਤ ਰਾਹ ਨ੍ਹੀਂ ਪਵੇਗਾ"। (ਨਵਯੁਗ,ਪੰਨਾ,106)

ਬਿਰਤਾਂਤਕੀ-ਪਾਠ ਵਿਚ ਇੱਕ ਬਿਰਤਾਂਤ ਹਥਿਆਰਾਂ ਦੀ ਸਮਗਲਿੰਗ ਦਾ ਵੀ ਉੱਭਰਦਾ ਹੈ। ਜਿਸਦਾ ਸ਼ਿਕਾਰ ਦਰਸ਼ਣ ਵਰਗੇ ਪਾਤਰ ਹੁੰਦੇ ਹਨ। ਦਰਸ਼ਣ ਜਦੋਂ ਟੈਕਸੀ ਲਾਈਨ ਵਿਚ ਟੈਕਸੀ ਚਲਾਉਣ ਲੱਗ ਪੈਂਦਾ ਹੈ ਤਾਂ ਉਸਦੀ ਨੇੜਤਾ ਰਾਕੇਸ਼ ਨਾਮ ਦੇ ਬੰਦੇ ਨਾਲ ਹੋ ਜਾਂਦੀ ਹੈ। ਰਾਕੇਸ਼ ਦੇ ਨਾਲ ਦਰਸ਼ਣ ਸ਼ੂਟਿੰਗ ਰੇਂਜ ਤੇ ਜਾਣ ਲੱਗਦਾ ਹੈ ਤੇ ਪੱਕਾ ਨਿਸ਼ਾਨੇਬਾਜ਼ ਬਣ ਜਾਂਦਾ ਹੈ। ਇਸਤੋਂ ਬਾਅਦ ਕਿਸੇ ਡੀਲਰ ਰਾਹੀਂ ਨਵੀਂ ਨਕੋਰ ਏ.ਆਰ.ਫਿਫਟੀਨ ਰਾਈਫਲ ਵੀ ਖ਼ਰੀਦ ਲੈਂਦਾਹੈ। ਇਸੇ ਸਦਕਾ ਹੀ ਬਿਰਤਾਂਤ ਕੀ-ਪਾਠ ਦੇ ਅੰਤ ਵਿਚ ਜਦੋਂ ਉਸਦਾ ਕਰਮੀ ਨਾਲੋਂ ਤਲ਼ਾਕ ਹੋ ਜਾਂਦਾ ਹੈ ਤੇ ਤਲਾਕ ਤੋਂ ਬਾਅਦ ਕਰਮੀ ਦਾ ਗਿੰਨੀ ਨਾਲ ਵਿਆਹ ਹੋਣ ਲੱਗਦਾ ਹੈ, ਤਾਂ ਦਰਸ਼ਣ ਭਟਕਣ ਦਾ ਸ਼ਿਕਾਰ ਹੋ ਆਪਣੀ ਪਿਸਤੌਲ ਲੈ ਕੇ ਚੋਰੀ ਛੁਪੇ ਵਿਆਹ ਵਾਲੀ ਥਾਂ ਤੇ ਪਹੁੰਚ ਅੰਨ੍ਹਾ-ਧੁੰਦ ਗੋਲੀਆਂ ਚਲਾ ਗਿੰਨੀ ਦੇ ਨਾਲ ਵਿਆਹ ਵਿਚ ਸ਼ਾਮਲ ਹੋਏ ਅਸਲਮ ਹੈਦਰ ਤੇ ਕਰਤਾਰ ਹੋਰਾਂ ਦੀਆਂ ਜਾਨਾਂ ਵੀ ਲੈ ਲੈਂਦਾ ਹੈ। ਵੀਹ ਦੇ ਕਰੀਬ ਲੋਕ ਜ਼ਖ਼ਮੀ ਹੋ ਜਾਂਦੇ ਹਨ। ਇਸ ਦੌਰਾਨ ਇਕ ਪੁਲਸ ਵਾਲਾ ਵੀ ਮਾਰਿਆ ਜਾਂਦਾ ਹੈ। ਦਰਸ਼ਣ, ਬਦਲੇ ਦੀ ਭਾਵਨਾ ਅਧੀਨ ਕਰਮੀ ਤੇ ਧਰਮੀ ਦੋਨਾਂ ਨੂੰ ਹੀ ਵਿਧਵਾ ਕਰ ਆਪਣੀ ਜਾਨ ਵੀ ਗੰਵਾ ਲੈਂਦਾ ਹੈ। ਚਾਰੇ ਪਾਸੇ ਕੁਰਲਾਹਟ ਮੱਚ ਜਾਂਦੀ ਹੈ। ਅਮਰੀਕਾ ਵਰਗੇ ਦੇਸ਼ ਵਿਚ ਇੰਨਾ ਜ਼ਿਆਦਾ ਖ਼ੂਨ-ਖ਼ਰਾਬਾ ਇਕ ਬਹੁਤ ਵੱਡੀ ਘਟਨਾ ਸੀ। ਜਿਸਨੇ ਕਿੰਨੇ ਹੀ ਪਰਿਵਾਰਾਂਨੂੰ ਜ਼ਿੰਦਗੀ ਦੀ ਪਟੜੀ ਤੋਂ ਲਾਹ ਦਿੱਤਾ।

ਬਿਰਤਾਂਤਕਾਰ ਨੇ 'ਨਵਯੁਗ' ਦੀ ਸ਼ੁਰੂਆਤ ਦੁਆਰਾ ਅੰਤਰ-ਸਭਿਆਚਾਰਕ ਸੰਬੰਧਾਂ ਵਿਚ

ਰੂੜ੍ਹੀਵਾਦੀ ਵਿਚਾਰਾਂ ਨੂੰ ਨਕਾਰਦਿਆਂ ਬਹੁ-ਸਭਿਆਚਾਰਕ ਸਮਾਜ ਦੇ ਮਾਨਵਵਾਦੀ ਸੰਸਕਾਰਾਂ ਨੂੰ ਅਪਨਾਉਂਦਿਆਂ ਦਿਖਾਇਆ ਹੈ। ਜਿਸ ਅਧੀਨ ਉਸਨੇ ਇੰਡੀਆ ਵਿਚ ਜੰਮੇ ਪਲੇ ਮੁੰਡੇ ਕੁੜੀਆਂ ਤੇ ਪੱਛਮੀਂ ਰਹਿਤਲ ਵਿਚ ਜੰਮੇ ਪਲੇ ਮੁੰਡੇ ਕੁੜੀਆਂ ਤੋਂ ਵਖਰੇਵਾਂ ਵੀ ਪੇਸ਼ ਕੀਤਾ ਹੈ। ਜਿਸ ਦੇ ਲਈ ਉਹ ਕਈ ਥਾਵਾਂ ਤੇ ਉਲਾਰ ਵੀ ਹੋ ਜਾਂਦਾ ਹੈ। ਉਸਨੇ ਵਿਆਹਾਂ ਲਈ ਇੰਡੀਆ ਤੋਂ ਮੰਗਵਾਏ ਮੁੰਡੇ ਕੁੜੀਆਂ ਨੂੰ ਅਨੁਸ਼ਾਸਨਹੀਣ, ਝੂਠੇ, ਵਿਹਲੜ, ਖ਼ੁਦਗਰਜ਼ ਤੇ ਗੈਰ-ਕਾਨੂੰਨੀ ਕੰਮ ਕਰਦਿਆਂ ਦਿਖਾਇਆ ਹੈ ਤੇ ਇਸਦੇ ਉਲਟ ਪੱਛਮੀਂ ਰਹਿਤਲ ਵਿਚ ਜੰਮੇ ਪਲੇ ਬੱਚਿਆਂ ਦੀ ਪ੍ਰਸੰਸਾ ਕਰ ਉਹਨਾਂ ਨੂੰ ਵਧੇਰੇ ਸਮਝਦਾਰ ਤੇ ਸੁਲਝੇ ਹੋਏ ਰੂਪ ਵਿਚ ਪੇਸ਼ ਕੀਤਾ ਹੈ। ਇਸੇ ਲਈ ਬਿਰਤਾਂਤਕੀ-ਪਾਠ ਵਿਚ ਨਿਰਭੈ ਸਿੰਘ ਤੇ ਪਾਲੀ ਨੂੰ ਆਪਣੀ ਧੀ ਕਰਮੀ ਦਾ ਵਿਆਹ ਇੰਡੀਆ ਵਿਚ ਕਰਨ ਦਾ ਹਮੇਸ਼ਾਂ ਹੀ ਪਛਤਾਵਾ ਰਹਿੰਦਾ ਹੈ। ਜਿਸਦਾ ਜ਼ਿਕਰ ਉਹ ਕਰਮੀ ਨਾਲ ਕੁਝ ਇਸ ਤਰ੍ਹਾਂ ਕਰਦੇ ਹਨ:

"ਥੋਨੂੰ ਲੱਗਦਾ ਐ ਕਿ ਇੰਡੀਆ ਜਾ ਕੇ ਲਾੜਾ ਲੱਭਣਾ ਇਕ ਗਲਤੀ ਸੀ ?"

"ਬਿਲਕੁਲ ਗਲਤੀ ਸੀ। ਪਰ ਅਸੀਂ 'ਸਮਾਜ, ਸਮਾਜ' ਕਰਦਿਆਂ ਨੇ ਤੇਰੀ ਬਲੀ ਦੇ ਦਿੱਤੀ।"

ਇਸ ਵਾਰ ਨਿਰਭੈ ਸਿੰਘ ਬੋਲਿਆ ਸੀ। (ਨਵਯੁਗ, ਪੰਨਾ, 134)

ਇਸੇ ਲਈ ਉਹ ਆਪਣੀ ਛੋਟੀ ਧੀ ਧਰਮੀ ਦਾ ਵਿਆਹ ਉਸਦੇ ਬੁਆਏ ਫ਼ਰੈਂਡ ਹੈਦਰ ਅਸਲਮ ਨਾਲ ਕਰਨਾ ਮੰਨ ਜਾਂਦਾਹੈ। ਬਿਰਤਾਂਤਕਾਰ ਇਥੇ ਇਸ ਗੱਲ ਦੀ ਵੀ ਸ਼ਨਾਖ਼ਤ ਕਰਦਾ ਹੈ ਕਿ ਜੇ ਕਰ ਨਵੀਂ ਪੀੜ੍ਹੀ ਦਾ ਦੰਪਤੀ ਜੀਵਨ ਉਸ ਧਰਾਤਲ ਤੋਂ ਹੀ ਉਸਰੇਗਾ, ਜਿਥੇ ਉਹ ਜੰਮੀ, ਪਲੀ ਤੇ ਪੜ੍ਹੀ ਹੈ ਤਾਂ ਉਹ ਉਸ ਸਭਿਆਚਾਰਕ ਤਣਾਓ ਤੋਂ ਮੁਕਤ ਹੋਣਗੇ ਜੋ ਪੂਰਬੀ ਪੀੜ੍ਹੀ ਦੇ ਲੋਕਾਂ ਨੂੰ ਪਰਵਾਸ ਵਿਚ ਹੰਢਾਉਣਾ ਪੈਂਦਾ ਹੈ। ਇਸ ਤਰ੍ਹਾਂ ਆਧੁਨਿਕ ਪਰਵਾਸੀ ਪੰਜਾਬੀ ਨਾਵਲ ਦਾ ਮੁਹਾਂਦਰਾ ਸਿਰਜਣ ਵਿਚ ਹਰਮਹਿੰਦਰ ਚਹਿਲ ਦੀ ਬੜੀ ਅਹਿਮ ਭੂਮਿਕਾ ਹੈ। ਉਸਨੇ ਵਿਸ਼ੇ ਤੇ ਸ਼ੈਲੀ ਦੇ ਪੱਖ ਤੋਂ ਨਵੇਂ ਦਿਸਹੱਦੇ ਸਥਾਪਤ ਕੀਤੇ ਹਨ। ਉਸਨੇ ਪੂਰਵਲੇ ਪਰਵਾਸੀ ਨਾਵਲ

ਕਾਰਾਂ ਦੁਆਰਾ ਸਿਰਜਤ ਸਰੋਕਾਰਾਂ ਜਿਵੇਂ ਭੂ-ਹੇਰਵਾ, ਰੋਜ਼ੀ ਰੋਟੀ ਲਈ ਸੰਘਰਸ਼ ਅਤੇ ਨਸਲੀ ਵਿਤਕਰਿਆਂ ਨੂੰ ਦੁਜੈਲੇ ਪੱਧਰ ਤੇ ਰੱਖ ਕੇ ਪਰਵਾਸੀ ਮਨੁੱਖ ਦੀਆਂ ਮੌਜੂਦਾ ਪ੍ਰਸੰਗ ਵਿਚ ਸਮਾਜਿਕ ਤੇ ਸਭਿਆਚਰਕ ਸਮੱਸਿਆਵਾਂ ਨੂੰ ਆਪਣੀ ਨਿਵੇਕਲੀ ਕਲਾ ਸ਼ੈਲੀ ਰਾਹੀਂ ਬਿਰਤਾਂਤਕ ਰੂਪ ਵਿਚ ਢਾਲਿਆ ਹੈ। ਬਿਰਤਾਂਤਕਾਰ ਨੇ ਨਵੀਂ ਪੀੜ੍ਹੀ ਦੁਆਰਾ ਅਪਣਾਏ ਸਭਿਆਚਾਰਕ ਸੰਬੰਧਾਂ ਵਿਚ ਰੂੜ੍ਹੀਵਾਦੀ ਵਿਚਾਰਾਂ ਨੂੰ ਨਕਾਰਦਿਆ ਬਹੁ-ਸਭਿਆਚਾਰਕ ਸਮਾਜ ਦੇ ਮਾਨਵਵਾਦੀ ਸੰਸਕਾਰਾਂ ਨੂੰ ਅਪਣਾਉਂਦਿਆਂ ਦਿਖਾਇਆ ਹੈ। ਇਥੇ ਉਹ ਨਿਰਪੱਖ ਦ੍ਰਿਸ਼ਟੀਕੋਣ ਰਾਹੀਂ ਪੰਜਾਬੀ ਸਮਾਜ ਦੀਆਂ ਕਮੀਆਂ ਤੋਂ ਰੂੜ੍ਹੀਵਾਦੀ ਸੋਚ ਨੂੰ ਹੀ ਨਹੀਂ ਉਘਾੜਦਾ ਸਗੋਂ ਪੱਛਮੀ ਸਮਾਜ ਦੀਆਂ ਅਗਾਂਹ ਵਧੂ ਕੀਮਤਾਂ ਦਾ ਸਵਾਗਤ ਵੀ ਕਰਦਾ ਹੈ। ਇਸ ਤਰ੍ਹਾਂ ਉਹ ਪ੍ਰੌੜ੍ਹ ਪੱਧਰ ਤੇ ਬਹੁ-ਸਭਿਆਚਾਰਕ ਸੰਬੰਧਾਂ ਦੀ ਨਿਸ਼ਾਨ ਦੇਹੀ ਕਰਦਾ ਹੋਇਆ ਪਰਵਾਸੀ ਪੰਜਾਬੀ ਨਾਵਲ ਨੂੰ ਇਕ ਨਵੀਂ ਅਗਾਂਹ ਵਧੂ ਦ੍ਰਿਸ਼ਟੀ ਵੀ ਪ੍ਰਦਾਨ ਕਰਦਾਹੈ।

**ਬਾਕੀ ਪੰਨਾ ਨੰ. 30 'ਤੇ**



## ਪਰਵਾਸ ਦੀ ਨਵੀਂ ਪੀੜ੍ਹੀ ਦੇ ਮੌਲਿਕ ਉਚਾਰ ਦਾ ਬਿਰਤਾਂਤ- ਨਵਯੁਗ

**- ਡਾ. ਜੇ. ਬੀ. ਸੇਖੋਂ**

ਹਰਮਹਿੰਦਰ ਚਹਿਲ ਪੂੰਜੀਵਾਦੀ ਪ੍ਰਬੰਧ ਦੇ ਕੇਂਦਰੀ ਦੇਸ਼ ਅਮਰੀਕਾ ਦਾ ਪਰਵਾਸੀ ਪੰਜਾਬੀ ਗਲਪਕਾਰ ਹੈ। ਉਹ ਨਾਵਲ ਅਤੇ ਕਹਾਣੀ ਵਰਗੇ ਬਿਰਤਾਂਤ ਰੂਪ ਦੁਆਰਾ ਪਰਵਾਸ ਅਤੇ ਆਵਾਸ ਦੇ ਮੁੱਦਿਆਂ ਨੂੰ ਆਪਣੀ ਰੌਚਿਕ ਗਲਪੀ ਸ਼ੈਲੀ ਵਿੱਚ ਪ੍ਰਸਤੁਤ ਕਰਦਾ ਰਿਹਾ ਹੈ। ਚਹਿਲ ਦੀ ਗਲਪ ਕਲਾ ਵਿੱਚ ਉਸਦੇ ਬਿਰਤਾਂਤ ਦੀ ਕਲਾਤਮਿਕ ਬੁਣਤਰ ਸਮੇਤ ਤਰੱਕੀਪਸੰਦ ਅਤੇ ਮਾਨਵਵਾਦੀ ਕਥਾ ਦ੍ਰਿਸ਼ਟੀ ਪ੍ਰਧਾਨ ਹੈ। ਉਹ ਵੀਹਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਦੀ ਪੰਜਾਬੀ ਸੰਵੇਦਨਾ ਨੂੰ ਦਰਪੇਸ਼ ਅਨੇਕਾਂ ਚੁਣੌਤੀਆਂ ਨੂੰ ਆਪਣੇ ਗਲਪੀ ਧਰਾਤਲ ਦਾ ਹਿੱਸਾ ਬਣਾਉਂਦਾ ਰਿਹਾ ਹੈ। ਹਰੀ ਕ੍ਰਾਂਤੀ ਦੇ ਭ੍ਰਾਂਤੀ ਮਾਡਲ ਨਾਲ ਪੰਜਾਬੀ ਸਮਾਜ ਵਿੱਚ ਆਉਂਦੀ ਥੁੜਚਿਰੀ ਖ਼ੁਸ਼ਹਾਲੀ ਦਾ ਪੰਜਾਬੀ ਸਹਿਜ ਜੀਵਨ ਪੈਟਰਨ 'ਤੇ ਪੈਂਦਾ ਦੁਸ਼ਪ੍ਰਭਾਵ ਉਸਦੇ ਕਥਾ ਬਿਰਤਾਂਤ ਵਿੱਚ ਹਾਜ਼ਰ ਰਹਿੰਦਾ ਹੈ। ਪੰਜਾਬ ਸੰਕਟ ਦੌਰਾਨ ਦੋ ਪੁੜਾਂ ਵਿੱਚ ਪਿਸਦੀ ਲੋਕਾਈ, ਵਿਸ਼ਵੀਕਰਨ ਦੀਆਂ ਅਲਾਮਤਾਂ ਅਤੇ ਪਰਵਾਸ ਦੀ ਤੇਜ਼ ਪ੍ਰਕਿਰਿਆ ਨਾਲ ਪੰਜਾਬੀ ਜਨ ਜੀਵਨ ਅਤੇ ਇੱਥੋਂ ਦੀਆਂ ਸਮਾਜਿਕ ਸੰਸਥਾਵਾਂ ਅਨੇਕਾਂ ਵਿਸੰਗਤੀਆਂ ਵਿੱਚੋਂ ਗੁਜ਼ਰਦੀਆਂ ਹਨ ਜਿਸਦੇ ਕਥਾ ਅਕਸ ਚਹਿਲ ਦੀਆਂ ਕਹਾਣੀਆਂ ਤੇ ਨਾਵਲੀ ਸੰਸਾਰ ਵਿੱਚ ਦਿਸਦੇ ਹਨ। ਅਮਰੀਕਾ ਵਿੱਚ ਵੱਸਣ ਪਿੱਛੋਂ ਚਹਿਲ ਉੱਥੋਂ ਦੇ ਮੂਲਵਾਸੀ ਸਮਾਜ ਅਤੇ ਵੱਖ ਵੱਖ ਭੂਗੋਲਿਕ ਖਿੱਤਿਆਂ ਤੋਂ ਪੁੱਜ ਕੇ ਪਰਵਾਸ ਧਾਰਨ ਕਰਨ ਵਾਲੇ ਜਨ ਸਮੂਹਾਂ ਦੀ ਹਸਤੀ ਤੇ ਹੋਣੀ ਨੂੰ ਨੇੜਿਓ ਵੇਖਦਾ ਹੈ। ਉਹ ਪੰਜਾਬੀ ਕਮਿਊਨਿਟੀ ਦੀਆਂ ਉਨ੍ਹਾਂ ਤਿੰਨ ਪੀੜ੍ਹੀਆਂ ਦੇ ਚੇਤਨ ਅਵਚੇਤਨ ਸੰਸਾਰ ਨੂੰ ਆਪਣੇ ਬਿਰਤਾਂਤਕ ਧਰਾਤਲ ਦਾ ਹਿੱਸਾ ਬਣਾਉਂਦਾ ਹੈ ਜਿਹੜੀਆਂ ਪੀੜ੍ਹੀਆਂ ਵੱਖੋ ਵੱਖਰੇ ਮਾਨਸਿਕ ਆਵੇਸ਼, ਸਮਾਜੀ ਮਾਹੌਲ ਅਤੇ ਸੰਸਥਾਵਾਂ ਦੀ ਜਕੜ ਵਿੱਚ ਇਕ ਦੂਜੇ ਤੋਂ ਵੱਖਰੇ ਮਾਨਸਿਕ ਮੰਡਲ ਵਿੱਚ ਵਿਚਰਦੀਆਂ ਹਨ।

ਹਰਮਹਿੰਦਰ ਚਹਿਲ ਦਾ ਨਵਾਂ ਨਾਵਲ 'ਨਵਯੁਗ' ਪਰਵਾਸੀ ਪੰਜਾਬੀ ਸਮਾਜ ਦੀ ਨਵੀਂ ਪੀੜ੍ਹੀ ਦੇ ਸਰੋਕਾਰਾਂ ਨਾਲ ਜੁੜਿਆ ਹੈ। ਇਹ ਪੀੜ੍ਹੀ ਪੱਛਮ ਦੇ ਉਦਾਰਵਾਦੀ ਪੂੰਜੀਵਾਦੀ ਪ੍ਰਬੰਧ ਵਾਲੇ ਸਭਿਆਚਾਰ ਵਿੱਚ ਰਲੇਵੇਂ ਵਾਲੇ ਮਾਨਸਿਕ ਆਵੇਸ਼ ਨਾਲ ਜੁੜੀ ਹੈ। ਪਰਵਾਸ ਦੀ ਪਹਿਲੀ ਪੀੜ੍ਹੀ ਪੰਜਾਬ ਦੇ ਅਰਧ ਜਗੀਰੂ ਸਮਾਜ ਤੋਂ ਸਾਮੰਤਵਾਦੀ ਕਦਰਾਂ ਕੀਮਤਾਂ ਦੀ ਲੱਦ ਲੈ ਕੇ ਜਦੋਂ ਪੱਛਮ ਦੇ ਉਦਾਰਵਾਦੀ ਪੂੰਜੀਵਾਦੀ ਪ੍ਰਬੰਧ ਵਿੱਚ ਦਾਖਿਲ ਹੁੰਦੀ ਹੈ ਤਾਂ ਦੋ ਸਭਿਆਚਾਰਾਂ ਦੀ ਟੱਕਰ ਵਿੱਚ ਆਪਣੇ ਆਪ ਨੂੰ ਹੀਣੀ, ਬੇਗਾਨੀ ਅਤੇ ਅਜਨਬੀ ਮਹਿਸੂਸ ਕਰਦੀ ਹੈ। ਦੂਜੀ ਪੀੜ੍ਹੀ ਪਰਵਾਸ ਵਿੱਚ ਜੰਮ ਪਲ ਕੇ ਪਰਵਾਸੀ ਜੀਵਨ ਵਿੱਚ ਸਹਿਚਾਰ ਵੱਜੋਂ ਵਿਚਰਦੀ ਹੈ ਜਿਹੜੀ ਨਾ ਸਿਰਫ ਪਰਵਾਸੀ ਸਮਾਜ ਪ੍ਰਤੀ ਬਣੀਆਂ ਰਵਾਇਤੀ ਮਿੱਥਾਂ ਨੂੰ ਤੋੜਦੀ ਹੈ ਸਗੋਂ ਪਰਵਾਸ ਅੰਦਰ ਆਪਣੀ ਮੌਲਿਕ ਸੋਚ ਤੇ ਆਜ਼ਾਦ ਹਸਤੀ ਵੀ ਰੱਖਦੀ ਹੈ। ਇਹ ਪੀੜ੍ਹੀ ਪੱਛਮ ਦੇ ਅਤਿ ਵਿਕਸਤ ਪੂੰਜੀਵਾਦੀ ਅਤੇ ਜਮਹੂਰੀ ਪ੍ਰਬੰਧ ਵਿੱਚ ਆਪਣੀ ਹੋਂਦ ਵੀ ਜਤਾਉਂਦੀ ਹੈ। ਪੱਛਮੀ ਸੰਸਕ੍ਰਿਤੀ ਦੇ ਮੁੱਲ ਪ੍ਰਬੰਧ ਨਾਲ ਟਕਰਾਅ ਦੀ ਥਾਂ ਸਹਿਚਾਰ ਦੀ ਭਾਵਨਾ ਇਸ ਪੀੜ੍ਹੀ

ਵਿੱਚ ਪ੍ਰਬਲ ਹੈ। ਪਰਵਾਸ ਦੀ ਤੀਜੀ ਪੀੜ੍ਹੀ ਪੱਛਮੀ ਸੰਸਕ੍ਰਿਤੀ ਨਾਲ ਪੂਰਨ ਭਾਂਤ ਰਲੇਵੇਂ ਵਾਲੀ ਹੈ। ਇਹ ਪੀੜ੍ਹੀ ਜਿੱਥੇ ਪਰਵਾਸੀ ਜੀਵਨ ਯਥਾਰਥ ਦੇ ਉਦਰੇਵੇਂ, ਬੇਗਾਨਗੀ ਅਤੇ ਕਿਸੇ ਤਰ੍ਹਾਂ ਦੇ ਹੀਣਬੋਧ ਵਾਲੇ ਨੈਰੇਟਿਵ ਤੋਂ ਮੁਕਤ ਹੈ ਉੱਥੇ ਹੀ ਪੰਜਾਬੀ ਸਾਹਿਤ ਸਿਰਜਣਾ ਵਿੱਚ ਇਸ ਪੀੜ੍ਹੀ ਦੇ ਮੌਲਿਕ ਉਚਾਰ ਵੀ ਗਾਇਬ ਹਨ। ਇਸ ਪੀੜ੍ਹੀ ਕੋਲ ਜਿੱਥੇ ਪੰਜਾਬੀ ਸਮਾਜਕ ਜੀਵਨ ਦਾ ਸੁਣਿਆ ਸੁਣਾਇਆ ਅਨੁਭਵ ਹੈ ਉੱਥੇ ਪੰਜਾਬ ਦੀਆਂ ਜਗੀਰੂ ਕਦਰਾਂ ਕੀਮਤਾਂ ਸਮੇਤ ਇੱਥੋਂ ਦੇ ਧਰਮ, ਸੰਸਕ੍ਰਿਤੀ ਅਤੇ ਜੀਵਨ ਜਾਂਚ ਨਾਲ ਜੁੜੇ ਪਰੰਪਰਕ ਆਦਰਸ਼ਾਂ ਨਾਲ ਕਾਟਵਾਂ ਸੰਵਾਦ ਵੀ ਹੈ।

ਇਸ ਵੇਲੇ ਪਰਵਾਸੀ ਸਾਹਿਤ ਖੱਟੀ ਕਮਾਈ ਕਰਕੇ ਵਾਪਸ ਵਤਨ ਪਰਤਣ, ਭੂ ਹੇਰਵੇ, ਪਿੰਡ ਤੇ ਹੋਰ ਸੰਸਥਾਵਾਂ ਪ੍ਰਤੀ ਰੁਦਨ ਅਤੇ ਟੁੱਟਦੇ ਜਗੀਰੂ ਮੁੱਲਾਂ ਦੇ ਰੁਮਾਂਸੀਕਰਨ ਵਰਗੇ ਪਰੰਪਰਕ ਮੁੱਦਿਆਂ ਤੋਂ ਅੱਗੇ ਪਰਵਾਸ ਵਿੱਚ ਰਲੇਵੇਂ ਸਮੇਤ ਹੋਰ ਵਿਸ਼ਵ ਵਿਆਪੀ ਸਰੋਕਾਰਾਂ ਨੂੰ ਪੇਸ਼ ਕਰਨ ਵੱਲ ਅਹੁਲ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਪਰਵਾਸੀ ਸਾਹਿਤ ਰਚਨਾਕਾਰੀ ਦੇ ਪੱਖ ਤੋਂ ਹੋਰ ਵੀ ਕੁੱਝ ਤਬਦੀਲੀਆਂ ਵਿੱਚੋਂ ਗੁਜ਼ਰ ਰਿਹਾ ਹੈ। ਇਸ ਰਚਨਾਕਾਰੀ ਵਿੱਚ ਪਰਵਾਸ ਵਿੱਚ ਪੱਕੇ ਤੌਰ ‘ਤੇ ਟਿਕੇ ਰਹਿਣ ਵਾਲੇ ਲੇਖਕ ਦੀ ਥਾਂ ਗਾਹੇ ਬੇਗਾਹੇ ਪਰਵਾਸੀ ਜੀਵਨ ਦਾ ਹਿੱਸਾ ਬਣਨ ਵਾਲੇ ਲੇਖਕ ਵੀ ਪਰਵਾਸੀ ਸੰਵੇਦਨਾ ਨੂੰ ਮੁਖਾਤਿਬ ਹੋ ਰਹੇ ਹਨ। ਨਾਵਲ ਅਤੇ ਕਹਾਣੀ ਦੇ ਖੇਤਰ ਵਿੱਚ ਇਸ ਰੁਝਾਨ ਨਾਲ ਪਰਵਾਸੀ ਜੀਵਨ ਨੂੰ ਆਵਾਸੀ ਦ੍ਰਿਸ਼ਟੀ ਤੋਂ ਸਪਲੀਮੈਂਟ ਕਰਨ ਦੀਆਂ ਸੰਭਾਵਨਾਵਾਂ ਵਧੀਆਂ ਹਨ। ਇਸ ਨਾਲ ਪਰਵਾਸ ਪੰਜਾਬੀ ਬੰਦੇ ਦੀ ਘਾੜਤ ਨਵੀਆਂ ਸੰਭਾਵਨਾਵਾਂ ਨਾਲ ਭਰਪੂਰ ਹੋ ਰਹੀ ਹੈ। ਪਰਵਾਸੀ ਗਲਪ ਲੇਖਕ ਵੱਲੋਂ ਪਰਵਾਸ ਦੇ ਪਰੰਪਰਕ ਸਰੋਕਾਰਾਂ ਤਹਿਤ ਉੱਥੋਂ ਦੇ ਮੂਲਵਾਸੀ ਜੀਵਨ ਨਾਲ ਤਣਾਅ ਅਤੇ ਵਿਰੋਧ ਵਾਲਾ ਬਿਰਤਾਂਤਕ ਪੈਟਰਨ ਤਿਆਗ ਕੇ ਪਰਵਾਸੀ ਜੀਵਨ ਨਾਲ ਰਲੇਵੇਂ ਵਾਲਾ, ਇਤਿਹਾਸਕ ਦਸਤਾਵੇਜ਼ੀ ਪਹੁੰਚ ਵਾਲਾ ਅਤੇ ਅੰਤਰ ਰਾਸ਼ਟਰੀ ਸਰੋਕਾਰਾਂ ਦੀ ਪੇਸ਼ਕਾਰੀ ਵਾਲਾ ਬਿਰਤਾਂਤ ਉਸਾਰਿਆ ਜਾ ਰਿਹਾ ਹੈ। ਮੂਲਵਾਸ ਅਤੇ ਪਰਵਾਸ ਦੇ ਪਾਤਰੀ ਜੀਵਨ ਦੀਆਂ ਵਿਭਿੰਨਤਾਵਾਂ ਦੇ ਨਾਲ ਨਾਲ ਸਾਮਰਾਜੀ ਧੌਂਸ, ਅੱਤਵਾਦ, ਨਸਲਵਾਦ ਅਤੇ ਫਿਰਕਾਪ੍ਰਸਤੀ ਵਰਗੇ ਕੌਮਾਂਤਰੀ ਸਰੋਕਾਰ ਵੀ ਨਵੇਂ ਪਰਵਾਸੀ ਗਲਪ ਦਾ ਹਿੱਸਾ ਬਣ ਰਹੇ ਹਨ। ਇਸ ਤੋਂ ਇਲਾਵਾ ਪਰਵਾਸ ਵਿੱਚ ਜੰਮ ਪਲ ਕੇ ਪ੍ਰਵਾਨ ਚੜ੍ਹੀ ਪੰਜਾਬੀ ਪੀੜ੍ਹੀ ਦੇ ਦ੍ਰਿਸ਼ ਅਤੇ ਦ੍ਰਿਸ਼ਟੀ ਵੀ ਪਰਵਾਸੀ ਗਲਪ ਵਿੱਚ ਪ੍ਰਗਟ ਹੋ ਰਹੀ ਹੈ।

ਹਰਮਹਿੰਦਰ ਚਹਿਲ ਆਪਣੇ ਨਾਵਲ ‘ਨਵਯੁਗ’ ਵਿੱਚ ਪਰਵਾਸੀ ਪੰਜਾਬੀ ਪੀੜ੍ਹੀ ਦੀ ਇਸੇ ਮੌਲਿਕਤਾ ਨੂੰ ਪਰਵਾਸ ਦੇ ਨਵੇਂ ਯੁਗ ਵਾਲੇ ਅਧਿਆਇ ਵੱਜੋਂ ਪੇਸ਼ ਕਰਦਾ ਹੈ। ਇਸ ਨਾਵਲੀ ਪ੍ਰਵਚਨ ਵਿੱਚ ਪਰਵਾਸੀ ਜੀਵਨ ਦੀਆਂ ਦੋ ਧਾਰਾਵਾਂ ਇਕ ਦੂਜੇ ਦੇ ਸਮਾਂਨਅੰਤਰ ਤੁਰਦੀਆਂ ਹਨ। ਇਕ ਵਿਚਾਰ ਪ੍ਰਵਾਹ ਵਿੱਚ ਪੰਜਾਬ ਦੇ ਅਰਧ ਜਗੀਰੂ ਸਮਾਜਿਕ ਪ੍ਰਬੰਧ ਤੋਂ ਪਲਾਇਨ ਕਰਕੇ ਅਮਰੀਕਾ ਵਰਗੇ ਵਿਕਸਤ ਪੂੰਜੀਵਾਦੀ ਵਿਵਸਥਾ ਵਿੱਚ ਸੈਟਲ ਹੋਇਆ ਪੰਜਾਬੀ ਜਨ ਸਮੂਹ ਹੈ ਜਿਸਦੀਆਂ ਕਦਰਾਂ ਕੀਮਤਾਂ ਅਤੇ ਜੀਵਨ ਮੁੱਲਾਂ ਵਿੱਚ ਆਵਾਸ ਅਤੇ ਪਰਵਾਸ ਦਾ ਦਵੰਦ ਸ਼ਾਮਿਲ ਹੈ। ਇਸ ਵਿਚਾਰ ਪ੍ਰਬੰਧ ਨਾਲ ਨਾਵਲੀ ਸੰਗਠਨ ਵਿੱਚ ਕਿਰਪਾਲ, ਨਾਮੋ, ਪਾਲੀ, ਨਿਰਭੈ, ਬਲਕਾਰ, ਜਗਤਾਰ ਵਰਗੇ ਪਾਤਰ ਜੁੜੇ ਹੋਏ ਹਨ। ਇਹ ਪਾਤਰ ਆਪਸ ਵਿੱਚ ਨੇੜਲੇ ਰਿਸ਼ਤਾ ਪ੍ਰਬੰਧ ਤਹਿਤ ਹੀ ਨਹੀਂ ਜੁੜੇ ਹੋਏ ਸਗੋਂ ਮਰਦਾਵੇਂ ਪੰਜਾਬੀ ਸਮਾਜ ਸਭਿਆਚਾਰ ਦੇ ਜੀਵਨ ਮੁੱਲਾਂ ਦੀ ਪੈਰਵਾਈ ਕਰਕੇ ਵੀ ਜੁੜੇ ਹੋਏ ਹਨ। ਇਹ ਪੀੜ੍ਹੀ ਪੰਜਾਬ ਦੇ ਦਿਹਾਤੀ



ਸਭਿਆਚਾਰ ਦੀਆਂ ਸੰਸਥਾਵਾਂ ਵਿੱਚ ਜੰਮੀ ਪਲੀ ਹੈ ਜਿਸਨੇ ਮਿਹਨਤ ਕਰਕੇ ਗੈਰ ਦੇਸ਼ਾਂ ਵਿੱਚ ਸਥਾਪਿਤ ਹੋਣ ਦੀ ਮਿੱਥ ਨੂੰ ਹੋਰ ਦ੍ਰਿੜ ਕੀਤਾ ਹੈ। ਪੰਜਾਬ ਦੇ ਵਰਗੀ ਸਮਾਜ ਵਿੱਚ ਘਰ, ਰਿਸ਼ਤਾ ਪ੍ਰਬੰਧ, ਸਮਾਜ, ਧਰਮ ਅਤੇ ਸਭਿਆਚਾਰ ਦੀਆਂ ਹੋਰ ਸੰਸਥਾਵਾਂ ਦੀਆਂ ਸਮੂਹ ਅਲਾਮਤਾਂ ਅਤੇ ਲੱਛਣ ਇਸ ਪੀੜ੍ਹੀ ਦੇ ਮਨੋ ਉਚਾਰ ਅਤੇ ਸਮਾਜਿਕ ਵਿਹਾਰ ਵਿੱਚ ਦਰਜ ਹਨ। ਇਸ ਵਿਚਾਰ ਪੱਧਤੀ ਦੇ ਸਮਾਨਅੰਤਰ ਨਾਵਲ ਅੰਦਰ ਪਾਤਰਾਂ ਦੀ ਵੱਖਰੀ ਗੈਲਰੀ ਬਿਰਤਾਂਤ ਵਿੱਚ ਸੰਬੋਧਿਤ ਕੀਤੇ ਗਏ ਕਜ਼ਨ ਗਰੁੱਪ ਵਿੱਚ ਹੈ। ਕਜ਼ਨ ਗਰੁੱਪ ਪਰਵਾਸ ਅੰਦਰ ਪੰਜਾਬੀ ਪੀੜ੍ਹੀ ਦਾ ਉਹ ਸਮੂਹ ਹੈ ਜੋ ਕਿ ਪਰਵਾਸ ਵਿੱਚ ਜੰਮੀ ਪਲੀ ਅਤੇ ਪ੍ਰਵਾਨ ਚੜ੍ਹੀ ਹੈ। ਨਾਵਲੀ ਬਿਰਤਾਂਤ ਵਿੱਚ ਕਜ਼ਨ ਗਰੁੱਪ ਅੰਦਰ ਬੀਰਾ, ਮਨੀ, ਧਰਮੀ, ਕੁਲਦੀਪ, ਸੁਰਜੀਤ, ਦੀਪਾ, ਨਿੰਦੀ, ਕਰਮੀ, ਗਿੰਨੀ ਆਦਿ ਪਾਤਰਾਂ ਦਾ ਇਕ ਮੰਚ ਹੈ ਜਿਸ ਮੰਚ ‘ਤੇ ਪੂਰਬ ਅਤੇ ਪੱਛਮ ਦਾ ਕੋਈ ਵਿਰੋਧ ਜਾਂ ਦਵੰਦ ਨਹੀਂ ਹੈ। ਇਹ ਪਾਤਰ ਸਥਿਤੀਆਂ ਵਿੱਚ ਘਿਰਦੇ ਅਤੇ ਆਪਣੇ ਬੁੱਧ ਵਿਵੇਕ ਨਾਲ ਜੇਤੂ ਹੋ ਨਿਕਲਦੇ ਹਨ। ਨਾਵਲੀ ਬਿਰਤਾਂਤ ਵਿੱਚ ਇਹ ਨਵੀਂ ਪੀੜ੍ਹੀ ਪੰਜਾਬੀ ਸਮਾਜ ਦੇ ਮਰਦਾਵੇਂ ਖਾਸੇ, ਧਾਰਮਿਕ ਸੰਸਥਾਵਾਂ ਦੇ ਭ੍ਰਿਸ਼ਟ ਕਿਰਦਾਰ ਅਤੇ ਜਗੀਰੂ ਪ੍ਰਬੰਧ ਵਾਲੀਆਂ ਅਲਾਮਤਾਂ ਤੋਂ ਨਾਬਰ ਹੈ ਜਿਸਦੇ ਕੋਲ ਪੱਛਮੀ ਦੇਸ਼ਾਂ ਵਿੱਚ ਮਨੁੱਖੀ ਆਜ਼ਾਦੀ ਨਾਲ ਜੀਣ ਥੀਣ ਦਾ ਤਰਕ ਹੈ। ਲੇਖਕ ਹਰਮਹਿੰਦਰ ਚਹਿਲ ਨੇ ਉਕਤ ਦੋਵੇਂ ਵਿਚਾਰ ਧਾਰਾਵਾਂ ਦੇ ਪ੍ਰਵਾਹ ਨੂੰ ਇਕ ਦੂਜੇ ਨਾਲ ਭਿੜਦੇ ਸਿੱਧ ਕਰਕੇ ਨਵੀਂ ਪੀੜ੍ਹੀ ਦੇ ਆਪਣੇ ਮੌਲਿਕ ਚਿੰਤਨ, ਪਰਵਾਸ ਵਿੱਚ ਰਲੇਵੇਂ ਅਤੇ ਚਿੰਤਨੀ ਖਾਸੇ ਨੂੰ ਉਚੇਚੇ ਤੌਰ ‘ਤੇ ਆਪਣੀ ਨਾਵਲੀ ਦ੍ਰਿਸ਼ਟੀ ਦਾ ਆਧਾਰ ਬਣਾਇਆ ਹੈ। ਨਾਵਲ ਵਿੱਚ ਪਾਤਰਾਂ ਦੇ ਅਜਿਹੇ ਸਿੱਧੇ, ਸਪਾਟ ਅਤੇ ਸਤਹੀ ਵਿਰੋਧ ਨਾਲ ਕਈ ਵਾਰ ਪਾਤਰਾਂ ਦੀ ਖੁਦਮੁਖਤਾਰੀ ਸ਼ੰਕਾਗ੍ਰਸਤ ਹੋ ਜਾਂਦੀ ਹੈ ਅਤੇ ਲੇਖਕ ਦਾ ਨਾਵਲੀ ਬਿਰਤਾਂਤ ਵਿੱਚ ਦਖਲ ਸਭ ਹੱਦਾਂ ਪਾਰ ਵੀ ਕਰ ਜਾਂਦਾ ਹੈ। ਇਸਦੇ ਬਾਵਜੂਦ ਚਹਿਲ ਕੋਲ ਘਟਨਾਵਾਂ ਦੀ ਬੀੜਤ, ਬਿਰਤਾਂਤ ਵਿੱਚ ਨਾਟਕੀਯਤਾ ਭਰਨ ਅਤੇ ਕਥਾ ਸੰਗਠਨ ਨੂੰ ਕੱਸਵਾਂ ਬਣਾਉਣ ਦਾ ਗਲਪੀ ਹੁਨਰ ਇਸ ਟੈਕਸਟ ਦੀ ਪੜ੍ਹਨਯੋਗਤਾ ਬਰਕਰਾਰ ਰੱਖਦਾ ਹੈ।

ਨਵਯੁਗ ਨਾਵਲ ਦੀ ਵਿਚਾਰਧਾਰਕ ਦ੍ਰਿਸ਼ਟੀ ਦਾ ਕੇਂਦਰੀ ਨੁਕਤਾ ਪੰਜਾਬੀ ਜੀਵਨ ਦੇ ਆਵਾਸ ਅਤੇ ਪਰਵਾਸ ਵਿੱਚ ਰਿਸ਼ਤਿਆਂ ਦੇ ਅਰਥਹੀਣ ਅਤੇ ਖੁਦਗਰਜ਼ ਹੋ ਜਾਣ ਦਾ ਹੈ। ਜਿਹੜੇ ਮਨੁੱਖੀ ਰਿਸ਼ਤਿਆਂ ਦੇ ਨਿੱਘ ਅਤੇ ਹੁਲਾਸ ਨੂੰ ਪੰਜਾਬੀ ਸਭਿਆਚਾਰ ਦਾ ਅਹਿਮ ਸੂਤਰ ਤਸਲੀਮ ਕੀਤਾ ਜਾਂਦਾ ਹੈ, ਪੂੰਜੀਵਾਦੀ ਦੇਸ਼ਾਂ ਦੇ ਗਲੈਮਰੀ ਸੰਸਾਰ ਵਿੱਚ ਇਹ ਰਿਸ਼ਤੇ ਪਦਾਰਥਵਾਦੀ ਅਤੇ ਅਵਸਰਵਾਦੀ ਰੁਝਾਨਾਂ ਦੇ ਸ਼ਿਕਾਰ ਹੋ ਜਾਂਦੇ ਹਨ। ਲੇਖਕ ਪੰਜਾਬ ਦੇ ਅਰਧ ਜਗੀਰੂ ਮਾਹੌਲ ਦੀਆਂ ਮਰਦਾਵੇਂ ਦਾਬੇ ਵਾਲੀਆਂ ਸੰਸਥਾਵਾਂ ਵਿੱਚ ਰਿਸ਼ਤਿਆਂ ਦੇ ਹੁੰਦੇ ਮੂਕ ਘਾਣ ‘ਤੇ ਰੁਦਨ ਕਰਦਾ ਹੈ। ਪਰਵਾਸੀ ਜੀਵਨ ਯਥਾਰਥ ਦੀਆਂ ਵਿਸੰਗਤੀਆਂ ਵਿੱਚ ਇਹ ਰੁਦਨ ਹੋਰ ਗਹਿਰਾ ਹੋ ਜਾਂਦਾ ਹੈ ਜਦੋਂ ਕਰਮੀ ਵਰਗੀ ਆਦਰਸ਼ਵਾਦੀ ਅਤੇ ਮਿਹਨਤੀ ਸੁਭਾਅ ਦੀ ਕੁੜੀ ਨੂੰ ਇੰਡੀਆ ਤੋਂ ਦਰਸ਼ਨ ਵਰਗਾ ਨਸ਼ੇੜੀ ਅਤੇ ਵਿਗੜੈਲ ਵਰ ਮਿਲਦਾ ਹੈ। ਦਰਸ਼ਨ ਆਪਣੇ ਰਿਸ਼ਤੇ ਦੀ ਬਦੌਲਤ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਬੁਲਾ ਲੈਂਦਾ ਹੈ ਪਰ ਪੰਜਾਬ ਦਾ ਜਗੀਰੂ ਧੌਂਸ ਵਾਲਾ ਅਵਚੇਤਨ ਉਸ ‘ਤੇ ਹਾਵੀ ਰਹਿੰਦਾ ਹੈ। ਉਹ ਜਿੱਥੇ ਆਪਣੀ ਪਤਨੀ ਕਰਮੀ ਨਾਲ ਧੱਕੇਸ਼ਾਹੀ ਕਰਦਾ ਹੈ ਉੱਥੇ ਹੀ ਆਪਣੇ ਹਿੰਸਕ ਸੁਭਾਅ ਅਤੇ ਆਪਹੁਦਰੇਪਣ ਕਰਕੇ ਨਾਵਲ ਵਿੱਚ ਖਲਨਾਇਕ ਦਾ ਰੂਪ ਅਖਤਿਆਰ ਕਰ ਜਾਂਦਾ ਹੈ। ਨਾਵਲੀ ਬਿਰਤਾਂਤ ਦੇ ਅੰਤ ਵਿੱਚ ਉਹ

ਆਪਣੀ ਪਤਨੀ ਅਤੇ ਹੋਰ ਪਰਿਵਾਰਕ ਮੈਂਬਰਾਂ 'ਤੇ ਗੋਲੀਆਂ ਚਲਾ ਦਿੰਦਾ ਹੈ ਅਤੇ ਉਸਦੀ ਮੌਤ ਵੀ ਪੁਲੀਸ ਦੀ ਗੋਲੀ ਨਾਲ ਹੋ ਜਾਂਦੀ ਹੈ। ਦਰਸ਼ਨ ਵਰਗੇ ਪਾਤਰ ਦੁਆਰਾ ਲੇਖਕ, ਪੰਜਾਬ ਵਿੱਚ ਜਗੀਰੂ ਅਵਚੇਤਨ ਵਾਲੇ ਉਸ ਮਰਦਾਵੇਂ ਸੁਭਾਅ ਦੀ ਤਰਜਮਾਨੀ ਕਰਦਾ ਹੈ ਜਿਹੜਾ ਸੁਭਾਅ ਪਰਵਾਸੀ ਪੂੰਜੀ ਦੇ ਵਹਿਣ ਵਿੱਚ ਹੋਰ ਖੁਦਗਰਜ਼, ਹਿੰਸਕ ਅਤੇ ਮਾਰੂ ਹੋ ਜਾਂਦਾ ਹੈ। ਨਾਵਲ ਦੇ ਆਰੰਭ ਵਿੱਚ ਦਰਸ਼ਨ ਦਾ ਟੈਕਸੀ ਚਲਾਂਦਿਆਂ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਕੇ ਭੱਜਣਾ ਜ਼ਿੰਦਗੀ ਅਤੇ ਸਮਾਜ ਦੇ ਜ਼ਾਬਤੇ ਤੋਂ ਭੱਜਣ ਦਾ ਪ੍ਰਤੀਕ ਹੈ। ਨਾਵਲੀ ਟੈਕਸਟ ਵਿੱਚ ਉਹ ਘਰ, ਪਰਿਵਾਰ, ਰਿਸ਼ਤਾ ਪ੍ਰਬੰਧ ਅਤੇ ਹਰ ਸਮਾਜਕ ਕਾਇਦੇ ਤੋਂ ਅਵਾਜ਼ਾਰ ਰਹਿੰਦਾ ਹੈ ਅਤੇ ਪਰਿਵਾਰ ਲਈ ਮੁਸੀਬਤਾਂ ਪੈਦਾ ਕਰਦਾ ਖੁਦ ਅਣਆਈ ਮੌਤ ਮਾਰਿਆ ਜਾਂਦਾ ਹੈ। ਰਿਸ਼ਤਿਆਂ ਦੇ ਅਜਿਹੇ ਸੰਤਾਪ ਦੀ ਪੇਸ਼ਕਾਰੀ ਦਾ ਦੂਜਾ ਪਾਸਾਰ ਕਰਮੀ ਦੇ ਕਜ਼ਨ ਅਤੇ ਪਰਵਾਸ ਵਿੱਚ ਜੰਮੇ ਪਲੇ ਬੀਰਾ ਤੇ ਉਸਦੀ ਪਤਨੀ ਰੱਤੀ ਦੇ ਦੰਪਤੀ ਜੀਵਨ ਵਿੱਚ ਝਲਕਦਾ ਹੈ। ਡਾਕਟਰ ਕਿਰਪਾਲ ਅਤੇ ਨਾਮੋ ਦਾ ਪੁੱਤਰ ਬੀਰਾ, ਪਿਤਾ ਕਿਰਪਾਲ ਦੇ ਪਰਿਵਾਰ ਪ੍ਰਤੀ ਅਵੇਸਲੇਪਣ ਕਰਕੇ ਮਾੜੀ ਸੰਗਤ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਨਾਸਿਰ ਵਰਗੇ ਇਸਲਾਮਿਕ ਦਹਿਸ਼ਤਗਰਦੀ ਨੂੰ ਪ੍ਰਫੁੱਲਤ ਕਰਨ ਵਾਲੇ ਅਨਸਰਾਂ ਅਤੇ ਮਲਿਊ ਵਰਗੇ ਨਸ਼ੇੜੀਆਂ ਦੀ ਜੱਦ ਵਿੱਚ ਆ ਜਾਂਦਾ ਹੈ। ਆਪਣੇ ਕਜ਼ਨ ਕੁਲਦੀਪ ਦੀਆਂ ਕੋਸ਼ਿਸ਼ਾਂ ਨਾਲ ਇਸ ਸੰਗਤ ਵਿੱਚੋਂ ਨਿਕਲ ਕੇ ਬੀਰਾ ਪਰਵਾਸੀ ਜੀਵਨ ਦੇ ਉਨ੍ਹਾਂ ਰਿਸ਼ਤਿਆਂ ਦੀ ਮਾਰ ਹੇਠਾਂ ਆ ਜਾਂਦਾ ਹੈ ਜਿਹੜੇ ਰਿਸ਼ਤੇ ਪਰਵਾਸ ਦੀ ਪੂੰਜੀ ਅਤੇ ਗਲੈਮਰ ਦੀ ਆੜ ਹੇਠਾਂ ਮਕੈਨੀਕਲ ਢੰਗ ਨਾਲ ਸਿਰਜੇ ਜਾਂਦੇ ਹਨ। ਇੰਡੀਆ ਵਿੱਚ ਕੰਮ ਸਭਿਆਚਾਰ ਤੋਂ ਦੂਰ ਰਹਿੰਦੇ ਇਕ ਮੱਧਵਰਗੀ ਪਰਿਵਾਰ ਦੀ ਕੁੜੀ ਰੱਤੀ ਨਾਲ ਬੀਰੇ ਦਾ ਵਿਆਹ ਪਰਿਵਾਰ 'ਤੇ ਗਹਿਰੇ ਸੰਕਟ ਦਾ ਕਾਰਨ ਬਣਦਾ ਹੈ। ਰੱਤੀ ਇਸ ਵਿਆਹ ਨੂੰ ਸੌਦਾ ਬਣਾ ਕੇ ਅਮਰੀਕਾ ਪੁੱਜ ਜਾਂਦੀ ਹੈ ਅਤੇ ਆਪਣੇ ਦੋਸਤ ਦੇ ਬੱਚੇ ਦੀ ਮਾਂ ਬਣਨ ਵਾਲੀ ਹੁੰਦੀ ਹੈ। ਇਸਦਾ ਭੇਦ ਬੀਰੇ ਦੀ ਭੈਣ ਮਨੀ ਦੇ ਯਤਨਾਂ ਨਾਲ ਖੁੱਲ੍ਹਦਾ ਹੈ। ਇੰਝ ਨਾਵਲ ਵਿੱਚ ਪਰਵਾਸੀ ਜੀਵਨ ਅੰਦਰ ਦੰਪਤੀ ਰਿਸ਼ਤਿਆਂ ਦੇ ਕਈ ਸੰਕਟ ਪੇਸ਼ ਹੁੰਦੇ ਹਨ। ਨਾਵਲਕਾਰ ਇਸ ਰਚਨਾ ਦੁਆਰਾ ਪਰਵਾਸ ਦੇ ਵਸਤੂ ਯਥਾਰਥ ਵਿੱਚ ਪੰਜਾਬੀ ਵਿਆਹ ਦੀ ਸੰਸਥਾ 'ਤੇ ਸਵਾਰੀ ਕਰਕੇ ਮਨੁੱਖੀ ਆਜ਼ਾਦੀ ਦਾ ਦਮ ਘੁੱਟਣ ਵਾਲੇ ਅਤੇ ਸੌਦਾਮੁੱਖੀ ਮਾਨਸਿਕਤਾ ਵਾਲੇ ਅਵਸਰਵਾਦੀ ਰਿਸ਼ਤਿਆਂ 'ਤੇ ਸਵਾਲੀਆ ਚਿੰਨ੍ਹ ਲਗਾ ਦਿੰਦਾ ਹੈ। ਦੂਜਾ ਸਵਾਲੀਆ ਚਿੰਨ੍ਹ ਇਨ੍ਹਾਂ ਰਿਸ਼ਤਿਆਂ ਵਿੱਚ ਨਵੀਂ ਪੀੜ੍ਹੀ ਦੀਆਂ ਇੱਛਾਵਾਂ ਦਾ ਦਮਨ ਕਰਨ 'ਤੇ ਹੈ। ਬੀਰੇ ਨੂੰ ਇੰਡੀਆ ਤੋਂ ਵਿਆਹ ਕਰਵਾ ਕੇ ਪਤਨੀ ਦੇ ਰੂਪ ਵਿੱਚ ਮਿਲੀ ਰੱਤੀ ਅਤੇ ਕਰਮੀ ਨੂੰ ਇੰਡੀਆ ਤੋਂ ਪਤੀ ਦੇ ਰੂਪ ਵਿੱਚ ਮਿਲਿਆ ਦਰਸ਼ਨ ਪੰਜਾਬੀ ਮਨੁੱਖ ਦੀ ਖੁਦਗਰਜ਼ ਅਤੇ ਪਦਾਰਥਵਾਦੀ ਸੋਚ ਦੇ ਪ੍ਰਤੀਕ ਹਨ। ਪਰਵਾਸੀ ਜੀਵਨ ਵਿੱਚ ਗਰੀਨ ਕਾਰਡ ਪ੍ਰਾਪਤੀ ਜਾਂ ਪੀ ਆਰ ਮਿਲਣ ਤੱਕ ਵਿਆਹ ਨਿਭਾਉਣ ਦੀ ਮਾਨਸਿਕਤਾ ਪਰਵਾਸੀ ਪੰਜਾਬੀ ਰਿਸ਼ਤਿਆਂ ਵਿੱਚ ਆਈ ਬੇਵਿਸ਼ਵਾਸੀ ਅਤੇ ਮੌਕਾਪ੍ਰਸਤੀ ਹੀ ਉਜਾਗਰ ਨਹੀਂ ਕਰਦੀ ਸਗੋਂ ਪਰਵਾਸ ਵਿੱਚ ਜੰਮੀ ਪਲੀ ਪੀੜ੍ਹੀ ਦਾ ਪੰਜਾਬ ਦੀਆਂ ਸੰਸਥਾਵਾਂ ਤੋਂ ਯਕੀਨ ਵੀ ਚੁੱਕ ਦਿੰਦੀ ਹੈ। ਇਸੇ ਕਰਕੇ ਨਾਵਲ ਵਿੱਚ ਕਜ਼ਨ ਗਰੁੱਪ ਵਾਲੀ ਇਹ ਪੀੜ੍ਹੀ ਹਰ ਪੰਜਾਬੀ ਸਭਿਆਚਾਰਕ ਵਰਤਾਰੇ ਨੂੰ ਪਿਛਾਂਹ ਖਿੱਚੂ, ਜਗੀਰੂ ਅਤੇ ਮਰਦ ਪ੍ਰਧਾਨ ਵਿਵਸਥਾ ਵਾਲਾ ਗਰਦਾਨਦੀ ਹੈ। ਇਹ ਪੀੜ੍ਹੀ ਇਸੇ ਮਨੋ ਸਥਿਤੀ ਕਰਕੇ ਪੰਜਾਬੀ ਸਭਿਆਚਾਰ ਦੀਆਂ ਸੰਸਥਾਵਾਂ ਨਾਲ ਸੰਵਾਦ ਦੀ ਥਾਂ ਵਿਰੋਧ ਵਾਲੀ ਪੁਜੀਸ਼ਨ ਬਰਕਰਾਰ ਰੱਖਦੀ ਹੈ। ਨਵੀਂ ਪੀੜ੍ਹੀ ਦੀ



ਇਹ ਮਾਨਸਿਕਤਾ ਜਿੱਥੇ ਘਰ ਦੀ ਸੰਸਥਾ ਵਿੱਚ ਤਣਾਅ ਦਾ ਕਾਰਨ ਬਣਦੀ ਹੈ ਉੱਥੇ ਹੀ ਸਭਿਆਚਾਰ ਦੀਆਂ ਨੇਕ ਅਤੇ ਬਦ ਪ੍ਰੈਕਟਿਸਾਂ ਦਰਮਿਆਨ ਫਰਕ ਨਹੀਂ ਕਰਦੀ। ਉਨ੍ਹਾਂ ਨੂੰ ਆਪਣੇ ਭਵਿੱਖ ਬਾਰੇ ਪਰਿਵਾਰ ਦੇ ਮੁਖੀ ਲੋਕਾਂ ਦੀ ਸੋਚ ਪਿਛਲੀ ਸਦੀ[1].ਵਾਲੀ ਜਾਪਦੀ ਹੈ ਜਿਸ ਵਿੱਚ ਵਿਆਹ ਦਾ ਚੱਕਰ ਘਰਵਾਲਿਆਂ ਦੀ ਸਾਜਿਸ਼ ਦਾ ਹਿੱਸਾ[2] ਲੱਗਦਾ ਹੈ। ਨਾਵਲਕਾਰ ਨੇ ਦਰਸ਼ਨ ਅਤੇ ਕਰਮੀ, ਬੀਰਾ ਅਤੇ ਰੱਤੀ ਦੇ ਵਿਆਹ ਦਾ ਮਾਡਲ ਪੇਸ਼ ਕਰਕੇ ਪਰਵਾਸ ਦੀ ਨਵੀਂ ਪੰਜਾਬੀ ਪੀੜ੍ਹੀ ਨੂੰ ਨੇਕ ਅਤੇ ਇੰਡੀਆ ਤੋਂ ਵਿਆਹ ਦੀ ਆੜ ਹੇਠਾਂ ਪਰਵਾਸ ਧਾਰਨ ਕਰਨ ਗਏ ਪਾਤਰਾਂ ਨੂੰ ਬਦਕਾਰ ਪੇਸ਼ ਕੀਤਾ ਹੈ। ਇਸ ਨਾਲ ਜਿੱਥੇ ਪਾਤਰਾਂ ਨੂੰ ਸਿੱਧੇ ਸਪਾਟ ਅਤੇ ਕਾਲੇ ਚਿੱਟੇ ਵਾਲੇ ਖਾਨਿਆਂ ਵਿੱਚ ਪੇਸ਼ ਕਰਨ ਦੀ ਸੰਭਾਵਨਾ ਨੂੰ ਬਲ ਮਿਲਦਾ ਹੈ ਉੱਥੇ ਹੀ ਲੇਖਕ ਦੀ ਬਿਰਤਾਂਤਕ ਸਿਆਸਤ ਵੀ ਨਸ਼ਰ ਹੁੰਦੀ ਹੈ। ਇਸ ਵਰਤਾਰੇ ਨੂੰ ਹੋਰ ਦ੍ਰਿੜ ਕਰਦਿਆਂ ਪਰਵਾਸ ਦੀ ਨਵੀਂ ਪੀੜ੍ਹੀ ਦੁਆਰਾ ਆਪਣੇ ਵਿਆਹ, ਕੈਰੀਅਰ ਅਤੇ ਭਵਿੱਖ ਸਬੰਧੀ ਲਏ ਗਏ ਆਜ਼ਾਦ ਫੈਸਲਿਆਂ ਦੀ ਸਿੱਧੀ ਪ੍ਰੋੜਤਾ ਕੀਤੀ ਗਈ ਹੈ। ਕਰਮੀ ਦਰਸ਼ਨ ਨੂੰ ਤਲਾਕ ਦੇ ਕੇ ਗਿੰਨੀ ਨਾਲ ਰਹਿਣ ਲੱਗਦੀ ਹੈ। ਕਰਮੀ ਦੀ ਭੈਣ ਧਰਮੀ ਇਸਲਾਮ ਧਰਮ ਨੂੰ ਮੰਨਣ ਵਾਲੇ ਆਪਣੇ ਦੋਸਤ ਹੈਦਰ ਅਸਲਮ ਨਾਲ ਵਿਆਹ ਕਰਵਾਉਂਦੀ ਹੈ, ਨਿੰਦੀ ਇਕ ਬੰਗਾਲੀ ਹਿੰਦੂ ਪਰਿਵਾਰ ਦੇ ਮੁੰਡੇ ਏਕਾਂਤ ਨਾਲ ਰਹਿੰਦੀ ਹੈ। ਕੁਲਦੀਪ ਸ੍ਰੀਲੰਕਾ ਦੇਸ਼ ਦੀ ਮੂਲਵਾਸੀ ਵਿਧਵਾ ਔਰਤ ਨਾਲ ਵਿਆਹ ਬੰਧਨ ਵਿੱਚ ਬੱਝਦਾ ਹੈ। ਇਨ੍ਹਾਂ ਘਟਨਾਵੀਂ ਵੇਰਵਿਆਂ ਦੁਆਰਾ ਲੇਖਕ ਨਵੀਂ ਪੀੜ੍ਹੀ ਦੇ ਆਤਮ ਵਿਸ਼ਵਾਸ, ਸਵੈ ਗੌਰਵ ਅਤੇ ਆਪਣੀ ਜ਼ਿੰਦਗੀ ਦੇ ਖੁਦ ਫੈਸਲੇ ਲੈਣ ਵਾਲੇ ਦ੍ਰਿਸ਼ਟੀਕੋਣ ਨੂੰ ਪ੍ਰਪੱਕ ਕਰਦਾ ਹੈ। ਪੰਜਾਬੀ ਪਰਵਾਸੀ ਜੀਵਨ ਵਿੱਚ ਵਿਆਹ ਦੀ ਸੰਸਥਾ ਵਿੱਚ ਨਵੀਂ ਪੀੜ੍ਹੀ ਦੀ ਇਹ ਮਨਮਰਜ਼ੀ ਪੀੜ੍ਹੀ ਪਾੜੇ ਅਤੇ ਸਭਿਆਚਾਰਕ ਸੰਕਟ ਨੂੰ ਹੋਰ ਵਧਾ ਦਿੰਦੀ ਹੈ। ਇਸ ਪ੍ਰਸੰਗ ਵਿੱਚ ਦੋਵੇਂ ਪੀੜ੍ਹੀਆਂ ਦਾ ਸੰਵਾਦ ਦੀ ਥਾਂ ਵਿਰੋਧ ਸਮੁੱਚੇ ਬਿਰਤਾਂਤਕ ਧਰਾਤਲ 'ਤੇ ਪਸਰ ਜਾਂਦਾ ਹੈ। ਚਹਿਲ ਦੀ ਵੱਖਰਤਾ ਇਸ ਵਿਰੋਧ ਨੂੰ ਦੋਵੇਂ ਪੀੜ੍ਹੀਆਂ ਦੇ ਟਾਪੂਨੁਮਾ ਵਿਹਾਰ ਵਿੱਚ ਪੇਸ਼ ਕਰਨ ਦੀ ਨਹੀਂ ਸਗੋਂ ਨਵੀ ਪੀੜ੍ਹੀ ਨੂੰ ਆਪਣੀ ਮੌਲਿਕ ਸੋਚ ਨਾਲ ਸਹੀ ਠਹਿਰਾਉਣ ਦੀ ਹੈ। ਇਸੇ ਪ੍ਰਸੰਗ ਵਿੱਚ ਪਰਵਾਸ ਦੀ ਪਹਿਲੀ ਪੀੜ੍ਹੀ ਦਾ ਕਰਤਾਰ ਸਿੰਘ ਆਪਣੀ ਭਤੀਜੇ ਕੁਲਦੀਪ ਤੋਂ ਸਮੇਂ ਨਾਲ ਬਦਲਣ ਦੀ ਨਸੀਹਤ ਗ੍ਰਹਿਣ ਕਰਦਾ ਹੈ–

"ਚਾਚਾ ਜੀ, ਤੁਸੀਂ ਹਰ ਗੱਲ ਆਪਣੇ ਵੇਲੇ ਨਾਲ ਮੇਲ ਕੇ ਵੇਖਦੇ ਹੋ। ਮੈਂ ਕਿਸੇ ਨੂੰ ਨ੍ਹੀ ਸਿਖਾਇਆ। ਵਕਤ ਬਦਲ ਗਿਆ ਐ। ਤੁਹਾਡਾ ਵਕਤ ਹੁਣ ਨ੍ਹੀ ਰਿਹਾ। ਜੇਕਰ ਤੁਸੀਂ ਵੀ ਵਕਤ ਦੇ ਹਾਣ ਦੇ ਹੋ ਜਾਉਗੇ ਤਾਂ ਤੁਹਾਨੂੰ ਵੀ ਕੁਛ ਗਲਤ ਨ੍ਹੀਂ ਲੱਗਣਾ।"[3]

ਨਾਵਲ ਵਿੱਚ ਕਜ਼ਨ ਗਰੁੱਪ ਦੇ ਸਾਰੇ ਪਾਤਰਾਂ ਦੀ ਚੇਤੰਨ ਹੋਂਦ ਨਾਵਲਕਾਰ ਦੇ ਗਲਪੀ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੀ ਹੈ। ਕੁਲਦੀਪ ਇਸ ਸੋਚ ਦਾ ਪ੍ਰਤੀਨਿਧ ਪਾਤਰ ਹੈ ਜੋ ਕਿ ਗਰੁੱਪ ਦੇ ਬਾਕੀ ਮੈਂਬਰਾਂ ਲਈ ਮਾਡਲ ਬਣਦਾ ਹੈ। ਆਪਣੇ ਧਰਮ, ਜਾਤ ਅਤੇ ਸਭਿਆਚਾਰ ਵਿੱਚ ਵਿਆਹ ਕਰਵਾਉਣ ਦੇ ਮਾਪਦੰਡਾਂ ਤੋਂ ਨਾਬਰ ਹੋ ਕੇ ਉਕਤ ਕਜ਼ਨ ਗਰੁੱਪ ਦੇ ਸਾਰੇ ਮੈਂਬਰ ਮਨਮਰਜ਼ੀ ਦੇ ਵਿਆਹ ਸਬੰਧਾਂ ਵਿੱਚ ਵਿਚਰਦੇ ਹਨ। ਇਸ ਵਰਤਾਰੇ ਨੂੰ ਸਹਿਜ ਭਾਵੀ ਪੇਸ਼ ਕਰਦਿਆਂ ਲੇਖਕ ਪਰੰਪਰਕ ਵਿਚਾਰਾਂ ਵਾਲੀ ਪੀੜ੍ਹੀ ਦਾ ਹਿਰਦੇ ਪਰਿਵਰਤਨ ਵੀ ਉਦੋਂ ਨਾਵਲੀ ਪ੍ਰਵਚਨ ਵਿੱਚ ਦਰਜ ਕਰਦਾ ਹੈ ਜਦੋਂ ਧਰਮੀ ਦਾ ਵਿਆਹ ਜਮਾਇਕਾ ਦੇ ਮੂਲਵਾਸੀ ਹੈਦਰ ਅਸਲਮ ਨਾਲ ਕਰਨ ਦੀ ਤਜਵੀਜ਼ ਰੱਖੀ ਜਾਂਦੀ ਹੈ।

"ਕਰਮੀ ਧੀਏ, ਜੋ ਕੁਝ ਅਸੀਂ ਤੇਰੇ ਨਾਲ ਵੇਖ ਵੇਖ ਸਿੱਖਿਆ ਐ ਉਸ ਮੁਤਾਬਕ ਉਹ ਕਿਸੇ ਧਰਮ, ਨਸਲ ਦਾ ਹੋਵੇ ਸਾਨੂੰ ਕੋਈ ਫਰਕ ਨ੍ਹੀ ਪੈਂਦਾ। ਧਰਮੀ ਲਈ ਸਾਨੂੰ ਸਭ ਮਨਜ਼ੂਰ ਐ। ਬਸ ਪੜ੍ਹਾਈ ਲਿਖਾਈ 'ਚ ਉਹ ਧਰਮੀ ਦੇ ਬਰਾਬਰ ਦਾ ਹੋਵੇ।"[4]

ਲੇਖਕ ਨੇ ਪੱਛਮ ਦੇ ਉਦਾਰਵਾਦੀ ਪੂੰਜੀਵਾਦੀ ਪ੍ਰਬੰਧ ਵਿੱਚ ਮਨੁੱਖ ਦੀ ਜਾਗ੍ਰਿਤ, ਸਵੈ ਵਿਸ਼ਵਾਸੀ ਅਤੇ ਸਾਧਨ ਸੰਪੰਨ ਹੋਂਦ ਨੂੰ ਉਸਾਰੂ ਜੀਵਨ ਦਾ ਇਕ ਮਾਡਲ ਬਣਾ ਕੇ ਪੇਸ਼ ਕੀਤਾ ਹੈ। ਨਾਵਲ ਵਿੱਚ ਜ਼ਿੰਦਗੀ ਜੀਉਣ ਦਾ ਇਹ ਮਾਡਲ ਧਰਮ, ਜਾਤ, ਭੂਗੋਲ ਅਤੇ ਸਭਿਆਚਾਰ ਦੀਆਂ ਸੌੜੀਆਂ ਹੱਦਾਂ ਪਾਰ ਕਰਨ ਦੀ ਵਿਚਾਰਕ ਦ੍ਰਿਸ਼ਟੀ ਦੁਆਰਾ ਪੇਸ਼ ਹੋਇਆ ਹੈ। ਇਸੇ ਪ੍ਰਸੰਗ ਵਿੱਚ ਨਾਵਲ ਅੰਦਰ ਨਵੀਂ ਪੀੜ੍ਹੀ ਦਾ ਸਿੱਖਿਅਤ, ਜਾਗਰੂਕ, ਚਿੰਤਨਸ਼ੀਲ ਅਤੇ ਸਸ਼ੱਕਤ ਹੋਣਾ ਸੋਨੇ 'ਤੇ ਸੁਹਾਗਾ ਬਣਦਾ ਹੈ। ਇਸ ਨਾਲ ਪੀੜ੍ਹੀ ਪਾੜੇ ਦੇ ਰਵਾਇਤੀ ਵਿਰੋਧ ਵਾਲੇ ਵਿਚਾਰ ਵਿਰੋਧ ਦੀ ਥਾਂ ਸੰਵਾਦ ਦੇ ਮੰਚ 'ਤੇ ਪਰਿਭਾਸ਼ਿਤ ਹੋਣ ਲੱਗਦੇ ਹਨ ।ਪੀੜ੍ਹੀਆਂ ਦੀ ਸੋਚ ਦੇ ਇਹ ਵੱਖਰੇਵੇਂ ਰਿਸ਼ਤਾ ਨਾਤਾ ਪ੍ਰਬੰਧ ਦੇ ਨਾਲ ਨਾਲ ਧਰਮ ਦੇ ਸਿਧਾਂਤਕ ਅਤੇ ਵਿਹਾਰਕ ਪ੍ਰਬੰਧ ਨਾਲ ਵੀ ਜੁੜੇ ਹੋਏ ਹਨ। ਨਵੀਂ ਪੀੜ੍ਹੀ ਕੋਲ ਗੁਰਬਾਣੀ ਦੇ ਇਨਕਲਾਬੀ ਫਲਸਫੇ ਅਤੇ ਸਿੱਖ ਧਰਮ ਦੀ ਸਿਧਾਂਤਕੀ ਦਾ ਸ਼ਾਨਾਮੱਤੀ ਇਤਿਹਾਸ ਹੈ ਪਰ ਧਾਰਮਿਕ ਮੁੱਲ ਪ੍ਰਬੰਧ ਦੇ ਵਿਹਾਰਕ ਖੋਖਲੇਪਣ ਕਰਕੇ ਉਹ ਧਰਮ ਦੇ ਸੰਸਥਾਗਤ ਸਰੂਪ ਤੋਂ ਦੂਰ ਹੋਣ ਲੱਗਦੀ ਹੈ। ਉਸਦੇ ਲਈ ਧਰਮ ਦੇ ਬਾਹਰੀ ਸਰੂਪ ਨਾਲੋਂ ਧਰਮ ਦੇ ਅੰਦਰਲੇ ਕਿਰਦਾਰੀ ਸਰੂਪ ਦਾ ਧੁੰਦਲਾ ਹੋਣਾ ਚਿੰਤਾ ਦਾ ਵਿਸ਼ਾ ਹੈ। ਨਾਵਲ ਵਿੱਚ ਕੁਲਦੀਪ ਅਤੇ ਉਸਦੇ ਸਾਥੀ ਕਜ਼ਨ, ਧਰਮ ਨੂੰ ਸਾਮੰਤਵਾਦੀ ਮਾਨਸਿਕ ਆਵੇਸ਼ ਨਾਲੋਂ ਨਵੇਂ ਯੁਗ ਦੀਆਂ ਲੋੜਾਂ ਅਨੁਸਾਰ ਸਮਝਣ ਦਾ ਤਰਕ ਉਸਾਰਦੇ ਹਨ। ਉਹ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਅਤੇ ਨਵੀਂ ਪੀੜ੍ਹੀ ਕੋਲ ਇਸ ਧਰਮ ਦਾ ਸੰਦੇਸ਼ ਪੁਜਾਉਣ ਲਈ ਨਵੀਂ ਸੋਚ ਅਤੇ ਨਵੀਂ ਤਕਨੀਕ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਇਸ ਪ੍ਰਸੰਗ ਵਿੱਚ ਕੁਲਦੀਪ ਗੁਰਦੁਆਰੇ ਦੇ ਗ੍ਰੰਥੀ ਸਿੰਘ ਨਾਲ ਅਤੇ ਆਪਣੇ ਪਿਤਾ ਨਾਲ ਸੰਵਾਦੀ ਲਹਿਜ਼ੇ ਤੋਂ ਸੰਬੋਧਿਤ ਹੁੰਦਾ ਹੈ-

"ਹੁਣ ਪੁਰਾਣੇ ਵੇਲੇ ਨਹੀਂ ਰਹੇ ਕਿ ਹਥਿਆਰ ਚੁੱਕ ਕੇ ਲੜਨ ਲੱਗ ਪਵੋ। ਅੱਜ ਮੁਕਾਬਲਾ ਦਿਮਾਗ ਦਾ ਐ। ਕਿ ਕੌਣ ਕਿੰਨਾ ਵੱਧ ਪੜ੍ਹਿਆ ਲਿਖਿਆ ਤੇ ਸਿਆਣਾ ਐ। ਸੋ ਸਾਨੂੰ ਚਾਹੀਦਾ ਐ ਕਿ ਬੱਚਿਆਂ ਦਾ ਆਚਰਣ ਉੱਚਾ ਚੁੱਕਣ ਦੀ ਸਿੱਖਿਆ ਦੇਈਏ। ਉਨ੍ਹਾਂ ਨੂੰ ਪੜ੍ਹਾਈ 'ਚ ਇੰਨਾ ਕਾਬਲ ਬਣਾਈਏ ਕਿ ਉਹ ਸਿਰ ਉਠਾ ਕੇ ਦੁਨੀਆ 'ਚ ਮੋਹਰੀ ਬਣ ਸਕਣ। ਅੱਜ ਕਿਰਪਾਨਾਂ ਚੁੱਕ ਕੇ ਲੜਨ ਵਾਲੀ ਲੜਾਈ ਦੀ ਲੋੜ ਨ੍ਹੀ ਐ।"[5]

ਇਸ ਤਰ੍ਹਾਂ ਨਵੀਂ ਪੀੜ੍ਹੀ ਦੀ ਪਰਵਾਸ ਅੰਦਰ ਮੌਲਿਕ ਸਪੇਸ ਦੀ ਨਿਸ਼ਾਨਦੇਹੀ ਕਰਨ ਵਾਲਾ ਹਰਮਹਿੰਦਰ ਚਹਿਲ ਦਾ ਇਹ ਨਾਵਲ ਜਿੱਥੇ ਪਰਵਾਸੀ ਜੀਵਨ ਯਥਾਰਥ ਦੇ ਨਵੇਂ ਦਿਸਹੱਦਿਆਂ ਵੱਲ ਤੁਰਦਾ ਹੈ ਉੱਥੇ ਹੀ ਪੀੜ੍ਹੀ ਪਾੜੇ ਦੇ ਸੰਕਟ ਦਾ ਪ੍ਰਗਟਾਵਾ ਕਰਦਾ ਇਸ ਸੰਕਟ ਦਾ ਮੋਚਨ ਵੀ ਕਰਦਾ ਹੈ। ਲੇਖਕ ਕੋਲ ਪਰਵਾਸੀ ਰਹਿਤਲ ਦਾ ਗਹਿਰਾ ਅਨੁਭਵ ਹੈ। ਅਮਰੀਕਾ ਵਰਗੇ ਅਤਿ ਵਿਕਸਤ ਦੇਸ਼ਾਂ ਅੰਦਰ ਤੀਜੀ ਦੁਨੀਆ ਦੇ ਵਸਨੀਕਾਂ ਦੇ ਸਮਾਜਿਕ ਸਭਿਆਚਾਰਕ ਪਾੜੇ ਪਰਵਾਸੀ ਗਲਪ ਦੀ ਕੇਂਦਰੀ ਧੁਨੀ ਰਹੇ ਹਨ ਪਰ ਇਨ੍ਹਾਂ ਪਾੜਿਆਂ ਤੋਂ ਉਤਪੰਨ ਮਾਨਵੀ ਬੇਗਾਨਗੀ ਨੂੰ ਡੂੰਘਾ ਕਰਨ ਦੀ ਥਾਂ ਲੇਖਕ ਇਸਦਾ ਬਦਲ ਨਵੀਂ ਪੀੜ੍ਹੀ ਦੀ ਨਵੀਂ ਸੋਚ ਵਿੱਚੋਂ ਲੱਭਦਾ ਹੈ। ਇਹ ਸੋਚ ਇਸ ਨਾਵਲੀ ਬਿਰਤਾਂਤ ਦਾ ਵੱਡਾ ਹਿੱਸਾ ਮੱਲ ਕੇ ਖੜ੍ਹੀ ਹੈ। ਚਹਿਲ ਕੋਲ ਘਟਨਾਵਾਂ ਦੇ ਸਿੱਧੇ ਸਪਾਟ ਵਰਨਣ ਦੀ ਵੀ ਆਪਣੀ ਬਿਰਤਾਂਤਕ ਕਲਾ ਹੈ। ਉਹ ਨਾਵਲ ਦੇ



ਘਟਨਾਵੀਂ ਪ੍ਰਬੰਧ ਨੂੰ ਚੁਸਤ ਦਰੁਸਤ ਰੱਖਦਾ ਪਾਠਕਾਂ ਦੀ ਪੜ੍ਹਨਯੋਗਤਾ ਨੂੰ ਭੰਗ ਨਹੀਂ ਹੋਣ ਦਿੰਦਾ। ਲੇਖਕ ਦੇ ਨਾਵਲੀ ਸੰਸਾਰ ਵਿੱਚ ਫਿਲਮੀ ਅੰਦਾਜ਼ ਵਾਲੇ ਘਟਨਾ ਵੇਰਵੇ, ਪਾਤਰਾਂ ਦੇ ਨਾਇਕ/ਖਲਨਾਇਕ ਚਿਹਰੇ ਅਤੇ ਮਨਭਾਉਂਦੇ ਯਥਾਰਥ ਨੂੰ ਸਿਰਜਣ ਵਾਲੇ ਜਾਣੇ ਪਛਾਣੇ ਦੋਸ਼ ਵੀ ਹਨ। ਇਹ ਦੋਸ਼ ਕਈ ਵਾਰ ਗੈਰ ਵਿਸ਼ਵਾਸਯੋਗ ਵੇਰਵਿਆਂ ਦੀ ਪੈਦਾਇਸ਼ ਵੀ ਬਣਦੇ ਹਨ।

ਕੁੱਲ ਮਿਲਾ ਕੇ ਚਹਿਲ ਦਾ ਇਹ ਨਾਵਲ ਪਰਵਾਸੀ ਪੰਜਾਬੀ ਜੀਵਨ ਵਿੱਚ ਜਨਮੀ ਅਤੇ ਸਥਾਪਿਤ ਹੁੰਦੀ ਨਵੀਂ ਪੀੜ੍ਹੀ ਦੇ ਵੱਖਰੇ ਸੰਸਾਰ ਦੀ ਤਰਜ਼ਮਾਨੀ ਕਰਦਾ ਹੈ। ਇਸ ਪੀੜ੍ਹੀ ਦਾ ਜ਼ਿੰਦਗੀ ਜੀਉਣ ਅਤੇ ਮਾਨਣ ਦਾ ਆਪਣਾ ਨਜ਼ਰੀਆ ਹੈ ਜੋ ਕਿ ਜਗੀਰੂ ਰਹਿੰਦ ਖੂੰਹਦ ਵਾਲੀ ਮਾਨਸਿਕਤਾ ਲਈ ਪ੍ਰੇਸ਼ਾਨੀ ਦਾ ਸਬੱਬ ਹੋ ਸਕਦਾ ਹੈ ਪਰ ਇਸ ਨਜ਼ਰੀਏ ਨੂੰ ਨਕਾਰਨ ਦੀ ਥਾਂ ਸਵੀਕਾਰਨ ਦੀ ਦ੍ਰਿਸ਼ਟੀ ਇਸ ਨਾਵਲੀ ਟੈਕਸਟ ਅੰਦਰ ਸੰਚਾਰਤ ਕੀਤੀ ਗਈ ਹੈ।


**ਹਵਾਲੇ ਅਤੇ ਟਿੱਪਣੀਆਂ**


1. ਹਰਮਹਿੰਦਰ ਚਹਿਲ, ਨਵਯੁਗ, ਸੰਗਮ ਪ੍ਰਕਾਸ਼ਨ, ਸਮਾਣਾ, ਪੰਨਾ 39.
2. ਉਹੀ, ਪੰਨਾ 41.
3. ਉਹੀ, ਪੰਨਾ 114.
4. ਉਹੀ, ਪੰਨਾ 135.
5. ਉਹੀ, ਪੰਨਾ 75.



**ਮੁੱਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,**
**ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ,**
**ਮਾਹਿਲਪੁਰ ( ਹੁਸ਼ਿਆਰਪੁਰ)- 84370 89769**





**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

# ਨਵੇਂ ਯੁਗ ਦੀ ਦਸਤਕ: ਨਵਯੁਗ

(ਪਾਠਕੀ ਪੜ੍ਹਤ)

**-ਡਾ.ਮਨਜੀਤ ਕੌਰ**

ਹਰਮਹਿੰਦਰ ਚਹਿਲ ਪੰਜਾਬੀ ਸਾਹਿਤ ਵਿਚ ਇਕ ਇਹੋ ਜਿਹਾ ਹਸਤਾਖ਼ਰ ਹੈ ਜਿਸ ਨੇ ਆਪਣੇ ਸਾਹਿਤਕ ਸਫ਼ਰ ਦਾ ਆਗਾਜ਼ ਕਹਾਣੀ ਵਿਧਾ ਤੋਂ ਕੀਤਾ। ਉਸ ਦੀਆਂ ਕਹਾਣੀਆਂ ਪੰਜਾਬੀ ਰਸਾਲਿਆਂ, ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਹਨ। ਅਮਰੀਕਾ ਦੇ ਵਸਨੀਕ ਹਰਮਹਿੰਦਰ ਚਹਿਲ ਪੰਜਾਬੀ ਸਾਹਿਤ ਵਿਚ ਇਕ ਬਿਲਕੁਲ ਨਵਾਂ ਨਾਮ ਹੈ। ਇਨ੍ਹਾਂ ਦੇ ਪਹਿਲੇ ਨਾਵਲ ਦੇ ਪ੍ਰਕਾਸ਼ਨ ਨਾਲ ਹੀ ਇਨ੍ਹਾਂ ਨੂੰ ਪੰਜਾਬੀ ਸਾਹਿਤ ਵਿਚ ਗੌਲਿਆ ਗਿਆ। ਇਨ੍ਹਾਂ ਦਾ ਪਹਿਲਾਂ ਨਾਵਲ 'ਬਲੀ' 2009 ਵਿਚ ਪ੍ਰਕਾਸ਼ਿਤ ਹੋਇਆ। ਇਹ ਨਾਵਲ ਪਾਠਕਾਂ ਵਲੋਂ ਬਹੁਤ ਸਰਾਹਿਆ ਗਿਆ।

ਹਰਮਹਿੰਦਰ ਚਹਿਲ ਦਾ ਇਹ ਨਾਵਲ 'ਨਵਯੁਗ' ਅਜਿਹੇ ਬਿਰਤਾਂਤ ਦੀ ਸਿਰਜਣਾ ਹੈ ਜਿਸ ਵਿਚ ਪਾਤਰ ਪੰਜਾਬ ਦੀ ਧਰਤੀ ਨੂੰ ਛੱਡ ਕੇ ਅਮਰੀਕਾ ਦੀ ਧਰਤੀ ਤੇ ਪਰਵਾਸ ਕਰ ਗਏ ਹਨ। ਪੰਛੀਆਂ ਵਿਚ ਤਾਂ ਪਰਵਾਸ ਅਸੀਂ ਆਮ ਸੁਣਿਆ ਹੈ ਕਿ ਅੱਜ ਕੱਲ੍ਹ ਪਰਵਾਸੀ ਪੰਛੀ ਆਏ ਹੋਏ ਹਨ। ਇਸ ਦਾ ਜ਼ਿਕਰ ਸਾਨੂੰ ਗੁਰਬਾਣੀ ਸਾਹਿਤ ਵਿਚ ਵੀ ਮਿਲਦਾ ਹੈ ਜਦੋਂ ਗੁਰੂ ਸਾਹਿਬ ਇਹ ਤੁਕਾਂ ਉਚਾਰਦੇ ਹਨ;

ਊਡੇ ਊਡਿ ਆਵੈ ਸੈ ਕੋਸਾਂ
ਤਿਸੁ ਪਾਛੇ ਬਚਰੇ ਛਰਿਆ।

ਪਰ ਪੰਛੀਆਂ ਵਾਂਗ ਇਨਸਾਨਾਂ ਵਿਚ ਵੀ ਪਰਵਾਸ ਦੀ ਪ੍ਰਵਿਰਤੀ ਨੂੰ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਜਦੋਂ ਵੀ ਕੋਈ ਇਨਸਾਨ ਪਰਵਾਸ ਕਰਦਾ ਹੈ ਤਾਂ ਉਹ ਆਪਣੇ ਨਾਲ ਆਪਣੇ ਸਭਿਆਚਾਰ, ਕਦਰਾਂ-ਕੀਮਤਾਂ ਨੂੰ ਵੀ ਲੈ ਕੇ ਜਾਂਦਾ ਹੈ। ਇਨਸਾਨ ਵਿਚ ਦੇਸ਼-ਵਿਦੇਸ਼ਾਂ ਦੀ ਯਾਤਰਾ ਦੀ ਪ੍ਰਵਿਰਤੀ ਤਾਂ ਆਦਿ ਕਾਲ ਤੋਂ ਹੀ ਚਲੀ ਆ ਰਹੀ ਹੈ ਅਤੇ ਇਹ ਵੀ ਇਕ ਜੀਊਂਦੇ ਜਾਗਦੇ ਮਨੁੱਖ ਦਾ ਪ੍ਰਮਾਣ ਹੈ। ਮਨੁੱਖ ਦੀ ਇਸ ਪ੍ਰਵਿਰਤੀ ਨਾਲ ਸਭਿਆਚਾਰਾਂ, ਸੰਸਕ੍ਰਿਤੀਆਂ ਦਾ ਸੁਮੇਲ ਵੀ ਹੁੰਦਾ ਵੇਖਿਆ ਜਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬ ਨੂੰ ਪਹਿਲੇ ਥਾਂ 'ਤੇ ਰੱਖਿਆ ਜਾ ਸਕਦਾ ਹੈ।

ਪ੍ਰੋਫ਼ੈਸਰ ਦੇਵਿੰਦਰ ਸਿੰਘ ਵਿਦੇਸ਼ਾਂ ਵਿਚ ਪਰਵਾਸ ਧਾਰਨ ਕੀਤੇ ਇਨ੍ਹਾਂ ਪੰਜਾਬੀਆਂ ਦੀਆਂ ਦੋ ਪੀੜ੍ਹੀਆਂ ਬਣਾਉਂਦੇ ਹਨ।

"ਇਕ ਪੀੜ੍ਹੀ 1960 ਤੋਂ ਪਹਿਲਾਂ ਦੀ ਪੀੜ੍ਹੀ ਹੈ ਜੋ ਵਿਦੇਸ਼ਾਂ ਦੇ ਸੰਕਲਪ ਤੋਂ ਵਧੇਰੇ ਕਰਕੇ ਅਚੇਤ ਸੀ। ਮਿਹਨਤ ਮਜਦੂਰੀ 'ਚ ਥੱਕ-ਟੁੱਟ ਕੇ, ਉਹ ਦੇਸ਼ ਭੁੱਲੇ ਰਹਿੰਦੇ। 1960 ਤੋਂ ਬਾਅਦ ਦੀ ਪੀੜ੍ਹੀ, ਜੋ ਵਿਦੇਸ਼ਾਂ 'ਚ ਰਹਿ ਕੇ ਵੀ ਆਪਣੇ ਹੱਕਾਂ ਪ੍ਰਤੀ ਜਾਗਰੁਕ ਸੀ ਅਤੇ ਉਥੋਂ ਦੇ ਸਥਾਈ ਵਸਨੀਕਾਂ ਦੀ ਕਿਸੇ ਪ੍ਰਕਾਰ ਦੀ ਕੀਤੀ ਹੱਤਕ ਨੂੰ ਸਵੈਮਾਨ ਨਾਲ ਜੋੜ ਉਸ ਉਪਰ ਰੋਹ ਪ੍ਰਗਟ ਕਰਦੀ। ਇਸੇ ਲਈ ਉਹਨਾਂ ਦੀਆਂ ਸਿਮ੍ਰਤੀਆਂ 'ਚ ਦੇਸ਼ ਪ੍ਰਤੀ ਮੋਹ ਤੇ ਪ੍ਰਦੇਸ਼ ਨਾਲ ਤਕਰਾਰ ਸੁਭਾਵਕ ਸੀ।"



ਇਸ ਨਾਵਲ ਵਿਚ ਹਰਮਹਿੰਦਰ ਚਹਿਲ ਨੇ ਜਿਹੜੀ ਮੁੱਖ ਸਮੱਸਿਆ ਨਾਲ ਰੂਬਰੂ ਕਰਵਾਇਆ ਹੈ ਉਹ ਹੈ ਪਰਵਾਸ ਧਾਰਨ ਕੀਤੇ ਪੰਜਾਬੀਆਂ ਦੇ ਸਾਹਵੇਂ ਪੇਸ਼ ਆਉਂਦੀਆਂ ਸਮੱਸਿਆਵਾਂ। ਖਾਸ ਕਰਕੇ ਇਸ ਵਿਦੇਸ਼ੀ ਧਰਤੀ ਤੇ ਪੈਦਾ ਹੋਈ ਉਨ੍ਹਾਂ ਦੀ ਔਲਾਦ ਹੈ। ਇਹ ਇਸ ਪੱਛਮੀ ਸਭਿਅਤਾ ਵਿਚ ਜੰਮੀ ਪਲੀ ਤੇ ਵੱਡੀ ਹੋਈ, ਉਨ੍ਹਾਂ ਦਾ ਪੰਜਾਬ, ਪੰਜਾਬੀਅਤ ਤੇ ਸਭਿਆਚਾਰ ਨਾਲ ਕੋਈ ਲਗਾਵ ਨਹੀਂ ਹੁੰਦਾ। ਇਹ ਬੱਚੇ ਇਸੇ ਪੱਛਮੀ/ਵਿਦੇਸ਼ੀ ਸਭਿਆਚਾਰ ਤੋਂ ਪ੍ਰਭਾਵਿਤ ਹੋ ਕੇ ਇਕ ਵੱਖਰੀ ਤਰ੍ਹਾਂ ਦਾ ਜੀਵਨ ਜੀਉਣ ਲਗਦੇ ਹਨ, ਜਿਹੜਾ ਕਿ ਇਨ੍ਹਾਂ ਦੇ ਮਾਂ-ਬਾਪ ਨੂੰ ਬਿਲਕੁਲ ਹੀ ਪਸੰਦ ਨਹੀਂ ਹੁੰਦਾ।

ਪਰਵਾਸ ਕੋਈ ਵਿਅਕਤੀ ਜਾਂ ਤਾਂ ਆਪਣੀ ਇੱਛਾ ਨਾਲ ਕਰਦਾ ਹੈ ਜਾਂ ਕਈ ਵਾਰੀ ਪਰਵਾਸ ਆਰਥਿਕ ਮਜਬੂਰੀਆਂ ਵਸ ਵੀ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ ਦੂਜਾ ਕਾਰਣ ਵਧੇਰੇ ਵੇਖਣ ਨੂੰ ਮਿਲਦਾ ਹੈ। ਪਰਵਾਸ ਦੇ ਜਦੋਂ ਅਸੀਂ ਦੂਜੇ ਕਾਰਣ ਆਰਥਕ ਮੰਦਹਾਲੀ ਦੀ ਗੱਲ ਕਰਦੇ ਹਾਂ ਤਾਂ ਨਾਵਲ ਵਿਚ ਚਾਹਿਲ ਨੇ ਕਿਰਪਾਲ ਪਾਤਰ ਰਾਹੀਂ ਇਸ ਦਾ ਬਿਰਤਾਂਤ ਸਿਰਜਿਆ ਹੈ:

> "ਬਾਪੂ ਜੇ ਮੈਂ ਇੱਥੇ ਰਿਹਾਂ ਤਾਂ ਕੀ ਹੋਊ ? ਵਧ ਤੋਂ ਵਧ ਚਾਰ ਪੈਸੇ ਘਰੇ ਆਉਣ ਲਗ ਜਾਣਗੇ। ਪਰ ਮੈਨੂੰ ਪਤਾ ਐ ਕਿ ਐਡੇ ਵੱਡੇ ਟੱਬਰ ਦਾ ਇਸ ਨਾਲ ਸਰਨਾ ਨ੍ਹੀ। ਪਰ ਜੇਕਰ ਕੇਰਾਂ ਮੈਂ ਅਮਰੀਕਾ ਚਲਿਆ ਗਿਆ ਤਾਂ ਸਭ ਧੋਣੇ ਧੋਤੇ ਜਾਣਗੇ।"

ਸਧਾਰਣ ਮੱਧ ਵਰਗ ਦੇ ਲੋਕ ਜਿਨ੍ਹਾਂ ਦੀਆਂ ਆਰਥਕ ਲੋੜਾਂ ਦੇਸ਼ ਵਿਚ ਰਹਿ ਕੇ ਪੂਰੀਆਂ ਨਹੀਂ ਹੋ ਸਕਦੀਆਂ, ਉਹਨਾਂ ਨੂੰ ਮਜ਼ਬੂਰੀ ਵਸ ਪਰਵਾਸ ਕਰਨਾ ਪਿਆ। ਇਨ੍ਹਾਂ ਲੋਕਾਂ ਨੇ ਜਿਸ ਨੂੰ ਅਸੀਂ ਪਹਿਲੀ ਪੀੜ੍ਹੀ ਕਹਿੰਦੇ ਹਾਂ, ਇਨ੍ਹਾਂ ਨੇ ਵਿਦੇਸ਼ਾਂ ਵਿਚ ਜਾ ਕੇ ਹੱਡਭੰਨਵੀਂ ਮਿਹਨਤ ਕੀਤੀ ਅਤੇ ਆਪਣੇ ਆਪ ਨੂੰ ਰੋਟੀ ਕਮਾਉਣ ਯੋਗ ਬਣਾ ਲਿਆ। ਇਹ ਪੀੜ੍ਹੀ ਜਦੋਂ ਵਿਦੇਸ਼ਾਂ ਵਿਚ ਗਈ ਤਾਂ ਆਪਣੇ ਨਾਲ ਆਪਣੀ ਸੰਸਕ੍ਰਿਤੀ, ਕਦਰਾਂ-ਕੀਮਤਾਂ ਵੀ ਨਾਲ ਲੈ ਕੇ ਗਈ ਕਿਉਂਕਿ ਪਰਵਾਸ ਸਿਰਫ਼ ਵਿਅਕਤੀ ਦਾ ਹੀ ਨਹੀਂ ਹੁੰਦਾ ਜਾਂ ਧਰਤੀ ਦਾ ਹੀ ਨਹੀਂ ਹੁੰਦਾ ਸਗੋਂ ਸਭਿਆਚਾਰਕ ਕਦਰਾਂ-ਕੀਮਤਾਂ ਦਾ ਵੀ ਹੁੰਦਾ ਹੈ। ਆਪਣੀ ਭੂਗੋਲਿਕ ਇਕਾਈ ਤੋਂ ਤਾਂ ਉਹ ਵਿਛੜਦਾ ਹੀ ਹੈ ਨਾਲ ਹੀ ਇਕ ਭਰਪੂਰ ਜੀਵਨ ਸ਼ੈਲੀ ਤੋਂ ਵੀ ਵਿਛੜਦਾ ਹੈ। ਇਸ ਪੀੜ੍ਹੀ ਨੇ ਜਿਥੇ ਆਪ ਤਾਂ ਪਰਵਾਸ ਕੀਤਾ ਹੀ, ਨਾਲ ਹੀ ਆਪਣੇ ਪਰਿਵਾਰਾਂ ਨੂੰ ਵੀ ਪਰਵਾਸ ਕਰਵਾਇਆ।

'ਨਵਯੁਗ' ਨਾਵਲ ਪੰਜਾਬ ਦੀ ਧਰਤੀ ਨੂੰ ਛੱਡ ਕੇ ਅਮਰੀਕਾ ਦੀ ਧਰਤੀ ਤੇ ਪਰਵਾਸ ਕਰ ਗਏ ਪਾਤਰਾਂ ਦੀ ਕਹਾਣੀ ਹੈ ਜਿਹੜੀ ਉਥੇ ਜਾ ਕੇ ਹੱਡ-ਭੰਨਵੀਂ ਮਿਹਨਤ ਕਰਦੀ ਹੈ। ਇਥੇ ਆ ਕੇ ਇਸ ਪੀੜ੍ਹੀ ਨੂੰ ਕਈ ਮੁਸ਼ਕਲਾਂ ਜਿਵੇਂ ਪਰਿਵਾਰ ਵਿਛੋੜਾ/ਦੂਰੀ, ਨਸਲੀ ਵਿਤਕਰਾ, ਅਰਥਕ ਤੰਗੀ ਤੇ ਬੇਗਾਨਗੀ ਜਿਹੀਆਂ ਮੁਸ਼ਕਲਾਂ ਨਾਲ ਜੂਝਣਾ ਪਿਆ। ਜਿਵੇਂ ਕਿ ਇਸ ਨਾਵਲ ਦਾ ਪਾਤਰ ਕਿਰਪਾਲ ਹੈ। ਕਿਰਪਾਲ ਭਾਰਤ ਤੋਂ ਡਾਕਟਰੀ ਦੀ ਪੜ੍ਹਾਈ ਕਰਕੇ ਅਮਰੀਕਾ ਆਉਂਦਾ ਹੈ ਅਤੇ ਬਾਅਦ ਵਿਚ ਆਪਣੇ ਭਰਾਵਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਬੁਲਾ ਲੈਂਦਾ ਹੈ। ਭਾਵੇਂ ਉਹ ਅੱਜ ਆਪ ਉਹਨਾਂ ਨਾਲ ਸਿਰਫ਼ ਵਿਆਹ ਸ਼ਾਦੀਆਂ ਜਾਂ ਗ਼ਮੀ ਦੇ ਮੌਕੇ ਤੇ ਹੀ ਮਿਲਦਾ ਹੈ ਅਤੇ ਇਕੱਲਾ ਹੀ ਰਹਿ ਕੇ ਹੱਡਭੰਨਵੀਂ ਮਿਹਨਤ ਕਰਦਾ ਹੈ। ਆਪਣੀ ਇਸੇ ਮਿਹਨਤ ਸਦਕਾ ਉਸਨੇ ਸਮਾਜ ਵਿਚ ਇਕ ਚੰਗਾ ਰੁਤਬਾ, ਆਲੀਸ਼ਾਨ ਮਕਾਨ, ਮਹਿੰਗੀਆਂ ਮਹਿੰਗੀਆਂ

ਕਾਰਾਂ ਬਣਾ ਲਈਆਂ ਹਨ। ਜਿਥੇ ਉਸ ਦੇ ਭਰਾ ਪੰਦਰਾਂ-ਪੰਦਰਾਂ ਘੰਟੇ ਮਿਹਨਤ ਕਰਦੇ ਹਨ ਪਰ ਫਿਰ ਵੀ ਉਹ ਕਿਰਪਾਲ ਜਿੰਨਾਂ ਨਹੀਂ ਕਮਾ ਸਕਦੇ। ਇਸ ਕਾਰਣ ਸ਼ਾਇਦ ਇਹ ਤੀਜੀ ਪੀੜ੍ਹੀ ਜਿਹੜੀ ਇਸੇ ਸਭਿਆਚਾਰ ਵਿਚ ਜੰਮੀ ਪਲੀ ਤੇ ਵੱਡੀ ਹੋਈ ਹੈ, ਉਹ ਆਪਣਾ ਆਦਰਸ਼ ਕਿਰਪਾਲ ਨੂੰ ਮੰਨਦੇ ਹਨ ਤੇ ਉਹ ਵੀ ਉੱਚ ਵਿਦਿਆ ਹਾਸਲ ਕਰਕੇ ਚੰਗੀ ਜਗ੍ਹਾ ਨੌਕਰੀ ਕਰਨਾ ਚਾਹੁੰਦੇ ਹਨ। ਇਸ ਪੀੜ੍ਹੀ ਵਿਚੋਂ ਸਭ ਤੋਂ ਵੱਡੇ ਬੱਚੇ ਕੁਲਦੀਪ ਤੇ ਕਰਮੀ ਜਿਹੜੇ ਇਸ ਤੀਜੀ ਪੀੜ੍ਹੀ ਦੇ ਪ੍ਰਤੀਨਿਧ ਪਾਤਰ ਹਨ, ਉਹ ਪੜ੍ਹ ਲਿਖ ਕੇ ਚੰਗੀ ਨੌਕਰੀ ਕਰ ਰਹੇ ਹਨ। ਉਹਨਾਂ ਤੋਂ ਛੋਟੇ ਬੱਚੇ ਵੀ ਇਨ੍ਹਾਂ ਦੋਹਾਂ ਦੀਆਂ ਪੈੜਾਂ 'ਤੇ ਚਲ ਰਹੇ ਹਨ।

ਇਹ ਤੀਜੀ ਪੀੜ੍ਹੀ ਦੀ ਨਾਵਲ ਵਿਚ ਪ੍ਰਤੀਨਿਧਤਾ, ਕੁਲਦੀਪ, ਬੀਰਾ, ਦੀਪਾ, ਨਿੰਦੀ, ਧਰਮੀ, ਕਰਮੀ ਵਰਗੇ ਪਾਤਰ ਕਰਦੇ ਨਜ਼ਰ ਆਉਂਦੇ ਹਨ। ਇਹ ਪਾਤਰ ਇਹੋ ਜਿਹੇ ਹਨ ਜਿਹੜੇ ਵਰਤਮਾਨ ਵਿਚ ਜਿਊਣ 'ਚ ਵਿਸ਼ਵਾਸ ਰੱਖਦੇ ਹਨ। ਇਹ ਪੀੜ੍ਹੀ ਸੰਵਾਦ 'ਤੇ ਖਲੋਤੀ ਹੋਈ ਹੈ। ਇਹ ਹਰ ਗੱਲ ਨੂੰ ਤਰਕਪੂਰਣ ਨਜ਼ਰੀਏ ਤੋਂ ਵੇਖਦੀ ਹੈ। ਸਭ ਤੋਂ ਖਾਸ ਗੱਲ ਤਾਂ ਇਹ ਹੈ ਕਿ ਭਾਵੇਂ ਇਹ ਨਵੀਂ ਪੀੜ੍ਹੀ ਹੈ ਪਰ ਇਹ ਆਪਣੇ ਪੁਰਾਣੇ ਇਤਿਹਾਸ ਤੇ ਵਿਰਸੇ ਦੀ ਸੂਝ ਵੀ ਰੱਖਦੀ ਹੈ। ਮੇਰੀ ਜਾਚੇ ਉਹ ਕਿਧਰੇ ਨਾ ਕਿਧਰੇ ਆਪਣੀ ਪੁਰਾਤਨ ਪਰੰਪਰਾ ਨੂੰ ਵੀ ਨਾਲ ਲੈ ਕੇ ਤੁਰਦੀ ਹੈ ਕਿਉਂਕਿ ਸਾਡੇ ਗੁਰੂ ਸਾਹਿਬਾਨਾਂ ਨੇ ਵੀ ਤਾਂ ਸੰਵਾਦ ਰਚਾਉਣ ਦੀ ਗੱਲ ਉਤੇ ਜ਼ੋਰ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਵੀ ਤਾਂ ਇਹ ਕਿਹਾ ਹੈ ਕਿ 'ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛ ਕਹੀਐ।'

ਕੁਲਦੀਪ ਤੇ ਬੀਰੇ ਦੇ ਸੰਵਾਦ ਵਿਚੋਂ ਇਹ ਗੱਲ ਸਾਫ ਉਭਰ ਕੇ ਸਾਹਮਣੇ ਆਉਂਦੀ ਹੈ ਜਦੋਂ ਬੀਰਾ ਧਰਮ ਪਰਿਵਰਤਨ ਕਰਕੇ ਮੁਸਲਮਾਨ ਬਣਨਾ ਚਾਹੁੰਦਾ ਹੈ ਤਾਂ ਕੁਲਦੀਪ ਉਸ ਨਾਲ ਸੰਵਾਦ ਰਚਾਉਂਦਿਆਂ ਗੁਰੂ ਸਾਹਿਬ ਦੀ ਵਿਚਾਰਧਾਰਾ ਦੱਸ ਕੇ ਉਸਦੇ ਮਨ ਦੇ ਸ਼ੰਕਿਆਂ ਦਾ ਨਿਵਾਰਣ ਕਰਦਾ ਹੈ,

> "ਹਾਂ ਸਾਡੇ ਗੁਰੂਆਂ ਨੇ ਸ਼ਹਾਦਤਾਂ ਦੇ ਕੇ ਮਿਸਾਲਾਂ ਕਾਇਮ ਕੀਤੀਆਂ। ਪੰਜਵੇਂ ਗੁਰੂ ਤੇ ਨੌਵੇਂ ਗੁਰੂ ਸਾਹਬ ਨੇ ਸ਼ਾਂਤਮਈ ਰਹਿੰਦਿਆਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਨੇ ਬੰਦੇ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਲਈ ਸ਼ਹੀਦੀ ਦਿੱਤੀ। ਲੜਾਈਆਂ ਉਨ੍ਹਾਂ ਵੀ ਲੜੀਆਂ ਪਰ ਕਿਸੇ ਨੂੰ ਮਾਰਨ ਵਾਸਤੇ ਨਹੀਂ ਸਗੋਂ ਸੈਲਫ਼ ਡਿਫੈਂਸ ਵਾਸਤੇ।"

ਇਹ ਪੀੜ੍ਹੀ ਆਪਣੇ ਹੱਕਾਂ ਪ੍ਰਤੀ ਚੇਤਨ ਨਜ਼ਰ ਆਉਂਦੀ ਹੈ ਕਿਉਂਕਿ ਉਨ੍ਹਾਂ ਦਾ ਵਿਚਾਰ ਹੈ ਕਿ ਅੱਜ ਸਮਾਂ ਹਥਿਆਰਾਂ ਨਾਲ ਲੜਨ ਦਾ ਨਹੀਂ ਸਗੋਂ ਦਿਮਾਗ ਨਾਲ ਲੜਨ ਦਾ ਹੈ:

> "ਅਜ ਪੁਰਾਣੇ ਵੇਲੇ ਨ੍ਹੀ ਰਹੇ। ਸੰਸਾਰ ਬਦਲ ਗਿਆ ਐ। ਬਹੁਤੇ ਮੁਲਕਾਂ 'ਚ ਘਰੇਲੂ ਯੁੱਧ ਚੱਲ ਰਹੇ ਨੇ। ਨਾਲੇ ਬੀਰੇ ਅੱਜ ਲੜਾਈ ਮਾਰਾ ਮਾਰਾਈ ਦੀ ਨ੍ਹੀ ਰਹੀ। ਅੱਜ ਲੜਾਈ ਦਿਮਾਗ ਦੀ ਐ। ਤੁਸੀਂ ਵੱਧ ਤੋਂ ਵੱਧ ਪੜ੍ਹਾਈ ਕਰਕੇ ਆਪਣੇ ਮੁਲਕ ਦੀ ਤਰੱਕੀ 'ਚ ਹਿੱਸਾ ਪਾਵੋ ਤਾਂ ਕਿ ਸਾਡਾ ਮੁਲਕ ਕਿਸੇ ਤੋਂ ਪਿੱਛੇ ਨਾ ਰਹੇ।"



ਨਵੀਂ ਨੌਜਵਾਨ ਪੀੜ੍ਹੀ ਆਪਣੇ ਧਰਮ, ਆਪਣੇ ਵਿਰਸੇ, ਪਰੰਪਰਾ ਦੀ ਪੂਰੀ ਸੋਝੀ ਰੱਖਦੀ ਹੈ। ਉਸ 'ਤੇ ਅੰਨਾ ਵਿਸ਼ਵਾਸ ਨਹੀਂ ਕਰਦੀ, ਤਰਕ ਤੇ ਤੁਲਨਾਤਮਕ ਰਵੱਈਆ ਵੀ ਰੱਖਦੀ ਹੈ। ਜਿਵੇਂ ਕਿ ਨਾਵਲ ਵਿਚ ਕੁਲਦੀਪ ਇਸਲਾਮੀ ਜੇਹਾਦ ਦੀ ਗੱਲ ਕਰਦਾ ਹੋਇਆ ਦਸ ਪ੍ਰਕਾਰ ਦੇ ਜੇਹਾਦ ਬਾਰੇ ਦੱਸਦਾ ਹੈ ਅਤੇ ਇਹ ਵਿਚਾਰ ਪੇਸ਼ ਕਰਦਾ ਹੈ ਕਿ ਅਗਰ ਬੰਦੇ ਨੇ ਨੌਂ ਜੇਹਾਦ 'ਤੇ ਕਾਬੂ ਪਾ ਲਿਆ ਤਾਂ ਦਸਵੇਂ ਜੇਹਾਦ ਤੇ ਮਰਨ-ਮਾਰਣ ਦੀ ਲੋੜ ਹੀ ਨਹੀਂ ਰਹੇਗੀ।

ਨਾਵਲ ਵਿਚ ਪੱਛਮੀ ਜੀਵਨ ਦੇ ਪ੍ਰਭਾਵ 'ਚ ਜੀਉਂਦੀ ਨਵੀਂ ਪੀੜ੍ਹੀ ਖੁੱਲ੍ਹ ਡੁੱਲ ਦਾ ਜੀਵਨ ਬਤੀਤ ਕਰਨਾ ਚਾਹੁੰਦੀ ਹੈ। ਇਸ ਵਿਚ ਉਹ ਮਾਂ-ਬਾਪ ਦੁਆਰਾ ਲਗਾਈਆਂ ਪਾਬੰਦੀਆਂ, ਉਨ੍ਹਾਂ ਦੁਆਰਾ ਲੱਭੇ ਜੀਵਨ ਸਾਥੀ ਨਾਲ ਵਿਆਹ ਕਰਾਉਣ ਤੋਂ ਵੀ ਇਨਕਾਰੀ ਹਨ। ਨਾਵਲ ਵਿਚਲਾ ਪਾਤਰ ਕੁਲਦੀਪ, ਨਵੇਂ ਵਿਚਾਰਾ ਵਾਲਾ ਬਹੁਤ ਹੀ ਸੂਝਵਾਨ ਤੇ ਸਿਆਣਾ ਮੁੰਡਾ ਹੈ। ਕੁਲਦੀਪ ਦੇ ਮਾਂ-ਬਾਪ ਉਸ ਤੋਂ ਪੁੱਛੇ ਬਿਨਾਂ ਉਸ ਦੇ ਵਿਆਹ ਦੀ ਗੱਲ ਚਲਾਉਂਦੇ ਹਨ। ਉਨ੍ਹਾਂ ਦੇ ਵਾਰਤਾਲਾਪ ਵਿਚੋਂ ਹੀ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਹ ਪੀੜ੍ਹੀ ਆਪਣੇ ਫ਼ੈਸਲੇ ਖ਼ੁਦ ਕਰਨਾ ਮੰਗਦੀ ਹੈ ਚਾਹੇ ਉਹ ਫ਼ੈਸਲਾ ਵਿਆਹ, ਨੌਕਰੀ, ਪੜ੍ਹਾਈ ਦਾ ਹੀ ਕਿਉਂ ਨਾ ਹੋਵੇ। ਇਹ ਕਿਉਂਕਿ ਇਥੇ ਪੱਛਮੀ ਸਭਿਆਚਾਰ ਵਿਚ ਪਲੇ ਬੜੇ ਹੋਏ, ਇਨ੍ਹਾਂ ਨੂੰ ਭਾਰਤ ਵਿਚ ਕਿਸ ਤਰ੍ਹਾਂ ਦਾ ਸਭਿਆਚਾਰ ਹੈ, ਕਿਸੇ ਦੀ ਕਿੰਨੀ ਜ਼ਮੀਨ ਹੈ, ਕਿਤਨੀ ਦੌਲਤ ਹੈ, ਇਨ੍ਹਾਂ ਗੱਲਾਂ ਨਾਲ ਇਸ ਪੀੜ੍ਹੀ ਦਾ ਕੋਈ ਵਾਸਤਾ ਨਹੀਂ। ਇਹ ਕਿਸੇ ਵੀ ਲਾਲਚ ਵਿਚ ਨਹੀਂ ਫਸਣਾ ਚਾਹੁੰਦੀ ਸਗੋਂ ਵਰਤਮਾਨ ਵਿਚ ਰਹਿੰਦੇ ਹੋਏ ਆਪਣੇ ਫ਼ੈਸਲੇ ਖ਼ੁਦ ਕਰਨਾ ਚਾਹੁੰਦੀ ਹੈ। ਉਹ ਆਪਣੀ ਪਸੰਦ ਦੇ ਜੀਵਨ ਸਾਥੀ ਨਾਲ ਪਹਿਲਾਂ ਦੋਸਤੀ ਕਰਕੇ, ਇਕ ਦੂਜੇ ਨੂੰ ਸਮਝ ਕੇ ਵਿਆਹ ਕਰਨਾ ਚਾਹੁੰਦੇ ਹਨ। ਇਹ ਬੱਚੇ ਜ਼ਿਆਦਾਤਰ ਲਿਵਿੰਗ ਰਿਲੇਸ਼ਨ ਵਿਚ ਹੀ ਰਹਿਣਾ ਚਾਹੁੰਦੇ ਹਨ ਅਤੇ ਵਿਆਹ ਜਿਹੇ ਬੰਧਨ ਵਿਚ ਨਹੀਂ ਬੱਝਣਾ ਚਾਹੁੰਦੇ। ਉਥੇ ਦੂਜੀ ਤਰਫ ਵਰਜਣਾਵਾਂ/ਟੈਬੂਜ਼ ਦੇ ਮਾਹੌਲ ਵਿਚੋਂ ਨਿਕਲਦੇ ਇਨ੍ਹਾਂ ਦੇ ਮਾਂ-ਬਾਪ ਵਾਲੀ ਪੀੜ੍ਹੀ ਸਹਿਜੇ ਹੀ ਖੁੱਲ੍ਹੇ ਮਾਹੌਲ ਨੂੰ ਬੜੀ ਅਸਾਨੀ ਨਾਲ ਕਬੂਲ ਤਾਂ ਕਰਦੀ ਹੈ ਪਰ ਆਪਣੇ ਸੰਸਕਾਰ, ਕਦਰਾਂ-ਕੀਮਤਾਂ ਨੂੰ ਨਹੀਂ ਭੁਲਾ ਸਕਦੀ। ਉਨ੍ਹਾਂ ਦੀ ਸੋਚ/ਜ਼ਹਿਨੀਅਤ ਵਿਚ ਹਾਲੇ ਵੀ ਆਪਣੇ ਪਰੰਪਰਕ ਵਿਚਾਰ ਭਾਰੂ ਹਨ। ਉਹ ਹਾਲੇ ਵੀ ਅਗਰ ਆਪਣੇ ਬੱਚਿਆਂ ਦਾ ਵਿਆਹ ਕਰਨਾ ਚਾਹੁੰਦੇ ਹਨ ਤਾਂ ਆਪਣੇ ਦੇਸ਼ ਵਿਚ ਹੀ ਕਰਨਾ ਚਾਹੁੰਦੇ ਹਨ। ਇਨ੍ਹਾਂ ਦੇ ਮਾਂ-ਬਾਪ ਨੂੰ ਇਹ ਝੋਰਾ ਖਾਈ ਜਾਂਦਾ ਹੈ ਕਿ "ਪੁੱਤ ਪਿਛੋਂ ਕੋਈ ਨਾਂ ਲੈਣ ਵਾਲਾ ਵੀ ਹੋਊਗਾ ਕਿ ਨ੍ਹੀ।" ਮਾਂ-ਬਾਪ ਸਮਾਜ ਵਿਚ ਆਪਣੀ ਨੱਕ ਉਚੀ ਕਰਨ ਲਈ ਕਿ ਸਾਡੇ ਬੱਚੇ ਨੇ ਸਾਡੀ ਮਰਜ਼ੀ ਦਾ ਵਿਆਹ ਕਰਵਾਇਆ ਹੈ ਤੇ ਇਸੇ ਗੱਲ ਦੇ ਮਾਣ ਵਿਚ ਜੀਊਂਦੇ ਹਨ ਜਿਵੇਂ ਕਿ ਨਾਵਲ ਵਿਚਲੀ ਪਾਤਰ ਕਰਮੀ ਹੈ। ਕਰਮੀ ਨੇ ਆਪਣੇ ਮਾਂ-ਬਾਪ ਦੀ ਮਰਜ਼ੀ ਨਾਲ ਵਿਆਹ ਕਰਵਾਇਆ ਸੀ ਅਤੇ 'ਜਿਹੜੀ ਗਿੱਲੀ ਲੱਕੜ ਵਾਂਗੂ ਅਜ ਤਕ ਧੁਖ ਰਹੀ ਹੈ।'

ਨਾਵਲੀ ਬਿਰਤਾਂਤ ਰਾਹੀਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ,

"ਉਧਰ ਬਲਕਾਰ ਸਿੰਘ ਹੈਰਾਨ ਹੋ ਰਿਹਾ ਸੀ ਕਿ ਕੁਲਦੀਪ, ਮਾਨਵਤਾ ਪੱਖੋਂ ਬੜੇ ਉਚੇ ਖਿਆਲਾਂ ਦਾ ਹੈ। ਇਕ ਵਿਧਵਾ ਕੁੜੀ ਨਾਲ ਜ਼ਿੰਦਗੀ ਬਿਤਾਉਣ ਦਾ ਤਹੱਈਆ ਕਰੀ ਬੈਠਾ ਹੈ।"

ਕੁਲਦੀਪ ਪਿਛਲੇ ਚਾਰ ਸਾਲਾਂ ਤੋਂ ਜਿਸ ਕੁੜੀ ਨਾਲ ਰਹਿ ਰਿਹਾ ਹੈ ਉਹ ਵਿਧਵਾ ਹੈ ਤੇ ਉਸਦੇ ਦੋ ਬੱਚੇ ਵੀ ਹਨ। ਕੁਲਦੀਪ ਦੁਆਰਾ ਲੇਖਕ ਕਿਧਰੇ ਨਾ ਕਿਧਰੇ ਨੌਜਵਾਨ/ਨਵੀਂ ਪੀੜ੍ਹੀ ਰਾਹੀਂ ਆਪਣੇ ਵਿਚਾਰ ਵੀ ਪਾਠਕਾਂ ਨਾਲ ਸਾਂਝੇ ਕਰਦਾ ਨਜ਼ਰ ਆਉਂਦਾ ਹੈ ਕਿ ਹੁਣ ਸਮਾਂ ਬਦਲ ਗਿਆ ਹੈ। ਨਵੀਂ ਪੀੜ੍ਹੀ ਆਪਣੀ ਸੂਝ-ਬੂਝ ਤੇ ਵਿਸ਼ਵਾਸ ਕਰਕੇ ਫੈਸਲੇ ਲੈਂਦੀ ਹੈ। ਉਹਨਾਂ ਨੂੰ ਸਮਾਜ ਸੁਸਾਇਟੀ ਦੀ ਕੋਈ ਪਰਵਾਹ ਨਹੀਂ ਹੈ ਕਿ ਕੋਈ ਕੀ ਕਹੇਗਾ। ਉਹ ਵਰਤਮਾਨ ਵਿਚ ਜੀਊਣ ਵਾਲੀ ਪੀੜ੍ਹੀ ਹੈ।

ਨਾਵਲ ਦਾ ਇਕ ਹੋਰ ਧੁਰਾ ਹੈ- ਔਰਤ ਮਰਦ ਦਾ ਰਿਸ਼ਤਾ। ਇਹ ਨਾਵਲ ਵਿਚ ਦਰਸ਼ਨ ਤੇ ਕਰਮੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਭਾਵੇਂ ਹੋਰ ਪਹਿਲੀ ਪੀੜ੍ਹੀ ਦੀਆਂ ਇਸਤਰੀ ਪਾਤਰਾਂ ਨੂੰ ਵੀ ਆਪਣੇ ਫੈਸਲੇ ਖੁਦ ਲੈਣ ਦਾ ਅਧਿਕਾਰ ਨਹੀਂ ਹੈ। ਇਸ ਪੀੜ੍ਹੀ ਦੇ ਸਾਰੇ ਫੈਸਲੇ ਮਰਦ ਹੀ ਕਰਦੇ ਹਨ। ਕਿਉਂਕਿ ਪਰੰਪਰਕ ਸਮਾਜ, ਮਰਦ ਪ੍ਰਧਾਨ ਸਮਾਜ ਸੀ ਇਸ ਕਰਕੇ ਸਾਰੇ ਫੈਸਲੇ ਲੈਣ ਦਾ ਹੱਕ ਵੀ ਮਰਦ ਨੂੰ ਹੀ ਸੀ। ਪਰੰਤੂ ਨਾਵਲ ਵਿਚ ਨਵੀਂ ਪੀੜ੍ਹੀ ਦੀਆਂ ਇਸਤਰੀ ਪਾਤਰ ਆਜ਼ਾਦ ਹਨ ਤੇ ਆਪਣੇ ਫੈਸਲੇ ਉਹ ਖੁਦ ਕਰਦੀਆਂ ਹਨ। ਨਾਵਲ ਵਿਚ ਇਕ ਪਾਤਰ ਦਰਸ਼ਨ ਹੈ ਜੋ ਭਾਰਤ ਤੋਂ ਅਮਰੀਕਾ, ਕਰਮੀ ਨਾਲ ਵਿਆਹ ਕਰਵਾ ਕੇ ਆਇਆ ਹੈ। ਦਰਸ਼ਨ ਪਾਤਰ ਰਾਹੀਂ ਵੀ ਨਾਵਲਕਾਰ ਇਕ ਗੰਭੀਰ ਸਮੱਸਿਆ ਵੱਲ ਧਿਆਨ ਦੁਆਉਂਦਾ ਹੈ। ਉਹ ਹੈ ਕਿ ਭਾਰਤੀ ਮੁੰਡੇ/ਕੁੜੀਆਂ ਝੂਠ ਦਾ ਸਹਾਰਾ ਲੈ ਕੇ ਅਮਰੀਕਾ ਤੋਂ ਆਏ ਮੁੰਡੇ/ਕੁੜੀਆਂ ਨਾਲ ਵਿਆਹ ਕਰਾਉਂਦੇ ਹਨ। ਉਨ੍ਹਾਂ ਦਾ ਮਕਸਦ ਸਿਰਫ ਇਹ ਹੀ ਹੁੰਦਾ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਵਿਦੇਸ਼ ਪਹੁੰਚ ਜਾਈਏ, ਕਿਉਂਕਿ ਵਿਦੇਸ਼ੀ ਚਕਾ-ਚੌਂਧ ਉਹਨਾਂ ਨੂੰ ਆਕਰਸ਼ਤ ਕਰਦੀ ਹੈ। ਜਿਵੇਂ ਕਿ ਨਾਵਲ ਵਿਚ ਦਰਸ਼ਨ ਉਜੱਡ ਕਿਸਮ ਦਾ ਦਸਵੀਂ ਪੜ੍ਹਿਆ ਮੁੰਡਾ ਹੈ। ਇਹ ਝੂਠ ਬੋਲ ਕੇ ਕਿ ਉਹ ਕੰਪਿਊਟਰ ਇੰਜੀਨੀਅਰ ਹੈ, ਕਰਮੀ ਨਾਲ ਵਿਆਹ ਕਰਵਾ ਕੇ ਅਮਰੀਕਾ ਪਹੁੰਚ ਜਾਂਦਾ ਹੈ। ਇਹ ਅਮਰੀਕਾ ਆ ਕੇ ਵੀ ਵਿਹਲਾ ਰਹਿਣਾ ਚਾਹੁੰਦਾ ਹੈ। ਜਦੋਂ ਕਰਮੀ ਉਸਨੂੰ ਨੌਕਰੀ ਕਰਨ ਲਈ ਆਖਦੀ ਹੈ ਤਾਂ ਉਸਨੂੰ ਤਾਹਨਾ ਮਾਰਦਾ ਹੈ ਕਿ,

"ਮੈਂ ਮਲੋਟ ਦਾ ਜੱਟ ਆਂ। ਵੱਟ ਤੇ ਖੜ੍ਹੋ ਕੇ ਜਿਥੇ ਤਕ ਨਜ਼ਰ ਜਾਂਦੀ ਐ ਨਾ ਸਭ ਮੇਰੀ ਪੈਲੀ ਐ। ਨਾ ਜੱਟ ਨੇ ਕਦੇ ਕੰਮ ਕੀਤਾ ਐ ਤੇ ਨਾ ਕਰੇ। ਤੂੰ ਬਹੁਤੀ ਚਿੱਕ ਚਿੱਕ ਨਾ ਕਰ। ਜੇ ਜੱਟ ਦੀ ਜਾੜ੍ਹ ਹੇਠ ਆ ਗਈ ਨਾ ਚੱਬ ਕੇ ਰੱਖਦੂੰਗਾ।"

ਦਰਸ਼ਨ ਇਕ ਪਰੰਪਰਕ ਸੋਚ ਵਾਲਾ ਪਾਤਰ ਹੈ। ਹੌਲੀ ਹੌਲੀ ਉਹ ਕਰਮੀ ਤੋਂ ਘਰ ਵੀ ਆਪਣੇ ਨਾਮ ਕਰਵਾ ਲੈਂਦਾ ਹੈ ਤੇ ਆਪਣੇ ਮਾਂ-ਬਾਪ, ਮਾਸੀ-ਮਾਸੜ ਨੂੰ ਬੁਲਾ ਕੇ ਕਰਮੀ ਤੇ ਬਹੁਤ ਤਸ਼ੱਦਦ ਕਰਦਾ ਹੈ। ਕਰਮੀ ਨਵੀਂ ਸੋਚ ਦੀ ਪੜ੍ਹੀ ਲਿਖੀ ਕੁੜੀ ਹੋਣ ਦੇ ਬਾਵਜੂਦ ਵੀ ਆਪਣੇ ਮਾਂ-ਬਾਪ ਦੀ ਇੱਜ਼ਤ ਖਾਤਰ ਉਸ ਦੀਆਂ ਵਧੀਕੀਆਂ ਨੂੰ ਸਹਿਣ ਕਰੀ ਜਾਂਦੀ ਹੈ। ਕਰਮੀ ਆਪਣੇ ਮਾਂ ਬਾਪ ਨੂੰ ਨਸੀਹਤ ਵੀ ਦੇਂਦੀ ਹੈ ਕਿ ਮੇਰੇ ਨਾਲ ਤਾਂ ਜੋ ਕੁਝ ਵੀ ਉਨ੍ਹਾਂ ਕੀਤਾ ਸੋ ਕੀਤਾ, ਪਰ ਉਸਦੀ ਭੈਣ ਨਾਲ ਨਾ ਕਰਨਾ। ਉਹ ਆਖਦੀ ਹੈ,

"ਸਮਾਜ 'ਚ ਮਾਂ ਪਿਉ ਦੀ ਇੱਜ਼ਤ ਬਣਾਈ ਰੱਖਣ ਲਈ ਗਲ ਪਿਆ ਢੋਲ ਵਜਾਈ ਜਾ ਰਹੀ ਆਂ। ਪਰ ਇਕ ਗੱਲ ਦਸ ਦਿੰਦੀ ਆਂ ਕਿ ਲਿਫ਼ਣ ਵਾਲੀ ਚੀਜ਼ ਲਿਫ਼ਦੀ ਰਹਿੰਦੀ ਐ, ਪਰ ਜਦੋਂ ਹੱਦੋਂ ਵਧ ਲਿਫ਼ਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਉਹ ਟੁੱਟ ਜਾਂਦੀ ਐ।"



ਇਥੇ ਨਵੀਂ ਪੀੜ੍ਹੀ ਦੀਆਂ ਇਹ ਔਰਤਾਂ ਜ਼ੁਲਮ ਸਹਿਣ ਤੋਂ ਇਨਕਾਰੀ ਵੀ ਹੋ ਜਾਂਦੀਆਂ ਹਨ। ਜਿਵੇਂ ਕਿ ਕਰਮੀ ਇਕ ਹੱਦ ਤਕ ਹੀ ਦਰਸ਼ਨ ਦਾ ਜ਼ੁਲਮ ਸਹਿੰਦੀ ਹੈ। ਅਖੀਰ ਤੇ ਉਹ ਆਪਣਾ ਵਖਰਾ ਰਾਹ ਅਖ਼ਤਿਆਰ ਕਰਦੀ ਹੋਈ ਉਸ ਤੋਂ ਤਲਾਕ ਲੈ ਲੈਂਦੀ ਹੈ। ਇਹ ਪੀੜ੍ਹੀ ਜ਼ੁਲਮ ਦੇ ਖਿਲਾਫ ਪ੍ਰਤੀਕਰਮ ਕਰਦੀ ਹੋਈ ਆਪਣੀ ਪੁਰਾਣੀ ਪੀੜ੍ਹੀ ਨਾਲ ਸੰਵਾਦ ਰਚਾਉਂਦੀ ਨਜ਼ਰ ਆਉਂਦੀ ਹੈ। ਨਵੀਂ ਤੇ ਪੁਰਾਣੀ ਪੀੜ੍ਹੀ ਦੀ ਸੋਚ ਦੇ ਅੰਤਰ ਨੂੰ ਲੇਖਕ ਨੇ ਬੜੀ ਬਾਖੂਬੀ ਬਿਆਨ ਕੀਤਾ ਹੈ:

> "ਇਹੋ ਤੁਹਾਡੀ ਪ੍ਰਾਬਲਮ ਐ। ਤੁਸੀਂ ਸਾਨੂੰ ਇੰਝ ਸਮਝਦੇ ਹੋ ਜਿਵੇਂ ਅਸੀਂ ਕੋਈ ਸੜਕਛਾਪ ਹੋਈਏ। ਤੁਹਾਨੂੰ ਲਗਦਾ ਈ ਨ੍ਹੀ ਕਿ ਅਸੀਂ ਗਰੋਨਅੱਪ ਆ। ਬਸ ਪਾਪਾ ਆਹੀ ਫਰਕ ਹੈ ਤੁਹਾਡੇ ਤੇ ਸਾਡੇ ਵਿਚ। ਅਸੀਂ ਕੋਈ ਪਾਪੜ ਨ੍ਹੀ ਵੇਲਦੇ। ਕੋਈ ਸ਼ਾਰਟਕੱਟ ਨ੍ਹੀ ਲੱਭਦੇ। ਗ਼ਲਤੀ ਹੋਣ 'ਤੇ ਮੁਆਫ਼ੀ ਮੰਗਣ 'ਚ ਵੀ ਕੋਈ ਝਿਜਕ ਨ੍ਹੀ। ਪਰ ਜੇਕਰ ਅਸੀਂ ਸਹੀ ਹੋਈਏ ਤਾਂ ਪਾਪੜ ਵੇਲਣ ਦੀ ਕੋਈ ਜ਼ਰੂਰਤ ਈ ਨ੍ਹੀ।"

ਇਹ ਨਵੀਂ ਪੀੜ੍ਹੀ ਦੀਆਂ ਕੁੜੀਆਂ ਪੱਛਮੀ ਜੀਵਨ ਵਾਂਗ ਖੁੱਲ ਚਾਹੁੰਦੀਆਂ ਹਨ। ਪਰ ਉਹਨਾਂ ਦੇ ਮਾਂ-ਬਾਪ ਇਸਦਾ ਵਿਰੋਧ ਕਰਦੇ ਹਨ। ਜਿਸ ਨਾਲ ਇਕ ਤਣਾਓ ਭਰਪੂਰ ਸਥਿਤੀ ਹਮੇਸ਼ਾ ਬਣੀ ਰਹਿੰਦੀ ਹੈ। ਇਹੀ ਪੀੜ੍ਹੀ-ਪਾੜਾ ਹੈ ਜਿਹੜਾ ਕਿ ਇਕ ਵਿਕਰਾਲ ਰੂਪ ਧਾਰਨ ਕਰ ਗਿਆ ਹੈ।

ਲੇਖਕ ਇਸ ਨਾਵਲ ਵਿਚ ਇਕ ਹੋਰ ਸਮੱਸਿਆ ਵਲ ਵੀ ਧਿਆਨ ਦੁਵਾਉਂਦਾ ਹੈ ਕਿ ਵਿਦੇਸ਼ਾਂ ਵਿਚ ਜੰਮੀ ਪਲੀ ਇਹ ਪੀੜ੍ਹੀ ਕਈ ਵਾਰੀ ਗ਼ਲਤ ਕੰਮਾਂ ਜਿਵੇਂ ਸਮਾਜਕ ਭ੍ਰਿਸ਼ਟਾਚਾਰ ਦਾ ਵੀ ਸ਼ਿਕਾਰ ਹੋ ਜਾਂਦੀ ਹੈ। ਇਸਦਾ ਕਾਰਣ ਇਹ ਹੈ ਕਿ ਇਹਨਾਂ ਦੇ ਮਾਂ-ਬਾਪ ਪੈਸਾ ਕਮਾਉਣ ਵਿਚ ਇਸ ਕਦਰ ਵਿਅਸਤ ਹੁੰਦੇ ਹਨ ਕਿ ਉਹ ਆਪਣੇ ਬੱਚਿਆਂ ਵੱਲ ਧਿਆਨ ਹੀ ਨਹੀਂ ਦੇ ਪਾਉਂਦੇ, ਜਿਸ ਕਰਕੇ ਉਹ ਇਕੱਲਤਾ ਦਾ ਸ਼ਿਕਾਰ ਹੁੰਦੇ ਹਨ ਤੇ ਦੋਸਤਾਂ ਵਿਚ ਆਪਣੀ ਇਕੱਲਤਾ ਨੂੰ ਖਤਮ ਕਰਨਾ ਚਾਹੁੰਦੇ ਹਨ। ਕਈ ਵਾਰੀ ਕੁਝ ਗ਼ਲਤ ਲੋਕਾਂ ਵਿਚ ਵੀ ਫਸ ਜਾਂਦੇ ਹਨ ਜਿਵੇਂ ਕਿ ਨਾਵਲ ਵਿਚ ਬੀਰਾ ਪਾਤਰ ਹੈ, ਜਿਹੜਾ ਕਿਰਪਾਲ ਦਾ ਪੁੱਤਰ ਹੈ। ਉਸਦੇ ਦੋਵੇਂ ਮਾਂ ਤੇ ਬਾਪ ਨੌਕਰੀ ਕਰਦੇ ਹਨ। ਉਹਨਾਂ ਦੀ ਇਤਨੀ ਵਿਅਸਤ ਜ਼ਿੰਦਗੀ ਵਿਚ ਉਹਨਾਂ ਦਾ ਪੁੱਤਰ ਬੀਰਾ ਗ਼ਲਤ ਰਾਹ, ਨਸ਼ਿਆਂ ਦੀ ਤਸਕਰੀ ਕਰਨ ਵੱਲ ਤੁਰ ਪੈਂਦਾ ਹੈ। ਬੀਰਾ ਕੰਪਿਊਟਰ ਇੰਜੀਨੀਅਰ ਬਣਨਾ ਚਾਹੁੰਦਾ ਹੈ ਪਰੰਤੂ ਕਿਰਪਾਲ ਉਸ ਨੂੰ ਡਾਕਟਰ ਬਣਾਉਣਾ ਚਾਹੁੰਦਾ ਹੈ। ਉਹ ਆਪਣੇ ਸੁਪਨੇ ਆਪਣੇ ਪੁੱਤਰ ਰਾਹੀਂ ਪੂਰਾ ਕਰਨਾ ਚਾਹੁੰਦਾ ਹੈ। ਇਹੀ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਤਣਾਓ ਦਾ ਕਾਰਣ ਹੈ ਕਿ ਮਾਂ-ਬਾਪ, ਬੱਚਿਆਂ 'ਤੇ ਆਪਣੀ ਮਰਜ਼ੀ ਥੋਪਦੇ ਹਨ ਅਤੇ ਬੱਚੇ ਉਸ ਤੋਂ ਇਨਕਾਰੀ ਹੁੰਦੇ ਹਨ। ਇਹੀ ਪੀੜ੍ਹੀ-ਪਾੜਾ ਹੈ ਜਿਹੜਾ ਕਿ ਇਸ ਨਾਵਲ ਦੀ ਮੁਖ ਸਮੱਸਿਆ ਬਣ ਕੇ ਸਾਰੇ ਨਾਵਲ ਵਿਚ ਉਭਰਦਾ ਹੈ। ਸਾਰੇ ਨਾਵਲ ਵਿਚ ਨਵੀਂ-ਪੁਰਾਣੀ ਪੀੜ੍ਹੀ ਦਾ ਟਕਰਾਓ, ਉਹਨਾਂ ਦੀ ਵਿਚਾਰਧਾਰਾ ਦਾ ਫ਼ਰਕ ਸਿਰ ਚੜ੍ਹ ਕੇ ਬੋਲਦਾ ਨਜ਼ਰ ਆਉਂਦਾ ਹੈ। ਕਈ ਵਾਰੀ ਨਵੀਂ ਸੋਚ ਦੇ ਧਾਰਨੀ ਬੱਚੇ ਗ਼ਲਤ ਕੀਮਤਾਂ ਨਾਲ ਵੀ ਸਮਝੌਤਾ ਕਰ ਲੈਂਦੇ ਹਨ ਅਤੇ ਕਈ ਮੁਸੀਬਤਾਂ ਦੇ ਸਾਹਵੇਂ ਹੁੰਦੇ ਹਨ। ਪਰ ਕਈ ਵਾਰੀ ਉਹ ਆਪਣੀ ਪੁਰਾਣੀ ਪੀੜ੍ਹੀ ਦਾ ਵਿਰੋਧ ਵੀ ਕਰਦੇ ਹਨ। ਜਿਵੇਂ ਨਾਵਲ ਦੀ ਪਾਤਰ ਧਰਮੀ, ਜਿਹੜੀ ਕਰਮੀ ਦੀ ਛੋਟੀ ਭੈਣ ਹੈ, ਆਪਣੇ ਮਾਂ-

ਬਾਪ ਦੁਆਰਾ ਲੱਭੇ ਰਿਸ਼ਤੇ ਤੋਂ ਇਨਕਾਰੀ ਹੈ। ਉਹ ਇਕ ਪੜ੍ਹੀ ਲਿਖੀ ਚੇਤਨ ਕੁੜੀ ਹੈ ਜਿਹੜੀ ਆਪਣੇ ਮਾਂ-ਬਾਪ ਸਾਹਮਣੇ ਬਗ਼ਾਵਤ ਕਰਨ ਦਾ ਸਾਹਸ ਵੀ ਰੱਖਦੀ ਹੈ,

> "ਮੈਂ ਧਰਮੀ ਆਂ, ਕਰਮੀ ਨੀ ਜੋ ਮਾਂ ਪਿਉ ਦਾ ਕਿਹਾ ਪੁਗਾਉਣ ਖ਼ਾਤਰ ਕਿਸੇ ਨਾਲ ਵੀ ਨੂੜ ਦਿੱਤੀ ਜਾਊਗੀ। ਮੇਰੇ ਮਾਂ ਪਿਉ ਤਾਂ ਕੁੱਤੇ ਦੇ ਵੱਢੇ ਐ। ਕਰਮੀ ਵਾਂਗੂੰ ਮੈਨੂੰ ਵੀ ਨੂੜਨ ਨੂੰ ਫਿਰਦੇ ਹੋਣਗੇ। ਪਰ ਹੁਣ ਨੀ। ਉਨ੍ਹਾਂ ਨੇ ਪਹਿਲਾਂ ਈ ਮੇਰੀ ਭੈਣ ਖੂਹ 'ਚ ਸੁਟ ਦਿੱਤੀ, ਹੁਣ ਹੋਰ ਨ੍ਹੀ।"

ਸੋ ਨਾਵਲ ਦੀ ਇਕ ਖ਼ੂਬਸੂਰਤੀ ਇਹ ਹੈ ਕਿ ਇਸ ਵਿਚ ਲੇਖਕ ਇਕ ਸੰਦੇਸ਼ ਵੀ ਦੇਣਾ ਚਾਹੁੰਦਾ ਹੈ। ਪੁਰਾਣੀ ਪੀੜ੍ਹੀ ਜਾਂ ਮਾਂ ਬਾਪ ਨੂੰ, ਨਵੀਂ ਪੀੜ੍ਹੀ ਨੂੰ ਸਮਾਜ ਵਿਚ ਵਿਚਰਨ, ਰਿਸ਼ਤੇ ਨਿਭਾਉਣ, ਆਪਣੇ ਫੈਸਲੇ ਆਪ ਲੈਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਉਨ੍ਹਾਂ 'ਤੇ ਆਪਣੇ ਫੈਸਲੇ ਨਹੀਂ ਥੋਪਣੇ ਚਾਹੀਦੇ ਭਾਵੇਂ ਉਹ ਉਨ੍ਹਾਂ ਦੀ ਪੜ੍ਹਾਈ, ਵਿਆਹ, ਤਲਾਕ ਜਾਂ ਕੋਈ ਵੀ ਹੋਰ ਮਸਲਾ ਹੋਵੇ। ਅੱਜ ਦੀ ਨੌਜਵਾਨ ਪੀੜ੍ਹੀ, ਪੜ੍ਹੀ ਲਿਖੀ ਤੇ ਸਮਝਦਾਰ ਹੈ। ਸ਼ਾਇਦ ਉਹ ਆਪਣੀ ਜ਼ਿੰਦਗੀ ਦੇ ਫੈਸਲੇ ਆਪਣੇ ਮਾਂ-ਬਾਪ ਤੋਂ ਵਧੇਰੇ ਚੰਗੀ ਤਰ੍ਹਾਂ ਕਰ ਸਕਣ। ਇਹ ਤਾਂ ਦੁਨੀਆਂ ਦਾ ਇਕ ਦਸਤੂਰ ਹੈ ਕਿ ਜੋ ਅੱਜ ਨਵਾਂ ਹੈ, ਉਸ ਦੀ ਜਗ੍ਹਾ ਕੱਲ੍ਹ ਦੂਸਰੀ ਸੋਚ ਜਾਂ ਹੋਰ ਨਵੀਂ ਸੋਚ ਨੇ ਲੈ ਲੈਣੀ ਹੈ। ਇਹ ਤਾਂ ਸ੍ਰਿਸ਼ਟੀ ਦਾ ਚੱਕਰ ਹੈ ਕਿ ਜੋ ਅੱਜ ਨਵਾਂ ਹੈ ਉਸਨੇ ਕੱਲ੍ਹ ਪੁਰਾਣਾ ਹੋਣਾ ਹੀ ਹੈ। ਇਸ ਲਈ ਇਸ ਵਿਚਾਰਧਾਰਕ ਪਾੜੇ ਨੂੰ ਮਿਟਾ ਕੇ ਇਕ ਨਵੇਂ ਯੁੱਗ, ਨਵੇਂ ਸਮੇਂ ਨੂੰ ਦਾਅਵਤ ਦੇਣੀ ਚਾਹੀਦੀ ਹੈ। ਅਗਰ ਅਸੀਂ ਇਹ ਨਹੀਂ ਕਰਾਂਗੇ ਤਾਂ ਫਿਰ ਬਹੁਤ ਸਾਰੇ ਸੰਕਟਾਂ ਦੇ ਸਾਹਮਣੇ ਹੋਵਾਂਗੇ। ਨਵੀਂ ਪੀੜ੍ਹੀ, ਪੁਰਾਣੀ ਪੜ੍ਹੀ ਨੂੰ ਆਪਣੇ ਆਪ ਨੂੰ ਬਦਲਣ ਲਈ ਆਖਦੀ ਹੈ ਕਿ ਸਮਾਜ ਦੀ ਪਰਵਾਹ ਛੱਡ ਕੇ ਹੁਣ ਬੱਚਿਆਂ ਦੀ ਖ਼ੁਸ਼ੀ ਵੇਖਣੀ ਚਾਹੀਦੀ ਹੈ:

> "ਸਮਾਜ ਦੀ ਪ੍ਰਵਾਹ ਕਰਨੀ ਛੱਡੋ। ਆਪਦੇ ਦਿਲ ਦੀ ਸੁਣੋਂ। ਸਮਾਜ ਕਿਸੇ ਨੂੰ ਕਦੇ ਸਰਾਹੁੰਦਾ ਨ੍ਹੀ। ਹਮੇਸ਼ਾ ਗ਼ਲਤੀਆਂ ਕੱਢਦਾ ਐ ਹਰੇਕ ਵਿਚ।"

ਨਾਵਲ ਦਾ ਅੰਤ ਦੁਖਾਂਤਕ ਹੈ ਕਿਉਂਕਿ ਦਰਸ਼ਨ ਪਾਤਰ ਜਿਹੜਾ ਕਿ ਕਰਮੀ ਦਾ ਪਤੀ ਸੀ, ਹੁਣ ਉਸ ਨਾਲੋਂ ਤਲਾਕ ਹੋ ਚੁਕਿਆ ਹੈ ਤੇ ਉਸਨੂੰ ਅਮਰੀਕਾ ਦਾ ਗਰੀਨ ਕਾਰਡ ਵੀ ਮਿਲ ਚੁਕਿਆ ਹੈ, ਉਹ ਆਪਣੀ ਪਰੰਪਰਕ ਸੋਚ ਅਧੀਨ ਇਹ ਸਹਿਣ ਹੀ ਨਹੀਂ ਕਰ ਪਾਉਂਦਾ ਕਿ ਉਸਦੀ ਪਤਨੀ ਕਰਮੀ ਕਿਸੇ ਹੋਰ ਨਾਲ ਵਿਆਹ ਕਰਵਾਏ। ਇਸੇ ਲਈ ਉਹ ਉਸਦੇ ਵਿਆਹ ਵਾਲੇ ਦਿਨ ਪੰਡਾਲ 'ਚ ਜਾ ਕੇ ਫ਼ਾਇਰਿੰਗ ਕਰ ਦੇਂਦਾ ਹੈ ਜਿਸ ਵਿਚ ਕਰਮੀ ਦਾ ਪਤੀ ਗਿੰਨੀ, ਕਰਤਾਰ ਤੇ ਕਈ ਹੋਰ ਬੰਦੇ ਮਾਰੇ ਜਾਂਦੇ ਹਨ। ਦਰਸ਼ਨ ਤੇ ਪੁਲਿਸ ਗੋਲੀ ਚਲਾਉਂਦੀ ਹੈ, ਉਹ ਵੀ ਮਾਰਿਆ ਜਾਂਦਾ ਹੈ। ਇਸ ਬਿਰਤਾਂਤ ਰਾਹੀਂ ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਨਵੇਂ ਯੁਗ ਨੂੰ ਆਉਣ ਵਿਚ ਕਾਫ਼ੀ ਸਮਾਂ ਤੇ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਆਉਂਦਾ ਉਹ ਜ਼ਰੂਰ ਹੈ। ਜਿਵੇਂ ਰਾਤ ਤੋਂ ਬਾਅਦ ਸਵੇਰੇ ਨਿਸ਼ਚਿਤ ਹੈ, ਉਸੇ ਤਰ੍ਹਾਂ ਪੁਰਾਣੇ ਤੋਂ ਬਾਅਦ ਨਵਾਂ ਯੁਗ। ਸੋ ਸਮੁੱਚੇ ਰੂਪ ਵਿਚ ਇਸ ਨਾਵਲ ਦੁਆਰਾ ਪਰਵਾਸੀ ਪੰਜਾਬੀ ਨਾਵਲ ਨੂੰ ਅਧਿਅਨ ਕਰਨ ਦੀ ਇਕ ਨਵੀਂ ਦਿਸ਼ਾ ਮਿਲਦੀ ਹੈ ਜਿਸ 'ਤੇ ਹਾਲੇ ਚਰਚਾ ਹੋਣਾ ਬਣਦਾ ਹੈ।

**ਬਾਕੀ ਪੰਨਾ ਨੰ. 85 'ਤੇ**



## ਰਿਸ਼ਤਿਆਂ ਦੀ ਉਧੇੜ-ਬੁਨ: ਨਵਯੁਗ

**-ਡਾ. ਹਰਮੀਤ ਕੌਰ**

ਅਜੋਕੇ ਸਮੇਂ ਦੀ ਪ੍ਰਸਿੱਧ ਵਿਧਾ ਨਾਵਲ ਹੈ ਇਹ ਬਿਰਤਾਂਤ ਦੀ ਇੱਕ ਕਲਾ ਹੈ। ਵਿਗਿਆਨ ਦੇ ਵਿਕਾਸ ਨਾਲ ਮਨੁੱਖ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ ਹੋ ਗਿਆ ਹੈ। ਇਸ ਦ੍ਰਿਸ਼ਟੀ ਤੋਂ ਸਾਹਿਤਕਾਰਾਂ ਨੇ ਜਿਸ ਨਵੇਕਲੇ ਸਾਹਿਤ ਦੀ ਰਚਨਾ ਕੀਤੀ ਹੈ ਉਸ ਨੂੰ ਨਾਵਲ ਕਿਹਾ ਜਾਂਦਾ ਹੈ। ਆਮ ਜੀਵਨ ਵਿੱਚ ਵਿਚਰਦੇ ਹੋਏ ਮਨੁੱਖਾਂ ਵਾਂਗ ਹੀ ਨਾਵਲ ਦੇ ਪਾਤਰ ਵੀ ਕੁਝ ਘਟਨਾਵਾਂ ਅਤੇ ਸਥਿਤੀਆਂ ਵਿੱਚੋਂ ਗੁਜ਼ਰਦੇ ਹੋਏ ਦਰਸਾਏ ਜਾਂਦੇ ਹਨ। ਇਹ ਪਾਤਰ ਵਾਸਤਵਿਕ ਜੀਵਨ ਵਾਂਗ ਹੀ ਰਿਸ਼ਤਿਆਂ-ਨਾਤਿਆਂ ਵਿੱਚ ਬੱਝੇ ਹੋਏ ਨਜ਼ਰ ਆਉਂਦੇ ਹਨ । ਇਸੇ ਕਰਕੇ ਹੀ ਵਾਸਤਵਿਕ ਜੀਵਨ ਦਾ ਝਾਉਲਾ ਪ੍ਰਤੀਤ ਹੁੰਦੇ ਹਨ ਪਰ ਤਾਂ ਵੀ ਨਾਵਲ ਦਾ ਜਗਤ ਕਿਸੇ ਵਾਸਤਵਿਕ ਘਟਨਾ ਜਾਂ ਜਾਗਦੇ ਮਨੁੱਖ ਦੀ ਜੀਵਨੀ ਨਹੀਂ ਹੁੰਦਾ। ਨਾਵਲਕਾਰ ਜੀਵਨ ਵਿਚੋਂ ਘਟਨਾਵਾਂ ਅਤੇ ਸਥਿਤੀਆਂ ਜ਼ਰੂਰ ਚੁਣਦਾ ਹੈ ਪਰ ਪੇਸ਼ ਉਹ ਅਜਨਬੀਕਰਨ ਦੀ ਵਿਧੀ ਰਾਹੀਂ ਹੀ ਕਰਦਾ ਹੈ। ਇਹੀ ਕਾਰਣ ਹੈ ਕਿ ਨਾਵਲ ਦਾ ਜਗਤ ਵਾਸਤਵਿਕ ਨਾ ਹੋ ਕੇ ਕਾਲਪਨਿਕ ਹੀ ਹੁੰਦਾ ਹੈ। ਨਾਵਲ ਵਿਚਲੇ ਇਸ ਜਗਤ ਨੂੰ ਗਲਪੀ-ਜਗਤ ਕਿਹਾ ਜਾਂਦਾ ਹੈ ਜੋ ਕੁਝ ਸੱਚ ਤੇ ਕੁਝ ਕਾਲਪਨਿਕ ਹੁੰਦਾ ਹੈ। "ਅਸਲ ਵਿੱਚ ਨਾਵਲ ਦੀ ਕਥਾ ਨਿਰੋਲ ਮਨ-ਘੜਤ ਨਹੀਂ ਹੁੰਦੀ। ਇਹ ਵਾਸਤਵ ਵਿਚ ਬੀਤਿਆਂ ਘਟਨਾਵਾਂ ਉਤੇ ਅਧਾਰਿਤ ਹੁੰਦੀਆਂ ਹਨ, ਜਿਨ੍ਹਾਂ ਨੂੰ ਲੇਖਕ ਆਪਣੇ ਵਿਵਿਧ ਅਨੁਭਵ ਅਨੁਸਾਰ ਰੋਮਾਂਟਿਕ ਤੇ ਨਾਟਕੀ ਭਾਂਤ ਰੌਚਕ ਬਣਾ ਦਿੰਦਾ ਹੈ।"[1]

ਪਰਵਾਸੀ ਅਨੁਭਵ ਬਾਰੇ ਨਾਵਲਕਾਰਾਂ ਦੀ ਦੇਣ ਬਹੁਤ ਮਹੱਤਵਪੂਰਨ ਥਾਂ ਰੱਖਦੀ ਹੈ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਬਹੁਤ ਸਾਰੇ ਪੰਜਾਬੀ ਰੁਜ਼ਗਾਰ ਦੀ ਤਲਾਸ਼ ਵਿਚ ਇੰਗਲੈਂਡ, ਕਨੇਡਾ ਅਤੇ ਯੂ. ਐਸ. ਏ ਵਰਗੇ ਵਿਕਸਿਤ ਦੇਸ਼ਾਂ ਵੱਲ ਪਰਵਾਸ ਕਰ ਗਏ ਕਈ ਨਾਵਲਕਾਰਾਂ ਜਿਵੇਂ ਦਰਸ਼ਨ ਸਿੰਘ ਧੀਰ, ਹਰਜੀਤ ਅਟਵਾਲ, ਮਨਜੀਤ ਰਾਣਾ, ਅਜਾਇਬ ਕਮਲ ਨੇ ਆਪਣੇ ਪਰਵਾਸੀ ਅਨੁਭਵ ਅਤੇ ਅਭਿਵਿਅਕਤੀ ਦੇ ਨਵੇਂ ਦਿਸਹੱਦਿਆਂ ਨੂੰ ਖੋਲ੍ਹਿਆ। ਕੁਝ ਅਜੇਹੇ ਕਿਸਮ ਦੇ ਪਰਵਾਸੀ ਅਨੁਭਵ ਨੂੰ ਆਪਣੀ ਗਲਪ ਸਿਰਜਣਾ ਵਿਚ ਨਾਵਲਕਾਰ ਹਰਮਹਿੰਦਰ ਚਹਿਲ ਨਿਵੇਕਲੇ ਢੰਗ ਨਾਲ ਪੇਸ਼ ਕਰਦਾ ਹੈ। ਉਸ ਨੇ ਪਰਵਾਸੀ ਜੀਵਨ ਨਾਲ ਜੁੜੇ ਅਨੁਭਵ ਦੌਰਾਨ ਪਨਪਦੇ ਮਨੁੱਖੀ ਰਿਸ਼ਤਿਆਂ ਦੇ ਅਜੋਕੇ ਸੰਕਟ ਨੂੰ ਬਾਖੂਬੀ ਸਿਰਜਿਆ ਹੈ। ਨਾਵਲਕਾਰ ਦੀ ਰਚਨਾਤਮਕ ਵਿਧੀ ਪ੍ਰਵਾਸੀ ਜੀਵਨ ਦੇ ਯਥਾਰਥ ਦੇ ਵੱਧ ਤੋਂ ਵੱਧ ਨੇੜੇ ਪਹੁੰਚਦੀ ਹੈ।

'ਨਵਯੁਗ' ਨਾਵਲ ਦੀ ਕਹਾਣੀ ਨਿਮਨ ਮੱਧ ਵਰਗੀ ਪਰਿਵਾਰ ਤੋਂ ਬਣੇ ਉੱਚ ਮੱਧ ਵਰਗੀ ਪਰਿਵਾਰ ਨਾਲ ਸੰਬੰਧਿਤ ਹੈ ਜਿਹੜਾ ਪੰਜਾਬ ਦੇ ਇੱਕ ਪਿੰਡ ਤੋਂ ਆ ਕੇ ਅਮਰੀਕਾ ਵਿਚ ਵਸ ਜਾਂਦਾ ਹੈ। ਜਿਵੇਂ ਕਿ ਇਸ ਨਾਵਲ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ ਇਹ ਨਾਵਲ ਨਵਯੁਗ 'ਨਵੇ ਯੁੱਗ' ਵਿੱਚ ਆਏ ਪਰਿਵਰਤਨ ਭਾਵੇਂ ਉਹ ਰਿਸ਼ਤਿਆਂ ਵਿੱਚ ਹੋਣ, ਮਾਨਸਿਕ ਹੋਣ, ਭਾਈਚਾਰਕ ਹੋਣ ਸਭ ਦੇ ਸੰਦਰਭ ਵਿੱਚ ਰੌਸ਼ਨੀ ਦਾ ਪਾਸਾਰ ਹੈ, ਸੂਰਜ ਦਾ ਉਦੈ ਹੋਣਾ

ਰੌਸ਼ਨੀ ਦੀ ਯਾਤਰਾ ਦਾ ਆਰੰਭ ਹੈ। ਇਹ ਨਵਾਂ ਯੁਗ ਮਨੁੱਖੀ ਰਿਸ਼ਤਿਆਂ ਨੂੰ ਵਿਸਤਾਰ ਵੀ ਦਿੰਦਾ ਹੈ ਅਤੇ ਸੂਰਜ ਦੀ ਰੌਸ਼ਨੀ ਵਾਂਗ ਮਨੁੱਖ ਦੇ ਪਾਖੰਡ ਨੂੰ ਵੀ ਉਜਾਗਰ ਕਰਦਾ ਹੈ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਪੱਛਮੀ ਪਰਿਵਾਰਾਂ ਦੀ ਰੋਜ਼ ਮਰਾ ਦੀ ਜ਼ਿੰਦਗੀ ਨੂੰ 'ਨਵਯੁਗ' ਨਾਵਲ ਵਿਸਤਾਰ ਦਿੰਦਾ ਹੈ। ਇਸ ਨਾਵਲ ਦੀ ਕਹਾਣੀ ਜੀਵਨ ਦਾ ਉਹ ਗੇੜ ਹੈ ਜਿਸ ਬਾਰੇ ਨਿਸ਼ਚਿਤ ਤੌਰ ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਨਾਵਲਕਾਰ ਹਰਮਹਿੰਦਰ ਚਹਿਲ ਨੇ ਨਵਯੁਗ ਸ਼ਬਦ ਨੂੰ ਭਾਰਤੀ ਪੱਛਮੀ ਪਰਿਵਾਰਾਂ ਵਿੱਚ ਰਹਿੰਦੇ ਬਜ਼ੁਰਗਾ ਦੀ ਮਨੋਸਥਿਤੀ ਵਜੋਂ ਵਰਤਿਆ ਹੈ। ਨਾਵਲਕਾਰ ਨੇ ਕਿਰਪਾਲ, ਬਲਕਾਰ, ਜਗਤਾਰ, ਕਰਤਾਰ ਅਤੇ ਪਾਲੀ ਦੀ ਪਹਿਲੀ ਪੀੜ੍ਹੀ ਦਾ ਅਗਲੇਰੀ ਪੀੜ੍ਹੀ ਦੀ ਸੋਚ ਨਾਲ ਟਕਰਾਉ, ਆਪਸੀ ਮੱਤਭੇਦ ਅਤੇ ਰਿਸ਼ਤਿਆਂ ਦੀ ਉਧੇੜ-ਬੁਨ ਨੂੰ ਚਿਤਰਿਆ ਹੈ। ਨਾਵਲਕਾਰ ਨੇ ਇਸ ਸੰਦਰਭ ਵਿਚ ਪਨਪਦੇ ਸੰਘਰਸ਼, ਕੁਰਬਾਨੀ ਅਤੇ ਜੱਦੋ-ਜਹਿਦ ਨੂੰ ਵੀਹ ਭਾਗਾਂ ਵਿੱਚ ਬਿਆਨਿਆ ਹੈ। ਇਸ ਨਾਵਲ ਦਾ ਉਦੇਸ਼ ਭਾਰਤੀ ਪੱਛਮੀ ਪਰਿਵਾਰਾਂ ਵਿਚਲੇ ਅਸੰਤੁਲਿਤ ਵਿਹਾਰ, ਬੇਮੇਲ ਵਿਆਹ ਅਤੇ ਪੀੜ੍ਹੀ-ਪਾੜ੍ਹੇ ਨਾਲ ਜੁੜਦੀਆਂ ਤਣਾਓ ਗ੍ਰਸਤ ਸਥਿਤੀਆਂ ਨੂੰ ਸੁਲਝਾਉਣ ਲਈ ਸਮਝੌਤੇ ਦਾ ਪੱਲਾ ਫੜ੍ਹਿਆ ਹੈ, ਨਾਵਲਕਾਰ ਨੇ ਇਕ ਸੰਭਾਵਨਾ ਮੁੱਖੀ ਪੱਖ ਉਜਾਗਰ ਕੀਤਾ ਹੈ।

ਨਾਵਲ ਦੇ ਆਰੰਭ ਵਿੱਚ ਕਿਰਪਾਲ ਜੋ ਕਿ ਆਪਣੀ ਡਾਕਟਰੀ ਦੀ ਪੜ੍ਹਾਈ ਪੂਰੀ ਕਰਨ ਲਈ ਅਣਥੱਕ ਮਿਹਨਤ ਕਰਦਾ ਹੈ ਅਮਰੀਕਾ ਜਾ ਕੇ ਸਾਰੇ ਭਰਾਵਾਂ ਤੇ ਭੈਣ ਨੂੰ ਵੀ ਅਮਰੀਕਾ ਬੁਲਾ ਲੈਂਦਾ ਹੈ।ਉਥੇ ਉਨ੍ਹਾਂ ਨੂੰ ਟੈਕਸੀ ਚਲਾਉਣ ਦੇ ਕੰਮ ਵਿੱਚ ਸੈਟ ਵੀ ਕਰਦਾ ਹੈ। ਨਾਲ ਹੀ ਇਹ ਵੀ ਜਤਾ ਦਿੰਦਾ ਹੈ ਕਿ ਤੁਸੀਂ ਸਭ ਹੁਣ ਸੈੱਟ ਹੋ ਗਏ ਹੋ ਤੇ ਅੱਜ ਤੋਂ ਘਰ ਦੀਆਂ ਸਭ ਜ਼ਿੰਮੇਵਾਰੀਆਂ ਹੁਣ ਤੁਸੀ ਸਾਰੇ ਭਰਾਵਾਂ ਦੀਆਂ ਹਨ ।

"ਲੈ ਬਈ ਸੁਣ ਲੈ ਗੱਲ ਮੇਰੀ। ਮੈਂ ਡਾਕਟਰੀ ਪੇਸ਼ੇ ਤੋਂ ਪਾਸੇ ਧਿਆਨ ਨੀ ਦੇਣਾਂ। ਹੁਣ ਤੈਨੂੰ ਅਮਰੀਕਾ ਲੈ ਆਇਆ ਹਾਂ। ਦੱਬ ਕੇ ਕੰਮ ਕਰ। ਦੂਜਿਆਂ ਦਾ ਮੈਂ ਅਪਲਾਈ ਕੀਤਾ ਹੋਇਆ ਹੈ ਉਹ ਵੀ ਸਭ ਆ ਜਾਣਗੇ। ਪਰ ਹੁਣ ਘਰ ਦੀ ਜ਼ਿੰਮੇਵਾਰੀ ਤੇਰੀ ਹੈ। ਮੈਨੂੰ, ਪੈਸੇ ਮੰਗ ਕੇ ਪਰੇਸ਼ਾਨ ਨਾ ਕਰਿਓ। ਮੈਂ ਆਪਣੀ ਜ਼ਿੰਮੇਦਾਰੀ ਪੂਰੀ ਕਰ ਦਿੱਤੀ ਐ।" 2

ਅਸਲ ਵਿਚ ਜਦੋਂ ਕੋਈ ਵਾਸਤਵਿਕ ਘਟਨਾ ਕਿਸੇ ਸਾਹਿਤ ਦੇ ਰੂਪਾਕਾਰ ਵਿਚ ਢਲ ਜਾਂਦੀ ਹੈ ਤਾਂ ਉਹ ਸਾਹਿਤਕ-ਪਾਠ ਦਾ ਹਿੱਸਾ ਬਣ ਜਾਂਦੀ ਹੈ। ਉਸ ਘਟਨਾ ਵਿਚਲੇ ਵਾਸਤਵਿਕ ਰੂਪ ਵਿੱਚ ਕਲਪਨਾ ਦਾ ਕੋਈ ਅੰਸ਼ ਮੌਜੂਦ ਰਹਿੰਦਾ ਹੈ। ਉਸ ਘਟਨਾ ਦਾ ਅਜਨਬੀਕਰਨ ਕਰਕੇ ਪੇਸ਼ ਕੀਤਾ ਜਾਂਦਾ ਹੈ ਜਿਹੜੀ ਵਾਸਤਵਿਕ ਹੋਣ ਦਾ ਝਾਉਲਾ ਪਾਉਂਦੀ ਹੈ। ਇਸ ਘਟਨਾ ਨਾਲ ਸੰਬੰਧਤ ਸਾਰੇ ਪਾਤਰ ਨਾਵਲਕਾਰ ਵੱਲੋਂ ਘੜੇ ਜਾਂਦੇ ਹਨ। ਜਿਵੇਂ ਹਰਮਹਿੰਦਰ ਚਹਿਲ ਰਾਹੀ ਘੜਿਆ ਪਾਤਰ 'ਦਰਸ਼ਨ' ਜੋ ਕਰਮੀ ਦਾ ਘਰਵਾਲਾ ਹੈ, ਕਰਮੀ ਕਿਰਪਾਲ ਦੀ ਭੈਣ ਦੀ ਧੀ ਹੈ। ਇਕ ਪੜ੍ਹੀ-ਲਿਖੀ ਕੁੜੀ ਹੈ ਜਿਹੜੀ ਇਕ ਚੰਗੇ ਅਹੁਦੇ ਦੀ ਨੌਕਰੀ 'ਤੇ ਲੱਗੀ ਹੋਈ ਹੈ। ਉਹ ਆਪਣੇ ਬਰਾਬਰ ਦੇ ਮੁੰਡੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ਪਰ ਉਸ ਦੇ ਮਾਤਾ ਪਿਤਾ ਆਪਣੀ ਲੋਕ-ਲਾਜ ਨੂੰ ਮੋਹਰਾ ਬਣਾ ਕੇ ਅਤੇ ਸਮਾਜ ਅੰਦਰ ਆਪਣੇ ਭਾਈਚਾਰੇ ਵਿਚ ਆਪਣੀ ਇੱਜ਼ਤ ਬਣਾਉਣ ਲਈ ਆਪਣੀ ਕੁੜੀ ਦਾ ਵਿਆਹ ਇਕ ਅਜਿਹੇ ਇਨਸਾਨ ਨਾਲ ਕਰ ਦਿੰਦੇ ਹਨ ਜਿਹੜਾ ਕਿਸੇ ਲਿਹਾਜ਼ ਨਾਲ ਕਰਮੀ



ਦੀ ਬਰਾਬਰੀ ਨਹੀਂ ਕਰ ਸਕਦਾ ਸੀ। ਨਾ ਤਾਂ ਉਹ ਪੜ੍ਹਿਆ ਲਿਖਿਆ ਸੀ ਨਾ ਹੀ ਕੋਈ ਕੰਮ-ਕਾਜ ਕਰਦਾ ਸੀ। ਉਸਨੇ ਅਮਰੀਕਾ ਆਉਣ ਲਈ ਵਿਆਹ ਕਰਵਾਇਆ ਸੀ ਤਾਂ ਕਿ ਅਮਰੀਕਾ ਆ ਕੇ ਸੈੱਟ ਹੋ ਸਕੇ ਤੇ ਉਸ ਨੂੰ ਗਰੀਨ ਕਾਰਡ ਮਿਲ ਸਕੇ। ਉਸ ਨੂੰ ਨਸ਼ਿਆਂ ਦੀ ਵੀ ਆਦਤ ਸੀ। ਕਰਮੀ ਜਦ ਵੀ ਦਰਸ਼ਨ ਨੂੰ ਨੌਕਰੀ ਲਈ ਅਪਲਾਈ ਕਰਨ ਵਾਸਤੇ ਉਸ ਦੇ ਸਰਟੀਫਿਕੇਟ ਮੰਗਦੀ ਤਾਂ ਉਹ ਟਾਲ-ਮਟੋਲ ਕਰ ਕੇ ਗੱਲ ਨੂੰ ਖਤਮ ਕਰ ਦਿੰਦਾ। ਤੇ ਹਮੇਸ਼ਾ ਬਹਾਨੇ ਲਗਾਉਂਦਾ ਰਹਿੰਦਾ ਕਿ ਮੈਂ ਕੋਈ ਐਸਾ ਕੰਮ ਕਰ ਲੈਂਦਾ ਹਾਂ ਜਿਥੇ ਸਰਟੀਫਿਕੇਟ ਦੀ ਲੋੜ ਨਾ ਹੋਵੇ। ਇਸ ਬੇਮੇਲ ਵਿਆਹ ਦਾ ਖਾਮਿਆਜ਼ਾ ਆਖਰ ਕਰਮੀ ਨੂੰ ਭੁਗਤਣਾ ਹੀ ਪੈਂਦਾ ਹੈ। ਉਹ ਨਾ ਚਾਹੁੰਦੇ ਹੋਏ ਵੀ ਉਸ ਨਾਲ ਆਪਣਾ ਰਿਸ਼ਤਾ ਨਿਭਾਉਂਦੀ ਹੈ। ਉਸ ਦੀਆਂ ਦੋ ਕੁੜੀਆਂ ਹੁੰਦੀਆਂ ਹਨ। ਇਸ ਤੋਂ ਮਗਰੋਂ ਕਰਮੀ ਨੂੰ ਲੱਗਦਾ ਹੈ ਕਿ ਸ਼ਾਇਦ ਦਰਸ਼ਨ ਸੁਧਰ ਜਾਵੇਗਾ ਪਰ ਦਰਸ਼ਨ ਨੇ ਹੁਣ ਸੁਧਰਨਾ ਤੇ ਛੱਡੋ ਵਿਗੜਨ ਦੀ ਵੀ ਅੱਤ ਕਰ ਦਿੱਤੀ ਸੀ। ਹੁਣ ਉਹ ਕਿਸੇ ਗੋਰੀ ਕੁੜੀ ਨਾਲ ਨਜਾਇਜ਼ ਰਿਸ਼ਤਾ ਬਣਾਉਂਦਾ ਹੈ, ਜੂਆ ਖੇਡਦਾ ਹੈ ਅਤੇ ਹਰ ਪ੍ਰਕਾਰ ਦਾ ਨਸ਼ਾ ਵੀ ਕਰਦਾ ਹੈ ਤੇ ਕਰਮੀ ਨਾਲ ਹਮੇਸ਼ਾ ਲੜਦਾ ਰਹਿੰਦਾ ਹੈ।

"ਉਹ ਕਹਿੰਦੀ ਐ ਕਿ ਉਸਦਾ, ਦਰਸ਼ਨ ਤੋਂ ਤਲਾਕ ਕਰਵਾ ਦਿਓ। ਉਹ ਉਸ ਨਾਲ ਹੋਰ ਨ੍ਹੀਂ ਰਹਿ ਸਕਦੀ। ਇੱਕ ਕਿਸਮ ਦੀ ਵਾਰਨਿੰਗ ਦੇ ਕੇ ਗਈ ਐ। ਕਹਿੰਦੀ ਕਿ ਜਿਸ ਗੱਲ ਤੋਂ ਡਰਦੀ ਸੀ ਦਰਸ਼ਨ ਉਸੇ ਰਾਹ ਪੈ ਗਿਆ ਐ। ਨਾਲ ਦੇ ਟੈਕਸੀ ਡਰਾਈਵਰਾਂ ਨਾਲ ਰਲ ਕੇ ਗੋਰੀਆਂ ਕਾਲੀਆਂ ਕੁੜੀਆਂ ਮਗਰ ਤੁਰਿਆ ਫਿਰਦਾ ਐ। ਉਸ ਨੂੰ ਇਹ ਵੀ ਸ਼ਰਮ ਨੀ ਕੀ ਉਸ ਦੇ ਘਰ ਦੀਆਂ ਦੋ ਧੀਆਂ ਹਨ।" 3

ਇਸ ਦੇ ਚੱਲਦੇ ਦਰਸ਼ਨ ਨੇ ਕਰਮੀ ਤੇ ਦੋ ਵਾਰੀ ਹੱਥ ਵੀ ਚੁੱਕਿਆ। ਪਹਿਲੀ ਵਾਰੀ ਤਾਂ ਉਸ ਨੇ ਚੇਤਾਵਨੀ ਦੇ ਕੇ ਛੱਡ ਦਿੱਤਾ ਸੀ ਪਰ ਇਸ ਵਾਰੀ ਉਹ ਬਹੁਤ ਦੁਖੀ ਹੋ ਚੁੱਕੀ ਸੀ। ਉਸ ਨੇ ਆਖਿਰ ਪੁਲਸ ਵਿਚ ਰਿਪੋਰਟ ਲਿਖਵਾ ਦਿੱਤੀ, ਉਸ ਨੂੰ ਜੇਲ ਵਿੱਚ ਬੰਦ ਕਰਵਾ ਦਿੱਤਾ। ਤੇ ਇਹ ਬੇਮੇਲ ਵਿਆਹ ਤਲਾਕ ਤੱਕ ਪਹੁੰਚ ਗਿਆ। ਤਲਾਕ ਤੋਂ ਬਾਅਦ ਵੀ ਦਰਸ਼ਨ ਅਕਸਰ ਕਰਮੀ ਨੂੰ ਪਰੇਸ਼ਾਨ ਕਰਦਾ ਰਹਿੰਦਾ ਸੀ ਕਰਮੀ ਦਾ ਪਿੱਛਾ ਕਰਦਾ ਰਹਿੰਦਾ ਸੀ। ਦਰਸ਼ਨ ਨੇ ਇੱਕ ਵਾਰ ਕਰਮੀ ਨੂੰ ਉਸਦੇ ਪੁਰਾਣੇ ਦੋਸਤ ਗਿੰਨੀ ਨਾਲ ਵੇਖ ਲਿਆ ਤਾਂ ਉਸ ਨੇ ਕਿਹਾ "ਕਰ ਲੈ ਕਰ ਲੈ ਚਿੱਤ ਖੁਸ਼। ਇਸ ਨਵੇਂ ਯਾਰ ਦੀ ਤਾਂ ਤੈਨੂੰ ਮੈਂ ਹੋਣ ਨੀ ਦਿੰਦਾ। ਜੱਟ ਦੇ ਬੋਲ ਯਾਦ ਰੱਖੀਂ। ਤੂੰ ਕਿ ਸਮਝੇਂਗੀ ਕਿ ਕਿਸ ਨਾਲ਼ ਪਾਲ਼ਾ ਪਿਆ ਸੀ।"4

ਇਸੇ ਤਰਾਂ ਦਰਸ਼ਨ ਅਕਸਰ ਕਰਮੀ ਨੂੰ ਧਮਕਾਉਂਦਾ ਰਹਿੰਦਾ ਸੀ ਅਤੇ ਆਉਂਦੇ ਜਾਂਦੇ ਹੋਏ ਉਸ ਤੇ ਨਜ਼ਰ ਵੀ ਰੱਖਦਾ ਸੀ। ਕਰਮੀ ਨੇ ਗਿੰਨੀ ਨਾਲ ਆਪਣੇ ਰਿਸ਼ਤੇ ਨੂੰ ਅੱਗੇ ਵਧਾਉਣ ਬਾਰੇ ਸੋਚਿਆ ਤਾਂ ਇਸ ਦੀ ਭਿਣਕ ਦਰਸ਼ਨ ਨੂੰ ਪੈ ਗਈ ਉਸ ਨੇ ਕਰਮੀ ਨੂੰ ਉਸਦੇ ਅਪਾਰਟਮੈਂਟ ਵਿਚ ਆ ਕੇ ਧਮਕਾਇਆ।

"ਮੈਂ ਤੈਨੂੰ ਟੱਚ ਕਰਕੇ ਲੈਣਾ ਵੀ ਕੁਝ ਨੀਂ। ਪਰ ਤੈਨੂੰ ਇੱਕ ਵਾਰਨਿੰਗ ਦੇਣ ਆਇਆ ਆਂ। ਤੂੰ ਇਹ ਮਤ ਸੋਚੀਂ ਕਿ ਮੈਂ ਤੇਰਾ ਖਹਿੜਾ ਛੱਡ ਦਿੱਤਾ। ਜੇਕਰ ਤੂੰ ਮੇਰੀ ਨਹੀ ਬਣ ਕੇ ਰਹੀਂ ਤਾਂ ਤੈਨੂੰ ਕਿਸੇ ਹੋਰ ਦੀ ਵੀ ਨਹੀਂ ਹੋਣ ਦੇਣਾ। ਮੇਰਾ ਗਰੀਨ ਕਾਰਡ ਮਿਲੇ ਜਾਂ ਨਾ ਮਿਲੇ, ਬੱਚੇ ਮੈਨੂੰ ਮਿਲਣ ਜਾਂ ਨਾ ਮਿਲਣ। ਮੁੱਕਦੀ ਗੱਲ, ਭਾਵੇਂ ਮੇਰੀ ਜਾਨ ਚਲੀ ਜਾਵੇ ਪਰ ਤੈਨੂੰ ਮੈਂ ਸਬਕ ਸਿਖਾ ਕੇ ਹਟੂੰਗਾ ।"5

ਭਾਰਤ ਵਿੱਚ ਹੀ ਨਹੀਂ ਸਗੋਂ ਬਾਹਰਲੇ ਦੇਸ਼ਾਂ ਅੰਦਰ ਵੀ ਤਲਾਕ ਹੋ ਜਾਣ ਤੋਂ ਬਾਅਦ ਵੀ ਔਰਤ ਦਾ ਜੀਵਨ ਸਕੂਨ ਨਾਲ ਸੁਖਾਵਾਂ ਭਰਿਆ ਭਾਵ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੁੰਦਾ। ਤਲਾਕ ਹੋਣ ਤੋਂ ਬਾਅਦ ਵੀ ਪਤੀ ਆਪਣੀ ਮਲਕੀਅਤ ਮੰਨਦਾ ਹੋਇਆ ਪਤਨੀ ਨੂੰ ਮਾਨਸਿਕ ਪੱਧਰ ਤੇ ਡਰਾ ਧਮਕਾ ਕੇ ਪ੍ਰੇਸ਼ਾਨ ਕਰਦਾ ਰਹਿੰਦਾ ਹੈ। ਨਾਵਲਕਾਰ ਨੇ ਪਰਵਾਸ ਅਧੀਨ ਔਰਤ ਦੇ ਜ਼ਿੰਦਗੀ ਨਾਲ ਸੰਬੰਧਿਤ ਯਥਾਰਥਮਈ ਚਿਤਰਣ ਪੇਸ਼ ਕੀਤਾ ਹੈ।

ਇਸ ਨਾਵਲ ਵਿਚ ਨਾਵਲਕਾਰ ਨੇ ਅਜਿਹੇ ਬੇਮੇਲ ਵਿਆਹ ਅਤੇ ਰਿਸ਼ਤੇ ਹੋਰ ਵੀ ਵਿਖਾਏ ਨੇ ਜਿਵੇਂ ਕੁਲਦੀਪ ਦੇ ਮਾਤਾ-ਪਿਤਾ ਵੀ ਆਪਣੀ ਟੌਹਰ ਬਣਾਉਣ ਲਈ ਉਸ ਦਾ ਵਿਆਹ ਆਪਣੀ ਬਰਾਦਰੀ ਅੰਦਰ ਇੰਡੀਆ ਵਿੱਚ ਕਰਨਾ ਚਾਹੁੰਦੇ ਸਨ ਪਰ ਕੁਲਦੀਪ ਮਨਾ ਕਰ ਦਿੰਦਾ ਹੈ ਕਿ ਮੇਰੀ ਭੈਣ ਕਰਮੀ ਨੂੰ ਤੁਸੀਂ ਪਹਿਲਾਂ ਹੀ ਡੋਬ ਦਿੱਤਾ ਹੁਣ ਹੋਰ ਨ੍ਹੀਂ ਥੋਡੀ ਮਰਜ਼ੀ ਚੱਲਣ ਦੇਣੀ।

"ਪੁੱਤ, ਧੀਆਂ ਦੇ ਵਿਆਹ ਮਾਂ ਪਿਉ ਦੀ ਮਰਜ਼ੀ ਨਾਲ ਹੀ ਸੋਂਹੰਦੇ ਨੇ।" ਅੱਗੋਂ ਕੁਲਦੀਪ ਕਹਿੰਦਾ ਹੈ,

"ਉਹ ਬੈਠੀ ਤਾਂ ਹੈ ਮੇਰੀ ਭੂਆ ਦੀ ਧੀ ਮਾਂ ਪਿਓ ਦੀ ਮਰਜ਼ੀ ਨਾਲ ਵਿਆਹੀ ਸੋਂਹੰਦੀ। ਨਿੱਤ ਗਿੱਲੀ ਲੱਕੜ ਵਾਂਗਰਾਂ ਧੁੱਖਦੀ ਐ। ਉਸ ਦੇ ਮਾਂ-ਪਿਓ ਦਾ ਕੀ ਗਿਆ। ਹਾਂ ਆਪਦੀ ਕਮਿਊਨਿਟੀ 'ਚ ਜਰੂਰ ਟੋਅਰ ਬਣਾ ਲਈ ਕਿ ਕੁੜੀ ਨੇ ਸਾਡੇ ਆਖੇ ਲੱਗ ਕੇ ਵਿਆਹ ਕਰਵਾਇਆ ਐ।"

"ਉਹ ਬੰਦੇ ਮਾੜੇ ਨਿਕਲ ਗਏ ਕਈ ਵਾਰ ਇਨਸਾਨ ਦੇ ਕਰਮ ਵੀ ਮਾੜੇ ਹੁੰਦੇ ਨੇ।"

"ਤੇ ਹੋਰ ਜਿਹੜੀ ਗੱਲ ਉਲਟ ਜਾਂਦੀ ਹੈ ਉਹ ਕਰਮਾਂ ਤੇ ਸੁੱਟ ਦਿਓ।"6

ਕੁਲਦੀਪ ਦੀਆ ਇਹ ਸਭ ਗੱਲਾਂ ਸੁਣ ਕੇ ਉਸ ਦੇ ਪਿਤਾ ਬਲਕਾਰ ਸਿੰਘ ਆਪਣੇ ਆਪ ਨੂੰ ਬਹੁਤ ਹੀ ਛੋਟਾ ਸਮਝਦੇ ਹਨ।

"ਸਾਡੀ ਗਲਤੀ, ਸਾਡੇ ਜੰਮਣ ਵਾਲਿਆਂ ਦੀ ਗਲਤੀ, ਜੋ ਤੁਹਾਨੂੰ ਵਿਆਹ ਵਾਸਤੇ ਕਹਿ ਬੈਠੇ। ਜੋ ਮਰਜ਼ੀ ਕਰੋ। ਪਰ ਬੰਦ ਕਰੋ ਇਹ ਲੈਕਚਰ ਬਾਜੀ। ਅਸੀਂ ਮਾੜੇ ਹਾਂ ਬਹੁਤ ਮਾੜੇ ਹਾਂ ਸਾਨੂੰ ਮਾਫ ਕਰੋ ਹੁਣ।"7

ਏਨਾ ਕਹਿ ਕੇ ਬਲਕਾਰ ਸਿੰਘ ਘਰੋਂ ਚਲਿਆ ਜਾਂਦਾ ਹੈ ਉਹਦੀ ਪਤਨੀ ਵੀ ਕੁਝ ਨਹੀਂ ਬੋਲ ਸਕਦੀ ਉਹ ਰਸੋਈ ਵਿਚ ਬੈਠ ਕੇ ਰੋਣ ਲੱਗ ਜਾਂਦੀ ਹੈ। ਇਸ ਤਰ੍ਹਾਂ ਆਪਣੀ ਟੌਅਰ ਬਣਾਉਣ ਲਈ ਕਈ ਵਾਰ ਮਾਤਾ-ਪਿਤਾ ਆਪਣੇ ਬੱਚਿਆਂ ਦੀ ਜ਼ਿੰਦਗੀ ਬਾਰੇ ਨਾ ਸੋਚਦੇ ਹੋਏ ਆਪਣੀ ਮਰਜ਼ੀ ਉਨ੍ਹਾਂ 'ਤੇ ਥੋਪ ਦਿੰਦੇ ਹਨ। ਜਿਸ ਦਾ ਨਤੀਜਾ ਇਹ ਹੁੰਦਾਂ ਹੈ ਬੱਚਿਆਂ ਦੇ ਤਲਾਕ ਹੋ ਜਾਂਦੇ ਹਨ ਜਾਂ ਫਿਰ ਕੁਲਦੀਪ ਦੀ ਤਰ੍ਹਾਂ ਵਿਆਹ ਪ੍ਰਤੀ ਅਵੇਸਲੇ ਹੋ ਜਾਂਦੇ ਹਨ।

ਉਧਰ ਕਿਰਪਾਲ ਜੋ ਕਿ ਇੱਕ ਵੱਡਾ ਤੇ ਮੰਨਿਆ ਹੋਇਆ ਡਾਕਟਰ ਹੈ ਉਸ ਨੇ ਆਪਣੇ ਬੱਚਿਆਂ ਨੂੰ ਚੰਗੇ ਤੋਂ ਚੰਗੇ ਸਕੂਲ ਵਿਚ ਪੜ੍ਹਾਇਆ-ਲਿਖਾਇਆ ਉਨ੍ਹਾਂ ਦੀ ਹਰ ਜ਼ਰੂਰਤ ਨੂੰ ਪੂਰਾ ਕੀਤਾ। ਕਿਰਪਾਲ ਹਮੇਸ਼ਾਂ ਹੀ ਆਪਣੀ 'ਮੈਂ' ਨੂੰ ਉੱਪਰ ਰੱਖਦਾ ਸੀ ਤੇ ਆਪਣੇ ਦੋਸਤਾਂ ਵਿਚ ਆਪਣੀ ਟੌਅਰ ਬਣਾਈ ਰੱਖਣ ਲਈ ਆਪਣੇ ਬੱਚਿਆਂ ਨੂੰ ਵੀ ਜਬਰਨ ਡਾਕਟਰੀ ਪੇਸ਼ੇ ਵਿਚ ਪਾ ਦਿੱਤਾ ਸੀ ਉਸ ਦਾ ਬੇਟਾ ਬੀਰਾ ਅਤੇ ਬੇਟੀ ਮਨੀ ਵੀ ਡਾਕਟਰ ਹੀ ਬਣਨ। ਪਰ



ਬੀਰੇ ਨੂੰ ਕੰਪਿਊਟਰ ਦੀ ਪੜ੍ਹਾਈ ਹੀ ਪਸੰਦ ਸੀ ਉਸ ਨੇ ਆਪਣੇ ਪਿਤਾ ਤੋਂ ਚੋਰੀ ਆਪਣੇ ਵਿਸ਼ੇ ਬਦਲ ਲਏ ਸੀ।

ਕਿਰਪਾਲ ਵੀ ਆਪਣੇ ਭਰਾਵਾਂ ਵਾਂਗ ਆਪਣੀ ਟੌਅਰ ਬਣਾਉਣ ਲਈ ਆਪਣੇ ਪੁੱਤਰ ਦਾ ਵਿਆਹ ਆਪਣੇ ਦੋਸਤ ਜੋ ਕਿ ਚੰਡੀਗੜ੍ਹ ਰਹਿੰਦਾ ਸੀ ਜਿਹੜਾ ਇੱਕ ਵੱਡਾ ਅਫਸਰ ਹੁੰਦਾ ਹੈ ਉਸ ਦੀ ਬੇਟੀ ਨਾਲ ਕਰਾਉਣ ਲਈ ਹਰ ਤਰ੍ਹਾਂ ਹਥਕੰਡੇ ਅਪਣਾਉਂਦਾ ਹੈ।

"ਬੀਰੇ, ਮੇਰੀ ਉਮਰ ਭਰ ਇਕ ਤਮੰਨਾ ਰਹੀ ਐ ਕਿ ਮੇਰੇ ਦੋਸਤ ਦੀ ਧੀ ਤੇਰੀ ਪਤਨੀ ਬਣ ਕੇ ਇਸ ਘਰ ਆਵੇ ਇਹ ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਹੋਵੇਗੀ।——ਜੇਕਰ ਜ਼ਿੰਦਗੀ ਨੂੰ ਖੁਸ਼ੀ ਨਹੀਂ ਮਿਲ ਸਕਦੀ ਹੈ ਤਾਂ ਜੀਉ ਕੇ ਵੀ ਕੀ ਕਰਨਾ ਐ। ਚੰਗਾ ਹੁੰਦਾ ਜਦੋਂ ਅਟੈਕ ਹੋਇਆ ਸੀ ਉਦੋਂ ਈ ਸਵਾਸ ਨਿਕਲ ਜਾਂਦੇ। ਚਲੋ ਹਾਲੇ ਵੀ ਕੁਝ ਨਹੀਂ ਹੋਇਆ ਹੈ ਮੈਂ ਸਰਜਰੀ ਨਹੀਂ ਕਰਾਵਾਂਗਾ।"

"ਪਾਪਾ ਤੁਹਾਨੂੰ ਖੁਦ ਪਤਾ ਐ ਕਿ ਸਰਜਰੀ ਕਿੰਨੀ ਜ਼ਰੂਰੀ ਐ।"

"ਮਨੀ, ਬੰਦਾ ਕਿਸੇ ਮਕਸਦ ਵਾਸਤੇ ਜਿਉਂਦਾ ਐ। ਜਦੋਂ ਮਕਸਦ ਹੀ ਕੋਈ ਨੀਂ ਤਾਂ ਫਿਰ ਐਵੇਂ ਰੋਟੀਆਂ ਤੋੜਨ ਲਈ ਜਿਉਂਦੇ ਰਹਿਣ ਦਾ ਕੀ ਫਾਇਦਾ। ਮੈਨੂੰ ਅਜਿਹੀ ਸਰਜਰੀ ਦੀ ਲੋੜ ਨ੍ਹੀਂ। ਮੈਂ ਬੀਰੇ ਲਈ ਕੀ ਕੀ ਨਹੀਂ ਕੀਤਾ? ਇਸ ਨੂੰ ਕਿੰਨੀਆਂ ਮੁਸ਼ਕਲਾਂ 'ਚੋਂ ਬਚਾਇਆ। ਕਦੇ ਔਖਾ ਨਹੀਂ ਰਹਿਣ ਦਿੱਤਾ। ਇਹ ਮੈਨੂੰ ਉਸ ਦਾ ਇਹ ਸਿਲਾ ਦੇ ਰਿਹਾ ਹੈ। ਫਿੱਟੇ ਲਾਹਨਤ ਐ ਮੇਰੇ ਜਿਉਣ ਦੇ।"8

ਇਸੇ ਤਰਾਂ ਨਿੰਦੀ ਦੇ ਪਿਤਾ ਵੀ ਉਸਦਾ ਵਿਆਹ ਕਿਸੇ ਪੇਂਡੂ ਮੁੰਡੇ ਨਾਲ ਜਬਰਨ ਕਰਵਾਉਣ ਲਈ ਉਸ ਨੂੰ ਇੰਡੀਆ ਲੈ ਜਾਂਦੇ ਹਨ ਉਸਦਾ ਰੋਕਾ ਕਰਵਾ ਦਿੰਦੇ ਹਨ। ਕਰਤਾਰ ਸਿੰਘ ਆਪਣੀ ਕੁੜੀ ਨੂੰ ਸ਼ੁਰੂ ਤੋਂ ਹੀ ਇੰਡੀਆ ਵਿਆਹੁਣਾ ਚਾਹੁੰਦਾ ਸੀ ਉਸ ਨੂੰ ਅਮਰੀਕਾ ਦੇ ਪੜ੍ਹੇ-ਲਿਖੇ, ਪਲੇ ਬੜੇ ਮੁੰਡੇ ਬਿਲਕੁਲ ਪਸੰਦ ਨਹੀਂ ਸੀ।

"ਤੁਸੀਂ ਇਉਂ ਨਾ ਕਰੋ ਕੁੜੀ ਨੇ ਨਹੀਂ ਮੰਨਣਾ। ਨਾਲੇ ਉਸ ਦੀ ਪੜ੍ਹਾਈ ਹਾਲੇ ਵਿਚਕਾਰ ਐ।"

"ਮੈਨੂੰ ਉਸ ਦੀ ਪੜ੍ਹਾਈ ਦਾ ਕੋਈ ਫਿਕਰ ਨੀ ਜੇਕਰ ਪੜ੍ਹਨਾ ਹੋਇਆ ਤਾਂ ਉਹ ਪਿੱਛੋਂ ਵੀ ਪੜ੍ਹ ਸਕਦੀ ਐ। ਬਾਕੀ ਉਸ ਦੇ ਮੰਨਣ ਦਾ ਤੂੰ ਫ਼ਿਕਰ ਨਾ ਕਰ ਤੂੰ ਆਪਣਾ ਮੂੰਹ ਬੰਦ ਰੱਖ।"

"ਪਹਿਲਾ ਕਰਮੀ ਨੂੰ ਇੰਡੀਆ ਵਿਆਹ ਕੇ ਵੇਖਿਆ ਨਹੀ ਕਿ ਇਹ ਵਿਆਹ ਕਾਮਯਾਬ ਨਹੀਂ ਹੁੰਦੇ।"9

ਇਸ ਤਰ੍ਹਾਂ ਇਸ ਨਾਵਲ ਵਿੱਚ ਬੇਮੇਲ ਵਿਆਹ ਦੀ ਸਮੱਸਿਆ ਨੂੰ ਦਰਸਾਇਆ ਗਿਆ ਹੈ। ਸਾਡੇ ਵੱਡੇ ਸਾਡਾ ਸਭ ਦਾ ਭਲਾ ਹੀ ਚਾਹੁੰਦੇ ਨੇ ਪਰ ਉਹ ਭੁੱਲ ਜਾਂਦੇ ਹਨ ਕਿ ਪਰਦੇਸਾਂ ਵਿੱਚ ਪਲੇ ਪੜ੍ਹੇ ਬੱਚੇ ਇੰਡੀਅਨ ਬੱਚਿਆਂ ਨਾਲ ਜਬਰਨ ਵਿਆਹ ਨਹੀਂ ਕਰਵਾਉਣਾ ਚਾਹੁੰਦੇ। ਬਹੁਤ ਸਾਰੇ ਲੋਕ ਗਰੀਨ ਕਾਰਡ ਲੈਣ ਲਈ, ਬਾਹਰ ਸੈੱਟ ਹੋਣ ਲਈ ਬਹੁਤ ਕੁਝ ਲੁਕਾਉਂਦੇ ਅਤੇ ਝੂਠ ਬੋਲਦੇ ਹਨ ਜਿਵੇਂ ਦਰਸ਼ਨ ਦੇ ਮਾਂ-ਪਿਓ ਨੇ ਕੀਤਾ, ਬੀਰੇ ਦੀ ਪਤਨੀ ਰੱਤੀ ਦੇ ਮਾਂ-ਪਿਓ ਨੇ ਕੀਤਾ ਜਾਂ ਫਿਰ ਨਿੰਦੀ ਦੇ ਰਿਸ਼ਤੇਦਾਰ ਵਿਓਂਤ ਬਣਾ ਰਹੇ ਸਨ। ਇਹ

ਸਭ ਆਪਣੇ ਸੁਆਰਥਾਂ ਦੀ ਪੂਰਤੀ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ ਕਿਸੇ ਦਾ ਮਾਨਸਿਕ ਤੌਰ ਤੇ ਨੁਕਸਾਨ ਕਰਨ ਤੋਂ ਵੀ ਨਹੀਂ ਡਰਦੇ ।

ਜਿਹੜੇ ਸਾਡੇ ਲੋਕ ਪਰਦੇਸਾਂ ਵਿਚ ਜਾ ਕੇ ਵੱਸ ਜਾਂਦੇ ਹਨ ਉਨ੍ਹਾਂ ਅੰਦਰ ਇਕ ਤਰ੍ਹਾਂ ਦਾ ਭੂ-ਹੇਰਵਾ ਹੀ ਹੈ ਜੋ ਇਹਨਾਂ ਤੋਂ ਇਹ ਬੇਮੇਲ ਵਿਆਹ ਕਰਵਾਉਣ ਦੀ ਰਾਹਾਂ ਕੱਢਦਾ ਹੈ। ਉਨ੍ਹਾਂ ਦਾ ਆਪਣੇ ਬੱਚਿਆਂ ਦੇ ਵਿਆਹ ਦੇਸ ਵਿੱਚ ਕਰਨ ਦਾ ਮੁੱਖ ਉਦੇਸ਼ ਆਉਣ ਵਾਲੀਆਂ ਪੀੜੀਆਂ ਆਪਣੇ ਸਭਿਆਚਾਰ ਤੇ ਆਪਣੀ ਮਿੱਟੀ ਨਾਲ ਜੁੜੀਆਂ ਰਹਿਣ। ਪਰ ਉਹ ਇਹ ਭੁੱਲ ਜਾਂਦੇ ਹਨ ਕਿ ਪਰਦੇਸਾਂ ਵਿਚ ਪਲੇ ਪੜ੍ਹੇ ਬੱਚੇ ਜਿਹੜੇ ਪਰਦੇਸੀ ਸੱਭਿਆਚਾਰ ਦੇ ਆਦੀ ਹੋ ਚੁੱਕੇ ਹਨ ਉਨ੍ਹਾਂ ਦਾ ਪਰਦੇਸ ਹੀ ਆਪਣਾ ਦੇਸ ਬਣ ਜਾਂਦਾ ਹੈ। ਜੇਕਰ ਇਹ ਬੱਚੇ ਆਪਣੀ ਪਸੰਦ ਦੇ ਨਾਲ ਪਰਦੇਸ ਵਿਚ ਜੰਮੇ-ਪਲੇ ਪੰਜਾਬੀ ਬੱਚਿਆਂ ਨੂੰ ਹੀ ਪਸੰਦ ਕਰਨ ਤਾਂ ਇਸ ਵਿੱਚ ਮਾਂ-ਪਿਓ ਨੂੰ ਕੋਈ ਹਰਜ਼ ਨਹੀਂ ਹੋਣਾ ਚਾਹੀਦਾ। ਮਾਂ-ਪਿਓ ਨੂੰ ਸਮੇਂ ਦੇ ਨਾਲ ਬਦਲਣਾ ਵੀ ਚਾਹੀਦਾ ਹੈ ਜਿਵੇਂ ਕਿ ਕਰਮੀ ਅਤੇ ਬੀਰੇ ਨਾਲ ਹੋਈ ਜ਼ਿਆਦਤੀ ਤੋਂ ਬਾਅਦ ਕਿਰਪਾਲ ਅਤੇ ਉਸ ਦੇ ਸਾਰੇ ਭੈਣ ਭਰਾ ਆਖਿਰ ਆਪਣੇ ਆਪ ਨੂੰ ਨਵੀਂ ਪੀੜ੍ਹੀ ਦੇ ਹਿਸਾਬ ਨਾਲ ਬਦਲਣ ਦੀ ਕੋਸ਼ਿਸ਼ ਕਰਦੇ ਹਨ ਪਰ ਦਰਸ਼ਨ ਵਰਗੇ ਲੋਕ ਕਦੀ ਵੀ ਬਦਲ ਨਹੀਂ ਸਕਦੇ। ਜਿਵੇਂ ਕਿ ਕਰਮੀ ਗਿੰਨੀ ਨੂੰ ਬਹੁਤ ਪਸੰਦ ਕਰਦੀ ਹੈ ਤੇ ਉਸ ਨਾਲ ਵਿਆਹ ਕਰਾਉਣ ਜਾਂਦੀ ਹੈ। ਦਰਸ਼ਨ ਨੂੰ ਇਸ ਵਿਆਹ ਦੀ ਖ਼ਬਰ ਮਿਲ ਜਾਂਦੀ ਹੈ ਤੇ ਉਸ ਕੋਲੋਂ ਕਰਮੀ ਦਾ ਕਿਸੇ ਹੋਰ ਨਾਲ ਹੋਣਾ ਬਰਦਾਸ਼ਤ ਨਹੀਂ ਹੁੰਦਾ। ਉਹ ਵਿਆਹ ਵਾਲੀ ਥਾਂ ਪਹੁੰਚ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੰਦਾ ਹੈ ਤੇ ਗਿੰਨੀ, ਹੈਦਰ, ਅਸਲਮ ਅਤੇ ਕਰਤਾਰ ਮਾਰੇ ਜਾਂਦੇ ਹਨ। ਨਿੰਦੀ ਅਤੇ ਕਰਮੀ ਵੀ ਜ਼ਖ਼ਮੀ ਹੋ ਜਾਂਦੀਆਂ ਹਨ। ਪੁਲਿਸ ਦੇ ਆ ਜਾਣ ਨਾਲ ਦਰਸ਼ਨ ਵੀ ਮਾਰਿਆ ਜਾਂਦਾ ਹੈ। ਖੈਰ ਬੁਰਾ ਕਰਨ ਵਾਲੇ ਨੂੰ ਉਸ ਦੀ ਸਜ਼ਾ ਮਿਲ ਜਾਂਦੀ ਹੈ। ਨਾਲ ਹੀ ਜਿਨ੍ਹਾਂ ਦੀ ਕੋਈ ਗਲਤੀ ਨਹੀਂ ਹੁੰਦੀ ਉਨ੍ਹਾਂ ਨੂੰ ਵੀ ਖਾਮਿਆਜ਼ਾ ਆਪਣੀ ਜਾਨ ਦੇ ਕੇ ਭੁਗਤਣਾ ਪੈਂਦਾ ਹੈ। ਨਾਵਲ ਦਾ ਅੰਤ ਦੁਖਾਂਤ ਦਿਖਾਇਆ ਗਿਆ ਹੈ ਇਸ ਤੋਂ ਇੰਝ ਹੀ ਲਗਦਾ ਹੈ ਜੇਕਰ ਇਹ ਬੇਮੇਲ ਵਿਆਹ ਨਾ ਹੋਏ ਹੁੰਦੇ ਤਾਂ ਸ਼ਾਇਦ ਇਹ ਦਿਨ ਵੇਖਣਾ ਨਾ ਪੈਂਦਾ 'ਤੇ ਅੱਜ ਸਭ ਜਿਉਂਦੇ ਹੁੰਦੇ। ਨਾਵਲਕਾਰ ਇਸ ਅੰਤ ਰਾਂਹੀ ਇਹ ਸਮਝਾਉਣਾ ਚਾਹੁੰਦਾ ਹੈ ਕਿ ਸਾਨੂੰ ਕੋਈ ਵੀ ਫ਼ੈਸਲਾ ਬਿਨਾ ਸੋਚੇ ਸਮਝੇ ਨਹੀਂ ਲੈਣਾ ਚਾਹੀਦਾ ਜਿਸ ਦਾ ਅੰਤ ਦੁਖਾਂਤਕਾਰੀ ਹੁੰਦਾ ਹੈ।

**ਹਵਾਲੇ ਅਤੇ ਟਿੱਪਣੀਆਂ**

1. ਖੋਜ ਪਤ੍ਰਿਕਾ, ਪਬਲੀਕੇਸ਼ਨ ਬਿਊਰੋ, 2002, ਪੰਨਾ-198
2. ਹਰਮਹਿੰਦਰ ਚਹਿਲ, ਨਵਯੁਗ, ਪੰਨਾ-14
3. ਉਹੀ, ਪੰਨਾ-132 4. ਉਹੀ, ਪੰਨਾ-187
5. ਉਹੀ, ਪੰਨਾ-196 6. ਉਹੀ, ਪੰਨਾ-80
7. ਉਹੀ, ਪੰਨਾ-81 8. ਉਹੀ, ਪੰਨਾ-125
9. ਉਹੀ, ਪੰਨਾ-108

ਅਸਿਸਟੈਂਟ ਪ੍ਰੋਫੈਸਰ
ਮੈਤ੍ਰੇਈ ਕਾਲਜ
ਦਿੱਲੀ ਯੂਨੀਵਰਸਿਟੀ, ਫੋਨ- 9650472729




ਹਰਜੀਤ ਅਟਵਾਲ ਦਾ ਨਵਾਂ ਕਹਾਣੀ ਸੰਗ੍ਰਹਿ **'ਮਸਤ'**





**ਸੰਗਮ ਪਬਲੀਕੇਸ਼ਨਜ਼, ਸਮਾਣਾ**

ਨੌਜਵਾਨ ਕਹਾਣੀਕਾਰ ਰਵੀ ਸ਼ੇਰਗਿਲ ਦਾ ਪਲੇਠਾ ਕਹਾਣੀ ਸੰਗ੍ਰਹਿ
**'ਕਿਤੇ ਉਹ ਨਾ ਹੋਵੇ'**





**ਸੰਗਮ ਪਬਲੀਕੇਸ਼ਨਜ਼, ਸਮਾਣਾ**







**ਸੰਗਮ ਪਬਲੀਕੇਸ਼ਨਜ਼, ਸਮਾਣਾ**




**ਸੰਗਮ ਪਬਲੀਕੇਸ਼ਨਜ਼, ਸਮਾਣਾ**






**ਸੰਗਮ ਪਬਲੀਕੇਸ਼ਨਜ਼, ਸਮਾਣਾ**

ਹਰਜੀਤ ਅਟਵਾਲ ਅਤੇ ਜਿੰਦਰ ਮਾਲਕ ਨੇ ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ ਇੰਗਲੈਂਡ ਅਤੇ ਜਲੰਧਰ ਜਾਰੀ ਕੀਤਾ। **ਮਿਤੀ 10-01-2022**